Reo-Bankowned Properties
From San Jose to Sacramento
JASSI GILL Broker/Owner
510-304-9292
Refinance Now
@ZERO COST
Call Sukhi Gill:510-207-9067
CA DRE Lic.#01180969
Jassi Gill
CA DRE# 00966763

Hardeep S.Rai
ਇੰਮੀਗਰੇਸ਼ਨ ਵਕੀਲ
Attorney-at-Law
• ਨੌਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾਂ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੈਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ
SAN FRANCISCO
TEL: 415.693.9131
FAX. 415.693.9135
rai@hsrai.com
www.hsrai.com
SAN JOSE
TEL: 408.280.1111
FAX. 408.280.1212

Kuldip Singh Dhariwal
Attorney At Law
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Tel : (510) 744-1280
Fax: (510) 744-4192
ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com

Twelfth Year in Publication
ਕੈਲੇਫੋਰਨੀਆ ਐਡੀਸ਼ਨ
Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 12, Issue 26, June 25, 2011
20451 N Plum Grove Rd. Palatine, IL 60074
Ph:847-359-0746, Fax:847-705-9388

## ਹਾਲਾਤ ਦਾ 'ਹਾਸਲ'

## ਟੁੱਟ ਸਕਦੀ ਹੈ ਪ੍ਰੋ. ਭੁੱਲਰ ਦੀ ਫਾਂਸੀ ਦੀ ਸਜ਼ਾ

### ਅਪੀਲ ਰੱਦ ਹੋਣ ਵਿਚ ਲੱਗੀ ਦੇਰੀ ਬਣ ਸਕਦੀ ਹੈ ਪੁਖਤਾ ਆਧਾਰ

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਹਿਮ ਦੀ ਅਪੀਲ ਵਿਚ ਇੰਨੀ ਦੇਰੀ ਹੀ ਉਸ ਦੀ ਫਾਂਸੀ ਦੀ ਸਜ਼ਾ ਉਮਰ ਕੈਦ ਵਿਚ ਬਦਲਣ



*ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ*

ਦਾ ਆਧਾਰ ਬਣ ਸਕਦੀ ਹੈ। ਦੂਜਾ ਆਧਾਰ 'ਇੰਸਟੀਚਿਊਟ ਆਫ ਹਿਊਮਨ ਬਿਹੇਵੀਅਰ ਐਂਡ ਐਲਾਈਡ ਸਾਇੰਸਜ਼' ਵਿਚ 'ਹਾਈਪਰਟੈਂਸ਼ਨ, ਮਨੋਰੋਗ ਅਤੇ ਆਤਮਘਾਤੀ ਰੁਚੀਆਂ ਪਨਪਣ' ਲਈ ਉਸ ਦਾ ਚੱਲ ਰਿਹਾ ਇਲਾਜ ਵੀ ਹੈ।

ਤਿਹਾੜ ਜੇਲ੍ਹ, ਜਿੱਥੇ ਭਾਈ ਭੁੱਲਰ ਬੰਦ ਸੀ, ਦੇ ਅਧਿਕਾਰੀ ਅਜਿਹੀ ਚਿੱਠੀ ਤਿਆਰ ਕਰ ਰਹੇ ਹਨ ਜਿਸ ਵਿਚ ਸਮੁੱਚੇ ਹਾਲਾਤ ਨੂੰ ਧਿਆਨ ਵਿਚ ਰੱਖ ਕੇ ਅਗਲੀ ਕਾਰਵਾਈ ਲਈ ਕਿਹਾ ਜਾਵੇਗਾ। ਇਨ੍ਹਾਂ ਅਧਿਕਾਰੀਆਂ ਮੁਤਾਬਕ, "ਭੁੱਲਰ ਕਿਉਂਕਿ ਬੀਮਾਰ ਹੈ, ਇਸ ਲਈ ਅਸੀਂ ਦਿੱਲੀ ਸਰਕਾਰ ਤੋਂ ਕੁਝ ਸਪਸ਼ਟੀਕਰਨ ਲੈਣਾ ਚਾਹੁੰਦੇ ਹਾਂ। ਉਂਜ ਵੀ ਇਹ ਤਕਰੀਬਨ ਤੈਅ ਹੀ ਹੁੰਦਾ ਹੈ ਕਿ ਜੇ ਰਹਿਮ ਦੀ ਅਪੀਲ ਵਿਚ ਇੰਨੀ ਲੰਮੀ ਦੇਰ ਕੀਤੀ ਜਾਂਦੀ ਹੈ ਤਾਂ ਸਜ਼ਾ ਆਪਣੇ-ਆਪ ਹੀ ਉਮਰ ਕੈਦ ਵਿਚ ਬਦਲਣ ਲਈ ਕਹਿਣਾ ਪੈਂਦਾ ਹੈ।" ਇਸ ਸਬੰਧ ਵਿਚ ਪਹਿਲਾਂ ਖੇਮ ਚੰਦ ਬਨਾਮ ਸਰਕਾਰ ਵਾਲੇ ਕੇਸ ਵਿਚ ਅਜਿਹਾ ਕੀਤਾ ਜਾ ਚੁੱਕਾ ਹੈ। ਯਾਦ ਰਹੇ ਕਿ ਖੇਮ ਚੰਦ ਦੀ ਰਹਿਮ ਦੀ ਅਪੀਲ 5 ਸਾਲ ਬਾਅਦ ਰੱਦ ਕਰ ਕੀਤੀ ਗਈ ਸੀ। ਭੁੱਲਰ ਦੀ ਰਹਿਮ ਦੀ ਅਪੀਲ 8 ਸਾਲ ਬਾਅਦ ਰੱਦ ਕੀਤੀ ਗਈ ਹੈ।

ਭਾਈ ਭੁੱਲਰ ਦੇ ਵਕੀਲ ਕੇ.ਟੀ.ਐਸ. ਤੁਲਸੀ ਦਾ ਕਹਿਣਾ ਹੈ ਕਿ ਇਸ ਕੇਸ ਦੇ ਤੱਥਾਂ ਦੇ ਆਧਾਰ 'ਤੇ ਹੀ ਸੁਪਰੀਮ ਕੋਰਟ ਦੇ ਤਿੰਨ ਜੱਜਾਂ ਵਿਚੋਂ ਇੱਕ ਨੇ ਪ੍ਰੋ. ਭੁੱਲਰ ਨੂੰ ਸਾਰੇ ਦੋਸ਼ਾਂ ਤੋਂ ਬਰੀ ਕਰ ਦਿੱਤਾ ਸੀ, ਇਸ ਲਈ ਸਜ਼ਾ ਉਮਰ ਕੈਦ ਵਿਚ ਬਦਲ ਸਕਦੀ ਹੈ। ਉਨ੍ਹਾਂ ਮੁਤਾਬਕ ਪ੍ਰੋ. ਭੁੱਲਰ ਦੀ ਸਜ਼ਾ ਘਟਾਉਣ ਲਈ ਕੀਤੀ ਅਪੀਲ ਅਜੇ ਵੀ ਸੁਪਰੀਮ ਕੋਰਟ ਵਿਚ ਬਕਾਇਆ ਪਈ ਹੈ। ਹੁਣ ਦਿੱਲੀ ਸਰਕਾਰ ਦੇ

(ਬਾਕੀ ਸਫਾ 6 'ਤੇ)

## ਭ੍ਰਿਸ਼ਟਾਚਾਰ ਦਾ ਭੂਤ:ਸਰਕਾਰ ਤੇ ਸਿਵਲ ਸੁਸਾਇਟੀ ਫਿਰ ਆਹਮੋ-ਸਾਹਮਣੇ

### ਅੰਨਾ ਹਜ਼ਾਰੇ ਵੱਲੋਂ ਫਿਰ ਮਰਨ ਵਰਤ ਦਾ ਐਲਾਨ

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਗਾਂਧੀਵਾਦੀ ਅੰਨਾ ਹਜ਼ਾਰੇ ਦੀ ਅਗਵਾਈ ਵਾਲੀ ਸਿਵਲ ਸੁਸਾਇਟੀ ਅਤੇ ਕੇਂਦਰ ਸਰਕਾਰ ਵਿਚਕਾਰ ਲੋਕਪਾਲ ਬਿੱਲ ਦਾ ਖਰੜਾ ਤਿਆਰ ਕਰਨ ਲਈ ਬਣੀ 10 ਮੈਂਬਰੀ ਕਮੇਟੀ ਵਿਚਾਲੇ ਆਖਰੀ ਗੇੜ ਦੀ ਗੱਲਬਾਤ ਆਖਰਕਾਰ ਫੇਲ੍ਹ ਹੋ ਗਈ। ਪ੍ਰਧਾਨ ਮੰਤਰੀ ਨੂੰ ਲੋਕਪਾਲ ਦੇ ਘੇਰੇ ਵਿਚ ਲਿਆਉਣ ਜਾਂ ਬਾਹਰ ਰੱਖਣ ਦੇ ਮਾਮਲੇ ਵਿਚ ਦੋਵੇਂ ਧਿਰਾਂ ਆਪੋ-ਆਪਣੀਆਂ ਪੁਜ਼ੀਸ਼ਨਾਂ ਉਤੇ ਅੜੀਆਂ ਰਹੀਆਂ। ਗੱਲਬਾਤ ਫੇਲ੍ਹ ਹੋਣ ਤੋਂ ਤੁਰੰਤ ਬਾਅਦ ਅੰਨਾ ਹਜ਼ਾਰੇ ਨੇ ਇਕ ਵਾਰ ਫਿਰ 16 ਅਗਸਤ ਤੋਂ ਮਰਨ ਵਰਤ ਸ਼ੁਰੂ ਕਰਨ ਦਾ ਐਲਾਨ ਕਰ ਦਿੱਤਾ ਹੈ।

ਇਸ ਤੋਂ ਪਹਿਲਾਂ ਦੋਵਾਂ ਧਿਰਾਂ ਨੇ ਆਪੋ-ਆਪਣੇ ਤਿਆਰ ਕੀਤੇ ਖਰੜੇ ਆਪਸ 'ਚ ਵਟਾਏ ਅਤੇ ਇਨ੍ਹਾਂ ਬਾਰੇ ਵਿਚਾਰ-ਵਟਾਂਦਰਾ ਕੀਤਾ। ਪਿਛਲੇ ਦੋ ਮਹੀਨਿਆਂ ਤੱਕ ਦੋਵਾਂ ਧਿਰਾਂ ਵਿਚਾਲੇ 9 ਮੀਟਿੰਗਾਂ ਹੋਈਆਂ ਪਰ ਬਿੱਲ ਦਾ ਕੋਈ ਸਾਂਝਾ ਖਰੜਾ ਫਿਰ ਵੀ ਤਿਆਰ ਨਾ ਹੋ ਸਕਿਆ। ਹਜ਼ਾਰੇ ਦੀ ਧਿਰ ਨੇ ਸਰਕਾਰ ਦੇ ਖਰੜੇ ਉਪਰ ਅਫਸੋਸ ਜ਼ਾਹਿਰ ਕੀਤਾ ਹੈ ਕਿਉਂਕਿ ਸਰਕਾਰ ਦੇ ਖਰੜੇ ਵਿਚ ਪ੍ਰਧਾਨ ਮੰਤਰੀ ਨੂੰ ਲੋਕਪਾਲ ਦੇ ਘੇਰੇ ਵਿਚ ਲਿਆਉਣ ਦਾ ਕਿਤੇ ਵੀ ਕੋਈ ਜ਼ਿਕਰ ਨਹੀਂ ਹੈ।

ਯਾਦ ਰਹੇ ਕਿ ਸਰਕਾਰ ਨੇ ਇਸ ਮਸਲੇ ਬਾਰੇ ਆਪਣਾ ਸਖਤ ਰੁਖ਼ ਪਹਿਲਾਂ ਹੀ ਸਪਸ਼ਟ ਕਰ ਦਿੱਤਾ ਸੀ। ਯੂ.ਪੀ.ਏ ਮੁਖੀ ਅਤੇ ਕਾਂਗਰਸ



*ਅੰਨਾ ਹਜ਼ਾਰੇ*

ਪ੍ਰਧਾਨ ਸੋਨੀਆ ਗਾਂਧੀ ਨੇ ਤਾਂ ਅੰਨਾ ਹਜ਼ਾਰੇ ਵੱਲੋਂ ਉਨ੍ਹਾਂ ਨੂੰ ਲਿਖਿਆ ਖਤ ਜਨਤਕ ਕਰਨ 'ਤੇ ਵੀ ਤਿੱਖਾ ਰੋਸ ਜ਼ਾਹਿਰ ਕੀਤਾ ਸੀ। ਇਸ ਖਤ ਵਿਚ ਸ੍ਰੀ ਹਜ਼ਾਰੇ ਨੇ ਪੁੱਛਿਆ ਸੀ ਕਿ ਕਾਂਗਰਸੀ ਲੀਡਰ ਉਸ ਉਤੇ ਵਾਰ-ਵਾਰ ਇਹ ਦੋਸ਼ ਕਿਉਂ ਲਾ ਰਹੇ ਹਨ ਕਿ ਇਹ ਮੁਹਿੰਮ ਕੱਟੜਪੰਥੀ ਹਿੰਦੂ ਜਥੇਬੰਦੀ ਆਰ.ਐਸ. ਐਸ. ਦੇ ਇਸ਼ਾਰੇ 'ਤੇ ਚਲਾਈ ਜਾ ਰਹੀ ਹੈ? ਜੇ ਇਸ ਬਾਰੇ ਇਨ੍ਹਾਂ ਲੀਡਰਾਂ ਕੋਲ ਕੋਈ ਸਬੂਤ ਹੈ ਤਾਂ ਦਿਖਾ ਦੇਣ।

ਸਰਕਾਰ ਦੇ ਸਖਤ ਰੁਖ ਦਾ ਇਲਮ ਇਸ ਤੱਥ ਤੋਂ ਵੀ ਹੁੰਦਾ ਹੈ ਕਿ ਸਰਕਾਰੀ ਧਿਰ ਦੇ ਮੈਂਬਰ ਮੀਟਿੰਗਾਂ ਵਿਚ ਬਹਿਸ ਦੌਰਾਨ ਕੁਝ ਵੀ ਨਹੀਂ ਸਨ ਬੋਲਦੇ ਪਰ ਮਗਰੋਂ ਮੀਟਿੰਗ ਦੀ ਸਮਾਪਤੀ ਮੌਕੇ ਵੱਖ-ਵੱਖ ਮੁੱਦਿਆਂ 'ਤੇ ਆਪਣੇ ਫੈਸਲਿਆਂ ਦਾ ਐਲਾਨ ਕਰ ਦਿੰਦੇ ਸਨ। ਮੀਟਿੰਗਾਂ ਦੌਰਾਨ ਸਿਵਲ ਸੁਸਾਇਟੀ ਵੱਲੋਂ 40 ਮੁੱਦੇ ਉਠਾਏ ਗਏ ਪਰ ਸਰਕਾਰ ਨੇ ਇਨ੍ਹਾਂ ਵਿਚੋਂ ਕੇਵਲ 11 ਨੂੰ ਹੀ ਗੌਲਿਆ। ਮਨੁੱਖੀ ਵਸੀਲੇ ਵਿਕਾਸ ਮੰਤਰੀ ਤੇ ਕਮੇਟੀ ਦੇ ਅਹਿਮ ਮੈਂਬਰ ਕਪਿਲ ਸਿੱਬਲ ਨੇ ਵੀ

(ਬਾਕੀ ਸਫਾ 6 'ਤੇ)

## ਗਦਰ ਮੈਮੋਰੀਅਲ ਕਾਨਫਰੰਸ 2 ਨੂੰ

**ਸੈਕਰਾਮੈਂਟੋ (ਪੰਜਾਬ ਟਾਈਮਜ਼ ਬਿਊਰੋ):** ਗਦਰ ਮੈਮੋਰੀਅਲ ਫਾਊਂਡੇਸ਼ਨ ਆਫ ਅਮਰੀਕਾ ਵਲੋਂ ਇਥੇ 2 ਜੁਲਾਈ ਨੂੰ ਕਰਵਾਈ ਜਾ ਰਹੀ ਗਦਰ ਕਾਨਫਰੰਸ ਅਤੇ ਕਰਵਾਏ ਜਾ ਰਹੇ ਸਭਿਆਚਾਰਕ ਮੇਲੇ ਲਈ ਸਭ ਤਿਆਰੀਆਂ ਮੁਕੰਮਲ ਹੋ ਚੁਕੀਆਂ ਹਨ। ਇਹ ਜਾਣਕਾਰੀ ਦਿੰਦਿਆਂ ਸੰਸਥਾ ਦੇ ਪ੍ਰਧਾਨ

(ਬਾਕੀ ਸਫਾ 5 'ਤੇ)

REAL ESTATE & HOME LOANS
Low Interest Rate
3.5% Down Payment
Free Credit Report
Free Pre-Approval
Successful Shortsale ਲਈ ਅੱਜ ਹੀ ਕਾਲ ਕਰੋ!
AMAN HUNDAL
Broker / Associate
Century 21
M&M and Associates
209.918.6464
ahundal@c21mm.com

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
1-866-FOR-RAJA
www.rajasweets.com
msbains@rajasweets.com
Raja SWEETS & CATERING
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
All kinds of Sweets
Snacks & Food
Chaat & Tikki Stall
Pani Poori Stall
Bhel Poori / Pav Bhaji
Falooda Kulfi
Wedding Ceremonies
Receptions
Birthday Parties
Religious Gatherings
Corporate Events
Picnics / Bar-b-que
Warmers
Chaffing Dishes
China & Silverware
Linen Rental
Waiters & Bartenders
Call Makhan Bains or Ravinder Singh for your next Party 1-866-FOR RAJA www.RajaSweets.com

Law Offices Of
Manpreet S. Gahra
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
ਬਿਜਨਸ ਲਾਅ
Manpreet S.Gahra
Attorney At Law
Berkeley Office
2161 Shattuck Ave. #304, Berkeley
Ph. 510-841-4582, Fax: 510-217-6847
Sacramento Office
Call For Appointments
Ph. 916-924-1617
Email:manpreet@gahralaw.com

ਤੋਹੀ ਮੋਹੀ ਮੋਹੀ ਤੋਹੀ ਅੰਤਰਿ ਕੈਸਾ॥ ਕਨਕ ਕਟਿਕ ਜਲ ਤਰੰਗ ਜੈਸਾ॥

# ਸ੍ਰੀ ਗੁਰੂ ਰਵੀਦਾਸ ਟੈਂਪਲ, ਰਿਓ ਲਿੰਡਾ (ਸੈਕਰਾਮੈਂਟੋ)

**6221-16th Street, Rio Linda CA 95673, Ph. 916-992-1710**



**ਗੁਰੂਘਰ ਵਿਚ ਆਉਣ ਵਾਲੇ ਸਮੇਂ ਦੇ ਪ੍ਰੋਗਰਾਮਾਂ ਵਿਚ ਸੇਵਾ ਦਾ ਵੇਰਵਾ ਇਸ ਤਰ੍ਹਾਂ ਹੈ:**

26 ਜੂਨ 2011 ਸੁਖਮਨੀ ਸਾਹਿਬ ਦੇ ਪਾਠ, ਸੇਵਾ ਓਪਨ
3 ਜੁਲਾਈ 2011
ਜਨਮ ਦਿਹਾੜਾ ਸਤਿਗੁਰੂ ਕਬੀਰ ਜੀ, ਸੇਵਾ ਓਪਨ
10 ਜੁਲਾਈ 2011 ਗੁਰੂ ਰਵਿਦਾਸ ਜੀ ਦਾ ਜੋਤੀ ਜੋਤਿ ਸਮਾਉਣ ਦਿਹਾੜਾ, ਸੇਵਾ ਓਪਨ
17 ਜੁਲਾਈ 2011 ਸੇਵਾ ਓਪਨ
24 ਜੁਲਾਈ 2011 ਸੇਵਾ ਸਤੀਸ਼ ਰੱਲ੍ਹ ਅਤੇ ਪਰਿਵਾਰ
29 ਜੁਲਾਈ 2011 ਸ਼ੁਕਰਵਾਰ ਅਰੰਭ ਸ੍ਰੀ ਅਖੰਡ ਪਾਠ ਡਾ. ਚਰਨਜੀਤ ਸਰੋਏ ਅਤੇ ਬੀਬੀ ਕਸ਼ਮੀਰ ਸਰੋਏ (ਲਾਸ ਏਂਜਲਸ) ਅਤੇ ਪਰਿਵਾਰ ਵਲੋਂ।
30 ਜੁਲਾਈ ਸਨਿਚਰਵਾਰ, ਸੁਖਮਨੀ ਸਾਹਿਬ ਦੀ ਸੇਵਾ ਪਰਮਜੀਤ ਭੁੱਟਾ ਅਤੇ ਪਰਿਵਾਰ ਵਲੋਂ
31 ਜੁਲਾਈ 2011 ਸਵੇਰੇ ਭੋਗ ਸ੍ਰੀ ਅਖੰਡ ਪਾਠ

ਗੁਰੂ ਪਿਆਰੀ ਸਾਧ ਸੰਗਤ ਜੀਓ,
ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਿਹ॥

ਸਭਨਾਂ ਧਰਮਾਂ ਅਤੇ ਕੌਮਾਂ ਨੂੰ ਬਰਾਬਰ ਦਾ ਸਤਿਕਾਰ ਦੇਣ ਵਾਲੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਭ ਗੁਰੂਆਂ ਅਤੇ ਸਤਿਗੁਰੂਆਂ ਦੀ ਬਾਣੀ ਸ਼ਾਮਲ ਕਰ ਕੇ ਸਰਬ ਸਾਂਝੀਵਾਲਤਾ ਦਾ ਸੰਦੇਸ਼ ਦੇਣ ਵਾਲੇ ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਗੁਰੂਘਰ ਵਿਖੇ ਐਤਵਾਰ 26 ਜੂਨ 2011 ਨੂੰ ਸਵੇਰੇ 10 ਵਜੇ ਮਨਾਇਆ ਜਾ ਰਿਹਾ ਹੈ। ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਪਰਿਵਾਰਾਂ ਸਮੇਤ ਗੁਰੂ ਘਰ ਵਿਚ ਹਾਜਰੀਆਂ ਭਰ ਕੇ ਜੀਵਨ ਸਫਲੇ ਕਰੋ ਜੀ। ਇਸ ਪ੍ਰੋਗਰਾਮ ਲਈ ਸੇਵਾ ਓਪਨ ਹੈ। ਸੇਵਾ ਲੈਣ ਵਾਸਤੇ ਗੁਰੂਘਰ ਫੋਨ ਕਰੋ ਜੀ।

ਹੋਰ ਜਾਣਕਾਰੀ ਲਈ ਗੁਰੂਘਰ ਭਾਈ ਅਮਰਜੀਤ ਸਿੰਘ ਫੋਨ 916-992-1710 ਜਾਂ 916-799-6404 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

## ਬੇਨਤੀ ਕਰਤਾ: ਸਮੂਹ ਸੰਗਤ ਅਤੇ ਪ੍ਰਬੰਧਕ ਕਮੇਟੀ

ਚੇਅਰਮੈਨ
ਬਲਵੀਰ ਸਿੰਘ ਕਲੇਰ
ਵਾਈਸ ਚੇਅਰਮੈਨ
ਜੋਅ ਚੁੰਬਰ
ਪੀ ਆਰ ਓ ਮੀਡੀਆ
ਜੱਸੀ ਬੰਗਾ ਤੇ ਜਸਵੰਤ ਸ਼ੀਮਾਰ
ਕਿਚਨ ਇੰਚਾਰਜ
ਹਰਬੰਸ ਰੱਲ੍ਹ

ਪ੍ਰਧਾਨ
ਸਤੀਸ਼ ਰੱਲ੍ਹ
ਮੀਤ ਪ੍ਰਧਾਨ
ਸਤਨਾਮ ਮੰਢਾਲੀ ਤੇ ਦਰਸ਼ਨ ਵਿਰਕ
ਕੈਸ਼ੀਅਰ
ਇੰਦਰਜੀਤ ਪਡਵੰਗਾ
ਜੁਆਇੰਟ ਕੈਸ਼ੀਅਰ
ਮਹਿੰਦਰ ਸਿੰਘ ਧਾਮੀ ਤੇ ਜਸਵਿੰਦਰ ਮਡਾਰਾ

ਸੈਕਟਰੀ
ਰਮੇਸ਼ ਬੰਗੜ
ਜੁਆਇੰਟ ਸੈਕਟਰੀ
ਰਾਜ ਬੱਧਣ
ਜੀਵਨ ਰੱਤੂ
ਬਿਲਡਿੰਗ ਇੰਚਾਰਜ
ਮਨਜੀਤ ਸਿੰਘ ਰੱਲ੍ਹ

# ਗੁਰਦੁਆਰਾ ਸਾਹਿਬ ਸੈਨ ਹੋਜ਼ੇ (ਕੈਲੀਫੋਰਨੀਆ)

**3636 Murillo Ave, San Jose CA 95148, ਗੁਰਦੁਆਰਾ ਸਾਹਿਬ ਦੀ ਵੈਬ-ਸਾਈਟ: sanjosegurdwara.com**

# ਅਖੌਤੀ ਗੁਰਦੁਆਰਾ ਸੁਧਾਰਕਾਂ ਵਲੋਂ ਗੁਰੂ ਘਰ ਦੀ ਸ਼ਾਂਤੀ ਭੰਗ ਕਰਨ ਦੀ ਕੋਸ਼ਿਸ਼

## ਡਾ. ਤਰਲੋਚਨ ਸਿੰਘ ਨਾਹਲ, ਗੁਰਮੇਲ ਸਿੰਘ ਬਾਠ, ਦਲਜੀਤ ਸਿੰਘ ਮੰਡ ਅਤੇ ਜਗਜੀਤ ਸਿੰਘ ਵਲੋਂ ਗੁਰੂ ਘਰ ਵਿਰੁਧ ਕੇਸ

ਸੈਨ ਹੋਜ਼ੇ: ਅਖੌਤੀ ਗੁਰਦੁਆਰਾ ਸੁਧਾਰ ਕਮੇਟੀ ਦੇ ਕੁੱਝ ਕਾਰਕੁਨਾਂ ਨੇ ਗੁਰਦੁਆਰਾ ਸਾਹਿਬ ਦੇ ਅੰਦਰ ਇੱਕ ਗਿਣੀ ਮਿਥੀ ਸਾਜਿਸ ਤਹਿਤ ਸ਼ਾਂਤੀ ਭੰਗ ਕਰਨ ਦੀ ਕੋਸ਼ਿਸ਼ ਕਰਨੀ ਸ਼ੁਰੂ ਕਰ ਦਿੱਤੀ ਹੈ। ਇਨ੍ਹਾਂ ਵਿਚੋਂ ਹੀ ਇਕ ਕੁਲਵੰਤ ਸਿੰਘ ਨੇ ਲੰਘੇ ਐਤਵਾਰ ਦੀਵਾਨ ਹਾਲ ਵਿਚ ਉਚੀ-ਉਚੀ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ ਜਿਸ ਦਾ ਸੰਗਤ ਨੇ ਬਹੁਤ ਬੁਰਾ ਮਨਾਇਆ। ਬਾਅਦ ਵਿਚ ਕੁਲਵੰਤ ਸਿੰਘ ਦੀ ਪਤਨੀ ਨੇ ਬਿਨ੍ਹਾ ਵਜ੍ਹਾ ਹੀ ਬੋਲਣਾ ਸ਼ੁਰੂ ਕਰ ਦਿੱਤਾ। ਦੋ ਪ੍ਰਬੰਧਕ ਜਦ ਲੰਗਰ ਹਾਲ ਵੱਲ ਜਾ ਰਹੇ ਸਨ ਤਾਂ ਉਨ੍ਹਾਂ ਦੇ ਗਲ ਪੈ ਗਈ ਅਤੇ ਮੰਦਾ-ਚੰਗਾ ਬੋਲਣਾ ਸ਼ੁਰੂ ਕਰ ਦਿੱਤਾ। ਇਨ੍ਹਾਂ ਪ੍ਰਬੰਧਕਾਂ ਨੇ ਵਾਰ-ਵਾਰ ਉਸ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਬੀਬੀਆਂ ਨਾਲ ਅਸੀਂ ਕੋਈ ਬਹਿਸ ਨਹੀਂ ਕਰਨਾ ਚਾਹੁੰਦੇ ਅਗਰ ਕੋਈ ਗੱਲਬਾਤ ਹੈ ਤਾਂ ਤੂੰ ਆਪਣੇ ਪਤੀ ਨੂੰ ਸਾਡੇ ਨਾਲ ਗੱਲਬਾਤ ਕਰਨ ਲਈ ਭੇਜ ਪਰ ਇਸ ਬੀਬੀ ਨੇ "ਆਪਣਾ ਨਾਟਕ" ਜਾਰੀ ਰੱਖਿਆ ਜੋ ਉਸ ਦਾ ਪਤੀ ਕੁਲਵੰਤ ਸਿੰਘ ਪਾਸੇ ਖੜ੍ਹਾ ਦੇਖਦਾ ਰਿਹਾ।



ਇਸੇ ਤਰ੍ਹਾਂ ਇੰਦਰਪਾਲ ਸਿੰਘ ਚਾਹਲ ਨੇ ਗੁਰਦੁਆਰਾ ਸਾਹਿਬ ਦੇ ਦੀਵਾਨ ਹਾਲ ਵਿਚ ਉਸ ਸਮੇਂ ਮਾਈਕ ਖੋਹਣ ਦੀ ਕੋਸ਼ਿਸ਼ ਕੀਤੀ ਜਦੋ ਰਾਗੀ ਸਿੰਘ ਅਨੰਦ ਸਾਹਿਬ ਦਾ ਪਾਠ ਕਰਨ ਲੱਗੇ ਸਨ। ਬਾਅਦ ਵਿਚ ਉਸ ਨੇ ਫੇਰ ਜਦ ਖਾਲਸਾ ਸਕੂਲ ਦੀ ਅਸੈਂਬਲੀ ਹੋਣ ਲੱਗੀ ਤਾਂ ਮਾਈਕ ਖੋਹਣ ਦੀ ਕੋਸ਼ਿਸ਼ ਕੀਤੀ ਅਤੇ ਉਚੀ-ਉਚੀ ਆਵਾਜ਼ ਵਿਚ ਊਲ-ਜਲੂਲ ਬੋਲਣਾ ਸ਼ੁਰੂ ਕਰ ਦਿੱਤਾ। ਜਿਸ ਦਾ ਬੱਚਿਆਂ ਦੇ ਪਰਿਵਾਰਾਂ ਨੇ ਬਹੁਤ ਬੁਰਾ ਮਨਾਇਆ। ਸੰਗਤ ਗਵਾਹ ਹੈ ਕਿ ਇਸ ਸ਼ਖਸ ਦੀ ਪਤਨੀ ਹਰ ਰੋਜ਼ ਲੰਗਰ ਹਾਲ ਵਿਚ ਆਦਮੀਆਂ ਨਾਲ ਆਮ ਹੀ ਬਹਿਸ ਕਰਦੀ ਰਹਿੰਦੀ ਹੈ।

ਅਸੀਂ ਸੰਗਤਾਂ ਨੂੰ ਚੇਤਾ ਕਰਵਾਉਣਾ ਚਾਹੁੰਦੇ ਹਾਂ ਕਿ ਇਸ ਗੁਰਦੁਆਰਾ ਸੁਧਾਰ ਕਮੇਟੀ ਦੇ ਇਕ ਮੋਹਰੀ ਮੈਂਬਰ ਗੁਰਮੇਲ ਸਿੰਘ ਬਾਠ ਨੇ ਕਸ਼ਮੀਰ ਸਿੰਘ ਦੇ ਲੜਕੇ ਦੇ ਸਿਰ ਤੋਂ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਇਸ ਕਰਕੇ ਖੋਹ ਲਿਆ ਸੀ ਕਿ ਗੁਰਮੇਲ ਸਿੰਘ ਬਾਠ ਦੀ ਮਰਿਯਾਦਾ ਅਨੁਸਾਰ ਉਹ ਸਿੱਖ ਨਹੀਂ ਸੀ ਜਦੋਂਕਿ ਸੰਗਤ ਜਾਣਦੀ ਹੈ ਕਿ ਗੁਰੂ ਘਰ ਬਿਨਾ ਭਿੰਨ ਭੇਦ ਹਰ ਸ਼ਰਧਾਲੂ ਵਾਸਤੇ ਹੈ। ਗੁਰੂ ਗ੍ਰੰਥ ਸਾਹਿਬ ਵਿਚ ਬਿਨਾ ਕਿਸੇ ਭਿੰਨ ਭੇਦ ਭਗਤਾਂ ਅਤੇ ਹੋਰ ਸੰਤਾਂ ਦੀ ਬਾਣੀ ਨੂੰ ਸ਼ਾਮਲ ਕੀਤੇ ਜਾਣਾ ਇਸ ਦਾ ਸਬੂਤ ਹੈ। ਕਿਸੇ ਸ਼ਰਧਾਲੂ ਨੂੰ ਗੁਰੂ ਮਹਾਰਾਜ ਦਾ ਸਰੂਪ ਲੈ ਜਾਣ ਤੋਂ ਇਸ ਤਰ੍ਹਾਂ ਹੱਥੋਪਾਈ ਤੱਕ ਜਾ ਕੇ ਰੋਕਣਾ ਕਿੱਧਰ ਦੀ ਸਿੱਖੀ ਹੈ? ਇਸ ਨੂੰ ਬ੍ਰਾਹਮਣਵਾਦੀ ਕਰਮਕਾਂਡ ਤਾਂ ਜ਼ਰੂਰ ਕਿਹਾ ਜਾ ਸਕਦਾ ਹੈ।

ਇਸੇ ਸ਼ਖਸ ਨੇ ਕੁਰਸੀ 'ਤੇ ਬੈਠ ਕੇ ਲੰਗਰ ਛਕ ਰਹੇ ਇੱਕ ਬਜ਼ੁਰਗ, ਜਿਸ ਦੀ ਸਰਜਰੀ ਹੋਈ ਸੀ, ਨੂੰ ਦਬਕਾ ਮਾਰ ਕੇ ਕੁਰਸੀ ਤੋਂ ਉਠਣ ਲਈ ਕਿਹਾ। ਸੰਗਤ ਗਵਾਹ ਹੈ ਕਿ ਉਹ ਬਜ਼ੁਰਗ ਗੁਰਮੇਲ ਸਿੰਘ ਬਾਠ ਦੀ ਇਸ ਹਰਕਤ ਨੂੰ ਦੇਖ ਕੇ ਰੋਣ ਲੱਗ ਗਿਆ। ਜਦ ਪ੍ਰਬੰਧਕਾਂ ਨੇ ਸ. ਬਾਠ ਤੋਂ ਇਸ ਦੀ ਪੁਸ਼ਟੀ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਸ ਦਾ ਕਹਿਣਾ ਸੀ ਕਿ ਮੈਨੂੰ ਤਾਂ ਜੋ ਰੱਬ ਤੋਂ ਹੁਕਮ ਆਉਂਦਾ ਹੈ, ਉਹੀ ਕਰਦਾ ਹਾਂ। ਸ. ਬਾਠ ਅਤੇ ਇਸ ਦੀ ਧਰਮ ਪਤਨੀ ਵਲੋਂ ਦਾੜ੍ਹੀ ਬੰਨਣ ਵਾਲਿਆਂ ਅਤੇ ਸਹਿਜਧਾਰੀ ਸਿੱਖਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਨ (ਰੌਲ) ਲਾਉਣ ਅਤੇ ਲੰਗਰ ਹਾਲ ਵਿਚ ਗੈਰ ਸਿੱਖਾਂ ਦੇ ਸੇਵਾ ਕਰਨ 'ਤੇ ਵੀ ਇਤਰਾਜ਼ ਹੈ। ਲੰਘੇ ਐਤਵਾਰ ਇਸ ਵੱਡੇ ਧਰਮੀ ਸ਼ਖਸ ਨੇ ਬਲਦੀ 'ਤੇ ਹੋਰ ਅੱਗ ਪਾ ਕੇ ਸ਼ਾਂਤੀ ਭੰਗ ਕਰਨ ਦੀ ਪੂਰੀ ਕੋਸ਼ਿਸ਼ ਕੀਤੀ।

ਇਸ ਕਥਿਤ ਗੁਰਦੁਆਰਾ ਸੁਧਾਰ ਕਮੇਟੀ ਦਾ ਇਕ ਮੈਂਬਰ ਭੁਪਿੰਦਰ ਸਿੰਘ ਚੀਮਾ ਅੱਜ ਉਨ੍ਹਾਂ ਦੇ ਨਾਲ ਰਲਿਆ ਹੋਇਆ ਹੈ ਕੱਲ੍ਹ ਤੱਕ ਜਿਨ੍ਹਾਂ ਦੇ ਖਿਲਾਫ ਸੀ। ਇਸੇ ਸ਼ਖਸ ਨੇ ਸਾਨ ਫਰਾਂਸਿਸਕੋ ਵਿਚ ਭਾਰਤੀ ਸਫਾਰਤਖਾਨੇ ਦੇ ਸਾਹਮਣੇ ਮੁਜਾਹਰੇ ਸਮੇਂ ਇਕ ਧਿਰ ਦੀ ਪੱਖਪਾਤੀ ਕੀਤੀ ਅਤੇ ਇਕ ਦਾ ਵਿਰੋਧ। ਜਿਨ੍ਹਾਂ ਦਾ ਵਿਰੋਧ ਕੀਤਾ ਸੀ ਅੱਜ ਉਨ੍ਹਾਂ ਦੇ ਹੀ ਨਾਲ ਚੱਲ ਰਿਹਾ ਹੈ।

ਗੁਰਦੁਆਰਾ ਸਾਹਿਬ ਨੂੰ ਕਚਹਿਰੀ ਵਿਚ ਘਸੀਟਣ ਵਾਲਿਆਂ ਦਾ ਪਿਛੋਕੜ

ਡਾ. ਨਾਹਲ: 1999 ਤੱਕ ਕਈ ਸਾਲ ਪ੍ਰਬੰਧਕ ਕਮੇਟੀ ਦਾ ਮੈਂਬਰ ਹੁੰਦਾ ਸੀ, ਕੁਇੰਬੀ ਰੋਡ 'ਤੇ ਪੁਰਾਣੇ ਗੁਰੂ ਘਰ ਵਿਚ ਕੁਰਸੀਆਂ/ਮੇਜ ਇਸੇ ਸ਼ਖਸ ਨੇ ਮੋਹਰੇ ਹੋ ਕੇ ਵਢਵਾਏ ਸਨ ਅਤੇ ਕੁਝ ਸਿਆਣੇ ਬਜ਼ੁਰਗਾਂ ਨੂੰ (ਜਿਨ੍ਹਾਂ ਨੇ ਇਸਨੂੰ ਰੋਕਣ ਲਈ ਬੇਨਤੀ ਕੀਤੀ) ਬੁਰਾ ਵੀ ਬੋਲਿਆ ਅਤੇ ਸੰਗਤ ਨੂੰ ਗੰਦੀ ਜਗ੍ਹਾ ਉਤੇ ਬੈਠ ਕੇ ਲੰਗਰ ਛਕਣ ਲਈ ਮਜਬੂਰ ਕੀਤਾ। ਡਾ. ਨਾਹਲ ਅਕਾਲ ਤਖਤ ਦੇ ਜਥੇਦਾਰਾਂ ਨਾਲ ਵੀ ਝਗੜਾ ਕਰਨ ਦਾ ਸ਼ੌਕੀਨ ਹੈ। ਸਾਬਕਾ ਜਥੇਦਾਰ (ਜੋਗਿੰਦਰ ਸਿੰਘ ਵੇਦਾਂਤੀ) ਜਦੋਂ ਇਕ ਵਾਰ ਸੈਨ ਹੋਜ਼ੇ ਆਏ ਤਾਂ ਉਨ੍ਹਾਂ ਨਾਲ ਵੀ ਕਿਸੇ ਗੱਲ ਤੋਂ ਬੁਰਾ ਬੋਲਿਆ ਅਤੇ ਕਿਹਾ, "ਮੈਂ ਤੁਹਾਨੂੰ ਜਥੇਦਾਰ ਹੀ ਨਹੀਂ ਮੰਨਦਾ।" ਅਸੀਂ ਸੰਗਤ ਨੂੰ ਇਹ ਵੀ ਦੱਸਣਾ ਚਾਹੁੰਦੇ ਹਾਂ ਕਿ ਡਾ. ਨਾਹਲ ਨੂੰ ਆਪਣੀ ਨਿਜੀ ਪਬਲੀਸਿਟੀ ਦਾ ਕੁਝ ਜ਼ਿਆਦਾ ਹੀ ਸ਼ੌਂਕ ਹੈ। ਕਰਦਾ ਘੱਟ ਹੈ ਅਤੇ ਉਸ ਦਾ ਪ੍ਰਚਾਰ ਬਹੁਤਾ ਚਾਹੁੰਦਾ ਹੈ। ਡਾ. ਨਾਹਲ ਦੇ ਹੀ ਇਕ ਸਾਥੀ ਭੁਪਿੰਦਰ ਸਿੰਘ ਚੀਮੇ ਨੇ ਜਦੋਂ ਇੱਕ ਮੈਂਬਰ ਜਿਸ ਦੇ ਨਾਮ ਨਾਲ ਸਿੰਘ ਨਹੀਂ ਸੀ, ਨੂੰ ਲਿਆ ਕੇ ਲਾਈਨ ਦੇ ਅੱਗੇ ਲਾਉਣ ਦੀ ਪ੍ਰਬੰਧਕਾਂ ਨੂੰ ਬੇਨਤੀ ਕੀਤੀ (ਕਿ ਉਸ ਤੋਂ ਖੜ੍ਹੇ ਨਹੀਂ ਹੋਇਆ ਜਾਂਦਾ), ਤਾਂ ਡਾ. ਨਾਹਲ ਨੇ ਉਸ ਦਾ ਫਾਰਮ ਦੇਖਦਿਆਂ ਸਾਰ ਹੀ ਝਗੜਾ ਸ਼ੁਰੂ ਕਰ ਦਿੱਤਾ ਕਿ ਬੇਸ਼ੱਕ ਉਹ ਸਿੱਖ ਧਰਮ ਨੂੰ ਮੰਨਦਾ ਹੋਵੇਗਾ ਪਰ ਕਿਉਂਕਿ ਉਸ ਦੇ ਨਾਮ ਨਾਲ ਸਿੰਘ ਨਹੀਂ ਹੈ ਇਸ ਕਰਕੇ ਗੁਰੂ ਘਰ ਦਾ ਮੈਂਬਰ ਨਹੀਂ ਬਣ ਸਕਦਾ।

ਹੁਣ ਜਦੋਂ ਗੁਰਦੁਆਰਾ ਸਾਹਿਬ ਦੀ ਨਵੀਂ ਇਮਾਰਤ ਮੁਕੰਮਲ ਹੋ ਗਈ ਹੈ ਤਾਂ ਡਾ. ਨਾਹਲ ਹਰ ਐਤਵਾਰ ਗੁਰੂ ਘਰ ਆ ਕੇ ਸੰਗਤਾਂ ਵਿਚ ਕਮੇਟੀ ਖਿਲਾਫ ਪ੍ਰਚਾਰ ਕਰਦਾ ਹੈ ਕਿ "ਗੁਰੂ ਘਰ ਦਾ ਸੁਧਾਰ ਕਰਨਾ ਹੈ।"

ਅਸੀਂ ਸੰਗਤਾਂ ਦੇ ਧਿਆਨ ਵਿਚ ਲਿਆਉਣਾ ਚਾਹੁੰਦੇ ਹਾਂ ਕਿ ਗੁਰਦੁਆਰਾ ਸੁਧਾਰ ਕਮੇਟੀ ਦੇ ਮੈਂਬਰਾਂ ਡਾ. ਤਰਲੋਚਨ ਸਿੰਘ ਨਾਹਲ, ਗੁਰਮੇਲ ਸਿੰਘ ਬਾਠ, ਜਗਜੀਤ ਸਿੰਘ ਮੰਡ ਤੇ ਦਲਜੀਤ ਸਿੰਘ ਨੇ ਗੁਰਦੁਆਰਾ ਸੈਨ ਹੋਜ਼ੇ ਵਿਰੁਧ ਕੇਸ (1-11-ਸੀ ਵੀ-203351) ਕਰ ਦਿੱਤਾ ਹੈ। ਅਸੀਂ ਇਨ੍ਹਾਂ ਸੱਜਣਾਂ ਤੋਂ ਪੁੱਜਣਾ ਚਾਹੁੰਦੇ ਹਾਂ ਕਿ ਪਿਛਲੇ 25 ਸਾਲਾਂ ਵਿਚ ਉਨ੍ਹਾਂ ਇਸ ਗੁਰੂ ਘਰ ਲਈ ਕੀਤਾ ਕੀ ਹੈ? ਸਿਵਾਇ ਚੌਧਰ ਦਾ ਅਨੰਦ ਮਾਨਣ ਤੋਂ, ਇਨ੍ਹਾਂ ਸੱਜਣਾਂ ਦੀ ਗੁਰੂ ਘਰ ਨੂੰ ਕੋਈ ਦੇਣ ਨਹੀਂ।

ਗੁਰੂ ਘਰ ਦਾ ਆਡਿਟ: ਗੁਰਦੁਆਰਾ ਸਾਹਿਬ ਵਲੋਂ ਬਾਹਰਲੀ (ਆਜ਼ਾਦ) ਇੱਕ ਕੰਪਨੀ ਰਾਹੀਂ ਸਾਲ 2009 ਅਤੇ ਸਾਲ 2010 ਦਾ ਆਡਿਟ ਕਰਵਾ ਦਿੱਤਾ ਗਿਆ ਹੈ ਜੋ ਗੁਰਦੁਆਰਾ ਸਾਹਿਬ ਦੀ ਵੈਬ ਸਾਈਟ (sikhgurudwarasj.org) 'ਤੇ ਲੱਗਾ ਹੋਇਆ ਹੈ ਅਤੇ ਗੁਰਦੁਆਰਾ ਸਾਹਿਬ ਦੇ ਦਫਤਰ ਵਿਚ ਵੀ ਉਪਲਬਧ ਹੈ।

## ਸੰਗਤ ਨੂੰ ਬੇਨਤੀ

ਗੁਰੂ ਪਿਆਰੀ ਸਾਧ ਸੰਗਤ ਜੀ ਆਪ ਨੂੰ ਬੇਨਤੀ ਹੈ ਕਿ ਹੁਣ ਗੁਰੂ ਘਰ ਦੀ ਸ਼ਾਨਦਾਰ ਇਮਾਰਤ ਤਿਆਰ ਹੋ ਗਈ ਹੈ, ਹੁਣ ਲੋੜ ਹੈ ਇਸ ਦੀ ਠੀਕ ਤਰੀਕੇ ਨਾਲ ਸਾਂਭ ਸੰਭਾਲ ਕੀਤੀ ਜਾਵੇ। ਬਹੁਤ ਸਾਰੇ ਸੇਵਾਦਾਰਾਂ ਦੀ ਲੋੜ ਹੈ ਜੋ ਵੱਖੋ-ਵੱਖਰੇ ਕੰਮਾਂ ਦੀਆਂ ਜ਼ਿੰਮੇਵਾਰੀਆਂ ਸੰਭਾਲਣ ਤਾਂ ਜੋ ਰਹਿੰਦੇ ਕੰਮਾਂ ਨੂੰ ਮੁਕੰਮਲ ਕੀਤਾ ਜਾ ਸਕੇ। ਗੁਰੂ ਘਰ ਨੂੰ ਮਾਇਆ ਦੀ ਲੋੜ ਹੈ ਤਾਂ ਕਿ ਤਕਰੀਬਨ 300,000 ਡਾਲਰ ਦੇ ਰਹਿੰਦੇ ਬਿੱਲ ਦਿੱਤੇ ਜਾ ਸਕਣ। ਜਿਵੇਂ ਕਿ ਆਪ ਜੀ ਨੂੰ ਪਹਿਲਾਂ ਵੀ ਕਈ ਵਾਰ ਬੇਨਤੀ ਕੀਤੀ ਗਈ ਹੈ ਅਤੇ ਹੁਣ ਵੀ ਨਿਮਰਤਾ ਸਹਿਤ ਬੇਨਤੀ ਕਰਦੇ ਹਾਂ ਕਿ ਇਹ ਇੱਕ ਬਹੁਤ ਵੱਡਾ ਪ੍ਰਾਜੈਕਟ ਹੈ, ਆਪਾਂ ਸਾਰੇ ਰਲ ਮਿਲ ਕੇ ਸੇਵਾ ਕਰੀਏ ਅਤੇ ਆਪੋ ਆਪਣੇ ਵਿਤ ਅਨੁਸਾਰ ਹਿੱਸਾ ਪਾ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੀਏ।

**ਜਾਰੀ ਕਰਤਾ: ਹਰਦੇਵ ਸਿੰਘ ਤੱਖਰ (ਪ੍ਰਧਾਨ), ਭੁਪਿੰਦਰ ਸਿੰਘ ਢਿੱਲੋਂ (ਸਕੱਤਰ) ਅਤੇ ਸਮੂਹ ਪ੍ਰਬੰਧਕ ਕਮੇਟੀ, ਗੁਰਦੁਆਰਾ ਸੈਨ ਹੋਜ਼ੇ**


*Advt.*

# ਕੈਲੀਫੋਰਨੀਆ ’ਚ ਪੰਜਾਬੀ ਚਾਰਟਰ ਸਕੂਲ ਖੁੱਲ੍ਹੇਗਾ

**ਸੈਕਰਾਮੈਂਟੋ:** ਕੈਲੀਫੋਰਨੀਆ ਅਥਾਰਟੀ ਨੇ ਸੈਕਰਾਮੈਂਟੋ ਵੈਲੀ ਵਿਚ ਪਹਿਲਾ ਪੰਜਾਬੀ ਚਾਰਟਰ ਸਕੂਲ ਖੋਲ੍ਹਣ ਦੀ ਆਗਿਆ ਦੇ ਦਿੱਤੀ ਹੈ ਤੇ ਅਮਰੀਕਾ ਦੇ ਪੰਜਾਬੀ ਭਾਈਚਾਰੇ ਨੇ ਇਸ ਫੈਸਲੇ ਦਾ ਸਵਾਗਤ ਕੀਤਾ ਹੈ। ਇਹ ਚਾਰਟਰ ਸਕੂਲ ਟਿਊਸ਼ਨ ਮੁਕਤ ਤੇ ਨਸਲੀ ਭੇਦਭਾਵ ਮੁਕਤ ਹੋਵੇਗਾ। ਇਹ ਗੈਰ-ਮੁਨਾਫ਼ੇ ਵਾਲੀ ਸੰਸਥਾ ਹੋਵੇਗੀ ਜੋ ਸਟੇਟ ਤੇ ਫੈਡਰਲ ਸਰਕਾਰਾਂ ਵੱਲੋਂ ਦਿੱਤੇ ਫੰਡਾਂ ਨਾਲ ਚਲਾਈ ਜਾਵੇਗੀ।

ਇਹ ਸੈਕਰਾਮੈਂਟੋ ਵੈਲੀ ਚਾਰਟਰ ਸਕੂਲ ਸਤੰਬਰ 2011 ਤੋਂ ਸ਼ੁਰੂ ਹੋਵੇਗਾ। ਸਕੂਲ ਦੇ ਬੋਰਡ ਆਫ਼ ਡਾਇਰੈਕਟਰਜ਼ ਦੇ ਚੇਅਰਮੈਨ ਡਾ. ਨਰਿੰਦਰ ਧਾਲੀਵਾਲ ਨੇ ਕਿਹਾ ਕਿ ਸੈਕਰਾਮੈਂਟੋ ਇਲਾਕੇ ਤੇ ਪੰਜਾਬੀ ਭਾਈਚਾਰੇ ਲਈ ਇਹ ਵੱਡਾ ਦਿਨ ਹੈ। ਅਟਾਰਨੀ ਤੇ ਬੋਰਡ ਮੈਂਬਰ ਅਮਰ ਸ਼ੇਰਗਿੱਲ ਨੇ ਕਿਹਾ ਕਿ ਪੰਜਾਬੀ ਭਾਈਚਾਰੇ ਵੱਲੋਂ ਅਮਰੀਕਾ ਵਿਚ ਕਾਇਮ ਪਹਿਲੇ ਚਾਰਟਰ ਸਕੂਲ ਦੀ ਬੇਹੱਦ ਖੁਸ਼ੀ ਹੈ। ਹੁਣ ਇਨਕਾਰਪੋਰੇਟ ਸਕੂਲ ਵੱਲ ਵਧਿਆ ਜਾਵੇਗਾ ਤੇ ਕੈਂਪਸ ਤੇ ਹਾਇਰ ਸਕੂਲ ਸਟਾਫ ਤਾਇਨਾਤ ਕੀਤਾ ਜਾਵੇਗਾ। ਬੋਰਡ ਹੋਰ ਮੈਂਬਰ ਹਰਜਿੰਦਰ ਮੱਟੂ ਨੇ ਕਿਹਾ ਕਿ ਇਹ ਸਕੂਲ ਸਥਾਨਕ ਵਸਨੀਕਾਂ ਲਈ ਹੋਵੇਗਾ ਤੇ ਇਥੇ ਕਿਸੇ ਕਿਸਮ ਦਾ ਭੇਦਭਾਵ ਨਹੀਂ ਹੋਵੇਗਾ। ਸਾਰੇ ਵਿਦਿਆਰਥੀਆਂ ਨੂੰ ਮੁਫ਼ਤ ਭੋਜਨ ਤੇ ਮੁਫ਼ਤ ਟਰਾਂਸਪੋਰਟ ਦੀ ਸਹੂਲਤ ਮਿਲੇਗੀ। ਸੂਤਰਾਂ ਅਨੁਸਾਰ ਸਕੂਲ ਕੈਂਪਸ ਵਿਚ ਕਾਇਮ ਹੋਵੇਗਾ ਜੋ ਸੈਕਰਾਮੈਂਟੋ ਗੁਰਦੁਆਰੇ ਦੇ ਠੀਕ ਨਾਲ ਹੈ। ਗੁਰਦੁਆਰੇ ਦਾ ਵੀ ਇਹ ਸਕੂਲ ਕਾਇਮ ਹੋਣ ਵਿਚ ਵੱਡਾ ਯੋਗਦਾਨ ਰਿਹਾ ਹੈ। ਸਕੂਲ ਦੇ ਸ਼ੁਰੂ ਹੋਣ ਦੇ ਪਹਿਲੇ ਸਾਲ ਵਿਦਿਆਰਥੀਆਂ ਦੀ ਕਿੰਡਰਗਾਰਟਨ ਤੋਂ ਲੈ ਕੇ ਗਰੇਡ 6 ਤੱਕ ਦੀ ਭਰਤੀ ਹੋਵੇਗੀ। ਗਰੇਡ 7 ਤੇ ਗਰੇਡ 8 ਸਾਲ 2012 ਤੇ 2013 ਵਿਚ ਸ਼ਾਮਲ ਹੋਣਗੇ।

# ਧਾਮੀ ਦੇ ਕਾਤਲ ਦਾ ਹੁਲੀਆ ਪੁਲਿਸ ਵਲੋਂ ਜਾਰੀ



**ਸੈਕਰਾਮੈਂਟੋ (ਬਿਊਰੋ):** ਸੈਕਰਾਮੈਂਟੋ ਪੁਲਿਸ ਨੇ 53 ਸਾਲਾ ਬਲਬੀਰ ਸਿੰਘ ਧਾਮੀ ਦੇ ਇਥੇ ਲੰਘੀ 19 ਮਈ ਨੂੰ ਹੋਏ ਕਤਲ ਲਈ ਜ਼ਿੰਮੇਵਾਰ ਕਾਤਲ ਦੀ ਪਛਾਣ ਲਈ ਉਸਦਾ ਹੁਲੀਆ ਜਾਰੀ ਕੀਤਾ ਹੈ। ਇਸ ਹਮਲੇ ਵਿਚ ਸ੍ਰੀ ਧਾਮੀ ਦੀ ਮੌਕੇ ‘ਤੇ ਹੀ ਮੌਤ ਹੋ ਗਈ ਜਦੋਂ ਕਿ ਧਾਮੀ ਦੀ ਪਤਨੀ ਵੀ ਜ਼ਖਮੀ ਹੋ ਗਈ ਸੀ।

ਜਾਂਚ ਅਧਿਕਾਰੀਆਂ ਦਾ ਕਹਿਣਾ ਹੈ ਕਿ ਹਮਲਾਵਰ ਮੂਹਰਲੇ ਦਰਵਾਜੇ ਵਿਚੋਂ ਦਾਖਲ ਹੋਇਆ। ਉਹ ਇਸ ਨੂੰ ਅਚਾਨਕ ਹੋਈ ਵਾਰਦਾਤ ਨਹੀਂ ਮੰਨਦੇ ਅਤੇ ਉਨ੍ਹਾਂ ਦਾ ਖਿਆਲ ਹੈ ਕਿ ਇਹ ਨਸਲੀ ਨਫਰਤੀ ਹਿੰਸਾ ਦਾ ਵੀ ਨਤੀਜਾ ਨਹੀਂ। ਉਨ੍ਹਾਂ ਅਨੁਸਾਰ ਮੁਲਜ਼ਿਮ ਦਰਮਿਆਨੇ ਕੱਦ ਦਾ ਕਾਲੇ ਰੰਗ ਦਾ ਕੋਈ ਵਿਅਕਤੀ ਸੀ। ਇਲਾਕੇ ਦੇ ਸਰਵੇਲੈਂਸ ਕੈਮਰਿਆਂ ਵਿਚ ਆਈ ਹਮਲਾਵਰ ਦੀ ਕਾਰ ਦੀ ਤਸਵੀਰ ਤੋਂ ਜਾਪਦਾ ਹੈ ਕਿ ਉਹ 4-ਡੋਰ ਸੁਨਹਿਰੀ ਰੰਗ ਦੀ ਮਾਜਦਾ ਪਰੋਟੇਜ਼ ਕਾਰ ਚਲਾ ਰਿਹਾ ਸੀ ਜਿਸ ਦੀ ਹੁਡ, ਅਗਲੇ ਤੇ ਪਿਛਲੇ ਬੰਪਰ ਕਾਲੇ ਸਨ। ਸੈਕਰਾਮੈਂਟੋ ਪੁਲਿਸ ਨੇ ਇਸ ਵਾਰਦਾਤ ਸਬੰਧੀ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਰਖਣ ਵਾਲੇ ਵਿਅਕਤੀ ਨੂੰ ਇਸ ਨਾਲ ਫੋਨ 916-443-4357 ਤੇ ਸੰਪਰਕ ਕਰਨ ਲਈ ਕਿਹਾ ਹੈ। ਸੂਹੀਏ ਨੂੰ 10,000 ਡਾਲਰ ਦਾ ਇਨਾਮ ਦਿਤਾ ਜਾਏਗਾ ਅਤੇ ਉਸਦੀ ਪਛਾਣ ਗੁਪਤ ਰਖੀ ਜਾਏਗੀ।


Truck Stop For Sale
ਟੈਕਸਸ ਵਿਚ ਟਰੱਕ ਸਟਾਪ ਵਿਕਾਊ ਹੈ
13.5 ਏਕੜ ਥਾਂ ਵਿਚ ਟਰੱਕ ਵਾਸ਼, ਸਟੋਰ, ਰੈਸਟੋਰੈਂਟ, ਕੈਟ (CAT) ਸਕੇਲ
> ਅੱਠ ਕਾਰਾਂ ਲਈ ਗੈਸ ਪੰਪ ਆਈਲ
> ਚਾਰ ਟਰੱਕਾਂ ਲਈ ਡੀਜ਼ਲ ਆਈਲ
ਨਵੀਂ 5 ਲੱਖ ਡਾਲਰ ਨਾਲ ਰੈਨੋਵੇਸ਼ਨ
ਓਨਰ ਫਾਇਨਾਂਸ ਉਪਲਬਧ
ਹਾਈਵੇਅ ਆਈ-75 ਉਤੇ ਡੈਲਸ ਦੇ ਨਜ਼ਦੀਕ
ਸੰਪਰਕ ਕਰੋ: 972-814-4087



For Sale or Lease
2 Liquor Stores
with Lease & Purchase option
(1 mile difference between both.)
Liquor, Beer, Lotto, Wholesale Tobacco.
Monthly Sales $70,000 to $75000
Ionia, Michigan 48846
No crime area, Busy Location.
Contact: Raj, Ph:269-830-7560



ਓਨਰ ਅਪਰੇਟਰਾਂ ਅਤੇ
ਡਰਾਈਵਰਾਂ ਦੀ ਤੁਰਤ ਲੋੜ





ਪੱਕੇ ਲੋਡ - ਸਟਾਕਟਨ ਤੋਂ ਪੋਰਟਲੈਂਡ
ਸਟਾਕਟਨ ਤੋਂ ਸਿਆਟਲ ਅਤੇ ਵਾਪਸ ਸਟਾਕਟਨ
ਸਿਰਫ ਟਰੱਕ ਚਾਹੀਦੇ ਹਨ, ਟਰੇਲਰ ਨਹੀਂ
ਵਧੀਆ ਰੇਟ ਦਿੱਤੇ ਜਾਣਗੇ
ਫੌਰਨ ਫੋਨ ਕਰੋ: ਗੁਰਮੀਤ ਸਿੰਘ
ਫੋਨ: 209-234-1118



Akal Immigration
In Association with
Max Berger Law Corporation
Canadian Immigration









Max Berger B.F.A. LL.B.
*Immigration Lawyer since 1983*

Narinder Paul Singh B.Sc.
*(Kashmir University -1971)*

ਤੁਹਾਡੇ ਰਿਸ਼ਤੇਦਾਰ/ਦੋਸਤ ਨੂੰ ਇਕ ਸਾਲ ਦੇ ਅੰਦਰ
ਕੈਨੇਡਾ ਦੀ ਇਮੀਗਰੇਸ਼ਨ ਮਿਲ ਸਕਦੀ ਹੈ

WE SPECIALIZE IN:
⇒ Investor, Business, Self Employed, Skilled Worker
⇒ Family Class, Spousal, Parents, Grand-Parents
⇒ Student, Visitor Visas, Refugee Cases in Toronto, Montreal
⇒ Family, Federal Court Appeals & ADRs
⇒ Temporary Work Permits for Cooks, Chefs for Banquet Halls etc.

ਫੋਨ:(905) 795-1516
Need Agents in the USA
Nanak Plaza 1380- Cardiff Blvd. #: 2 Mississauga (On.) L5S1P9 Canada
E-mail: info@akalimmigration.com Website: www.akalimmigration.com



ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ
ਜਸਪ੍ਰੀਤ ਸਿੰਘ
ਅਟਾਰਨੀ ਐਟ ਲਾਅ
*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ
ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ





*Attorny At Law*

*Law Offices Of Jaspreet Singh*

*4491 W. Shaw Ave., Suite 300 B (Near Costco) Fresno, CA 93722 Ph: 559-271-5511*

*44790 S. Grimmer Blvd. #204 Fremont CA-94538 Ph:510-657-6444 Fax: 510-657-6443*

*2945 W. Capitol Ave, Sacramento CA-95691 Ph: 916-372-4448 Fax: 916-372-4440*

# ਗਦਰ ਮੈਮੋਰੀਅਲ ਕਾਨਫਰੰਸ ਦੀ ਤਿਆਰੀ ਮੁਕੰਮਲ

*(ਸਫਾ ਇਕ ਦੀ ਬਾਕੀ)*

ਸ. ਚਰਨ ਸਿੰਘ ਜੱਜ ਨੇ ਇਥੇ ਜਾਰੀ ਇਕ ਬਿਆਨ ਵਿਚ ਦੱਸਿਆ ਕਿ ਜਥੇਬੰਦੀ ਦੇ ਮੈਂਬਰਾਂ ਅਤੇ ਸਮੂਹ ਹਮਦਰਦੀਆਂ ਨੇ ਕਾਨਫਰੰਸ ਲਈ ਫੰਡ ਇਕੱਠਾ ਕਰਨ ਵਾਸਤੇ ਬਹੁਤ ਵੱਡਾ ਉਤਸ਼ਾਹ ਵਿਖਾਇਆ ਹੈ ਅਤੇ ਉਹ ਉਨ੍ਹਾਂ ਸਭਨਾਂ ਦੇ ਧੰਨਵਾਦੀ ਹਨ।

ਬਿਆਨ ਵਿਚ ਸ. ਜੱਜ ਨੇ ਦੱਸਿਆ ਕਿ ਕਾਨਫਰੰਸ ਦੇ ਵੱਖ ਵੱਖ ਕੰਮਾਂ ਲਈ ਵਾਲੰਟੀਅਰਾਂ ਅਤੇ ਮੈਂਬਰਾਂ ਦੀਆਂ ਡਿਊਟੀਆਂ ਲਾ ਦਿੱਤੀਆਂ ਗਈਆਂ ਹਨ। ਸੁਚਾ ਸਿੰਘ, ਪ੍ਰਿਥੀਪਾਲ ਸਿੰਘ ਵਾਈਸੇਲੀਆ, ਡਾ. ਉਪਿੰਦਰ ਸਿੰਘ, ਕੁਲਦੀਪ ਸਿੰਘ, ਹਰਭਜਨ ਸਿੰਘ ਬਾਸੀ, ਮਲਕੀਤ ਸਿੰਘ ਸੰਧੂ, ਮਾਡੈਸਟੋ, ਡਾ. ਗੁਰੂਮੇਲ ਸਿੰਘ ਸਿੱਧੂ, ਤਰਲੋਚਨ ਸਿੰਘ, ਹੈਰੀ ਗਿੱਲ ਤੇ ਅਵਤਾਰ ਸਿੰਘ ਗਿੱਲ ਫਰਿਜ਼ਨੋ ਤੋਂ, ਬਲਵਿੰਦਰ ਸਿੰਘ ਤੇ ਗੁਰਮੀਤ ਸਿੰਘ ਸਾਫਟਰ, ਨਿੱਜਰ ਬ੍ਰੱਦਰਜ਼ ਮਡੇਰਾ ਤੋਂ, ਦਰਸ਼ਨ ਸਿੰਘ ਢੋਟ, ਮੁਖਤਿਆਰ ਸਿੰਘ ਮਰੋਕ ਤੇ ਮੋਹਨ ਸਿੰਘ ਮਾਉਂਨਟੇਨ, ਕੁਲਦੀਪ ਸਿੰਘ ਅਟਵਾਲ, ਕਰਨੈਲ ਸਿੰਘ ਟਰਲਕ, ਕੁਲਵੰਤ ਸਿੰਘ, ਜਸਪਾਲ ਸਿੰਘ, ਜਗਮੋਹਨ ਸਿੰਘ, ਜਸਵੀਰ ਸਿੰਘ, ਬਲਬੀਰ ਸਿੰਘ ਟੁਲੈਹਿਰੀ, ਬਲਵਿੰਦਰ ਸਿੰਘ, ਕਸ਼ਮੀਰ ਸਿੰਘ, ਬਲਬੀਰ ਸਿੰਘ, ਅਜੀਤ ਸਿੰਘ, ਬਲਜਿੰਦਰ ਸਿੰਘ, ਬਖਸ਼ੀਸ਼ ਸਿੰਘ ਮੁਤੀ, ਕੁਲਦੀਪ ਸਿੰਘ ਮੁਤੀ, ਬਲਜੀਤ ਸਿੰਘ ਮੁਤੀ, ਗੁਰਚਰਨ ਸਿੰਘ ਮੁਤੀ, ਮੱਖਣ ਸਿੰਘ ਜੱਜ, ਬਲਬੀਰ ਸਿੰਘ, ਅਜੀਤ ਸਿੰਘ, ਦੀਦਾਰ ਸਿੰਘ, ਅੰਮ੍ਰਿਤਪਾਲ, ਮੁਖਤਿਆਰ ਸਿੰਘ ਖਿੰਡਾ ਟਰੇਸੀ, ਜਰਨੈਲ ਸਿੰਘ, ਹਰੀ ਸਿੰਘ, ਗੁਰਮੀਤ ਸਿੰਘ, ਦੀਦਾਰ ਸਿੰਘ, ਸੁੱਚਾ ਸਿੰਘ ਮਨਟੀਕਾ, ਬਲਵਿੰਦਰ ਸਿੰਘ, ਸੀਤਲ ਸਿੰਘ, ਗੁਰਦੀਪ ਸਿੰਘ ਖਿੰਡਾ ਲੈਥਰੋਪ, ਸੰਤੋਖ ਸਿੰਘ ਜੱਜ, ਸੁਰਜੀਤ ਸਿੰਘ, ਹਰਜਿੰਦਰ ਸਿੰਘ, ਦਵਿੰਦਰ ਸਿੰਘ, ਸੁਖਜਿੰਦਰ ਸਿੰਘ ਲਿਵਰਮੋਰ ਇਸ ਕਾਨਫਰੰਸ ਲਈ ਲੋਕਾਂ ਨੂੰ ਲੈ ਕੇ ਆਉਣਗੇ।

ਇਸੇ ਤਰ੍ਹਾਂ ਕੰਵਰ ਕਸ਼ਮੀਰ ਸਿੰਘ, ਸੁਖਵਿੰਦਰ ਸਿੰਘ ਕੰਬੋਜ, ਚਰਨ ਸਿੰਘ ਮਲਸੀਆਂ ਪਿਟਸਬਰਗ ਅਤੇ ਕੰਕਰਡ ਵਲੋਂ ਕਾਨਫਰੰਸ ਲਈ ਸਰੋਤਿਆਂ/ਦਰਸ਼ਕਾਂ ਨੂੰ ਲੈ ਕੇ ਆਉਣਗੇ। ਦਿਲਬਾਗ ਸਿੰਘ, ਹਰਵਿੰਦਰ ਸਿੰਘ ਇੰਡੀਓ, ਰਤਨ ਸਿੰਘ ਸਰਪੰਚ, ਗੁਲਜ਼ਾਰ ਸਿੰਘ ਮਰੋਕ ਸ਼ਿਆਟਲ ਤੋਂ, ਓਰੇਗਾਨ ਤੋਂ ਬਲਰਾਜ ਸਿੰਘ ਪੰਨੂ, ਨਿਰਮਲ ਸਿੰਘ ਵਿਰਕ, ਬਹਾਦਰ ਸਿੰਘ, ਦਿਲਜੀਤ ਸਿੰਘ ਅਤੇ ਟੇਕ ਸਿੰਘ, ਸੁਖਬੀਰ ਸਿੰਘ ਪਹੁੰਚ ਰਹੇ ਹਨ, ਰੈਡਬਲਫ ਤੋਂ ਕੁਲਦੀਪ ਸਿੰਘ ਖਿੰਡਾ ਅਤੇ ਗੁਰਮੀਤ ਸਿੰਘ ਖਿੰਡਾ ਨੇ ਡਿਊਟੀ ਸੰਭਾਲ ਲਈ ਹੈ।

ਰੋਜ਼ਵਿਲ ਤੋਂ ਗੁਰਇਕਬਾਲ ਸਿੰਘ ਕੰਗ, ਇੰਦਰਜੀਤ ਸਿੰਘ ਗਿੱਲ, ਹਰਜਿੰਦਰ ਸਿੰਘ ਮੱਟੂ, ਫੌਲਸਮ ਤੋਂ ਡਾ. ਦਲਜੀਤ ਸਿੰਘ, ਮੂਲਖ ਰਾਜ ਸ਼ਰਮਾ, ਐਲਕ ਗਰੂਵ ਤੋਂ ਪ੍ਰੋ. ਜਿਓਤੀ ਸਿੰਘ, ਬੀਬੀ ਸੁਰਜੀਤ ਕੌਰ, ਕੇਹਰ ਸਿੰਘ, ਬਲਕਾਰ ਸਿੰਘ, ਜਥੇਦਾਰ ਬਲਬੀਰ ਸਿੰਘ, ਹਰਪਾਲ ਮਾਨ ਅਤੇ ਸਰਹੱਦੀ, ਰਮਨਦੀਪ ਸੰਧੂ, ਸਤਬੀਰ ਸਿੰਘ ਬਾਜਵਾ, ਤੇਜਪਾਲ ਸਿੰਘ, ਭਜਨ ਸਿੰਘ, ਅਮਰੀਕ ਸਿੰਘ, ਗੁਲਜ਼ਾਰ ਸਿੰਘ, ਕਸ਼ਮੀਰ ਸਿੰਘ ਸੈਕਰਾਮੈਂਟੋ ਤੋਂ ਪੂਰੀ ਤਰ੍ਹਾਂ ਸਰਗਰਮ ਹਨ। ਇਸੇ ਤਰ੍ਹਾਂ ਲਾਸ ਏਂਜਲਸ ਤੋਂ ਮੁਖਤਿਆਰ ਸਿੰਘ ਖਿੰਡਾ, ਪ੍ਰਸ਼ੋਤਮ ਸਿੰਘ ਅਤੇ ਰਾਣਾ, ਗੁਰਦੀਸ਼ ਮੋਮੀ, ਲਖਵਿੰਦਰ ਲਾਡੀ ਯਕਾਵੈਲੀ ਸਾਥੀਆਂ ਸਮੇਤ ਕਾਨਫਰੰਸ ਵਿਚ ਪੁੱਜਣਗੇ। ਸੈਕਰਾਮੈਂਟੋ ਤੇ ਆਲੇ ਦੁਆਲੇ ਦੇ ਕਸਬਿਆਂ ਵਿਚ ਇਸ ਕਾਨਫਰੰਸ ਲਈ ਲੋਕਾਂ ਵਿਚ ਭਾਰੀ ਉਤਸ਼ਾਹ ਹੈ।

ਪ੍ਰੋਗਰਾਮ ਦਾ ਵੇਰਵਾ ਦਿੰਦਿਆਂ ਸ. ਜੱਜ ਨੇ ਦੱਸਿਆ ਕਿ ਪ੍ਰੋਗਰਾਮ ਦੇ ਸ਼ੁਰੂ ਦੇ ਹਿੱਸੇ ਵਿਚ ਪ੍ਰੋ. ਜਿਓਤੀ ਸਿੰਘ ਚਾਰ ਮਹਿਲਾਵਾਂ ਦੇ ਪ੍ਰਧਾਨਗੀ ਮੰਡਲ ਹੇਠ ਸਟੇਜ ਦੀ ਕਾਰਵਾਈ ਸ਼ੁਰੂ ਕਰਨਗੇ। ਪ੍ਰੋਗਰਾਮ ਦੇ ਇਸ ਹਿੱਸੇ ਵਿਚ ਵੱਖ ਵੱਖ ਕਲਾਕਾਰ ਆਪਣੇ ਫਨ ਦਾ ਮੁਜਾਹਰਾ ਕਰਨਗੇ ਪਰ ਉਹ ਕਲਾਕਾਰ ਹੀ ਪ੍ਰੋਗਰਾਮ ਵਿਚ ਹਿੱਸਾ ਲੈ ਸਕਣਗੇ ਜੋ ਸਵੇਰੇ 11 ਵਜੇ ਤੱਕ ਹਾਲ ਅੰਦਰ ਪਹੁੰਚ ਕੇ ਆਪਣੇ ਨਾਂ ਲਿਖਾ ਦੇਣਗੇ। ਸਟੇਜ ਦੀ ਕਾਰਵਾਈ ਠੀਕ 11 ਵਜੇ ਸ਼ੁਰੂ ਹੋ ਜਾਵੇਗੀ।

ਉਨ੍ਹਾਂ ਕਿਹਾ ਕਿ ਕਾਨਫਰੰਸ ਦੇ ਪਰਚਿਆਂ ਵਾਲੇ ਹਿੱਸੇ ਦੀ ਸ਼ੁਰੂਆਤ ਦੁਪਹਿਰ ਇਕ ਵਜੇ ਹੋਵੇਗੀ। ਮੁੱਖ ਮਹਿਮਾਨ ਡਾ. ਜਸਵਿੰਦਰ ਸਿੰਘ ਮੁਖੀ ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ ਹੋਣਗੇ ਅਤੇ ਡਾ. ਰਘਬੀਰ ਸਿੰਘ ਸਿਰਜਣਾ ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਪਰਚਾ ਪੜ੍ਹਨਗੇ। ਬਹਿਸ ਵਿਚ ਵੱਖ ਵੱਖ ਵਿਦਵਾਨ ਹਿੱਸਾ ਲੈਣਗੇ। ਕਾਨਫਰੰਸ ਦੇ ਅਖੀਰਲੇ ਹਿੱਸੇ ਵਿਚ ਚਾਰ ਵਜੇ ਨਾਟਕ 'ਪੱਤਣਾਂ 'ਤੇ ਰੋਣ ਖੜ੍ਹੀਆਂ' ਪੇਸ਼ ਕੀਤਾ ਜਾਵੇਗਾ ਜਿਸ ਵਿਚ ਪੰਜਾਬੀ ਲੜਕੀਆਂ ਨਾਲ ਜੋ ਵਿਦੇਸ਼ਾਂ ਵਿਚ ਹੁੰਦੀ ਬੀਤਦੀ ਹੈ, ਉਸ ਦੀ ਇਕ ਦਰਦਨਾਕ ਤਸਵੀਰ ਪੇਸ਼ ਕੀਤੀ ਜਾਏਗੀ। ਇਸ ਨਾਟਕ ਦੇ ਡਾਇਰੈਕਟਰ ਹਨ ਸੁਰਿੰਦਰ ਸਿੰਘ ਧਨੋਆ।

ਜਥੇਦਾਰ ਬਲਬੀਰ ਸਿੰਘ ਦੀ ਅਗਵਾਈ ਹੇਠ ਲੰਗਰ ਕਮੇਟੀ ਸਾਰਾ ਦਿਨ ਭੋਜਨ, ਚਾਹ-ਪਾਣੀ ਅਤੇ ਫਲਾਂ ਦੀ ਸੇਵਾ ਕਰੇਗੀ।


WANTED
Waiter/Manager for Indian Restaurant in California.
ਬੇਕਰਸਫੀਲਡ ਵਿੱਚ ਇੰਡੀਅਨ ਰੈਸਟੋਰੈਂਟ ਲਈ ਵੇਟਰ / ਮੈਨੇਜ਼ਰ ਦੀ ਲੋੜ ਹੈ ।
Call : 661-364-0341

ਟਰੱਕ ਡਰਾਈਵਰਾਂ ਦੀ ਲੋੜ ਹੈ



Good Pay
Weekend
Home

ਸੰਪਰਕ ਕਰੋ
ਫੋਨ 317-837-4279
317-408-3211

*To Advertise with Punjab Times Call: 847-359-0746*
*Fax:847-705-9388, e-mail:punjabtimes1@sbcglobal.net*
*Visit us on the web:**wwwpunjabtimesusa.com***



Amandeep Singh
**Ph:916-712-2735**
DRE#01357217

**Buy a Home With Zero Cash! No Money Down!**

**For FREE list of properties and pre-recorded information on how "NO MONEY DOWN" Program Work. Govt. Loans, USDA, VA, Down Assistance Program and many more. Call Toll Free:1-888-450-6603 ID#4074**



**$169,000**
**Rancho Cordova - $645 Payment**
Quite street. Bright living & family room. Perfect home. Private Shaded backyard. Cozy fireplace.
**FREE INFO: 1-888-450-6603**
ID#4230



**$199,000**
**Elk Grove - $806 Payment**
Great School. Cul-de-sac. Ready to move. Clean. Family Home. Safe Neighborhood
**FREE INFO: 1-888-450-6603**
ID#4243



**$149,000**
**Sacramento – $604 Payment**
Open floor plan. First time homebuyer. Bank Owned. Clean. Less than Rent. Beautiful
**FREE INFO: 1-888-450-6603**
ID#4241



**$139,900**
**Vintage – $566 Payment**
Great deal for home buyer. Walking distance to school, park, shopping plazas. Desirable location. Family Home.
**FREE INFO: 1-888-450-6603**
ID#4234




**179,900**
**Vintage – $728 Payment**
4 Beds. 3 Car garage. Quite Street. Private backyard. Eat in Kitchen. Near school & par. Great Home. Bright rooms
**FREE INFO: 1-888-450-6603**
ID#4242



**$99,000**
**Sacramento – $405 Payment**
Safe Neighborhood. Investor dream. Easy access to highway. Great School. Open floor plan. RV access.
**FREE INFO: 1-888-450-6603**
ID#4247



**$189,000**
**Elk Grove – $765 Payment**
2 story. Separate family living room. Desirable location. Great Area. Beautiful. Tree lined streets.
**FREE INFO: 1-888-450-6603**
ID#4240



**$120,000**
**Sacramento – $479**
Nice 4 bedroom 2 bath house. Clean. Family room. Desirable location. Private back yard.
**FREE INFO: 1-888-450-6603**
ID#4244



**$149,000**
**Sacramento**
Preferable area. Quite Street. Open lay out. Good neighborhood. Lively, Walking distance to park.
**FREE INFO: 1-888-450-6603**
ID#4246



**$240,000**
**Elk Grove – $953**
5 Beds. Preferable location. Quite area. Tree lined street. Hardwood Floors. Formal Dining. Granite Counters
**FREE INFO: 1-888-450-6603**
ID#4238



**$168,000**
**Natomas - $667**
2 Story. Beautiful area. Newer homes. Club house. Walking trails. Remodel kitchen. Bright rooms.
**FREE INFO: 1-888-450-6603**
ID#4245




**For Short Sale I received over $4,500**
**FREE** cash back money when we did our short sale. Both my first, second loans, utility bills and property taxes were forgiven by the lenders. Mike and family

**Get Free list of Homes at www.statewideteam.net**

**Punjab Times**

**Established in 2000**
**11th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana

**California Bureau:**
Mann Mandeep
Bureau Chief
661-889-1927
Shiara Dhindsa
Photographer
661-703-6664
Charanjit Singh Pannu
408-608-4961

**Honorary Directors**
**Community Relations:**
Pritam S. Grewal
408-406-0703
Kuljeet Singh
510-284-9580

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, New York, Missouri

ਡਾਕ ਰਾਹੀਂ ਪਰਚਾ ਮੰਗਵਾਉਣ ਲਈ
ਸਾਲਾਨਾ ਚੰਦਾ: 85 ਡਾਲਰ,
ਪੰਜ ਸਾਲ ਲਈ: 400 ਡਾਲਰ

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਭ੍ਰਿਸ਼ਟਾਚਾਰ ਦਾ ਭੂਤ:ਸਰਕਾਰ ਤੇ ਸਿਵਲ ਸੁਸਾਇਟੀ ਫਿਰ ਆਹਮੋ-ਸਾਹਮਣੇ

ਧਮਕੀ ਦਿੰਦਿਆਂ ਕਿਹਾ ਕਿ ਲੋਕਤੰਤਰੀ ਢਾਂਚੇ ਵਿਚ ਸਰਕਾਰ ਦੇ ਬਰਾਬਰ ਸਰਕਾਰ ਖੜ੍ਹੀ ਕਰਨ ਦੀ ਇਜ਼ਾਜਤ ਹਰਗਿਜ਼ ਨਹੀਂ ਦਿੱਤੀ ਜਾ ਸਕਦੀ।

ਕਮੇਟੀ ਦੇ ਕਨਵੀਨਰ ਅਤੇ ਕਾਨੂੰਨ ਮੰਤਰੀ ਵੀਰੱਪਾ ਮੋਇਲੀ ਨੇ ਵੀ ਸਪਸ਼ਟ ਕਰ ਦਿੱਤਾ ਕਿ ਸਰਕਾਰ ਦਾ ਇਰਾਦਾ ਲੋਕਪਾਲ ਬਿੱਲ ਦੇ ਦੋ ਖਰੜੇ ਲਿਆਉਣ ਦਾ ਬਿਲਕੁਲ ਨਹੀਂ ਹੈ। ਉਨ੍ਹਾਂ ਦੋਸ਼ ਲਾਇਆ ਕਿ ਸਿਵਲ ਸੁਸਾਇਟੀ ਦੇ ਮੈਂਬਰ ਆਪਣੀਆਂ ਮੰਗਾਂ ਵਾਰ-ਵਾਰ ਬਦਲ ਰਹੇ ਹਨ। ਉਨ੍ਹਾਂ ਸਿਵਲ ਸੁਸਾਇਟੀ ਦੀਆਂ 40 ਵਿਚੋਂ 34 ਮੰਗਾਂ ਮੰਨਣ ਦਾ ਦਾਅਵਾ ਵੀ ਕੀਤਾ। ਨਾਲ ਹੀ ਉਨ੍ਹਾਂ ਕਿਹਾ ਕਿ ਸਰਕਾਰ ਭ੍ਰਿਸ਼ਟਾਚਾਰ ਨੂੰ ਜੜ੍ਹੋਂ ਪੁੱਟਣ ਲਈ ਦ੍ਰਿੜ ਹੈ ਪਰ ਭਾਜਪਾ ਅਤੇ ਸਿਵਲ ਸੁਸਾਇਟੀ ਦੇ ਮੈਂਬਰ ਰਾਹ 'ਚ ਅੜਿੱਕਾ ਡਾਹ ਰਹੇ ਹਨ।

ਉਂਜ ਵੀ ਲੋਕਪਾਲ ਬਿੱਲ ਖਰੜੇ ਬਾਰੇ ਸਰਕਾਰ ਨੇ ਆਪਣੀ ਹਰ ਅੜੀ ਪੁਗਾਈ ਹੈ। ਲੋਕਪਾਲ ਬਿੱਲ ਖਰੜਾ ਕਮੇਟੀ ਦੀ ਮੀਟਿੰਗ ਤੋਂ ਬਾਅਦ ਮਾਮਲੇ 'ਤੇ ਪੋਚਾ ਫੇਰਦਿਆਂ ਸ੍ਰੀ ਕਪਿਲ ਸਿੱਬਲ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਦੋਵਾਂ ਧਿਰਾਂ ਨੇ ਆਪੋ-ਆਪਣੇ ਖਰੜੇ ਕਮੇਟੀ ਸਾਹਮਣੇ ਰੱਖੇ। ਇਨ੍ਹਾਂ ਨੂੰ ਹੁਣ ਸਿਆਸੀ ਦਲਾਂ ਅੱਗੇ ਰੱਖਿਆ ਜਾਵੇਗਾ। ਉਨ੍ਹਾਂ ਦੇ ਜੋ ਵਿਚਾਰ ਆਉਣਗੇ, ਉਨ੍ਹਾਂ ਨੂੰ ਇਸ ਵਿਚ ਸ਼ਾਮਲ ਕਰ ਕੇ ਕੈਬਨਿਟ ਵਿਚ ਰੱਖਿਆ ਜਾਵੇਗਾ। ਕੈਬਨਿਟ ਜੋ ਖਰੜਾ ਪਾਸ ਕਰੇਗੀ, ਉਹ ਆਖਰੀ ਖਰੜਾ ਹੋਵੇਗਾ ਤੇ ਉਸੇ ਨੂੰ ਸੰਸਦ ਦੇ ਮੌਨਸੂਨ ਸੈਸ਼ਨ ਵਿਚ ਪੇਸ਼ ਕੀਤਾ ਜਾਵੇਗਾ।

ਉਧਰ, ਹਜ਼ਾਰੇ ਧਿਰ ਦੇ ਪ੍ਰਸ਼ਾਂਤ ਭੂਸ਼ਨ ਨੇ ਸਰਕਾਰ ਵੱਲੋਂ ਤਿਆਰ ਕੀਤੇ ਲੋਕਪਾਲ ਖਰੜੇ ਉਪਰ ਘੋਰ ਨਿਰਾਸ਼ਾ ਪ੍ਰਗਟਾਈ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੇ ਸਿਰਫ਼ ਖਾਨਾਪੂਰਤੀ ਹੀ ਕੀਤੀ ਹੈ। ਦੋਹਾਂ ਧਿਰਾਂ ਵਿਚਕਾਰ ਜਿਨ੍ਹਾਂ ਛੇ ਮੁੱਦਿਆਂ ਉਪਰ ਅਸਹਿਮਤੀ ਹੈ, ਉਨ੍ਹਾਂ ਵਿਚ ਪ੍ਰਧਾਨ ਮੰਤਰੀ ਨੂੰ ਲੋਕਪਾਲ ਦੇ ਘੇਰੇ ਵਿਚ ਲਿਆਉਣਾ, ਉਚ ਅਦਾਲਤ ਦੇ ਜੱਜਾਂ ਨੂੰ ਲੋਕਪਾਲ ਦੀ ਜਾਂਚ ਦੇ ਘੇਰੇ ਵਿਚ ਲਿਆਉਣਾ, ਸੰਸਦ ਦੇ ਅੰਦਰ ਸੰਸਦ ਮੈਂਬਰਾਂ ਦੇ ਭ੍ਰਿਸ਼ਟ ਚਰਿੱਤਰ ਨੂੰ ਵੀ ਇਸ ਖੁਦਮੁਖ਼ਤਾਰ ਜਾਂਚ ਅਥਾਰਟੀ ਦੇ ਘੇਰੇ ਵਿਚ ਰੱਖਣਾ, ਲੋਕਪਾਲ ਨੂੰ ਆਪਣਾ ਬਜਟ ਤੈਅ ਕਰਨ ਦਾ ਅਧਿਕਾਰ ਦੇਣਾ, ਸੀ.ਬੀ.ਆਈ. ਦੀ ਭ੍ਰਿਸ਼ਟਾਚਾਰ ਰੋਕੂ ਬਰਾਂਚ ਨੂੰ ਲੋਕਪਾਲ ਅਧੀਨ ਲਿਆਉਣਾ ਅਤੇ ਇਕ ਹੀ ਕਾਨੂੰਨ ਦੇ ਨਾਲ ਕੇਂਦਰ ਤੇ ਰਾਜਾਂ ਵਿਚ ਲੋਕਪਾਲ ਨਿਯੁਕਤ ਕਰਨਾ ਸ਼ਾਮਲ ਹਨ।

**ਸੋਨੀਆ ਗਾਂਧੀ ਦੀ ਘੁਰਕੀ:** ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੇ ਸ੍ਰੀ ਹਜ਼ਾਰੇ ਵੱਲੋਂ ਉਨ੍ਹਾਂ ਨੂੰ ਭੇਜੇ ਖਤ ਦਾ ਜਵਾਬ ਤਾਂ ਕੀ ਦੇਣਾ ਸੀ, ਸਗੋਂ ਸ੍ਰੀ ਹਜ਼ਾਰੇ ਵੱਲੋਂ ਇਹ ਖਤ ਜਨਤਕ ਕਰਨ ਉਤੇ ਨਾਰਾਜ਼ਗੀ ਜ਼ਾਹਰ ਕੀਤੀ। ਸ੍ਰੀਮਤੀ ਗਾਂਧੀ ਨੇ ਆਪਣੇ ਸੰਖੇਪ ਜਵਾਬ ਵਿਚ ਲਿਖਿਆ ਹੈ, "ਮੈਨੂੰ 9 ਜੂਨ 2011 ਦੀ ਤਾਰੀਖ ਵਾਲਾ ਤੁਹਾਡਾ ਪੱਤਰ ਮਿਲਿਆ ਹੈ। ਮੈਂ ਕਿਉਂਕਿ ਦਿੱਲੀ ਵਿਚ ਨਹੀਂ ਸਾਂ, ਇਸ ਕਾਰਨ ਤੁਹਾਡੇ ਪੱਤਰ ਦਾ ਜਵਾਬ ਨਹੀਂ ਦੇ ਸਕੀ ਪਰ ਇਸ ਦੌਰਾਨ ਤੁਸੀਂ ਇਸ ਨੂੰ ਜੱਗ ਜ਼ਾਹਿਰ ਕਰ ਦਿੱਤਾ। ਹੁਣ ਮੈਂ ਇਸ ਬਾਰੇ ਪੂਰੇ ਵੇਰਵੇ ਹਾਸਲ ਕਰਾਂਗੀ। ਜਿੱਥੋਂ ਤਕ ਇਸ ਖਤ ਵਿਚ ਉਠਾਏ ਗਏ ਮੁੱਦਿਆਂ ਦਾ ਸਵਾਲ ਹੈ, ਮੈਂ 19 ਅਪਰੈਲ 2011 ਦੇ ਆਪਣੇ ਖਤ ਵਿਚ ਪਹਿਲਾਂ ਹੀ ਆਪਣੀ ਰਾਇ ਸਪਸ਼ਟ ਕਰ ਚੁੱਕੀ ਹਾਂ।" ਸ੍ਰੀ ਹਜ਼ਾਰੇ ਨੇ ਇਸ ਖਤ ਵਿਚ ਉਨ੍ਹਾਂ ਨੂੰ ਆਰ.ਐਸ.ਐਸ.-ਭਾਜਪਾ ਦਾ ਮੁਖੌਟਾ ਕਰਾਰ ਦੇਣ ਲਈ ਕਾਂਗਰਸ ਦੇ ਮੀਡੀਆ ਵਿਭਾਗ ਦੇ ਮੁਖੀ ਜਨਾਰਧਨ ਦਿਵੇਦੀ ਦੀ ਸ਼ਿਕਾਇਤ ਕੀਤੀ ਸੀ।

**ਅੰਨਾ ਹਜ਼ਾਰੇ ਦਾ ਐਲਾਨ:** ਗਾਂਧੀਵਾਦੀ ਅੰਨਾ ਹਜ਼ਾਰੇ ਨੇ ਸਿੱਧਾ ਦੋਸ਼ ਲਾਇਆ ਕਿ ਕੇਂਦਰ ਸਰਕਾਰ ਭ੍ਰਿਸ਼ਟਾਚਾਰ ਖ਼ਿਲਾਫ਼ ਸਖ਼ਤ ਲੋਕਪਾਲ ਬਿੱਲ ਲਿਆਉਣ ਦੀ ਆਪਣੀ ਜ਼ੁਬਾਨ ਤੋਂ ਫਿਰ ਗਈ ਹੈ ਜਿਸ ਕਰਕੇ ਉਹ 16 ਅਗਸਤ ਤੋਂ ਫਿਰ ਮਰਨ ਵਰਤ ਸ਼ੁਰੂ ਕਰ ਰਹੇ ਹਨ। ਸ੍ਰੀ ਹਜ਼ਾਰੇ ਨੇ ਕਿਹਾ, "ਮੈਂ ਆਪਣਾ ਮਰਨ ਵਰਤ ਇਸ ਲਈ ਖ਼ਤਮ ਕੀਤਾ ਸੀ ਕਿ ਸਰਕਾਰ ਨੇ ਸਾਡੀਆਂ ਮੰਗਾਂ ਪੂਰੀਆਂ ਕਰਨ ਦਾ ਵਾਅਦਾ ਕੀਤਾ ਸੀ ਪਰ ਹੁਣ ਸਰਕਾਰ ਆਪਣੀ ਜ਼ੁਬਾਨ ਤੋਂ ਫਿਰ ਗਈ ਹੈ। ਮੈਂ 16 ਅਗਸਤ ਤੋਂ ਮੁੜ ਮਰਨ ਵਰਤ ਸ਼ੁਰੂ ਕਰ ਰਿਹਾ ਹਾਂ। ਜੇਕਰ ਸਰਕਾਰ ਦਾ ਇਰਾਦਾ ਸਾਡਾ ਹਸ਼ਰ ਵੀ ਰਾਮਦੇਵ ਵਾਂਗ ਕਰਨ ਦਾ ਹੈ ਤਾਂ ਅਸੀਂ ਉਸ ਲਈ ਵੀ ਤਿਆਰ ਹਾਂ। ਅਸੀਂ ਡਾਂਗਾਂ ਅਤੇ ਗੋਲੀਆਂ ਖਾਣ ਲਈ ਤਿਆਰ ਹਾਂ।" ਵਰਨਣਯੋਗ ਹੈ ਕਿ ਸ੍ਰੀ ਅੰਨਾ ਹਜ਼ਾਰੇ ਨੇ 5 ਤੋਂ 9 ਅਪਰੈਲ ਤੱਕ ਜੰਤਰ-ਮੰਤਰ ਉਪਰ ਮਰਨ ਵਰਤ ਰੱਖਿਆ ਸੀ। ਇਸ ਮਗਰੋਂ ਦਬਾਅ ਹੇਠ ਆਈ ਸਰਕਾਰ ਨੇ ਸਖ਼ਤ ਲੋਕਪਾਲ ਬਿੱਲ ਦਾ ਖਰੜਾ ਤਿਆਰ ਕਰਨ ਲਈ 10 ਮੈਂਬਰੀ ਕਮੇਟੀ ਬਣਾਈ ਸੀ।

**ਲੋਕਪਾਲ ਕਿ ਜੋਕਪਾਲ:** ਸਿਵਲ ਸੁਸਾਇਟੀ ਧਿਰ ਦੇ ਅਹਿਮ ਮੈਂਬਰ ਸ੍ਰੀ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਸਰਕਾਰ ਲੋਕਪਾਲ ਦੀ ਥਾਂ 'ਜੋਕਪਾਲ' ਬਿੱਲ ਲਿਆਉਣ ਦੀ ਕੋਸ਼ਿਸ਼ ਕਰ ਰਹੀ ਹੈ। ਸਰਕਾਰ ਕੋਲ ਲੋਕਪਾਲ ਬਿੱਲ ਲਿਆਉਣ ਦਾ ਮੌਕਾ ਸੀ ਜੋ ਹੁਣ ਇਸ ਨੇ ਗੁਆ ਲਿਆ ਹੈ। ਉਘੇ ਵਕੀਲ ਅਤੇ ਖਰੜਾ ਕਮੇਟੀ ਦੇ ਕੋ-ਚੇਅਰਮੈਨ ਸ਼ਾਂਤੀ ਭੂਸ਼ਨ ਨੇ ਕਿਹਾ ਕਿ ਸਰਕਾਰ ਸਿਰਫ਼ ਦਿਖਾਵੇ ਵਜੋਂ ਅਜਿਹਾ ਲੋਕਪਾਲ ਬਿੱਲ ਲਿਆਉਣਾ ਚਾਹੁੰਦੀ ਹੈ ਜਿਸ ਦੀ ਕੋਈ ਵੁੱਕਅਤ ਨਾ ਹੋਵੇ।

**ਸਰਕਾਰ ਖਰੜੇ ਲਈ ਦ੍ਰਿੜ:** ਗ੍ਰਹਿ ਮੰਤਰੀ ਪੀ. ਚਿਦੰਬਰਮ ਨੇ ਕਿਹਾ ਹੈ ਕਿ ਸਰਕਾਰ 30 ਜੂਨ ਤੱਕ ਲੋਕਪਾਲ ਬਿੱਲ ਦਾ ਖਰੜਾ ਲਿਆ ਰਹੀ ਹੈ। ਸਭ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਹਨ। ਪ੍ਰਧਾਨ ਮੰਤਰੀ ਨੂੰ ਲੋਕਪਾਲ ਦੇ ਘੇਰੇ ਵਿਚ ਲਿਆਉਣ ਜਾਂ ਬਾਹਰ ਰੱਖਣ ਦੇ ਮਾਮਲੇ 'ਤੇ ਉਨ੍ਹਾਂ ਚੁੱਪ ਵੱਟ ਲਈ। ਉਨ੍ਹਾਂ ਸਿਰਫ ਇੰਨਾ ਹੀ ਕਿਹਾ ਕਿ ਸਰਕਾਰ ਮਸਲੇ ਦੀ ਅਹਿਮੀਅਤ ਮੁਤਾਬਕ ਗੱਲ ਕਰਨ ਲਈ ਤਿਆਰ ਹੈ।

# ਪ੍ਰੋ. ਭੁੱਲਰ

*(ਸਫਾ ਇਕ ਦੀ ਬਾਕੀ)*

ਫੈਸਲੇ ਦੀ ਉਡੀਕ ਕੀਤੀ ਜਾ ਰਹੀ ਹੈ। ਖੇਮ ਚੰਦ ਵਾਲੇ ਮਾਮਲੇ ਵਿਚ ਜਸਟਿਸ ਐਮ.ਕੇ. ਚਾਵਲਾ ਦੀ ਅਗਵਾਈ ਵਾਲੇ ਬੈਂਚ ਨੇ ਕਿਹਾ ਸੀ, "ਮੌਤ ਦੀ ਸਜ਼ਾ ਤੋਂ ਬਾਅਦ ਬੰਦੇ ਨੂੰ ਗੈਰ-ਮਨੁੱਖੀ ਹਾਲਾਤ ਵਿਚੋਂ ਲੰਘਣਾ ਪੈਂਦਾ ਹੈ। ਜੇ ਸਜ਼ਾ ਵਿਚ ਦੇਰੀ ਕੀਤੀ ਜਾਂਦੀ ਹੈ ਤਾਂ ਸਬੰਧਤ ਬੰਦੇ ਨੂੰ ਹੋਰ ਵੀ ਕਸ਼ਟਾਂ ਵਿਚੋਂ ਲੰਘਣਾ ਪੈਂਦਾ ਹੈ।"

**ਸੈਨ ਹੋਜ਼ੇ:** ਅਮਰੀਕਾ ਦੀ ਮਨੁੱਖੀ ਅਧਿਕਾਰ ਸੰਸਥਾ 'ਸਿੱਖਸ ਫਾਰ ਜਸਟਿਸ' ਨੇ ਦਵਿੰਦਰਪਾਲ ਸਿੰਘ ਭੁੱਲਰ ਨੂੰ ਬਚਾਉਣ ਲਈ ਸੰਯੁਕਤ ਰਾਸ਼ਟਰ ਤੋਂ ਫੌਰੀ ਦਖ਼ਲ ਦੀ ਮੰਗ ਕੀਤੀ ਹੈ। ਸੰਸਥਾ ਵੱਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਇਸ ਦੇ ਲਈ ਸੰਯੁਕਤ ਰਾਸ਼ਟਰ ਤੱਕ ਪਹੁੰਚ ਕੀਤੀ ਜਾਵੇਗੀ, ਤੇ 25 ਜੁਲਾਈ 2011 ਨੂੰ ਸੁੰਯਕਤ ਰਾਸ਼ਟਰ ਦੇ ਸਕੱਤਰ ਜਨਰਲ ਨੂੰ ਮੰਗ ਪੱਤਰ ਦੇ ਕੇ ਮੰਗ ਕੀਤੀ ਜਾਵੇਗੀ ਕਿ ਪ੍ਰੋ. ਭੁੱਲਰ ਦੇ ਮਾਮਲੇ ਵਿਚ ਫੌਰੀ ਦਖਲ ਦਿੱਤਾ ਜਾਵੇ ਅਤੇ ਮੌਤ ਦੀ ਸਜ਼ਾ 'ਤੇ ਰੋਕ ਜਾਂ ਇਸ ਨੂੰ ਖਤਮ ਕਰਨ ਬਾਰੇ ਸੰਯੁਕਤ ਰਾਸ਼ਟਰ ਆਮ ਸਭਾ ਦੇ 2008 ਦੇ ਮਤੇ 62-149 'ਤੇ ਕਾਰਵਾਈ ਕਰੇ।

ਇਸੇ ਦੌਰਾਨ 25 ਜੁਲਾਈ ਨੂੰ ਹੀ ਸੰਯੁਕਤ ਰਾਸ਼ਟਰ ਦੇ ਹੈਡਕੁਆਰਟਰ ਦੇ ਸਾਹਮਣੇ ਨਿਊ ਯਾਰਕ ਵਿਚ ਦੁਪਹਿਰ 12 ਤੋਂ 2 ਵਜੇ ਤੱਕ ਭੁੱਲਰ ਨੂੰ 'ਨਿਆਂਇਕ ਕਤਲ' ਤੋਂ ਬਚਾਉਣ ਲਈ ਰੈਲੀ ਵੀ ਕੀਤੀ ਜਾਵੇਗੀ। 'ਸਿੱਖਸ ਫਾਰ ਜਸਟਿਸ' ਦੇ ਕਾਨੂੰਨੀ ਸਲਾਹਕਾਰ ਅਟਾਰਨੀ ਗੁਰਪਤਵੰਤ ਸਿੰਘ ਪੰਨੂ ਨੇ ਕਿਹਾ ਹੈ ਕਿ ਸੰਯੁਕਤ ਰਾਸ਼ਟਰ ਨੇ ਆਮ ਸਭਾ ਦੇ 62ਵੇਂ ਇਜਲਾਸ ਵਿਚ ਮਤਾ 62-149 ਪਾਸ ਕੀਤਾ ਸੀ ਜਿਸ ਵਿਚ ਮੌਤ ਦੀ ਸਜ਼ਾ 'ਤੇ ਰੋਕ ਲਾਉਣ ਲਈ ਕਿਹਾ ਗਿਆ ਸੀ। ਮਤੇ ਵਿਚ ਸਾਰੇ ਮੈਂਬਰ ਦੇਸ਼ਾਂ ਜਿਨ੍ਹਾਂ ਵਿਚ ਮੌਤ ਦੀ ਸਜ਼ਾ ਦਿੱਤੀ ਜਾਂਦੀ ਹੈ, ਨੂੰ ਕਿਹਾ ਗਿਆ ਸੀ ਕਿ ਇਸ ਨੂੰ ਪੂਰੀ ਤਰ੍ਹਾਂ ਨਾਲ ਖਤਮ ਕੀਤਾ ਜਾਵੇ।

***(ਹੋਰ ਖਬਰਾਂ ਅਤੇ ਲੇਖ ਸਫਾ 14, 26 ਅਤੇ 27 ਉਤੇ ਪੜ੍ਹੋ )***

# ਨਾਨਕਸ਼ਾਹੀ ਕੈਲੰਡਰ 'ਚ ਸੋਧਾਂ ਨੂੰ ਜੁਡੀਸ਼ਲ ਕਮਿਸ਼ਨ ਕੋਲ ਚੁਣੌਤੀ

**ਅੰਮ੍ਰਿਤਸਰ:** ਨਾਨਕਸ਼ਾਹੀ ਕੈਲੰਡਰ 'ਚ ਕੀਤੀਆਂ ਗਈਆਂ ਸੋਧਾਂ ਦੇ ਹੋ ਰਹੇ ਵਿਰੋਧ ਦੌਰਾਨ ਹੁਣ ਇਹ ਮਾਮਲਾ ਸਿੱਖ ਗੁਰਦੁਆਰਾ ਜੁਡੀਸ਼ਲ ਕਮਿਸ਼ਨ ਕੋਲ ਪੁੱਜ ਗਿਆ ਹੈ ਜਿੱਥੇ ਕੈਲੰਡਰ ਵਿਚ ਕੀਤੀਆਂ ਗਈਆਂ ਸੋਧਾਂ ਨੂੰ ਚੁਣੌਤੀ ਦਿੱਤੀ ਗਈ ਹੈ ਤੇ ਜੁਡੀਸ਼ਲ ਕਮਿਸ਼ਨ ਨੇ ਇਸ ਮਾਮਲੇ ਨੂੰ ਵਿਚਾਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ, ਸਕੱਤਰ ਤੇ 2010 ਦੀ ਅੰਤ੍ਰਿੰਗ ਕਮੇਟੀ ਦੇ ਮੈਂਬਰਾਂ ਨੂੰ ਸੰਮਨ ਜਾਰੀ ਕਰਦਿਆਂ ਕੇਸ ਦੀ ਅਗਲੀ ਸੁਣਵਾਈ ਲਈ 21 ਜੁਲਾਈ ਦੀ ਤਰੀਕ ਮਿਥੀ ਹੈ।

ਇਹ ਪਟੀਸ਼ਨ ਸ਼੍ਰੋਮਣੀ ਅਕਾਲੀ ਦਲ ਪੰਚ ਪ੍ਰਧਾਨੀ ਦੇ ਆਗੂ ਬਲਦੇਵ ਸਿੰਘ ਸਿਰਸਾ ਵੱਲੋਂ ਸਿੱਖ ਗੁਰਦੁਆਰਾ ਐਕਟ 1925 ਤਹਿਤ ਸਿੱਖ ਗੁਰਦੁਆਰਾ ਜੁਡੀਸ਼ਲ ਕਮਿਸ਼ਨ ਅੱਗੇ ਆਪਣੇ ਵਕੀਲ ਐਮ.ਐਸ. ਰੰਧਾਵਾ ਰਾਹੀਂ ਦਾਇਰ ਕੀਤੀ ਹੈ। ਐਡਵੋਕੇਟ ਰੰਧਾਵਾ ਨੇ ਦੱਸਿਆ ਕਿ ਇਸ ਕੇਸ ਵਿਚ ਸ. ਸਿਰਸਾ ਵੱਲੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ, ਸਕੱਤਰ ਸ੍ਰੀ ਦਲਮੇਘ ਸਿੰਘ ਤੇ 2010 ਦੀ ਅੰਤ੍ਰਿੰਗ ਕਮੇਟੀ ਦੇ ਮੈਂਬਰਾਂ ਨੂੰ ਜਿਨ੍ਹਾਂ ਨੇ ਕੈਲੰਡਰ ਵਿਚ ਕੀਤੀਆਂ ਸੋਧਾਂ ਨੂੰ ਪ੍ਰਵਾਨਗੀ ਦਿੱਤੀ ਸੀ, ਨੂੰ ਧਿਰ ਬਣਾਇਆ ਗਿਆ ਹੈ। ਪਟੀਸ਼ਨ ਵਿਚ ਸ਼ਿਕਾਇਤਕਰਤਾ ਨੇ ਆਖਿਆ ਕਿ ਮੂਲ ਨਾਨਕਸ਼ਾਹੀ ਕੈਲੰਡਰ ਨੂੰ 2003 ਵਿਚ ਸ਼੍ਰੋਮਣੀ ਕਮੇਟੀ ਦੇ ਜਨਰਲ ਹਾਊਸ ਵੱਲੋਂ ਮਤਾ ਪਾਸ ਕਰਕੇ ਪ੍ਰਵਾਨਗੀ ਦਿੱਤੇ ਜਾਣ ਤੋਂ ਬਾਅਦ ਸਿੰਘ ਸਾਹਿਬਾਨ ਵੱਲੋਂ ਲਾਗੂ ਕੀਤਾ ਗਿਆ ਸੀ। ਇਹ ਕੈਲੰਡਰ ਤਿਆਰ ਕਰਨ ਵਿਚ ਸਿੱਖ ਵਿਦਵਾਨ ਪਾਲ ਸਿੰਘ ਪੁਰੇਵਾਲ ਨੂੰ ਕਈ ਸਾਲ ਲੱਗ ਗਏ ਸਨ। 1997 ਤੋਂ ਬਾਅਦ ਇਸ ਨੂੰ ਲਾਗੂ ਕਰਨ ਲਈ ਲਗਾਤਾਰ ਯਤਨ ਕੀਤੇ ਗਏ। ਇਸ ਬਾਰੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਵੀ ਮਾਹਿਰਾਂ ਦੀ ਕਮੇਟੀ ਬਣਾਈ ਗਈ ਸੀ। ਇਸ ਕਮੇਟੀ ਵੱਲੋਂ ਵੱਖ-ਵੱਖ ਸਿੱਖ ਜਥੇਬੰਦੀਆਂ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ ਤੇ ਵੱਡੇ ਪੱਧਰ 'ਤੇ ਸਹਿਮਤੀ ਉਪਰੰਤ ਇਹ ਮਾਮਲਾ ਅੰਤ੍ਰਿੰਗ ਕਮੇਟੀ ਕੋਲ ਭੇਜਿਆ ਗਿਆ ਸੀ।

ਅੰਤ੍ਰਿੰਗ ਕਮੇਟੀ ਦੀ ਪ੍ਰਵਾਨਗੀ ਉਪਰੰਤ ਸ਼੍ਰੋਮਣੀ ਕਮੇਟੀ ਦੇ ਜਨਰਲ ਹਾਊਸ ਵੱਲੋਂ ਇਸ ਨੂੰ ਪ੍ਰਵਾਨਗੀ ਦਿੱਤੀ ਗਈ ਸੀ। ਇਹ ਕੈਲੰਡਰ ਲੰਮੇ ਸਮੇਂ ਦੀ ਮਿਹਨਤ ਉਪਰੰਤ ਤਿਆਰ ਹੋਇਆ ਸੀ ਜਿਸ ਨੂੰ ਸਮੂਹ ਸਿੱਖ ਜਥੇਬੰਦੀਆਂ ਨੇ ਸਹਿਮਤੀ ਦਿੱਤੀ ਸੀ ਪਰ ਜੂਨ 2010 ਵਿਚ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੇ ਮਤਾ ਨੰਬਰ 105 ਰਾਹੀਂ ਪੁਰਾਣੇ ਕੈਲੰਡਰ ਨੂੰ ਰੱਦ ਕਰਦਿਆਂ ਇਸ ਵਿਚ ਕੀਤੀਆਂ ਸੋਧਾਂ ਨੂੰ ਪ੍ਰਵਾਨਗੀ ਦੇ ਦਿੱਤੀ। ਪਟੀਸ਼ਨਰ ਨੇ ਦਾਅਵਾ ਕੀਤਾ ਕਿ ਜਨਰਲ ਹਾਊਸ ਵੱਲੋਂ ਪਾਸ ਕੀਤੇ ਗਏ ਮਤੇ ਨੂੰ ਅੰਤ੍ਰਿੰਗ ਕਮੇਟੀ ਵੱਲੋਂ ਰੱਦ ਨਹੀਂ ਕੀਤਾ ਜਾ ਸਕਦਾ ਤੇ ਕਿਸੇ ਵੀ ਸੋਧ ਨੂੰ ਅੰਤਿਮ ਪ੍ਰਵਾਨਗੀ ਜਨਰਲ ਹਾਊਸ ਵੱਲੋਂ ਦਿੱਤੀ ਜਾਂਦੀ ਹੈ ਪਰ ਇਸ ਮਾਮਲੇ ਵਿਚ ਸੋਧਿਆ ਹੋਇਆ ਨਾਨਕਸ਼ਾਹੀ ਕੈਲੰਡਰ ਜਨਰਲ ਹਾਊਸ ਵਿਚ ਪੇਸ਼ ਹੀ ਨਹੀਂ ਕੀਤਾ ਗਿਆ।

ਇਸ ਲਈ ਇਸ ਮਤੇ ਨੂੰ ਗ਼ੈਰ-ਕਾਨੂੰਨੀ ਐਲਾਨਿਆ ਜਾਵੇ। ਉਨ੍ਹਾਂ ਦੋਸ਼ ਲਾਇਆ ਕਿ ਹਾਕਮ ਧਿਰ ਦੇ ਆਗੂਆਂ ਨੇ ਆਪਣੀਆਂ ਤਾਕਤਾਂ ਦੀ ਦੁਰਵਰਤੋਂ ਕਰਦਿਆਂ ਇਸ ਵਿਚ ਸੋਧਾਂ ਕੀਤੀਆਂ ਹਨ। ਇਸ ਲਈ ਇਨ੍ਹਾਂ ਨੂੰ ਪੰਜ ਸਾਲ ਲਈ ਆਯੋਗ ਕਰਾਰ ਦਿੱਤਾ ਜਾਵੇ। ਉਨ੍ਹਾਂ ਅਦਾਲਤ ਕੋਲੋਂ ਅੰਤਰਿਮ ਰਾਹਤ ਮੰਗਦਿਆਂ ਅਪੀਲ ਕੀਤੀ ਹੈ ਕਿ ਪ੍ਰਧਾਨ, ਸਕੱਤਰ ਤੇ ਹੋਰ ਸਾਰੇ ਵਿਅਕਤੀਆਂ ਦੇ ਕੰਮਕਾਜ ਕਰਨ 'ਤੇ ਰੋਕ ਲਾਈ ਜਾਵੇ ਤੇ ਮਤਾ ਨੰਬਰ 105 'ਤੇ ਵੀ ਰੋਕ ਲਾਈ ਜਾਵੇ। ਸ. ਸਿਰਸਾ ਨੇ ਦੋਸ਼ ਲਾਇਆ ਕਿ ਹਾਕਮ ਧਿਰ ਨੇ ਸਿੱਖਾਂ ਦੀ ਪਛਾਣ ਨਾਲ ਸਬੰਧਤ ਮੂਲ ਨਾਨਕਸ਼ਾਹੀ ਕੈਲੰਡਰ ਵਿਚ ਸੋਧਾਂ ਕਰਕੇ ਇਸ ਦੀ ਹੋਂਦ ਖ਼ਤਮ ਕਰ ਦਿੱਤੀ ਹੈ ਤੇ ਇਸ ਨੂੰ ਬਿਕਰਮੀ ਕੈਲੰਡਰ ਨਾਲ ਰਲਗਡ ਕਰ ਦਿੱਤਾ ਹੈ। ਇਸ ਪਟੀਸ਼ਨ 'ਤੇ ਵਿਚਾਰ ਕਰਨ ਉਪਰੰਤ ਜੁਡੀਸ਼ਲ ਕਮਿਸ਼ਨ ਦੇ ਚੇਅਰਮੈਨ ਐਮ.ਐਸ. ਬਰਾੜ ਤੇ ਉਨ੍ਹਾਂ ਦੇ ਸਹਿਯੋਗੀਆਂ ਵੱਲੋਂ ਪ੍ਰਧਾਨ, ਸਕੱਤਰ ਤੇ ਹੋਰਾਂ ਨੂੰ ਸੰਮਨ ਜਾਰੀ ਕਰਦਿਆਂ ਇਸ ਕੇਸ ਦੀ ਅਗਲੀ ਸੁਣਵਾਈ ਲਈ 21 ਜੁਲਾਈ ਨਿਰਧਾਰਤ ਕੀਤੀ ਗਈ ਹੈ।

# ਕੇਂਦਰੀ ਕੈਬਨਿਟ 'ਚ ਵੱਡੇ ਫੇਰਬਦਲ ਦੇ ਆਸਾਰ

**ਨਵੀਂ ਦਿੱਲੀ:** ਕੇਂਦਰੀ ਕੈਬਨਿਟ 'ਚ ਫੇਰਬਦਲ ਦੇ ਆਸਾਰ ਹਨ। ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਤੇ ਕਾਂਗਰਸ ਪ੍ਰਧਾਨ ਸ੍ਰੀਮਤੀ ਸੋਨੀਆ ਗਾਂਧੀ ਵਿਚਾਲੇ 21 ਜੂਨ ਨੂੰ ਦੋ ਘੰਟਿਆਂ ਤਕ ਚੱਲੀ ਗੱਲਬਾਤ ਦੌਰਾਨ ਮੰਤਰੀ ਮੰਡਲ ਵਿਚ ਫੇਰਬਦਲ ਬਾਰੇ ਵੀ ਚਰਚਾ ਹੋਈ ਤੇ ਇਹ ਫੇਰਬਦਲ ਅਗਲੇ ਮਹੀਨੇ ਹੋਣ ਦੀ ਸੰਭਾਵਨਾ ਹੈ। ਪਹਿਲਾਂ ਫੇਰਬਦਲ ਬਾਰੇ ਅਨਿਸ਼ਚਤਾ ਦਾ ਮਾਹੌਲ ਸੀ ਪਰ 21 ਜੂਨ ਨੂੰ ਇਸ ਬਾਰੇ ਹੋਈ ਮੁੜ ਚਰਚਾ ਨਾਲ ਸਿਆਸੀ ਗਲਿਆਰਿਆਂ ਵਿਚ ਉਤਸੁਕਤਾ ਵਧ ਗਈ ਹੈ।

ਨੈਸ਼ਨਲ ਕਾਨਫਰੰਸ ਦੇ ਆਗੂ ਤੇ ਕੇਂਦਰੀ ਮੰਤਰੀ ਫਾਰੂਕ ਅਬਦੁੱਲਾ ਦਾ ਕਹਿਣਾ ਹੈ ਕਿ ਸਰਕਾਰ ਦੇ ਹਾਲੇ ਤਿੰਨ ਸਾਲ ਬਾਕੀ ਹਨ ਤੇ ਨਵੇਂ ਚਿਹਰੇ ਮੰਤਰੀ ਮੰਡਲ ਵਿਚ ਆਉਣ ਨਾਲ ਸਰਕਾਰ ਦਾ ਰਹਿੰਦਾ ਸਮਾਂ ਠੀਕ ਲੰਘ ਜਾਵੇਗਾ। ਸਰਕਾਰ ਵੱਲੋਂ ਕੁਝ ਰਾਜਾਂ ਦੇ ਰਾਜਪਾਲ ਤੇ ਅਹਿਮ ਮੰਤਰਾਲਿਆਂ ਵਿਚ ਸਕੱਤਰਾਂ ਦੀਆਂ ਨਿਯੁਕਤੀਆਂ ਵੀ ਕਰਨੀਆਂ ਹਨ। ਤਾਮਿਲਨਾਡੂ ਦੇ ਰਾਜਪਾਲ ਸੁਰਜੀਤ ਸਿੰਘ ਬਰਨਾਲਾ ਨੇ ਆਪਣੇ ਅਹੁਦੇ ਦੀ ਮਿਆਦ ਪੂਰੀ ਕਰ ਲਈ ਹੈ ਤੇ ਕੇਂਦਰ ਉਨ੍ਹਾਂ ਦੀ ਥਾਂ ਨਵੇਂ ਉਮੀਦਵਾਰ ਨੂੰ ਦੇ ਸਕਦਾ ਹੈ। ਮਮਤਾ ਬੈਨਰਜੀ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਬਣ ਚੁੱਕੀ ਹੈ ਤੇ ਰੇਲਵੇ ਮੰਤਰਾਲੇ ਕੋਲ ਕੈਬਨਿਟ ਦੀ ਥਾਂ ਰਾਜ ਮੰਤਰੀ ਹੈ। ਮੌਜੂਦਾ ਰਾਜ ਮੰਤਰੀ ਮੁਕੁਲ ਰਾਏ ਨੂੰ ਕੈਬਨਿਟ ਮੰਤਰੀ ਬਣਾਇਆ ਜਾ ਸਕਦਾ ਹੈ। ਕਪਿਲ ਸਿੱਬਲ ਕੋਲ ਇਕ ਤੋਂ ਵੱਧ ਮੰਤਰਾਲੇ ਹਨ। ਏ. ਰਾਜਾ ਦੇ ਅਸਤੀਫੇ ਤੇ ਪ੍ਰਿਥਵੀਰਾਜ ਚਵਾਨ ਦੇ ਮਹਾਰਾਸ਼ਟਰ ਦੇ ਮੁੱਖ ਮੰਤਰੀ ਬਣਨ ਨਾਲ ਮੰਤਰੀਆਂ ਦੀਆਂ ਕੁਰਸੀਆਂ ਖਾਲੀ ਹਨ। ਇਸ ਮਹੀਨੇ ਗ੍ਰਹਿ ਸਕੱਤਰ ਗੋਪਾਲ ਕੇ. ਪਿੱਲੇ ਤੇ ਅਗਲੇ ਮਹੀਨੇ ਰੱਖਿਆ ਸਕੱਤਰ ਪ੍ਰਦੀਪ ਕੁਮਾਰ ਤੇ ਵਿਦੇਸ਼ ਸਕੱਤਰ ਨਿਰੁਪਮਾ ਰਾਓ ਸੇਵਾਮੁਕਤ ਹੋ ਰਹੇ ਹਨ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਉਲ
ਡਾ. ਗੁਰਦਿਆਲ ਸਿੰਘ ਬਸਰਾਨ

ਸ. ਬਲਵਿੰਦਰ ਸਿੰਘ ਸੰਧੂ
ਸ. ਹਰਜੀਤ ਸਿੰਘ ਸਾਹੀ
ਸ੍ਰੀ ਸਰਵਣ ਸਿੰਘ ਟਿਵਾਣਾ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)

ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ੍ਰੀ ਗੁਰਿੰਦਰ ਸਿੰਘ ਗਿੱਲ
ਸ੍ਰੀ ਹੈਪੀ ਹੀਰ

# ਕੈਪਟਨ ਤੇ ਬਾਦਲਾਂ ਵਿਚਾਲੇ ਸ਼ਬਦੀ ਜੰਗ ਹੋਰ ਤਿੱਖੀ ਹੋਈ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਵਿਧਾਨ ਸਭਾ ਚੋਣਾਂ ਦੀ ਤਿਆਰੀ ਨੂੰ ਲੈ ਕੇ ਪੰਜਾਬ ਦੀਆਂ ਮੁੱਖ ਸਿਆਸੀ ਪਾਰਟੀਆਂ ਸ਼੍ਰੋਮਣੀ ਅਕਾਲੀ ਦਲ ਤੇ ਕਾਂਗਰਸ ਪੂਰੀ ਤਰ੍ਹਾਂ ਸਰਗਰਮ ਹੋ ਗਈਆਂ ਹਨ। ਜਿਥੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਨ੍ਹਾਂ ਸਪੁੱਤਰ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ 'ਸੰਗਤ ਦਰਸ਼ਨ' ਕਰਕੇ ਆਪਣੇ ਵਿਕਾਸ ਕਾਰਜ ਗਿਣਵਾ ਰਹੇ ਹਨ ਉਥੇ ਕਾਂਗਰਸ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਲਗਾਤਾਰ ਉਨ੍ਹਾਂ ਨੂੰ ਚੁਣੌਤੀ ਦੇ ਕੇ ਸਰਕਾਰੀ ਦਾਅਵਿਆਂ ਦੀ ਫੂਕ ਕੱਢ ਰਹੇ ਹਨ। ਬਾਦਲ ਸਰਕਾਰ ਅਗਲੀਆਂ ਚੋਣਾਂ ਵਿਕਾਸ ਦੇ ਮੁੱਦੇ 'ਤੇ ਲੜਨੀਆਂ ਚਾਹੁੰਦੀ ਹੈ ਪਰ ਕੈਪਟਨ ਨੇ ਇਸ ਮੁੱਦੇ 'ਤੇ ਹੀ ਸਰਕਾਰ ਨੂੰ ਘੇਰਨ ਦੀ ਰਣਨੀਤੀ ਬਣਾਈ ਹੈ। ਪਿਛਲੇ ਦਿਨਾਂ 'ਚ ਇਸ ਮੁੱਦੇ ਨੂੰ ਲੈ ਕੇ ਦੋਵਾਂ ਧਿਰਾਂ ਵੱਲੋਂ ਤਿੱਖੇ ਸ਼ਬਦ ਬਾਣ ਛੱਡੇ ਜਾ ਰਹੇ ਹਨ।

ਦੋਵਾਂ ਧਿਰਾਂ 'ਚ ਛਿੜੀ ਸ਼ਬਦੀ ਜੰਗ ਉਸ ਵੇਲੇ ਸਿਖਰ 'ਤੇ ਪਹੁੰਚ ਗਈ ਜਦੋਂ ਕੈਪਟਨ ਨੇ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਨੂੰ ਵੰਗਾਰਦਿਆਂ ਕਿਹਾ ਕਿ ਉਹ ਆਪਣੀ ਪਸੰਦ ਦੇ ਕਿਸੇ ਵੀ ਮੁੱਦੇ ਦੀ ਚੋਣ ਕਰਕੇ ਆਪਣੇ ਪਿਤਾ ਪ੍ਰਕਾਸ਼ ਸਿੰਘ ਬਾਦਲ ਨੂੰ ਉਨ੍ਹਾਂ ਨਾਲ ਕਿਸੇ ਵੀ ਜਗ੍ਹਾ ਬਹਿਸ ਕਰਨ ਲਈ ਭੇਜ ਦੇਣ। ਉਨ੍ਹਾਂ ਕਿਹਾ ਕਿ ਉਹ ਆਪਣੀ ਪਸੰਦ ਦੇ ਜਿੰਨੇ ਮਰਜ਼ੀ ਮੁੱਦੇ ਚੁਣ ਲੈਣ ਤੇ ਕਿਸੇ ਯੂਨੀਵਰਸਿਟੀ ਜਿਹੀ ਥਾਂ 'ਤੇ ਆਪਣੇ ਪਿਤਾ ਮੁੱਖ ਮੰਤਰੀ ਬਾਦਲ ਨੂੰ ਭੇਜ ਦੇਣ ਤੇ ਉਹ ਉਥੇ ਬਹਿਸ ਲਈ ਜ਼ਰੂਰ ਪੁੱਜਣਗੇ। ਉਨ੍ਹਾਂ ਕਿਹਾ ਕਿ ਇਸ ਸਰਕਾਰ ਨੇ ਸਿਰਫ ਪਿਛਲੀ ਕਾਂਗਰਸ ਸਰਕਾਰ ਦੇ ਪ੍ਰਾਜੈਕਟਾਂ ਨੂੰ ਹੀ ਅੱਗੇ ਵਧਾਇਆ ਪਰ ਉਨ੍ਹਾਂ ਵਿਚੋਂ ਇਕ ਨੂੰ ਵੀ ਪੂਰਾ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਅਕਾਲੀਆਂ 'ਚ ਦੂਰ ਅੰਦੇਸ਼ੀ ਦੀ ਘਾਟ ਹੈ ਜਾਂ ਉਨ੍ਹਾਂ 'ਚ ਸਮਝ ਹੀ ਨਹੀਂ ਹੈ। ਇਹੋ ਕਾਰਨ ਹੈ ਕਿ ਅੱਜ ਸੂਬਾ ਦੀਵਾਲੀਆ ਹੋਣ ਕੰਢੇ ਹੈ ਤੇ ਅਕਾਲੀ ਸਰਕਾਰ ਦੇ ਸਾਢੇ ਚਾਰ ਸਾਲਾਂ ਦੇ ਕਾਰਜਕਾਲ 'ਚ ਪੰਜਾਬ 40 ਹਜ਼ਾਰ ਕਰੋੜ ਰੁਪਏ ਦੇ ਵਾਧੂ ਬੋਝ ਹੇਠ ਦੱਬ ਗਿਆ ਹੈ। ਇਹ ਰਾਸ਼ੀ ਉਸ ਕਰਜ਼ ਦੇ ਬਰਾਬਰ ਹੈ ਜੋ ਕਿ ਪਿਛਲੇ 40 ਸਾਲਾਂ 'ਚ ਸੂਬੇ ਵੱਲੋਂ ਲਿਆ ਗਿਆ।

ਉਧਰ ਕੈਪਟਨ ਦੀ ਚੁਣੌਤੀ ਨੂੰ ਸਵੀਕਾਰ ਕਰਨ ਤੋਂ ਟਾਲਾ ਵੱਟਦਿਆਂ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕਿਹਾ ਹੈ ਕਿ ਕੈਪਟਨ ਆਪਣੇ ਕਾਰਜਕਾਲ ਦੇ ਕੋਈ ਪੰਜ ਵਿਕਾਸ ਦੇ ਪ੍ਰਾਜੈਕਟ ਗਿਣਾ ਕੇ ਦਿਖਾਉਣ। ਉਨ੍ਹਾਂ ਕਿਹਾ ਕਿ ਕਾਂਗਰਸ ਹਮੇਸ਼ਾਂ ਆਪਣੀ ਮਾੜੀ ਕਾਰਗੁਜ਼ਾਰੀ ਨੂੰ ਛੁਪਾਉਣ ਲਈ ਵਿਧਾਨ ਸਭਾ 'ਚ ਬਹਿਸ ਤੋਂ ਭੱਜਦੀ ਰਹੀ ਹੈ। ਸ. ਸੁਖਬੀਰ ਨੇ ਦੋਸ਼ ਲਾਇਆ ਕਿ ਕਾਂਗਰਸ ਕੋਲ ਵਿਕਾਸ ਦੇ ਮੁੱਦੇ 'ਤੇ ਗੱਲ ਕਰਨ ਲਈ ਕੁਝ ਨਹੀਂ ਹੈ ਤੇ ਇਸ ਕਰਕੇ ਉਹ ਵਿਕਾਸ ਦੇ ਏਜੰਡੇ ਤੋਂ ਲੋਕਾਂ ਦਾ ਧਿਆਨ ਹਟਾਉਣਾ ਚਾਹੁੰਦੀ ਹੈ। ਸ. ਸੁਖਬੀਰ ਬਾਦਲ ਨੇ ਦਾਅਵਾ ਕੀਤਾ ਕਿ ਕੈਪਟਨ ਆਪਣੇ ਪੂਰੇ ਪੰਜ ਸਾਲ ਦੇ ਕਾਰਜਕਾਲ ਦੌਰਾਨ ਇਕ ਵੀ ਵਿਕਾਸ ਪ੍ਰਾਜੈਕਟ ਸ਼ੁਰੂ ਨਹੀਂ ਕਰ ਸਕੇ ਤੇ ਹੁਣ ਉਹ ਅਕਾਲੀ-ਭਾਜਪਾ ਸਰਕਾਰ ਵੱਲੋਂ ਸ਼ੁਰੂ ਕੀਤੇ ਗਏ ਬਹੁ ਕਰੋੜੀ ਪ੍ਰਾਜੈਕਟਾਂ ਨੂੰ ਵੇਖ ਕੇ ਆਪੇ ਤੋਂ ਬਾਹਰ ਹੋ ਰਹੇ ਹਨ।

ਇਸ ਸ਼ਬਦੀ ਜੰਗ 'ਚ ਸ਼ਾਮਲ ਹੁੰਦਿਆਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਕਾਂਗਰਸ ਦੀ ਅਗਵਾਈ ਵਾਲੀਆਂ ਸਰਕਾਰਾਂ ਨੇ 25 ਸਾਲਾਂ ਵਿਚ ਓਨਾ ਵਿਕਾਸ ਨਹੀਂ ਕੀਤਾ ਜਿੰਨਾ ਮੌਜੂਦਾ ਸਰਕਾਰ ਨੇ ਆਪਣੇ ਸਾਢੇ ਚਾਰ ਸਾਲ ਦੇ ਕਾਰਜਕਾਲ ਦੌਰਾਨ ਕਰ ਵਿਖਾਇਆ ਹੈ।

ਸੁਖਬੀਰ ਦੀਆਂ ਇਨ੍ਹਾਂ ਟਿੱਪਣੀਆਂ ਦਾ ਜਵਾਬ ਦਿੰਦਿਆਂ ਕੈਪਟਨ ਨੇ ਕਿਹਾ ਕਿ ਉਹ ਉਨ੍ਹਾਂ ਤੋਂ ਪੰਜਾਬ ਦੇ ਵਿਕਾਸ ਪ੍ਰਾਜੈਕਟਾਂ ਬਾਰੇ ਪੁੱਛ ਕੇ ਜੁਆਕਾਂ ਵਾਲੀਆਂ ਗੱਲਾਂ ਨਾ ਕਰੇ। ਉਨ੍ਹਾਂ ਕਿਹਾ ਕਿ ਸੁਖਬੀਰ ਨੇ ਉਨ੍ਹਾਂ ਨੂੰ ਸਿਰਫ ਪੰਜ ਪ੍ਰਾਜੈਕਟਾਂ ਬਾਰੇ ਦੱਸਣ ਲਈ ਕਿਹਾ ਹੈ ਤੇ ਕਾਂਗਰਸ ਉਸ ਨੂੰ ਅਜਿਹੇ 51 ਪ੍ਰਾਜੈਕਟਾਂ ਬਾਰੇ ਦੱਸ ਸਕਦੀ ਹੈ ਜਿਹੜੇ ਉਸ ਨੇ ਆਪਣੇ ਕਾਰਜਕਾਲ ਦੌਰਾਨ ਸ਼ੁਰੂ ਤੇ ਮੁਕੰਮਲ ਕੀਤੇ ਤੇ ਜੇਕਰ ਸੁਖਬੀਰ ਫਿਰ ਵੀ ਬੱਚਿਆਂ ਵਾਂਗੂ ਖਹਿੜੇ ਪੈਣੋਂ ਨਾ ਹਟਿਆ ਤਾਂ ਉਸ ਨੂੰ 51 ਹੋਰ ਪ੍ਰਾਜੈਕਟਾਂ ਦੀ ਸੂਚੀ ਦੇ ਦਿੱਤੀ ਜਾਵੇਗੀ। ਇਸ ਦੇ ਨਾਲ ਹੀ ਪੰਜਾਬ ਦੀ ਅਫਸਰਸ਼ਾਹੀ ਤੇ ਅਕਾਲੀ ਲੀਡਰਸ਼ਿਪ ਨੂੰ ਸਖ਼ਤੀ ਭਰਿਆ ਸੁਨੇਹਾ ਦਿੰਦਿਆਂ ਕੈਪਟਨ ਕਿਹਾ ਹੈ ਕਿ ਅਕਾਲੀਆਂ ਦੇ ਪਾਪ ਦਾ ਘੜਾ ਹੁਣ ਭਰ ਚੁੱਕਾ ਹੈ ਤੇ ਉਨ੍ਹਾਂ ਨੂੰ ਸੱਤਾ ਦੇ ਨਸ਼ੇ 'ਚ ਕੀਤੇ ਗਏ ਜ਼ੁਲਮਾਂ ਦਾ ਹਿਸਾਬ ਦੇਣਾ ਹੀ ਹੋਵੇਗਾ। ਅਕਾਲੀਆਂ ਨੇ ਤਾਕਤ ਦੀ ਮਦਹੋਸ਼ੀ 'ਚ ਕਾਂਗਰਸ ਵਰਕਰਾਂ 'ਤੇ ਜਿਹੜੇ ਜ਼ੁਲਮ ਕੀਤੇ, ਉਨ੍ਹਾਂ ਦਾ ਪੂਰਾ ਹਿਸਾਬ ਲਿਆ ਜਾਵੇਗਾ।




## ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

**National Truck Driving School**

ਸੈਕਰਾਮੈਂਟੋ, ਕੈਲੀਫੋਰਨੀਆ
ਜੋਰਦਾਰ ਮੰਗ 'ਤੇ ਹੁਣ ਯੂਬਾ ਸਿਟੀ ਲੋਕੇਸ਼ਨ ਵੀ ਸ਼ੁਰੂ

**ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ**
*ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ*

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਦਾ ਵੀ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



**Call For Special Price**

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-383-2785

4585 Pell Dr. Secramento CA, 95838

## Short Sale Specialist

**We Can Sell Your Home in Short Sale at No Cost to You**



Sohanpreet (Sam) Chahal
CA Lic. 01504071
Realtor/Notary Public
email:samchahal@hotmail.com

**For Buying & Selling Residential And For Loans**

*Call: Sohanpreet 'Sam' Chahal*
**@916-612-5773**

Serving from Bay Area to Sacramento

Call for free listing of
Reo-Bankowned Properties

**Multi-Million Dollars Producer-2007, 2008 & 2009**

ਜੇਕਰ ਤੁਸੀਂ ਪਹਿਲੀ ਵਾਰ ਘਰ ਖਰੀਦ ਰਹੇ ਹੋ ਜਾਂ ਫਿਰ ਵੱਡਾ ਘਰ ਅਪਗਰੇਡ ਕਰ ਰਹੇ ਹੋ, ਜਾਂ ਤੁਸੀਂ ਇਨਵੈਸਟਮੈਂਟ ਪ੍ਰਾਪਰਟੀ ਲੈਣਾ ਚਾਹੁੰਦੇ ਹੋ ਤਾਂ ਅੱਜ ਹੀ ਕਾਲ ਕਰੋ

## Golden State Realty

Sacramento Office: 8695 Territorial Way, Elk Grove CA 95624
Tel: 916-612-5773 Fax: 916-689-5707

*ਅੰਨ੍ਹਾ ਵੰਡੇ ਰਿਉੜੀਆਂ ਮੁੜ-ਮੁੜ ਆਪਣਿਆਂ ਨੂੰ*

# ਬਾਦਲ ਵੱਲੋਂ ਲੰਬੀ ਹਲਕੇ 'ਚ 306 ਸੰਗਤ ਦਰਸ਼ਨ!

**ਬਠਿੰਡਾ:** ਪਿਛਲੇ ਸਾਢੇ ਚਾਰ ਸਾਲਾਂ 'ਚ ਕਹਿਣ ਨੂੰ ਪੰਜਾਬ ਸਰਕਾਰ ਦਾ ਦਵਾਲੀਆ ਨਿਕਲਿਆ ਰਿਹਾ ਹੈ ਪਰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਇਸ ਸਮੇਂ ਦੌਰਾਨ ਆਪਣੇ ਹਲਕੇ ਲੰਬੀ ਲਈ ਗ੍ਰਾਂਟਾਂ ਦੀਆਂ ਝੜੀਆਂ ਲਾਈ ਰੱਖੀਆਂ। ਸ. ਬਾਦਲ ਨੇ ਲੰਬੀ ਹਲਕੇ ਦੇ ਇਕ-ਇਕ ਪਿੰਡ 'ਚ ਚਾਰ-ਚਾਰ ਵਾਰ 'ਸੰਗਤ ਦਰਸ਼ਨ' ਪ੍ਰੋਗਰਾਮ ਕੀਤੇ ਹਨ। ਮਿਲੀ ਜਾਣਕਾਰੀ ਅਨੁਸਾਰ ਸ. ਬਾਦਲ ਨੇ ਲੰਘੇ ਚਾਰ ਵਰ੍ਹਿਆਂ ਦੌਰਾਨ 306 ਸੰਗਤ ਦਰਸ਼ਨ ਪ੍ਰੋਗਰਾਮ ਇਕੱਲੇ ਹਲਕਾ ਲੰਬੀ 'ਚ ਕੀਤੇ। ਇਨ੍ਹਾਂ ਸੰਗਤ ਦਰਸ਼ਨ ਪ੍ਰੋਗਰਾਮਾਂ 'ਚ ਮੁੱਖ ਮੰਤਰੀ ਨੇ 93 ਕਰੋੜ ਦੇ ਗੱਫੇ ਇਸ ਹਲਕੇ ਦੇ ਪਿੰਡਾਂ ਨੂੰ ਵੰਡੇ ਹਨ। ਅੱਧੀ ਦਰਜਨ ਪਿੰਡਾਂ ਨੂੰ ਤਾਂ ਦੋ-ਦੋ ਕਰੋੜ ਦੇ ਫੰਡ ਸਿਰਫ ਸੰਗਤ ਦਰਸ਼ਨ ਪ੍ਰੋਗਰਾਮਾਂ 'ਚ ਮਿਲੇ ਹਨ ਜਦੋਂਕਿ 36 ਪਿੰਡਾਂ ਨੂੰ ਇਕ-ਇਕ ਕਰੋੜ ਤੋਂ ਜ਼ਿਆਦਾ ਦੇ ਫੰਡ ਦਿੱਤੇ ਗਏ ਹਨ। ਪੰਜਾਬ ਦੇ ਬਾਕੀ ਪਿੰਡਾਂ 'ਚ ਤਾਂ ਕੁਝ ਸਮਾਂ ਪਹਿਲਾਂ ਹੀ ਸੰਗਤ ਦਰਸ਼ਨ ਪ੍ਰੋਗਰਾਮ ਸ਼ੁਰੂ ਹੋਏ ਹਨ ਜਦੋਂਕਿ ਹਲਕਾ ਲੰਬੀ 'ਚ ਤਾਂ ਪਹਿਲਾ ਸੰਗਤ ਦਰਸ਼ਨ ਪ੍ਰੋਗਰਾਮ 16 ਜੁਲਾਈ 2007 ਨੂੰ ਹੋ ਗਿਆ ਸੀ। ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ ਮੁਕਤਸਰ ਤੋਂ ਸੂਚਨਾ ਦੇ ਅਧਿਕਾਰ ਤਹਿਤ ਮਿਲੇ ਵੇਰਵਿਆਂ ਅਨੁਸਾਰ ਹਲਕਾ ਲੰਬੀ 'ਚ 80 ਪਿੰਡ ਤੇ ਢਾਣੀਆਂ ਹਨ। ਕੋਈ ਪਿੰਡ ਅਜਿਹਾ ਨਹੀਂ ਜਿਥੇ ਸੰਗਤ ਦਰਸ਼ਨ ਪ੍ਰੋਗਰਾਮਾਂ ਦੀ ਗਿਣਤੀ ਚਾਰ ਤੋਂ ਘੱਟ ਹੋਵੇ। ਇਕ ਸੰਗਤ ਦਰਸ਼ਨ ਪ੍ਰੋਗਰਾਮ 'ਤੇ ਹਰ ਤਰ੍ਹਾਂ ਦਾ ਖਰਚਾ ਸ਼ਾਮਲ ਕਰਕੇ ਪੰਜ ਲੱਖ ਰੁਪਏ ਖਰਚ ਆਉਂਦੇ ਹਨ। ਇਸ ਹਿਸਾਬ ਨਾਲ ਲੰਬੀ ਹਲਕੇ ਦੇ ਸੰਗਤ ਦਰਸ਼ਨ ਪ੍ਰੋਗਰਾਮਾਂ 'ਤੇ 15.30 ਕਰੋੜ ਰੁਪਏ ਖਰਚ ਆਏ ਹਨ। ਹਲਕੇ ਦਾ ਇਕੋ-ਇਕ ਪਿੰਡ ਵੜਿੰਗ ਖੇੜਾ ਹੈ ਜਿਸ ਨੂੰ ਸਭ ਤੋਂ ਘੱਟ ਫੰਡ 36.63 ਲੱਖ ਰੁਪਏ ਮਿਲੇ ਹਨ।

ਹਲਕਾ ਲੰਬੀ 'ਚ ਇਕੋ ਦਿਨ 'ਚ ਮੁੱਖ ਮੰਤਰੀ ਕਈ-ਕਈ ਪਿੰਡਾਂ 'ਚ ਸੰਗਤ ਦਰਸ਼ਨ ਪ੍ਰੋਗਰਾਮ ਕਰਦੇ ਰਹੇ ਹਨ। ਜ਼ਿਲ੍ਹਾ ਮੁਕਤਸਰ ਦੇ ਅਮਲੇ-ਫੈਲੇ ਤੋਂ ਇਲਾਵਾ ਚੰਡੀਗੜ੍ਹ ਤੋਂ ਵੀ ਉੱਚ ਅਧਿਕਾਰੀ ਇਨ੍ਹਾਂ ਪ੍ਰੋਗਰਾਮਾਂ 'ਚ ਸ਼ਾਮਲ ਹੁੰਦੇ ਹਨ। ਇਨ੍ਹਾਂ ਪ੍ਰੋਗਰਾਮਾਂ 'ਚ ਮੁੱਖ ਮੰਤਰੀ ਨੇ ਚਾਰ ਵਰ੍ਹਿਆਂ 'ਚ 93,15,11,334 ਰੁਪਏ ਪਿੰਡਾਂ ਨੂੰ ਵੰਡੇ ਹਨ। ਇਨ੍ਹਾਂ ਪਿੰਡਾਂ ਨੂੰ ਜੋ ਕੇਂਦਰੀ ਤੇ ਰਾਜ ਸਕੀਮਾਂ ਦੀ ਰਾਸ਼ੀ ਮਿਲੀ ਹੈ, ਉਹ ਵੱਖਰੀ ਹੈ। ਸ੍ਰੀ ਬਾਦਲ ਸਾਲ 2002 'ਚ ਵਿਧਾਨ ਸਭਾ ਚੋਣ ਹਲਕਾ ਲੰਬੀ ਤੋਂ 23 ਹਜ਼ਾਰ ਵੋਟਾਂ ਦੇ ਫਰਕ ਨਾਲ ਜਿੱਤੇ ਸਨ ਜਦੋਂਕਿ ਸਾਲ 2007 ਦੀ ਚੋਣ 9105 ਵੋਟਾਂ ਦੇ ਫਰਕ ਨਾਲ ਜਿੱਤੇ ਸਨ। ਜਦੋਂ ਐਤਕੀਂ ਜਿੱਤ ਦਾ ਅੰਤਰ ਘਟ ਗਿਆ ਤਾਂ ਮੁੱਖ ਮੰਤਰੀ ਨੇ ਆਪਣੇ ਹਲਕੇ 'ਚ ਫੰਡ ਵੰਡਣ ਦੀ ਰਫ਼ਤਾਰ ਤੇਜ਼ ਕਰ ਦਿੱਤੀ। ਹਲਕਾ ਲੰਬੀ 'ਚ ਔਸਤਨ ਹਰ ਅੱਠਵੇਂ ਦਿਨ ਸੰਗਤ ਦਰਸ਼ਨ ਪ੍ਰੋਗਰਾਮ ਹੋਇਆ ਹੈ। ਬੇਸ਼ੱਕ ਉਹ ਮੁੱਖ ਮੰਤਰੀ ਤਾਂ ਪੰਜਾਬ ਦੇ ਹਨ ਪਰ ਹਲਕਾ ਲੰਬੀ 'ਚ ਉਨ੍ਹਾਂ ਦਾ ਗੇੜੇ 'ਤੇ ਗੇੜਾ ਰਿਹਾ ਹੈ। ਦੋ ਕਰੋੜ ਤੋਂ ਉਪਰ ਦੇ ਫੰਡ ਪ੍ਰਾਪਤ ਕਰਨ ਵਾਲੇ ਪਿੰਡਾਂ ਦਾ ਲੇਖਾ-ਜੋਖਾ ਕਰੀਏ ਤਾਂ ਲੰਬੀ ਦੇ ਪਿੰਡ ਗੱਗੜ ਨੂੰ ਸੰਗਤ ਦਰਸ਼ਨ ਪ੍ਰੋਗਰਾਮਾਂ 'ਚ 2.15 ਕਰੋੜ ਰੁਪਏ, ਮੰਡੀ ਕਿੱਲਿਆਂਵਾਲੀ ਨੂੰ 2.67 ਕਰੋੜ ਰੁਪਏ, ਪਿੰਡ ਮਿੱਡਾ ਨੂੰ 2.08 ਕਰੋੜ ਰੁਪਏ, ਪਿੰਡ ਪੰਜਾਵਾਂ ਨੂੰ 2.07 ਕਰੋੜ ਰੁਪਏ, ਪਿੰਡ ਸਰਾਵਾਂ ਬੋਦਲਾ ਨੂੰ 2.01 ਕਰੋੜ ਰੁਪਏ, ਪਿੰਡ ਸਿੱਖਾਂਵਾਲਾ ਨੂੰ 2.83 ਕਰੋੜ ਰੁਪਏ ਮਿਲੇ ਹਨ। ਮੁੱਖ ਮੰਤਰੀ ਵੱਲੋਂ ਜੋ ਫੰਡ ਸੰਗਤ ਦਰਸ਼ਨਾਂ 'ਚ ਵੰਡੇ ਗਏ ਹਨ, ਉਨ੍ਹਾਂ 'ਚੋਂ ਜ਼ਿਆਦਾ ਫੰਡ ਧਰਮਸ਼ਾਲਾਵਾਂ, ਸ਼ਮਸ਼ਾਨਘਾਟਾਂ, ਨਿਕਾਸੀ ਨਾਲਿਆਂ ਤੇ ਸਕੂਲਾਂ ਨੂੰ ਦਿੱਤੇ ਗਏ ਹਨ। ਹਲਕੇ ਦੇ 42 ਪਿੰਡ ਉਹ ਹਨ ਜਿਨ੍ਹਾਂ ਨੂੰ ਫੰਡ ਕਰੋੜਾਂ 'ਚ ਮਿਲੇ ਹਨ।



*ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਆਪਣਾ ਦਰਦ ਸੁਣਾ ਰਹੀ ਬਜ਼ੁਰਗ ਬੀਬੀ।*

ਹਲਕਾ ਲੰਬੀ ਦਾ ਇਕੋ-ਇਕ ਪਿੰਡ ਬਾਦਲ ਹੈ ਜਿਸ 'ਤੇ ਸਭ ਤੋਂ ਵੱਧ ਫੰਡਾਂ ਦੀ ਮੀਂਹ ਵਰ੍ਹਿਆ ਹੈ। ਪਿੰਡ ਬਾਦਲ ਨੂੰ ਵੀ ਸੰਗਤ ਦਰਸ਼ਨ ਪ੍ਰੋਗਰਾਮਾਂ ਤਹਿਤ 3.69 ਕਰੋੜ ਰੁਪਏ ਦਾ ਗੱਫਾ ਮਿਲਿਆ ਹੈ। ਇਸ ਤੋਂ ਇਲਾਵਾ ਇਸ ਪਿੰਡ 'ਚ ਬਣੀ ਸ਼ੂਟਿੰਗ ਰੇਂਜ ਲਈ 2.07 ਕਰੋੜ ਰੁਪਏ ਦੇ ਫੰਡ ਮਿਲ ਚੁੱਕੇ ਹਨ। ਇਸ ਸ਼ੂਟਿੰਗ ਰੇਂਜ 'ਤੇ 25 ਲੱਖ ਦੇ ਫੰਡ ਤਾਂ ਹਾਲੇ ਖ਼ਰਚਣ ਤੋਂ ਬਿਨਾਂ ਪਏ ਹਨ। ਪਿੰਡ ਬਾਦਲ ਦੇ ਛੱਪੜਾਂ, ਪੰਚਾਇਤ ਘਰ ਤੇ ਸਟੇਡੀਅਮ ਨੂੰ ਜ਼ਿਆਦਾ ਰਾਸ਼ੀ ਦਿੱਤੀ ਗਈ ਹੈ। ਲੋਕ ਸਭਾ ਤੇ ਰਾਜ ਸਭਾ ਦੇ ਮੈਂਬਰਾਂ ਵੱਲੋਂ ਪਿਛਲੇ ਅੱਠ ਵਰ੍ਹਿਆਂ 'ਚ ਇਸ ਪਿੰਡ ਨੂੰ 1.76 ਕਰੋੜ ਰੁਪਏ ਦੇ ਫੰਡ ਜਾਰੀ ਕੀਤੇ ਹਨ। ਸ. ਬਾਦਲ ਵੱਲੋਂ ਉਨ੍ਹਾਂ ਪ੍ਰਾਈਵੇਟ ਵਿੱਦਿਅਕ ਅਦਾਰਿਆਂ ਨੂੰ 75 ਲੱਖ ਦੇ ਫੰਡ ਦਿੱਤੇ ਹਨ ਜਿਨ੍ਹਾਂ ਦੇ ਚੇਅਰਮੈਨ ਉਹ ਖੁਦ ਹਨ। ਇਨ੍ਹਾਂ 'ਚ ਸਭ ਤੋਂ ਜ਼ਿਆਦਾ ਫੰਡ ਦਸਮੇਸ਼ ਸਕੂਲ ਬਾਦਲ ਨੂੰ ਮਿਲੇ ਹਨ। ਲੋਕ ਸਭਾ ਤੇ ਰਾਜ ਸਭਾ ਦੇ ਮੈਂਬਰਾਂ ਵੱਲੋਂ 30 ਲੱਖ ਰੁਪਏ ਪਿੰਡ ਬਾਦਲ 'ਚ ਬਣੇ ਬਿਰਧ ਆਸ਼ਰਮ ਨੂੰ ਦਿੱਤੇ ਗਏ ਹਨ।

## ਚੀਫ ਖਾਲਸਾ ਦੀਵਾਨ ਦੀ ਸਿਆਸੀ ਜੰਗ ਸ਼ਿਖਰ 'ਤੇ

**ਅੰਮ੍ਰਿਤਸਰ:** ਚੀਫ ਖਾਲਸਾ ਦੀਵਾਨ ਦੀ ਸਿਆਸੀ ਜੰਗ ਸ਼ਿਖਰ 'ਤੇ ਪੁਹੰਚ ਗਈ ਹੈ। ਸਿੱਖ ਵਿਦਿਅਕ ਸੰਸਥਾ ਚੀਫ ਖਾਲਸਾ ਦੀਵਾਨ ਦੀ ਚਲ ਰਹੀ ਅੰਦਰੂਨੀ ਖਿੱਚੋਤਾਣ ਦੌਰਾਨ ਸੰਸਥਾ ਵੱਲੋਂ ਕਾਰਜਸਾਧਕ ਕਮੇਟੀ ਤੇ ਜਨਰਲ ਹਾਊਸ ਦੀ ਇਕੱਤਰਤਾ 3 ਜੁਲਾਈ ਨੂੰ ਸੱਦ ਲਈ ਗਈ ਹੈ ਜਿਸ ਵਿਚ ਕਮੇਟੀ ਤੇ ਹਾਊਸ ਦੀ 12 ਜੂਨ ਨੂੰ ਕਾਨਪੁਰ ਵਿਖੇ ਹੋਈ ਇਕੱਤਰਤਾ ਵਿਚ ਕੀਤੇ ਗਏ ਫੈਸਲਿਆਂ ਦੀ ਪੁਸ਼ਟੀ ਤੇ ਲੇਖਾ ਦਰੁਸਤੀ ਕੀਤੀ ਜਾਵੇਗੀ।

ਦੀਵਾਨ ਦੀ ਕਾਰਜਸਾਧਕ ਕਮੇਟੀ ਤੇ ਜਨਰਲ ਹਾਊਸ ਦੀ 12 ਜੂਨ ਨੂੰ ਕਾਨਪੁਰ ਵਿਖੇ ਹੋਈ ਇਕੱਤਰਤਾ ਵਿਚ ਸੰਸਥਾ ਦੇ ਨਵੇ ਮੈਂਬਰ ਨਾਮਜ਼ਦ ਕਰਨ, ਅਹੁਦੇਦਾਰਾਂ ਦੇ ਕਾਰਜਕਾਲ ਦੀ ਮਿਆਦ ਵਿਚ ਵਾਧਾ ਕਰਨ ਤੇ ਦੀਵਾਨ ਦੇ ਆਨਰੇਰੀ ਸਕੱਤਰ ਖ਼ਿਲਾਫ਼ ਕਾਰਵਾਈ ਕਰਨ ਦਾ ਫੈਸਲਾ ਹੋਇਆ ਸੀ ਜਿਸ ਤਹਿਤ ਆਨਰੇਰੀ ਸਕੱਤਰ ਭਾਗ ਸਿੰਘ ਅਣਖੀ ਨੂੰ ਪਹਿਲਾਂ ਦੀਵਾਨ ਦੇ ਪ੍ਰਬੰਧ ਹੇਠ ਚਲ ਰਹੇ ਸੈਂਟਰਲ ਖਾਲਸਾ ਯਤੀਮਖਾਨੇ ਦੇ ਮੈਂਬਰ ਇੰਚਾਰਜ ਦੇ ਅਹੁਦੇ ਤੋਂ ਫਾਰਗ ਕਰ ਦਿੱਤਾ ਗਿਆ ਸੀ ਤੇ ਬਾਅਦ 'ਚ ਦੀਵਾਨ ਦੀ ਮੁਢਲੀ ਮੈਂਬਰਸ਼ਿਪ ਤੋਂ ਵੀ ਖਾਰਜ ਕਰ ਦਿੱਤਾ ਗਿਆ। 3 ਜੁਲਾਈ ਨੂੰ ਦੀਵਾਨ ਦੀ ਕਾਰਜ ਸਾਧਕ ਕਮੇਟੀ ਤੇ ਜਨਰਲ ਹਾਊਸ ਦੀ ਸੱਦੀ ਗਈ ਇਕੱਤਰਤਾ ਦੀ ਪੁਸ਼ਟੀ ਕਰਦਿਆਂ ਪ੍ਰਧਾਨ ਚਰਨਜੀਤ ਸਿੰਘ ਚੱਢਾ ਨੇ ਦੱਸਿਆ ਕਿ ਇਹ ਇਕੱਤਰਤਾ ਵਿਚ ਪਿਛਲੀ ਕਾਰਵਾਈ ਦੀ ਲੇਖਾ ਦਰੁਸਤੀ ਤੇ ਪੁਸ਼ਟੀ ਤੋਂ ਇਲਾਵਾ ਹੋਰ ਮਾਮਲਿਆਂ ਬਾਰੇ ਵਿਚਾਰ ਵਟਾਂਦਰਾ ਹੋਵੇਗਾ।

ਇਕੱਤਰਤਾ 'ਚ ਫਾਰਗ ਕੀਤੇ ਗਏ ਆਨਰੇਰੀ ਸਕੱਤਰ ਦੀ ਥਾਂ ਆਰਜ਼ੀ ਸਕੱਤਰ ਦੀ ਨਿਯੁਕਤੀ ਦੀ ਸੰਭਾਵਨਾ ਤੋ ਨਾ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਨਿਯੁਕਤੀ ਲਈ ਮੈਂਬਰਾਂ ਨੂੰ ਵੱਖਰਾ ਏਜੰਡਾ ਭੇਜਣਾ ਜ਼ਰੂਰੀ ਹੈ। ਫਿਲਹਾਲ ਇਕੱਤਰਤਾ ਲਈ ਕਿਸੇ ਵੀ ਮੈਂਬਰ ਨੂੰ ਕਾਰਵਾਈ ਚਲਾਉਣ ਲਈ ਜ਼ਿੰਮੇਵਾਰੀ ਸੌਂਪੀ ਜਾ ਸਕਦੀ ਹੈ।

ਸ. ਅਣਖੀ ਦੇ ਖ਼ਿਲਾਫ਼ ਕੀਤੇ ਗਏ ਸਖਤ ਫੈਸਲੇ ਬਾਰੇ ਉਨ੍ਹਾਂ ਕਿਹਾ ਕਿ ਇਹ ਫੈਸਲਾ ਦੀਵਾਨ ਦੀ ਕਾਰਜਸਾਧਕ ਕਮੇਟੀ ਤੇ ਜਨਰਲ ਹਾਊਸ ਵੱਲੋਂ ਸਰਵਸੰਮਤੀ ਨਾਲ ਕੀਤਾ ਗਿਆ ਸੀ। ਉਨ੍ਹਾਂ ਸਿਰਫ ਇਸ ਫੈਸਲੇ ਨੂੰ ਲਾਗੂ ਕੀਤਾ ਹੈ। ਸ. ਚੱਢਾ ਨੇ ਦਾਅਵਾ ਕੀਤਾ ਕਿ ਉਨ੍ਹਾਂ ਦੇ ਕਾਰਜਕਾਲ ਦੌਰਾਨ ਦੀਵਾਨ ਨੇ ਵਧੇਰੇ ਤਰੱਕੀ ਕੀਤੀ ਹੈ। ਸੰਸਥਾ ਦਾ ਬਜਟ 11 ਕਰੋੜ ਰੁਪਏ ਤੋਂ ਵਧ ਕੇ 60 ਕਰੋੜ ਰੁਪਏ ਤੱਕ ਪੁੱਜ ਗਿਆ।

## *ਵਿਧਾਨ ਸਭਾ ਚੋਣਾਂ 'ਚ ਬੜਾ ਸਮਾਂ ਪਿਐ: ਬਾਦਲ*

**ਚੰਡੀਗੜ੍ਹ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਹੈ ਕਿ ਰਾਜ ਸਰਕਾਰ ਵੱਲੋਂ ਚੋਣ ਕਮਿਸ਼ਨ ਨੂੰ ਵਿਧਾਨ ਸਭਾ ਦੀਆਂ ਆਉਂਦੀਆਂ ਆਮ ਚੋਣਾਂ ਬਾਰੇ ਕੋਈ ਪੱਤਰ ਨਹੀਂ ਲਿਖਿਆ ਗਿਆ। ਉਨ੍ਹਾਂ ਕਿਹਾ ਕਿ ਅਜੇ ਵਿਧਾਨ ਸਭਾ ਦੀਆਂ ਚੋਣਾਂ ਵਿਚ ਕਾਫੀ ਸਮਾਂ ਪਿਆ ਹੈ। ਇਸ ਕਾਰਨ ਇਹ ਮੁੱਦਾ ਸਰਕਾਰ ਦੇ ਅਜੇ ਏਜੰਡੇ 'ਤੇ ਵੀ ਨਹੀਂ ਹੈ।

ਫਰਵਰੀ ਵਿਚ ਸਕੂਲੀ ਵਿਦਿਆਰਥੀਆਂ ਦੇ ਇਮਤਿਹਾਨਾਂ ਨੂੰ ਮੁੱਖ ਰੱਖ ਕੇ ਚੋਣਾਂ ਦੀ ਤਾਰੀਖ ਅੱਗੇ ਜਾਂ ਪਿਛੇ ਕਰਨ ਬਾਰੇ ਰਾਜ ਸਰਕਾਰ ਵੱਲੋਂ ਚੋਣ ਕਮਿਸ਼ਨ ਨਾਲ ਕੋਈ ਰਾਬਤਾ ਕਾਇਮ ਕਰਨ ਤੋਂ ਇਨਕਾਰ ਕਰਦਿਆਂ ਉਨ੍ਹਾਂ ਕਿਹਾ ਕਿ ਚੋਣਾਂ ਦੀਆਂ ਤਰੀਕਾਂ ਬਾਰੇ ਫੈਸਲਾ ਕਰਨਾ ਚੋਣ ਕਮਿਸ਼ਨ ਦਾ ਕੰਮ ਹੈ ਤੇ ਚੋਣ ਕਮਿਸ਼ਨ ਖ਼ੁਦ ਹੀ ਬੱਚਿਆਂ ਦੇ ਇਮਤਿਹਾਨਾਂ ਦੇ ਮਸਲੇ ਨੂੰ ਧਿਆਨ ਵਿਚ ਰੱਖ ਸਕਦਾ ਹੈ। ਉਨ੍ਹਾਂ ਕਿਹਾ ਕਿ ਰਾਜ ਸਰਕਾਰ ਨੇ ਕਮਿਸ਼ਨ ਨੂੰ ਕੋਈ ਅਜਿਹਾ ਪੱਤਰ ਨਹੀਂ ਭੇਜਿਆ ਕਿ ਚੋਣ ਕਦੋਂ ਕਰਵਾਈ ਜਾਵੇ। ਪੰਜਾਬ ਕਾਂਗਰਸ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਵੱਲੋਂ ਅਕਾਲੀ ਦਲ ਨੂੰ ਬਹਿਸ ਲਈ ਦਿੱਤੀ ਗਈ ਚੁਣੌਤੀ ਬਾਰੇ ਸ. ਬਾਦਲ ਨੇ ਕਿਹਾ ਕਿ ਕੈਪਟਨ ਸਾਹਿਬ ਕਦੇ ਕਦਾਈਂ ਆਪਣੀ ਨੀਂਦਰ 'ਚੋਂ ਉਠ ਕੇ ਬਾਹਰ ਨਿਕਲਦੇ ਹਨ।

## ਬਾਦਲ ਸਰਕਾਰ ਲੋਕਾਂ ਨੂੰ ਦੋਹੀਂ ਹੱਥੀਂ ਲੁੱਟ ਰਹੀ ਹੈ: ਕੈਪਟਨ

**ਚੰਡੀਗੜ੍ਹ:** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਪੰਜਾਬ ਸਰਕਾਰ ਲੋਕਾਂ ਨੂੰ ਲੁੱਟ ਰਹੀ ਹੈ। ਉਨ੍ਹਾਂ ਦੋ ਸ਼ ਲਾਇਆ ਹੈ ਕਿ ਪੰਜਾਬ ਨੂੰ ਪਾਵਰ ਸਰਪਲੱਸ ਸੂਬਾ ਬਣਾਉਣ ਦੇ ਦਾਅਵਿਆਂ ਦੇ ਉਲਟ ਅਕਾਲੀ-ਭਾਜਪਾ ਸਰਕਾਰ ਜਿੱਥੇ ਸੂਬੇ ਦੀ ਮੰਗ ਨੂੰ ਪੂਰਾ ਕਰਨ 'ਚ ਨਾਕਾਮਯਾਬ ਰਹੀ ਹੈ, ਉਥੇ ਬਿਜਲੀ ਦੇ ਦੇਸ਼ 'ਚ ਸਭ ਤੋਂ ਵੱਧ ਰੇਟ ਵੀ ਵਸੂਲ ਰਹੀ ਹੈ। ਉਨ੍ਹਾਂ ਕਿਹਾ ਕਿ ਬਾਦਲ ਸਰਕਾਰ ਦੀਆਂ ਅਜਿਹੀਆਂ ਗ਼ਲਤ ਨੀਤੀਆਂ ਕਾਰਨ ਸੂਬੇ ਵਿਚੋਂ ਉਦਯੋਗ ਦਾ ਸਫ਼ਾਇਆ ਹੋ ਰਿਹਾ ਹੈ।



ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਸੱਤਾਧਾਰੀ ਗੱਠਜੋੜ ਵੱਲੋਂ ਬਿਜਲੀ 'ਤੇ ਲਗਾਈ ਵਾਧੂ ਡਿਊਟੀ ਤੇ ਚੂੰਗੀ ਕਾਰਨ ਪੰਜਾਬ 'ਚ ਉਦਯੋਗਿਕ ਟੈਰਿਫ ਰੇਟ 5.28 ਰੁਪਏ ਪ੍ਰਤੀ ਯੂਨਿਟ ਹੈ ਜਦਕਿ ਹੋਰ ਸੂਬਿਆਂ ਜਿਵੇਂ ਹਰਿਆਣਾ 'ਚ ਪ੍ਰਤੀ ਯੂਨਿਟ ਦਰ 4.72 ਰੁਪਏ, ਹਿਮਾਚਲ ਪ੍ਰਦੇਸ਼ 'ਚ 3.61 ਰੁਪਏ, ਉਤਰਾਖੰਡ 'ਚ 3.65 ਰੁਪਏ, ਮਹਾਰਾਸ਼ਟਰ 'ਚ 4.96 ਰੁਪਏ ਤੇ ਕਰਨਾਟਕ 'ਚ 4.65 ਰੁਪਏ ਹੈ। ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਗੁਜਰਾਤ ਹੀ ਇਕਮਾਤਰ ਅਜਿਹਾ ਸੂਬਾ ਹੈ ਜਿੱਥੇ ਬਿਜਲੀ ਦੀ ਦਰ ਪੰਜਾਬ ਤੋਂ ਵੀ ਜ਼ਿਆਦਾ 5.65 ਰੁਪਏ ਪ੍ਰਤੀ ਯੂਨਿਟ ਹੈ। ਇਸ ਦੇ ਨਾਲ ਹੀ ਉਨ੍ਹਾਂ ਸਾਫ਼ ਕੀਤਾ ਕਿ ਗੁਜਰਾਤ 'ਚ ਪਾਵਰ ਕੱਟ ਨਹੀਂ ਲੱਗਦਾ ਤੇ ਇਸ ਕਾਰਨ ਉਦਯੋਗਾਂ ਨੂੰ ਕੈਪਟਿਵ ਬਿਜਲੀ ਪੈਦਾ ਕਰਨ ਦੀ ਲੋੜ ਵੀ ਨਹੀਂ ਪੈਂਦੀ। ਉਨ੍ਹਾਂ ਨੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਵੱਧ ਉਤਪਾਦਨ ਵਾਸਤੇ ਪਾਵਰ ਪਲਾਂਟ ਲਾਉਣ ਦੇ ਕੀਤੇ ਜਾ ਰਹੇ ਦਾਅਵਿਆਂ ਉੱਪਰ ਟਿੱਪਣੀ ਕਰਦਿਆਂ ਕਿਹਾ ਕਿ ਜਿਹੜੇ ਪੰਜ ਪਾਵਰ ਪ੍ਰਾਜੈਕਟਾਂ ਦਾ ਸੁਖਬੀਰ ਰੌਲਾ ਪਾ ਰਹੇ ਹਨ, ਉਨ੍ਹਾਂ ਵਿਚੋਂ ਤਿੰਨ ਤਲਵੰਡੀ ਸਾਬੋ, ਗੋਇੰਦਵਾਲ ਸਾਹਿਬ ਤੇ ਰਾਜਪੁਰਾ ਪਲਾਂਟ ਕਾਂਗਰਸ ਸਰਕਾਰ ਵੇਲੇ ਹੀ ਸ਼ੁਰੂ ਹੋਏ ਸਨ।

## ਬਾਦਲ ਵੱਲੋਂ ਬਣਾਈ ਸੰਸਦੀ ਸਕੱਤਰਾਂ ਦੀ ਫ਼ੌਜ ਲਈ ਰਿਹਾਇਸ਼ ਦੀ ਘਾਟ

**ਚੰਡੀਗੜ੍ਹ:** ਵਿਧਾਨ ਸਭਾ ਚੋਣਾਂ ਨੇੜੇ ਆਉਂਦੀਆਂ ਵੇਖ ਕੇ ਮੁੱਖ ਮੰਤਰੀ ਬਾਦਲ ਸਭ ਨੂੰ ਖੁਸ਼ ਕਰਨ 'ਚ ਲੱਗੇ ਹੋਏ ਹਨ। ਇਸੇ ਤਹਿਤ ਉਨ੍ਹਾਂ ਨੇ ਤਿੰਨ ਹੋਰ ਨਵੇਂ ਮੁੱਖ ਸੰਸਦੀ ਸਕੱਤਰ ਬਣਾ ਦਿੱਤੇ ਹਨ। ਇਸ ਤਰ੍ਹਾਂ ਮੁੱਖ ਸੰਸਦੀ ਸਕੱਤਰਾਂ ਗਿਣਤੀ 17 ਹੋ ਗਈ ਹੈ। ਇਸ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਨਾਲ ਸਬੰਧਤ 9 ਤੇ ਭਾਰਤੀ ਜਨਤਾ ਪਾਰਟੀ ਦੇ 5 ਵਿਧਾਇਕਾਂ ਨੂੰ ਮੁੱਖ ਸੰਸਦੀ ਸਕੱਤਰ ਬਣਾਇਆ ਜਾ ਚੁੱਕਾ ਹੈ। ਭਾਜਪਾ ਦੇ 5 ਵਿਧਾਇਕਾਂ ਨੂੰ ਤਾਂ ਪਿਛਲੇ ਮਹੀਨੇ ਹੀ ਇਹ ਅਹੁਦੇ ਦਿੱਤੇ ਗਏ ਸਨ। ਪਾਰਟੀ ਦੇ ਇਕ ਸੰਸਦੀ ਸਕੱਤਰ ਅਰੁਨੇਸ਼ ਸ਼ਾਕਰ ਨੂੰ ਮੰਤਰੀ ਬਣਾ ਦਿੱਤਾ ਗਿਆ ਸੀ।



*ਹਰਮੀਤ ਸਿੰਘ ਸੰਧੂ , ਗੁਰਭੇਜ ਸਿੰਘ ਘੁੜਿਆਣਾ ਤੇ ਇੰਦਰਬੀਰ ਸਿੰਘ ਬੁਲਾਰੀਆ ਸਹੁੰ ਚੁੱਕਦੇ ਹੋਏ।*

ਸ਼੍ਰੋਮਣੀ ਅਕਾਲੀ ਦਲ ਨਾਲ ਸਬੰਧਤ ਸੋਹਣ ਸਿੰਘ ਠੰਡਲ ਨੂੰ ਮੁਹਾਲੀ ਦੀ ਵਿਸ਼ੇਸ਼ ਅਦਾਲਤ ਵੱਲੋਂ ਭ੍ਰਿਸ਼ਟਾਚਾਰ ਤੇ ਵਸੀਲਿਆਂ ਤੋਂ ਜ਼ਿਆਦਾ ਆਮਦਨ ਦੇ ਮਾਮਲੇ ਵਿਚ ਸਜ਼ਾ ਸੁਣਾਏ ਜਾਣ ਤੋਂ ਬਾਅਦ ਉਨ੍ਹਾਂ ਮੁੱਖ ਸੰਸਦੀ ਸਕੱਤਰ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ। ਭਾਜਪਾ ਦੇ ਵਿਧਾਇਕ ਰਾਜ ਖੁਰਾਣਾ ਨੂੰ ਵੀ ਸੀ.ਬੀ.ਆਈ. ਨੇ ਭ੍ਰਿਸ਼ਟਾਚਾਰ ਦੇ ਮਾਮਲੇ ਵਿਚ ਗ੍ਰਿਫਤਾਰ ਕਰ ਲਿਆ ਸੀ ਤਾਂ ਉਨ੍ਹਾਂ ਇਸ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਹਰਮੀਤ ਸਿੰਘ ਸੰਧੂ ਤਰਨ ਤਾਰਨ, ਗੁਰਭੇਜ ਸਿੰਘ ਘੁੜਿਆਣਾ ਤੇ ਇੰਦਰਬੀਰ ਸਿੰਘ ਬੁਲਾਰੀਆ ਨੂੰ ਤਿੰਨ ਹੋਰ ਨਵੇਂ ਮੁੱਖ ਸੰਸਦੀ ਸਕੱਤਰਾਂ ਵਜੋਂ ਅਹੁਦੇ ਦੇ ਦਿੱਤੇ ਹਨ।

ਦੂਜੇ ਪਾਸੇ ਮੰਤਰੀਆਂ ਤੇ ਮੁੱਖ ਸੰਸਦੀ ਸਕੱਤਰਾਂ ਦੀ ਇਸ ਵੱਡੀ ਫ਼ੌਜ ਨੂੰ ਰਿਹਾਇਸ ਤੇ ਹੋਰ ਸਹੂਲਤਾਂ ਦੇਣ 'ਚ ਵੀ ਦਿਕਤ ਆ ਰਹੀ ਹੈ।

ਮੰਤਰੀ ਮੰਡਲ ਵਿਚ ਸ਼ਾਮਲ ਮੌਜੂਦਾ ਮੰਤਰੀ ਤੇ ਮੁੱਖ ਸੰਸਦੀ ਸਕੱਤਰਾਂ ਨੂੰ ਸੰਘਰਸ਼ ਦੇ ਬਾਵਜੂਦ ਹਾਲੇ ਤੱਕ ਸਰਕਾਰੀ ਕੋਠੀਆਂ ਨਹੀਂ ਮਿਲ ਸਕੀਆਂ।। ਮੌਜੂਦਾ ਸਮਾਜਿਕ ਸੁਰੱਖਿਆ ਸਬੰਧੀ ਮੰਤਰੀ ਲਕਸ਼ਮੀ ਕਾਂਤ ਚਾਵਲਾ ਜੋ ਪਿਛਲੇ ਚਾਰ ਸਾਲਾਂ ਤੋਂ ਵੱਧ ਦਾ ਸਮਾਂ ਐਮ.ਐਲ.ਏ. ਹੋਸਟਲ ਵਿਚ ਹੀ ਰਹੇ, ਨੂੰ ਕੁਝ ਦਿਨ ਪਹਿਲਾਂ ਮੁੱਖ ਮੰਤਰੀ ਵੱਲੋਂ ਮੁੱਖ ਮੰਤਰੀ ਸਕੱਤਰੇਤ ਦੇ ਨਾਂ 'ਤੇ ਅਲਾਟ ਸੈਕਟਰ 2 ਵਿਚ 50 ਨੰਬਰ ਕੋਠੀ ਦਿੱਤੀ ਗਈ ਜਿਸ ਵਿਚ ਕਾਫ਼ੀ ਸਮੇਂ ਤੋਂ ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲਾ ਸ. ਬਾਦਲ ਦੇ ਮਹਿਮਾਨ ਵਜੋਂ ਰੁਕੇ ਹੋਏ ਸਨ। ਸਨਅਤ ਤੇ ਸਥਾਨਕ ਸਰਕਾਰ ਮੰਤਰੀ ਤੀਕਸ਼ਣ ਸੂਦ ਨੂੰ ਮਨੋਰੰਜਨ ਕਾਲੀਆ ਦੀ ਸੈਕਟਰ 2 ਸਥਿਤ 44 ਨੰਬਰ ਕੋਠੀ ਅਲਾਟ ਕੀਤੀ ਗਈ ਹੈ ਪਰ ਇਹ ਕੋਠੀ ਖ਼ਾਲੀ ਨਾ ਹੋਣ ਕਾਰਨ ਸ੍ਰੀ ਸੂਦ ਆਪਣੀ ਸੈਕਟਰ 39 ਸਥਿਤ ਮੌਜੂਦਾ ਕੋਠੀ ਨੰਬਰ 951 'ਤੇ ਹੀ ਕਬਜ਼ਾ ਕਰੀ ਬੈਠੇ ਹਨ ਜੋ ਕੇ ਸੈਨਿਕ ਭਲਾਈ ਮੰਤਰੀ ਕੈਪਟਨ ਬਲਬੀਰ ਸਿੰਘ ਬਾਠ ਨੂੰ ਅਲਾਟ ਕੀਤੀ ਹੋਈ ਹੈ ਤੇ ਸ. ਬਾਠ ਇਸ ਨੂੰ ਛੇਤੀ ਖ਼ਾਲੀ ਕਰਵਾਉਣ ਦੀ ਮੰਗ ਕਰ ਰਹੇ ਹਨ।

ਸ੍ਰੀ ਸੁਰਜੀਤ ਕੁਮਾਰ ਜਿਆਨੀ ਟਰਾਂਸਪੋਰਟ ਮੰਤਰੀ ਨੂੰ ਸਾਬਕਾ ਟਰਾਂਸਪੋਰਟ ਮੰਤਰੀ ਮਾਸਟਰ ਮੋਹਨ ਲਾਲ ਦੀ ਸੈਕਟਰ 39 ਸਥਿਤ 960 ਨੰਬਰ ਕੋਠੀ ਅਲਾਟ ਕੀਤੀ ਗਈ ਹੈ ਪਰ ਮਾਸਟਰ ਮੋਹਨ ਲਾਲ ਵੱਲੋਂ ਉਕਤ ਕੋਠੀ ਖ਼ਾਲੀ ਨਾ ਕੀਤੇ ਜਾਣ ਕਾਰਨ ਸ੍ਰੀ ਜਿਆਨੀ ਵੀ ਆਪਣੀ ਨਵੀਂ ਅਲਾਟ ਹੋਈ ਕੋਠੀ ਵਿਚ ਦਾਖ਼ਲ ਨਹੀਂ ਹੋ ਸਕੇ। ਭਾਜਪਾ ਦੇ ਨਵੇਂ ਮੰਤਰੀ ਅਰੁਨੇਸ਼ ਸ਼ਾਕਰ ਨੇ ਮੰਤਰੀਆਂ ਦੀਆਂ ਕੋਠੀਆਂ ਲਈ ਚੱਲ ਰਹੇ ਇਸ ਸੰਘਰਸ਼ ਵਿਚੋਂ ਬਾਹਰ ਰਹਿਣ ਲਈ ਸਰਕਾਰ ਨੂੰ ਲਿਖ ਕੇ ਭੇਜ ਦਿੱਤਾ ਹੈ ਕਿ ਉਹ ਆਪਣੀ ਮੁੱਖ ਸੰਸਦੀ ਸਕੱਤਰ ਵਾਲੀ ਸੈਕਟਰ 39 ਸਥਿਤ ਕੋਠੀ ਨੰਬਰ 1617 ਵਿਚ ਹੀ ਰਹਿਣਾ ਚਾਹੁਣਗੇ। ਇਸੇ ਤਰ੍ਹਾਂ ਮੁੱਖ ਸੰਸਦੀ ਸਕੱਤਰ ਦਿਨੇਸ਼ ਸਿੰਘ ਨੂੰ ਸ. ਸੋਹਣ ਸਿੰਘ ਠੰਡਲ ਵਾਲੀ ਕੋਠੀ ਅਲਾਟ ਕਰ ਦਿੱਤੀ ਗਈ ਹੈ ਪਰ ਇਹ ਵੀ ਖ਼ਾਲੀ ਨਹੀਂ ਹੈ, ਜਦੋਂਕਿ ਮੁੱਖ ਸੰਸਦੀ ਸਕੱਤਰ ਕੇ.ਡੀ. ਭੰਡਾਰੀ ਨੂੰ ਰਾਜ ਖੁਰਾਨਾ ਵੱਲੋਂ ਖ਼ਾਲੀ ਕੀਤੀ ਗਈ ਕੋਠੀ ਅਲਾਟ ਹੋਈ ਹੈ ਪਰ ਸ੍ਰੀ ਰਾਜ ਖੁਰਾਨਾ ਵੱਲੋਂ ਵੀ ਅਜੇ ਇਹ ਕੋਠੀ ਖ਼ਾਲੀ ਨਹੀਂ ਕੀਤੀ ਗਈ। ਮੁੱਖ ਸੰਸਦੀ ਸਕੱਤਰ ਅਮਰਜੀਤ ਸਿੰਘ ਸ਼ਾਹੀ ਜਿਨ੍ਹਾਂ ਨੂੰ ਮਰਹੂਮ ਅਕਾਲੀ ਆਗੂ ਗੁਰਚਰਨ ਸਿੰਘ ਟੌਹੜਾ ਦੀ ਧਰਮ-ਪਤਨੀ ਬੀਬੀ ਜੋਗਿੰਦਰ ਕੌਰ ਟੌਹੜਾ ਦੀ ਸੈਕਟਰ 39 ਵਿਚਲੀ 926 ਨੰਬਰ ਕੋਠੀ ਅਲਾਟ ਹੋਈ ਸੀ, ਇਹ ਕੋਠੀ ਖ਼ਾਲੀ ਹੋ ਗਈ ਹੈ ਜਿਸ ਦਾ ਕਬਜ਼ਾ ਸ. ਸ਼ਾਹੀ ਨੂੰ ਮਿਲ ਰਿਹਾ ਹੈ। ਨਵੇਂ ਬਣਨ ਵਾਲੇ ਤਿੰਨ ਮੁੱਖ ਸੰਸਦੀ ਸਕੱਤਰਾਂ ਨੂੰ ਦੇਣ ਲਈ ਸਰਕਾਰ ਕੋਲ ਕੋਈ ਕੋਠੀ ਮੁਹੱਈਆ ਨਾ ਹੋਣ ਕਾਰਨ ਸਰਕਾਰ ਵੱਲੋਂ ਇਨ੍ਹਾਂ ਮੁੱਖ ਸੰਸਦੀ ਸਕੱਤਰਾਂ ਦੀ ਰਿਹਾਇਸ਼ ਦਾ ਪ੍ਰਬੰਧ ਕਰਨਾ ਔਖਾ ਹੋਵੇਗਾ।

FARMERS INSURANCE GROUP
Symbol of Superior Service

# FARMERS

Now at new location: 2774 Aborn Road , San Jose, CA 95121

ਆਪਣੀ ਕਾਰ ਜਾਂ ਆਪਣੇ ਘਰ ਦੀ ਇੰਸ਼ੋਰੈਂਸ ਕਵਰੇਜ ਬਾਰੇ ਤੁਹਾਡੇ ਮਨ ਵਿਚ ਕੋਈ ਸਵਾਲ ਹੈ? ਬਿਨਾਂ ਝਿਜਕ ਸਾਨੂੰ ਕਾਲ ਕਰੋ।

*"Call for a review of any of your insurance policies or to get a quote"*
*Totally Free and No Obligation to buy from us!!*



Satwant Singh
Insurance Agent
License # OH11256

*Auto *Home *Life *Business
*Workers Compensation

Call for consultation

## Ph: 408-771-2438

*408-580-6063, 408-687-7566*

Fax: 408-273-6001

ssingh6@farmeragent.com

ਪਾਲਿਸੀ (ਅਤੇ ਪ੍ਰਾਸਪੈਕਟਸ, ਜਿਥੇ ਲਾਗੂ ਹੋਵੇ) ਸਿਰਫ ਅੰਗ੍ਰੇਜ਼ੀ ਵਿਚ ਉਪਲਬਧ ਹੈ। ਝਗੜੇ ਦੀ ਸੂਰਤ ਵਿਚ ਇਹੋ ਰੂਪ ਸਹੀ ਮੰਨਿਆ ਜਾਏਗਾ।

*Call us to know about special discounts for nurses, teachers, engineers, pharmacists, doctors and more professionals to get low prices.**

*"Discounts apply to selected property and casualty coverages, perils, and policy types only and may vary by state and eligibility. To the extent permitted by law, applicants are individually underwritten; not all applicants may qualify."

# Reliable and Experienced Real Estate Professional

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ ਫੋਨ: 209-815-1869

*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay

We Specialize in Bankowned, Foreclosure and Short Sale Homes

ਜੇ ਤੁਸੀਂ ਆਪਣਾ ਘਰ ਸ਼ਾਰਟਸੇਲ 'ਤੇ ਵੇਚਣਾ ਚਾਹੁੰਦੇ ਹੋ

**If you want to sell your house in shortsale, first call 209-815-1869**
*We are certified Home Afordable Foreclosure Alternative (HAFA) specilist in shortsale of homes.*



Gurbans Singh Gill
Realtor
13 Years Experiance in Real Estate
e-mail: gurbans@gotracy.com
Fax: 209-836-0706
www.gotracy.com

Rent 'ਤੇ ਘਰ ਲੈਣਾ ਹੋਵੇ ਜਾਂ Rent 'ਤੇ ਘਰ ਦੇਣਾ ਹੋਵੇ

REALTY WORLD Millennium

## Gurbans Gill 209-815-1869

24 ਘੰਟੇ 11 ਸਟੇਸ਼ਨਾਂ ਤੋਂ ਚੱਲਣ ਵਾਲਾ ਪੰਜਾਬੀ ਰੇਡੀਓ

San Jose, Livermore, Berkeley, Tracy, Sacramento, Yuba City, Stocton, Modesto, Fresno, Bakersfield, Reno

ਪੰਜਾਬੀ ਰੇਡੀਓ ਯੂਐਸਏ
Punjabi RADIO USA
ON THE AIR
*Uniting Punjabi's All Over*

PUNJABI RADIO USA
ਦੁਨੀਆਂ ਵਿਚ ਪਹਿਲਾ ਪੰਜਾਬੀ ਰੇਡੀਓ ਹੈ, ਜਿਸ ਦੀ
I-Phone ਤੇ Android Application
ਤੁਸੀਂ ਕਿਸੇ ਸਮੇਂ ਵੀ ਮੁਫ਼ਤ ਡਾਊਨਲੋਡ ਕਰ ਸਕਦੇ ਹੋ।

# ਛੋਟੇ ਰੇਡੀਓ ਦੀ ਕੀਮਤ $ 25 • ਵੱਡੇ ਰੇਡੀਓ ਦੀ ਕੀਮਤ $ 35

# ਇੰਟਰਨੈਟ ਰੇਡੀਓ $ 140 ਵਾਲਾ ਹੁਣ $ 99 ਨੂੰ

(ਇਸ ਉਪਰ 15000 ਤੋਂ ਵੱਧ ਤੇ ਸਾਰੀ ਦੁਨੀਆਂ ਦੇ ਪੰਜਾਬੀ ਸਟੇਸ਼ਨ ਸੁਣ ਸਕਦੇ ਹੋ)

## ਕਿਸੇ ਵੀ ਭਾਰਤੀ ਸਟੋਰ ਤੋਂ ਖਰੀਦ ਸਕਦੇ ਹੋ

ਹੋਰ ਜਾਣਕਾਰੀ ਲਈ **408.722.7698**

Listen LIVE
www.punjabiradiousa.com

Email: info@punjabiradiousa.com
3750 McKee Road, # B, San Jose CA 95127

# ਭ੍ਰਿਸ਼ਟਾਚਾਰ ਵਿਰੁਧ ਵਿੱਢੀ 'ਜੰਗ' ਵਿਚ ਅਕਾਲੀ ਆਪਸ 'ਚ ਹੀ ਭਿੜੇ

## ਇਕ-ਦੂਜੇ 'ਤੇ ਕਾਂਗਰਸੀ ਏਜੰਟ ਤੇ ਗਦਾਰ ਹੋਣ ਦਾ ਦੋਸ਼



ਬਠਿੰਡਾ ਵਿਚ ਧਰਨੇ ਨੂੰ ਸੰਬੋਧਨ ਕਰਦੇ ਹੋਏ ਸੁਖਬੀਰ ਸਿੰਘ ਬਾਦਲ।

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਕਾਂਗਰਸ ਨੂੰ ਘੇਰਨ ਲਈ ਭ੍ਰਿਸ਼ਟਾਚਾਰ ਵਿਰੁੱਧ ਛੇੜੀ 'ਜੰਗ' 'ਚ ਅਕਾਲੀ ਆਪਸ 'ਚ ਹੀ ਖੁੱਲ੍ਹ ਕੇ ਭਿੜੇ ਜਿਸ ਨੂੰ ਲੈ ਕੇ ਪਾਰਟੀ ਹਾਈ ਕਮਾਨ ਕਾਫੀ ਪ੍ਰੇਸ਼ਾਨ ਹੈ। ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਵੱਲੋਂ 16 ਜੂਨ ਨੂੰ ਭ੍ਰਿਸ਼ਟਾਚਾਰ ਤੇ ਮਹਿੰਗਾਈ ਖਿਲਾਫ਼ ਰਾਜ ਭਰ ਵਿਚ ਡਿਪਟੀ ਕਮਿਸ਼ਨਰਾਂ ਦੇ ਦਫ਼ਤਰਾਂ ਅੱਗੇ ਧਰਨੇ ਦਿੱਤੇ ਗਏ। ਇਸੇ ਦੌਰਾਨ ਕਪੂਰਥਲਾ ਵਿਚ ਅਕਾਲੀ ਆਗੂ ਆਪਸ ਵਿਚ ਗੁੱਥਮ-ਗੁੱਥਾ ਹੋ ਗਏ ਤੇ ਲੁਧਿਆਣਾ ਵਿਚ ਤਾਂ ਇਕ ਅਕਾਲੀ ਆਗੂ ਦੀ ਪੱਗ ਵੀ ਲਹਿ ਗਈ। ਉਧਰ ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਅਕਾਲੀ-ਭਾਜਪਾ ਗਠਜੋੜ ਵੱਲੋਂ ਭ੍ਰਿਸ਼ਟਾਚਾਰ ਖਿਲਾਫ ਧਰਨੇ ਦੇਣਾ ਇਸ ਤਰ੍ਹਾਂ ਹੈ ਜਿਵੇਂ ਅਲ-ਕਾਇਦਾ ਵਾਲੇ ਦਹਿਸ਼ਤਗਰਦੀ ਖ਼ਿਲਾਫ਼ ਰੋਸ ਪ੍ਰਗਟਾਉਣ। ਉਨ੍ਹਾਂ ਕਿਹਾ ਕਿ ਇਹ ਗੱਲ ਦੋਵਾਂ ਦਲਾਂ ਨੂੰ ਸ਼ੋਭਾ ਨਹੀਂ ਦਿੰਦੀ ਕਿਉਂਕਿ ਇਹ ਦੋਵੇਂ ਹੀ ਭ੍ਰਿਸ਼ਟਾਚਾਰ ਵਿਚ ਨੱਕੋ-ਨੱਕ ਡੁੱਬੇ ਹੋਏ ਹਨ। ਅਕਾਲੀ-ਭਾਜਪਾ ਗਠਜੋੜ ਜਿੱਥੇ ਇਕ ਪਾਸੇ ਆਪਣੇ ਭ੍ਰਿਸ਼ਟ ਲੋਕਾਂ ਨੂੰ ਬਚਾਅ ਰਿਹਾ ਹੈ, ਉੱਥੇ ਦੂਜੇ ਪਾਸੇ ਹੋਰਾਂ ਖ਼ਿਲਾਫ ਕਾਰਵਾਈ ਦੀ ਮੰਗ ਕਰਦਾ ਹੈ।

ਅਕਾਲੀਆਂ ਤੇ ਭਾਜਪਾਈਆਂ ਵੱਲੋਂ ਡਿਪਟੀ ਕਮਿਸ਼ਨਰਾਂ ਰਾਹੀਂ ਦੇਸ਼ ਦੇ ਰਾਸ਼ਟਰਪਤੀ ਨੂੰ ਦਿੱਤੇ ਗਏ ਮੈਮੋਰੰਡਮ ਵਿਚ ਕਾਂਗਰਸੀ ਨੇਤਾਵਾਂ ਸਮੇਤ ਹੋਰ ਲੋਕਾਂ ਦਾ ਵਿਦੇਸ਼ੀ ਬੈਂਕਾਂ ਵਿਚ ਪਿਆ ਕਾਲਾ ਧਨ ਵਾਪਸ ਲਿਆਉਣ ਲਈ ਉਪਰਾਲੇ ਕਰਨ ਤੇ ਭ੍ਰਿਸ਼ਟ ਲੋਕਾਂ ਖ਼ਿਲਾਫ ਕਾਨੂੰਨੀ ਕਾਰਵਾਈ ਕਰਨ ਦੀ ਮੰਗ ਕੀਤੀ ਗਈ। ਦੇਸ਼ ਵਿਚ ਮਹਿੰਗਾਈ ਲਈ ਕੇਂਦਰ ਸਰਕਾਰ ਦੀਆਂ ਨੀਤੀਆਂ ਨੂੰ ਦੋਸ਼ੀ ਠਹਿਰਾਇਆ ਗਿਆ। ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਅਨੁਸਾਰ ਮੈਮੋਰੰਡਮ ਵਿਚ 2-ਜੀ ਸਪੈਕਟ੍ਰਮ ਘੁਟਾਲਾ, ਰਾਸ਼ਟਰਮੰਡਲ ਖੇਡ ਘੁਟਾਲਾ ਤੇ ਆਦਰਸ਼ ਹਾਊਸਿੰਗ ਸੁਸਾਇਟੀ ਘੁਟਾਲਾ ਦੀ ਜਾਂਚ ਸੁਪਰੀਮ ਕੋਰਟ ਦੇ ਸਿਟਿੰਗ ਜੱਜ ਤੋਂ ਕਰਾਉਣ ਦੀ ਮੰਗ ਕੀਤੀ ਗਈ ਹੈ। ਰੋਸ ਧਰਨੇ ਵੇਲੇ ਵਿਖਾਵਾਕਾਰੀਆਂ ਨੇ ਕੇਂਦਰ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕਰਦਿਆਂ ਕਾਂਗਰਸ ਨੂੰ ਹਕੂਮਤ ਤੋਂ ਲਾਂਭੇ ਕਰਨ ਦਾ ਸੱਦਾ ਦਿੱਤਾ।

ਕਾਂਗਰਸ ਖ਼ਿਲਾਫ਼ ਵਿੱਢੀ ਜੰਗ ਉਸ ਵੇਲੇ ਖਾਨਾਜੰਗੀ 'ਚ ਬਦਲ ਗਈ ਜਦੋਂ ਧਰਨਾ ਦੇਣ ਆਏ ਅਕਾਲੀ ਲੀਡਰ ਆਪਸ 'ਚ ਹੀ ਗੁੱਥਮ-ਗੁੱਥਾ ਹੋ ਗਏ। ਕੇਂਦਰ ਸਰਕਾਰ ਵਿਰੁੱਧ ਭੜਾਸ ਕੱਢਣ ਦੀ ਥਾਂ ਸ਼੍ਰੋਮਣੀ ਅਕਾਲੀ ਦਲ ਦੇ ਧੜਿਆਂ ਨੇ ਧਰਨਾ ਦੇਣ ਦੀ ਥਾਂ ਇਕ-ਦੂਜੇ ਵਿਰੁੱਧ ਹੀ ਮੋਰਚਾ ਖੋਲ੍ਹ ਦਿੱਤਾ। ਕਪੂਰਥਲਾ ਦੇ ਜ਼ਿਲ੍ਹਾ ਜਥੇਦਾਰ ਤੇ ਸਾਬਕਾ ਟਰਾਂਸਪੋਰਟ ਮੰਤਰੀ ਰਘਬੀਰ ਸਿੰਘ ਤੇ ਕਪੂਰਥਲਾ ਵਿਧਾਨ ਸਭਾ ਹਲਕੇ ਦੇ ਇੰਚਾਰਜ ਸਰਬਜੀਤ ਸਿੰਘ ਮੱਕੜ ਦੇ ਸਮਰਥਕਾਂ 'ਚ ਜੰਮ ਕੇ ਹੱਥੋਪਾਈ ਹੋਈ। ਦੋਵੇਂ ਧੜੇ ਇਕ ਦੂਜੇ ਵਿਰੁੱਧ ਨਾਅਰੇਬਾਜ਼ੀ ਕਰਦੇ ਰਹੇ। ਜਥੇਦਾਰਾਂ ਨੇ ਕੇਂਦਰ ਨੂੰ ਕੋਸਣ ਦੀ ਥਾਂ 'ਆਪਣਿਆਂ' ਨੂੰ ਹੀ ਕਾਤਲ, ਗੱਦਾਰ ਤੇ ਕਾਂਗਰਸ ਦੇ ਏਜੰਟ ਦੱਸਿਆ। ਪੁਲੀਸ ਦੀ ਦਖਲਅੰਦਾਜ਼ੀ ਕਾਰਨ ਜਥੇਦਾਰਾਂ ਦੀਆਂ ਪੱਗਾਂ ਲਹਿਣੋਂ ਬਚ ਗਈਆਂ।

ਜ਼ਿਕਰਯੋਗ ਹੈ ਕਿ ਸਾਬਕਾ ਮੰਤਰੀ ਰਘਬੀਰ ਸਿੰਘ ਤੇ ਵਿਧਾਇਕ ਸਰਬਜੀਤ ਸਿੰਘ ਮੱਕੜ 'ਚ ਕਪੂਰਥਲਾ ਵਿਧਾਨ ਸਭਾ ਹਲਕੇ ਤੋਂ ਦਾਅਵੇਦਾਰੀ ਨੂੰ ਲੈ ਕੇ ਲੰਮੇ ਸਮੇਂ ਤੋਂ ਖਿੱਚੋਤਾਣ ਚਲਦੀ ਆ ਰਹੀ ਹੈ। ਆਦਮਪੁਰ ਦਾ ਹਲਕਾ ਰਾਖਵਾਂ ਹੋਣ ਕਾਰਨ ਸਰਬਜੀਤ ਮੱਕੜ ਕਪੂਰਥਲਾ ਤੋਂ ਚੋਣ ਲੜਨ ਦਾ ਇੱਛੁਕ ਹੈ। ਸ਼੍ਰੋਮਣੀ ਅਕਾਲੀ ਦਲ ਨੇ ਉਸ ਨੂੰ ਕਪੂਰਥਲਾ ਵਿਧਾਨ ਸਭਾ ਹਲਕੇ ਦਾ ਇੰਚਾਰਜ ਵੀ ਬਣਾਇਆ ਹੋਇਆ ਹੈ। ਸ਼੍ਰੋਮਣੀ ਅਕਾਲੀ ਦਲ ਦੇ ਧੜਿਆਂ 'ਚ ਖਿੱਚੋਤਾਣ ਦਾ ਮੁੱਢ ਉਦੋਂ ਬੱਝਾ ਜਦੋਂ ਜ਼ਿਲ੍ਹਾ ਕਚਹਿਰੀਆਂ ਦੇ ਸਾਹਮਣੇ ਕੇਂਦਰ ਸਰਕਾਰ ਵਿਰੁੱਧ ਧਰਨਾ ਲਾਉਣ ਲਈ ਸਾਬਕਾ ਮੰਤਰੀ ਰਘਬੀਰ ਸਿੰਘ ਤੇ ਵਿੱਤ ਮੰਤਰੀ ਡਾ. ਉਪਿੰਦਰਜੀਤ ਕੌਰ, ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਤੇ ਮਾਰਕਫੈੱਡ ਦੇ ਚੇਅਰਮੈਨ ਜਰਨੈਲ ਸਿੰਘ ਵਾਹਦ ਅਕਾਲੀ ਸਮਰਥਕਾਂ ਨਾਲ ਬੈਠੇ ਸਨ। ਜਿਉਂ ਹੀ ਆਦਮਪੁਰ ਤੋਂ ਵਿਧਾਇਕ ਸਰਬਜੀਤ ਸਿੰਘ ਮੱਕੜ ਆਪਣੇ ਸਮਰਥਕਾਂ ਨਾਲ ਧਰਨੇ ਵਾਲੀ ਥਾਂ 'ਤੇ ਪਹੁੰਚੇ ਤਾਂ ਰਘਬੀਰ ਸਿੰਘ ਦੇ ਸਮਰਥਕਾਂ ਨੇ ਉਦੋਂ ਹੀ ਉਨ੍ਹਾਂ ਵਿਰੁੱਧ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਦੇਖਦਿਆਂ ਹੀ ਦੇਖਦਿਆਂ ਦੋਵੇਂ ਧੜਿਆਂ ਦੇ ਵਰਕਰ ਆਪਸ ਵਿਚ ਗੁੱਥਮ-ਗੁੱਥਾ ਹੋ ਗਏ। ਰਘਬੀਰ ਸਿੰਘ ਦੇ ਸਮਰਥਕ ਉੱਚੀ-ਉੱਚੀ 'ਕਾਤਲ ਮੱਕੜ ਵਾਪਸ ਜਾਵੇ', 'ਬਾਹਰਲੇ ਜ਼ਿਲ੍ਹੇ ਤੋਂ ਆਇਆ ਮੱਕੜ ਵਾਪਸ ਜਾਵੇ', 'ਪਾਰਟੀ ਦਾ ਗੱਦਾਰ ਵਾਪਸ ਜਾਵੇ' ਇਹ ਨਾਅਰੇ ਲਗਾ ਰਹੇ ਸਨ। ਇਸੇ ਦੌਰਾਨ ਰਘਬੀਰ ਧੜੇ 'ਚ ਸ਼ਾਮਲ ਧਰਨਾ ਦੇਣ ਆਈਆਂ ਦੋ ਦਰਜਨ ਦੇ ਕਰੀਬ ਔਰਤਾਂ ਨੇ ਜੁੱਤੀਆਂ ਲਾਹ ਕੇ ਮੱਕੜ ਧੜੇ ਨੂੰ ਦਿਖਾਈਆਂ। ਯਾਦ ਰਹੇ ਕਿ ਗਿੱਕੀ ਸੇਖੋਂ ਕਤਲ ਕਾਂਡ ਵਿਚ ਵਿਧਾਇਕ ਮੱਕੜ ਦਾ ਕੌਂਸਲਰ ਭਤੀਜਾ ਰਾਮ ਸਿਮਰਨ ਸਿੰਘ ਮੱਕੜ ਉਰਫ ਪ੍ਰਿੰਸ ਮੱਕੜ ਮੁੱਖ ਮੁਲਜ਼ਮ ਵਜੋਂ ਨਾਮਜ਼ਦ ਹੈ।

ਮੱਕੜ ਵਿਰੁੱਧ ਲੱਗ ਰਹੇ ਨਾਅਰਿਆਂ ਤੋਂ ਭੜਕੇ ਉਨ੍ਹਾਂ ਦੇ ਸਮਰਥਕਾਂ ਨੇ ਵੀ ਰਘਬੀਰ ਸਿੰਘ ਵਿਰੁੱਧ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਉਨ੍ਹਾਂ ਨੇ ਰਘਬੀਰ ਸਿੰਘ ਨੂੰ ਕਾਂਗਰਸ ਦਾ ਏਜੰਟ ਤੇ ਪੰਥ ਦਾ ਗੱਦਾਰ ਦੱਸਿਆ। ਸਥਿਤੀ ਨੂੰ ਵਿਗੜਦਿਆਂ ਦੇਖ ਕੇ ਡੀ.ਐਸ.ਪੀ. ਕੁਲਵੰਤ ਸਿੰਘ ਹੀਰ ਕਚਹਿਰੀਆਂ 'ਚੋਂ ਦੌੜ ਕੇ ਆਏ ਤੇ ਉਨ੍ਹਾਂ ਨੇ ਦੋਹਾਂ ਧੜਿਆਂ ਵਿਚ ਪੁਲਿਸ ਦੀ ਕੰਧ ਬਣਾ ਦਿੱਤੀ। ਇਸ ਦੇ ਬਾਵਜੂਦ ਵੀ ਦੋਵੇਂ ਧੜੇ ਇਕ-ਦੂਜੇ ਵਿਰੁੱਧ ਨਾਅਰੇਬਾਜ਼ੀ ਕਰਦੇ ਰਹੇ। ਜਦੋਂ ਖਿੱਚੋਤਾਣ ਚੱਲ ਰਹੀ ਸੀ ਤਾਂ ਸ਼੍ਰੋਮਣੀ ਅਕਾਲੀ ਦਲ ਦੀ ਸੀਨੀਅਰ ਮੀਤ ਪ੍ਰਧਾਨ ਬੀਬੀ ਜਗੀਰ ਕੌਰ ਆਪਣੇ ਹਲਕੇ ਭੁਲੱਥ ਤੋਂ ਲਿਆਂਦੇ ਪਾਰਟੀ ਵਰਕਰਾਂ ਨੂੰ ਨਾਲ ਲੈ ਕੇ ਕਚਹਿਰੀਆਂ ਦੇ ਅੰਦਰ ਚਲੇ ਗਏ ਤੇ ਉਨ੍ਹਾਂ ਨੇ ਉੱਥੇ ਹੀ ਧਰਨਾ ਲਗਾ ਦਿੱਤਾ। ਕਾਫੀ ਸਮਾਂ ਸੜਕ ਦੇ ਬਾਹਰ ਹੀ ਜ਼ੋਰ-ਅਜ਼ਮਾਈ ਕਰਨ ਤੋਂ ਬਾਅਦ ਸਰਬਜੀਤ ਮੱਕੜ ਆਪਣੇ ਸਮਰਥਕਾਂ ਨੂੰ ਲੈ ਕੇ ਬੀਬੀ ਜਗੀਰ ਕੌਰ ਵੱਲੋਂ ਲਗਾਏ ਗਏ ਧਰਨੇ ਵਿਚ ਸ਼ਾਮਲ ਹੋ ਗਏ। ਦਿਲਚਸਪ ਗੱਲ ਇਹ ਹੈ ਕਿ ਦੋਹਾਂ ਧੜਿਆਂ 'ਚ ਚੱਲ ਰਿਹਾ ਡਰਾਮਾ ਉਦੋਂ ਖਤਮ ਹੋਇਆ ਜਦੋਂ ਦੋਵਾਂ ਧੜਿਆਂ ਨੇ ਡਿਪਟੀ ਕਮਿਸ਼ਨਰ ਨੂੰ ਵੱਖੋ-ਵੱਖਰੇ ਮੰਗ ਪੱਤਰ ਦਿੱਤੇ। ਪਹਿਲਾਂ ਮੰਗ ਪੱਤਰ ਵਿੱਤ ਮੰਤਰੀ ਬੀਬੀ ਉਪਿੰਦਰਜੀਤ ਕੌਰ, ਸਾਬਕਾ ਮੰਤਰੀ ਰਘਬੀਰ ਸਿੰਘ ਤੇ ਉਨ੍ਹਾਂ ਦੇ ਸਮਰਥਕਾਂ ਨੇ ਡੀ.ਸੀ. ਦਫਤਰ ਵਿਚ ਜਾ ਕੇ ਦਿੱਤਾ ਤੇ ਬਾਅਦ ਵਿਚ ਬੀਬੀ ਜਗੀਰ ਕੌਰ ਤੇ ਸਰਬਜੀਤ ਮੱਕੜ ਨੇ ਆਪਣੇ ਸਮਰਥਕਾਂ ਨਾਲ ਡਿਪਟੀ ਕਮਿਸ਼ਨਰ ਨੂੰ ਜਾ ਕੇ ਮੰਗ ਪੱਤਰ ਦਿੱਤਾ।

# ਅੱਠ ਮਹੀਨੇ ਬਾਅਦ ਪੰਜਾਬ ਦੇ ਸਿਆਸੀ ਸੰਤਾਪ ਦਾ ਅੰਤ: ਮਨਪ੍ਰੀਤ

**ਲੁਧਿਆਣਾ:** ਪੀਪਲਜ਼ ਪਾਰਟੀ ਆਫ ਪੰਜਾਬ ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਹੈ ਕਿ ਅੱਠ ਮਹੀਨੇ ਬਾਅਦ ਪੰਜਾਬ ਦਾ ਸਿਆਸੀ ਸੰਤਾਪ ਖਤਮ ਹੋ ਜਾਵੇਗਾ। ਕਣਕ-ਝੋਨੇ ਦੇ ਫਸਲੀ ਚੱਕਰ ਵਾਂਗ ਹੁਣ ਕਾਂਗਰਸ-ਅਕਾਲੀ ਖੇਡ ਦੁਬਾਰਾ ਨਹੀਂ ਦੁਹਰਾਈ ਜਾਵੇਗੀ। ਸ. ਬਾਦਲ ਨੇ ਕਿਹਾ ਕਿ ਪੰਜਾਬ ਵਿਚੋਂ ਗਰੀਬੀ, ਅਨਪੜ੍ਹਤਾ, ਬੇਰੁਜ਼ਗਾਰੀ, ਭ੍ਰਿਸ਼ਟਾਚਾਰੀ, ਰਿਸ਼ਵਤਖੋਰੀ ਦੇ ਲੱਗ ਚੁੱਕੇ ਕੀੜੇ ਨੂੰ ਜੜ੍ਹੋਂ ਖਤਮ ਕਰਨ ਲਈ ਲੋਕ ਪੰਜਾਬ ਪੀਪਲਜ਼ ਪਾਰਟੀ ਨਾਲ ਪੂਰੇ ਉਤਸ਼ਾਹ ਨਾਲ ਜੁੜ ਰਹੇ ਹਨ ਤੇ ਉਹ ਫਰਵਰੀ 2012 ਦੀ ਚੋਣ ਦੀ ਉਡੀਕ ਕਰ ਰਹੇ ਹਨ। ਪ੍ਰੋ. ਭੁੱਲਰ ਦੀ ਫਾਂਸੀ ਬਾਰੇ ਉਨ੍ਹਾਂ ਕਿਹਾ ਕਿ ਸਰਕਾਰ ਨੂੰ ਰਹਿਮਦਿਲੀ ਨਾਲ ਭੁੱਲਰ ਦੀ ਫਾਂਸੀ ਦੀ ਸਜ਼ਾ ਮੁਆਫ ਕਰ ਦੇਣੀ ਚਾਹੀਦੀ ਹੈ।

ਸ. ਬਾਦਲ ਨੇ ਦੋਸ਼ ਲਾਇਆ ਕਿ ਮੌਜੂਦਾ ਅਕਾਲੀ-ਭਾਜਪਾ ਸਰਕਾਰ ਉਨ੍ਹਾਂ ਦੇ ਸਮਰਥਕਾਂ 'ਤੇ ਝੂਠੇ ਪਰਚੇ ਦਰਜ ਕਰਕੇ ਤੰਗ-ਪ੍ਰੇਸ਼ਾਨ ਕਰ ਰਹੀ ਹੈ। ਉਹ ਇਸ ਬਾਰੇ ਅਗਲੇ ਦਿਨਾਂ ਵਿਚ ਪੰਜਾਬ ਦੇ ਰਾਜਪਾਲ ਨੂੰ ਮਿਲ ਕੇ ਮੰਗ ਪੱਤਰ ਦੇਣਗੇ। ਉਨ੍ਹਾਂ ਦਾਅਵਾ ਕੀਤਾ ਕਿ ਪਾਰਟੀ ਅੰਦਰ ਸਭ ਲਈ ਦਰਵਾਜ਼ੇ ਖੁੱਲ੍ਹੇ ਹਨ ਪਰ ਟਿਕਟ ਬੇਦਾਗ ਵਿਅਕਤੀਆਂ ਨੂੰ ਹੀ ਦਿੱਤੇ ਜਾਣਗੇ। ਸ. ਬਾਦਲ ਨੇ ਕਿਹਾ ਕਿ ਪੰਜਾਬ ਇਸ ਵਕਤ ਆਰਥਿਕ ਪੱਖ ਤੋਂ ਬੁਰੀ ਤਰ੍ਹਾਂ ਪਛੜ ਗਿਆ ਹੈ। ਕਾਨੂੰਨ ਤੇ ਇਨਸਾਫ ਨਾਂ ਦੀ ਇੱਥੇ ਕੋਈ ਚੀਜ਼ ਨਹੀਂ। ਉਨ੍ਹਾਂ ਕਿਹਾ ਕਿ ਆਜ਼ਾਦੀ ਦੇ 60 ਸਾਲ ਬਾਅਦ ਵੀ ਅਸੀਂ ਅੰਨ੍ਹੇ ਯੁੱਗ ਵਿਚ ਜਿਉਣ ਲਈ ਮਜਬੂਰ ਹਾਂ।

ਉਨ੍ਹਾਂ ਕਿਹਾ ਕਿ 'ਪੰਜਾਬ ਪੀਪਲਜ਼ ਪਾਰਟੀ (ਪੀ.ਪੀ.ਪੀ.) ਵੱਲੋਂ ਸ਼ੁਰੂ ਕੀਤੀ ਲੜਾਈ ਅੰਨਾ ਹਜ਼ਾਰੇ ਤੇ ਸਵਾਮੀ ਰਾਮਦੇਵ ਨਾਲੋਂ ਵੀ ਵੱਡੀ ਤੇ ਅਹਿਮ ਲੜਾਈ ਹੈ ਤੇ ਸਾਡੀ ਪਾਰਟੀ ਭੁੱਖ ਹੜਤਾਲਾਂ ਕਰਕੇ ਨਹੀਂ ਸਗੋਂ ਭ੍ਰਿਸ਼ਟਾਚਾਰੀਆਂ ਨੂੰ ਕਰੜੇ ਹੱਥੀਂ ਲੈ ਕੇ ਇਸ ਕੋਹੜ ਨੂੰ ਖਤਮ ਕਰਨ ਨੂੰ ਤਰਜੀਹ ਦੇਵੇਗੀ। ਉਨ੍ਹਾਂ ਕਿਹਾ ਕਿ ਭ੍ਰਿਸ਼ਟਾਚਾਰ ਦੇਸ਼ ਤੇ ਪੰਜਾਬ ਲਈ ਗੰਭੀਰ ਚੁਣੌਤੀ ਹੈ ਤੇ ਇਸਦੇ ਖਾਤਮੇ ਲਈ ਉਨ੍ਹਾਂ ਦੀ ਪਾਰਟੀ ਬਹੁਤ ਗੰਭੀਰ ਹੈ। ਸ. ਬਾਦਲ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਕਿਸੇ ਵੀ ਪਾਰਟੀ ਨਾਲ ਗਠਜੋੜ ਨਹੀਂ ਕਰੇਗੀ ਤੇ ਪੰਜਾਬ ਤੇ ਦੇਸ਼ ਦੇ ਹਿਤਾਂ ਦੀ ਜਿਹੜੀ ਲੜਾਈ ਉਨ੍ਹਾਂ ਖਟਕੜ ਕਲਾਂ ਦੀ ਧਰਤੀ ਤੋਂ ਸਹੁੰ ਖਾ ਕੇ ਸ਼ੁਰੂ ਕੀਤੀ ਹੈ ਉਸ ਨੂੰ ਉਹ ਖੁਦ ਹੀ ਪੂਰਾ ਕਰਨਗੇ।

ਉਨ੍ਹਾਂ ਕਿਹਾ ਕਿ ਉਹ ਕੋਈ ਨਿੱਜੀ ਲੜਾਈ ਨਹੀਂ ਲੜ ਰਹੇ ਸਗੋਂ ਰਾਜ ਤੇ ਸਮਾਜ ਦੀ ਲੜਾਈ ਲੜ ਰਹੇ ਹਨ। ਅੱਜ ਪੰਜਾਬੀ ਘੂਕ ਸੁੱਤੇ ਪਏ ਹਨ ਜਿਨ੍ਹਾਂ ਨੂੰ ਜਗਾਉਣ ਲਈ ਹੀ ਉਹ ਹੋਕਾ ਦੇ ਰਹੇ ਹਨ। ਉਨ੍ਹਾਂ ਕਿਹਾ ਕਿ ਉਹ ਕੁਰਸੀ ਜਾਂ ਸੱਤਾ ਹਥਿਆਉਣ ਲਈ ਲੜਾਈ ਨਹੀਂ ਲੜ ਰਹੇ ਸਗੋਂ ਆਉਣ ਵਾਲੀਆਂ ਪੀੜ੍ਹੀਆਂ ਦੇ ਸੁਖ ਲਈ ਇਹ ਲੜਾਈ ਲੜ ਰਹੇ ਹਨ। ਸ. ਬਾਦਲ ਨੇ ਕਿਹਾ ਕਿ ਦੇਸ਼ ਦਾ ਇਤਿਹਾਸ ਗਵਾਹ ਹੈ ਕਿ ਮੁਗਲ ਰਾਜੇ ਔਰੰਗਜ਼ੇਬ, ਜਹਾਂਗੀਰ ਤੇ ਆਲਮਗੀਰ ਜਿਹੇ ਨਾਂ ਰੱਖ ਕੇ ਆਪਣੇ ਆਪ ਨੂੰ ਦੁਨੀਆ ਦਾ ਮਾਲਕ ਸਮਝਦੇ ਸਨ ਪਰ ਸਚਾਈ ਇਹ ਹੈ ਕਿ ਅੱਜ ਉਨ੍ਹਾਂ ਦੀ ਮੜ੍ਹੀ ਉਤੇ ਦੀਵਾ ਬਾਲਣ ਵਾਲਾ ਵੀ ਕੋਈ ਨਹੀਂ।

## ਪ੍ਰੋ. ਭੁੱਲਰ ਦੀ ਸਜ਼ਾ ਮੁਆਫ ਕਰਨ ਦੀ ਮੰਗ



# ਵਿਧਾਇਕ ਸੰਤ ਅਜੀਤ ਸਿੰਘ ਵੱਲੋਂ ਆਪਣੀ ਸਰਕਾਰ ਨੂੰ ਹੀ ਰਗੜੇ

**ਰੂਪਨਗਰ:** ਹਲਕਾ ਆਨੰਦਪੁਰ ਸਾਹਿਬ ਤੋਂ ਸ਼੍ਰੋਮਣੀ ਅਕਾਲੀ ਦਲ (ਬ) ਦੇ ਵਿਧਾਇਕ ਸੰਤ ਅਜੀਤ ਸਿੰਘ ਨੇ ਆਪਣੀ ਸਰਕਾਰ ਨੂੰ ਹੀ ਰਗੜੇ ਲਾਉਂਦਿਆਂ ਕਿਹਾ ਕਿ ਪੰਜਾਬ ਵਿਚ ਭ੍ਰਿਸ਼ਟਾਚਾਰ ਦਾ ਬੋਲਬਾਲਾ ਹੈ ਤੇ ਸਰਕਾਰ ਭ੍ਰਿਸ਼ਟਾਚਾਰ ਖਤਮ ਕਰਨ ਵਿਚ ਅਸਫਲ ਰਹੀ ਹੈ। ਸੰਤ ਅਜੀਤ ਸਿੰਘ ਨੇ ਇਹ ਬੇਬਾਕ ਟਿੱਪਣੀਆਂ 16 ਜੂਨ ਨੂੰ ਅਕਾਲੀ ਦਲ ਵੱਲੋਂ ਕੇਂਦਰ ਸਰਕਾਰ ਦੇ ਭ੍ਰਿਸ਼ਟਾਚਾਰ ਤੇ ਵਧ ਰਹੀ ਮਹਿੰਗਾਈ ਵਿਰੁੱਧ ਦਿੱਤੇ ਗਏ ਧਰਨੇ ਦੌਰਾਨ ਕਰ ਕੇ ਸਭ ਨੂੰ ਹੈਰਾਨ ਕਰ ਦਿੱਤਾ। ਸੰਤ ਅਜੀਤ ਸਿੰਘ ਨੇ ਕਿਹਾ ਕਿ ਅੱਜ ਸਿਰਫ਼ ਕੇਂਦਰ ਸਰਕਾਰ ਵਿਚ ਹੀ ਭ੍ਰਿਸ਼ਟਾਚਾਰ ਨਹੀਂ ਸਗੋਂ ਪੰਜਾਬ ਵਿਚ ਵੀ ਵੱਡੇ ਪੱਧਰ 'ਤੇ ਭ੍ਰਿਸ਼ਟਾਚਾਰ ਫੈਲਿਆ ਹੋਇਆ ਹੈ ਜਿਸ ਨੂੰ ਸਰਕਾਰ ਖ਼ਤਮ ਕਰਨ ਵਿਚ ਅਸਫਲ ਰਹੀ ਹੈ।

ਉਨ੍ਹਾਂ ਕਿਹਾ ਕਿ ਰਾਜ ਵਿਚ ਭ੍ਰਿਸ਼ਟਾਚਾਰ ਨੂੰ ਠੱਲ ਪਾਉਣ ਲਈ ਸਰਕਾਰ ਵੱਲੋਂ ਕਦਮ ਚੁੱਕੇ ਜਾਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਰੂਪਨਗਰ ਜ਼ਿਲ੍ਹੇ ਦਾ ਰੇਤਾ ਤੇ ਪੱਥਰ ਬਾਹਰਲੇ ਬੰਦਿਆਂ ਵੱਲੋਂ ਲੁੱਟਿਆ ਜਾ ਰਿਹਾ ਹੈ ਜਿਸ ਨੂੰ ਰੋਕਣ ਲਈ ਸਰਕਾਰ ਨੂੰ ਠੋਸ ਕਦਮ ਚੁੱਕਣੇ ਚਾਹੀਦੇ ਹਨ।



ਜ਼ਿਕਰਯੋਗ ਹੈ ਕਿ ਸੰਤ ਅਜੀਤ ਸਿੰਘ ਆਪਣੇ ਬੇਬਾਕ ਬਿਆਨਾਂ ਲਈ ਜਾਣੇ ਜਾਂਦੇ ਹਨ ਤੇ ਉਨ੍ਹਾਂ ਵੱਲੋਂ ਪੰਜਾਬ ਵਿਚ ਭ੍ਰਿਸ਼ਟਾਚਾਰ ਹੋਣ ਬਾਰੇ ਦਿੱਤੇ ਗਏ ਤਾਜ਼ਾ ਬਿਆਨ ਭ੍ਰਿਸ਼ਟਾਚਾਰ ਦੇ ਮੁੱਦੇ 'ਤੇ ਕਾਂਗਰਸ ਨੂੰ ਘੇਰਨ ਦੀ ਕੋਸ਼ਿਸ਼ ਕਰ ਰਹੇ ਅਕਾਲੀ ਦਲ ਦੀ ਪ੍ਰੇਸ਼ਾਨੀ ਦਾ ਸਬੱਬ ਬਣ ਗਏ ਹਨ। ਸੰਤ ਅਜੀਤ ਸਿੰਘ ਨੇ ਬਾਬਾ ਰਾਮਦੇਵ ਵੱਲੋਂ ਕਾਲੇ ਧਨ ਤੇ ਭ੍ਰਿਸ਼ਟਾਚਾਰ ਵਿਰੁੱਧ ਸ਼ੁਰੂ ਕੀਤੀ ਮੁਹਿੰਮ ਦੀ ਹਮਾਇਤ ਕਰਦਿਆਂ ਕਿਹਾ ਕਿ ਵਿਦੇਸ਼ਾਂ ਵਿਚ ਪਿਆ ਕਾਲਾ ਧੰਨ ਵਾਪਸ ਲਿਆਂਦਾ ਜਾਣਾ ਚਾਹੀਦਾ ਹੈ ਤੇ ਸਬੰਧਤ ਵਿਅਕਤੀਆਂ ਵਿਰੁੱਧ ਕਾਰਵਾਈ ਹੋਣੀ ਚਾਹੀਦੀ ਹੈ।

# ਵਿਧਾਇਕਾਂ ਨੇ ਸਲਾਹ ਦੇਣ ਦੇ ਹੀ ਸਾਢੇ ਸੋਲਾਂ ਲੱਖ ਵਸੂਲੇ

**ਬਠਿੰਡਾ:** ਪੰਜਾਬ ਦੇ ਵਿਧਾਇਕਾਂ ਤੋਂ ਸਲਾਹ ਲੈਣਾ ਕੋਈ ਸਸਤਾ ਸੌਦਾ ਨਹੀਂ ਤੇ ਇਸ ਕੰਮ ਲਈ ਉਹ ਲੱਖਾਂ ਰੁਪਏ ਵਸੂਲਦੇ ਹਨ। ਸਰਕਾਰ ਨੇ ਵਿਧਾਇਕਾਂ ਤੋਂ ਕਿਤਾਬਾਂ ਖਰੀਦਣ ਲਈ ਸਲਾਹ ਦਾ ਉਨ੍ਹਾਂ ਨੂੰ 16.45 ਲੱਖ ਰੁਪਏ ਦਾ ਭੁਗਤਾਨ ਕੀਤਾ ਹੈ ਜਦੋਂਕਿ ਕਿਤਾਬਾਂ ਦਾ ਮੁੱਲ ਸਿਰਫ 85 ਹਜ਼ਾਰ ਰੁਪਏ ਹੈ। ਇਹ ਪੁਸਤਕਾਂ ਵਿਧਾਨ ਸਭਾ ਲਾਇਬ੍ਰੇਰੀ ਲਈ ਖ਼ਰੀਦੀਆਂ ਗਈਆਂ ਹਨ। ਪੰਜਾਬ ਸਰਕਾਰ ਨੇ ਚਾਰ ਵਰ੍ਹਿਆਂ 'ਚ 85,798 ਰੁਪਏ ਖਰਚ ਕੇ ਤਕਰੀਬਨ 200 ਕਿਤਾਬਾਂ ਖਰੀਦੀਆਂ ਹਨ। ਇਨ੍ਹਾਂ ਕਿਤਾਬਾਂ ਦੀ ਚੋਣ ਲਈ ਵਿਧਾਇਕਾਂ ਵੱਲੋਂ ਦਿੱਤੀ ਸਲਾਹ ਦੀ ਕੀਮਤ 16,45,498 ਰੁਪਏ ਤਾਰਨੀ ਪਈ ਹੈ। ਵਿਧਾਇਕਾਂ ਨੇ ਪੁਸਤਕਾਂ ਦੀ ਚੋਣ ਕਰਨ ਲਈ ਪਹਾੜੀ ਸਥਾਨ 'ਤੇ ਜਾ ਕੇ ਮੀਟਿੰਗਾਂ ਕੀਤੀਆਂ। ਵਿਧਾਨ ਸਭਾ ਲਾਇਬ੍ਰੇਰੀ ਦੀ ਬਿਹਤਰੀ ਤੇ ਪੁਸਤਕਾਂ ਦੀ ਚੋਣ ਲਈ ਇਕ ਲਾਇਬ੍ਰੇਰੀ ਕਮੇਟੀ ਬਣੀ ਹੋਈ ਹੈ ਜਿਸ ਦੇ ਮੈਂਬਰ ਵਿਧਾਇਕ ਹੁੰਦੇ ਹਨ। ਲਾਇਬ੍ਰੇਰੀ ਕਮੇਟੀ ਵੱਲੋਂ ਪੁਸਤਕਾਂ ਦੀ ਚੋਣ ਲਈ ਕੀਤੀ ਜਾਂਦੀ ਮੀਟਿੰਗ ਦਾ ਟੀ.ਏ/ਡੀ.ਏ. ਬਕਾਇਦਾ ਹਰ ਵਿਧਾਇਕ ਮੈਂਬਰ ਨੂੰ ਮਿਲਦਾ ਹੈ। ਕਿਤਾਬਾਂ ਦੇ ਖਰੀਦ ਮੁੱਲ ਨਾਲੋਂ ਕਈ ਗੁਣਾ ਜ਼ਿਆਦਾ ਭੱਤੇ ਵਿਧਾਇਕਾਂ ਦੇ ਬਣ ਜਾਂਦੇ ਹਨ।

ਪੰਜਾਬ ਵਿਧਾਨ ਸਭਾ ਵੱਲੋਂ ਸੂਚਨਾ ਅਧਿਕਾਰ ਤਹਿਤ ਦਿੱਤੇ ਵੇਰਵੇ ਕਾਫੀ ਦਿਲਚਸਪ ਹਨ। ਲਾਇਬ੍ਰੇਰੀ ਕਮੇਟੀ ਵੱਲੋਂ ਸਾਲ 2007-08 ਤੋਂ 2010-11 ਦੌਰਾਨ ਲਾਇਬ੍ਰੇਰੀ ਲਈ ਕਿਤਾਬਾਂ ਦੀ ਚੋਣ ਤੇ ਬਿਹਤਰੀ ਲਈ 91 ਮੀਟਿੰਗਾਂ ਕੀਤੀਆਂ ਗਈਆਂ। ਇਨ੍ਹਾਂ ਮੀਟਿੰਗਾਂ 'ਚ ਸ਼ਾਮਲ ਹੋਏ ਮੈਂਬਰ ਵਿਧਾਇਕਾਂ ਨੂੰ 16.45 ਲੱਖ ਰੁਪਏ ਭੱਤਿਆਂ ਵਜੋਂ ਦਿੱਤੇ ਗਏ। 91 ਮੀਟਿੰਗਾਂ 'ਚ ਕੇਵਲ 200 ਕਿਤਾਬਾਂ ਦੀ ਚੋਣ ਹੀ ਕੀਤੀ ਗਈ ਹੈ। ਮੈਂਬਰ ਵਿਧਾਇਕਾਂ ਨੇ ਕਾਫੀ ਮੀਟਿੰਗਾਂ ਪੰਜਾਬ ਤੋਂ ਬਾਹਰ ਜਾ ਕੇ ਕੀਤੀਆਂ। ਪਹਿਲੀ ਤੇ ਦੂਜੀ ਅਗਸਤ 2007 ਨੂੰ ਸ਼ਿਮਲਾ ਵਿਖੇ ਮੀਟਿੰਗ ਕੀਤੀ। ਵਿਧਾਇਕਾਂ ਨੇ 27 ਤੋਂ 29 ਅਕਤੂਬਰ 2009 ਤਕ ਮੀਟਿੰਗ ਜੈਪੁਰ 'ਚ ਕੀਤੀ। ਹਾਲਾਂ ਕਿ ਜ਼ਿਆਦਾ ਮੀਟਿੰਗਾਂ ਚੰਡੀਗੜ੍ਹ 'ਚ ਹੋਈਆਂ ਹਨ। ਫਿਰ ਵੀ ਪੰਜਾਬੋਂ ਬਾਹਰ ਹੋਈਆਂ ਮੀਟਿੰਗਾਂ ਵੀ ਕਾਫੀ ਹਨ। ਲਾਇਬ੍ਰੇਰੀ ਕਮੇਟੀ ਦੇ ਵਿਧਾਇਕਾਂ ਨੇ 13 ਤੇ 14 ਫਰਵਰੀ 2008 ਨੂੰ ਤਾਮਿਲਨਾਡੂ ਦੇ ਊਟੀ ਨੂੰ ਮੀਟਿੰਗ ਲਈ ਚੁਣਿਆ। ਏਡੀ ਦੂਰ ਜਾ ਕੇ ਵਿਧਾਇਕਾਂ ਨੇ ਕਿਤਾਬਾਂ ਖਰੀਦਣ ਲਈ ਮਸ਼ਵਰਾ ਦਿੱਤਾ। ਇਸੇ ਤਰ੍ਹਾਂ 15 ਫਰਵਰੀ 2008 ਨੂੰ ਕੋਇੰਬਟੂਰ 'ਚ ਮੀਟਿੰਗ ਰੱਖੀ। 11 ਤੇ 12 ਫਰਵਰੀ 2008 ਨੂੰ ਇਸੇ ਤਰ੍ਹਾਂ ਦੀ ਮੀਟਿੰਗ ਚੇਨੱਈ 'ਚ ਰੱਖੀ ਗਈ। 17 ਮੀਟਿੰਗਾਂ ਸਿਰਫ ਨਵੀਂ ਦਿੱਲੀ 'ਚ ਕੀਤੀਆਂ ਗਈਆਂ। ਇਨ੍ਹਾਂ ਸਭ ਮੀਟਿੰਗਾਂ ਦਾ ਵਿਧਾਇਕਾਂ ਨੇ ਬਾਕਾਇਦਾ ਟੀ.ਏ. ਡੀ.ਏ. ਵਸੂਲ ਕੀਤਾ ਹੈ। ਪੰਜਾਬ 'ਚ ਕੇਵਲ ਇਕੋ ਮੀਟਿੰਗ ਰੱਖੀ ਹੈ ਜੋ ਕਿ ਪਟਿਆਲਾ ਵਿਖੇ 21 ਨਵੰਬਰ 2005 ਨੂੰ ਹੋਈ ਸੀ। ਉਂਜ ਜੇ ਸਾਲ 2004-05 ਤੋਂ ਹੁਣ ਤੱਕ ਦਾ ਲੇਖਾ ਜੋਖਾ ਕਰੀਏ ਤਾਂ ਵਿਧਾਨ ਸਭਾ ਲਾਇਬ੍ਰੇਰੀ ਲਈ ਇਨ੍ਹਾਂ ਸੱਤ ਵਰ੍ਹਿਆਂ ਦੌਰਾਨ 711 ਪੁਸਤਕਾਂ ਖਰੀਦ ਕੀਤੀਆਂ ਗਈਆਂ ਹਨ ਜਿਨ੍ਹਾਂ 'ਤੇ 3,98,380 ਰੁਪਏ ਖਰਚ ਕੀਤੇ ਗਏ। ਸੱਤ ਸਾਲਾਂ 'ਚ ਲਾਇਬ੍ਰੇਰੀ ਕਮੇਟੀ ਦੀਆਂ ਕੁੱਲ 157 ਮੀਟਿੰਗਾਂ ਹੋਈਆਂ। ਹਰ ਮੀਟਿੰਗ 'ਚ ਔਸਤਨ ਚਾਰ ਤੋਂ ਪੰਜ ਪੁਸਤਕਾਂ ਦੀ ਚੋਣ ਕੀਤੀ ਗਈ ਹੈ।

## ਆਸਟਰੇਲੀਆ 'ਚ ਪੰਜਾਬੀ ਟੈਕਸੀ ਚਾਲਕ ਦੀ ਕੁੱਟਮਾਰ

**ਮੈਲਬਰਨ:** ਆਸਟਰੇਲੀਆ ਦੇ ਮੈਲਬਰਨ ਸ਼ਹਿਰ ਦੇ ਪੂਰਬੀ ਹਿੱਸੇ ਕੀਊ 'ਚ ਇਕ ਹੋਟਲ ਨਜ਼ਦੀਕ ਕੁਝ ਗੋਰਿਆਂ ਨੇ ਪੰਜਾਬੀ ਟੈਕਸੀ ਚਾਲਕ ਨੌਜਵਾਨ 'ਤੇ ਹਮਲਾ ਕਰਕੇ ਉਸ ਦੀ ਕੁੱਟਮਾਰ ਕੀਤੀ ਹੈ। ਜਸਵਿੰਦਰ ਸਿੰਘ (25) ਅਨੁਸਾਰ ਸਥਾਨਕ ਹਾਰਪ ਹੋਟਲ ਤੋਂ ਚਾਰ ਜਣੇ ਉਸ ਦੀ ਟੈਕਸੀ 'ਚ ਬੈਠੇ ਤੇ ਰਸਤੇ 'ਚ ਅਗਲੀ ਸੀਟ 'ਤੇ ਬੈਠੇ ਮੁੰਡੇ ਨੇ ਸਿਗਰਟ ਲਾ ਲਈ। ਜਸਵਿੰਦਰ ਨੇ ਜਿਵੇਂ ਹੀ ਸਿਗਰਟ ਬੁਝਾਉਣ ਲਈ ਕਿਹਾ ਤਾਂ ਪਿਛੇ ਬੈਠੇ ਮੁੰਡਿਆਂ ਨੇ ਉਸ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ। ਗੱਡੀ ਰੋਕਣ 'ਤੇ ਉਹ ਉਤਰ ਕੇ ਭੱਜ ਗਏ। ਬਿਜ਼ਨਸ ਮੈਨੇਜਮੈਂਟ ਦੀ ਪੜ੍ਹਾਈ ਕਰਦੇ ਇਸ ਪੰਜਾਬੀ ਨੌਜਵਾਨ ਨੇ ਪਿਛਲੇ ਮਹੀਨੇ ਕੰਮ ਦੀ ਸ਼ੁਰੂਆਤ ਕੀਤੀ ਸੀ। ਭਾਰਤੀ ਸਫ਼ਾਰਤਖਾਨੇ ਦੇ ਉੱਚ ਅਧਿਕਾਰੀ ਰਾਕੇਸ਼ ਕਾਬਰਾ ਨੇ ਦੱਸਿਆ ਕਿ ਇਸ ਘਟਨਾ ਦੀ ਪੁਲੀਸ ਜਾਂਚ ਜਾਰੀ ਹੈ।

**SUPER TRAVEL**
847-676-9090, 773-465-5566
E-mail: supertravel2003@yahoo.com
*Lowest Fares With Excellent Service*
AMERICAN AIR, CONTINENTAL AIR
JET AIRWAYS DELTA, AIR INDIA, KLM, LUFTHANSA.

For Emergency Call anytime at 847-673-3825
EARLY BIRD SALE!!!!
India $545 London $250

**ਘਰ ਕਿਰਾਏ ਲਈ ਖਾਲੀ ਹੈ**
ਲੈਥਰੋਪ, ਕੈਲੀਫੋਰਨੀਆ ਵਿਚ 2 ਬੈਡਰੂਮ, 2 ਬਾਥ,
ਖੂਬਸੂਰਤ ਯਾਰਡ, ਬਹੁਤ ਵਧੀਆ ਲੋਕੇਸ਼ਨ
ਫਰੀਵੇ ਅਤੇ ਗਰੌਸਰੀ ਸਟੋਰਾਂ ਦੇ ਬਿਲਕੁਲ ਕਰੀਬ
ਕਿਰਾਇਆ 850 ਡਾਲਰ ਮਹੀਨਾ
ਕਾਲ ਕਰੋ: 408-314-2975

www.punjabtimesusa.com



ਗੁਰਬਰਿੰਦਰ ਸਿੰਘ ਰਾਜਾ ਨੂੰ ਪੰਜਾਬ ਟਾਈਮਜ਼ ਦਾ ਸੈਕਰਾਮੈਂਟੋ ਲਈ ਪ੍ਰਤੀਨਿਧ ਨਿਯੁਕਤ ਕੀਤਾ ਗਿਆ ਹੈ। ਖਬਰਾਂ ਅਤੇ ਇਸ਼ਤਿਹਾਰ ਵਗੈਰਾ ਲਈ ਉਨ੍ਹਾਂ ਨਾਲ ਸੰਪਰਕ ਫੋਨ 916-533-2678 'ਤੇ ਕੀਤਾ ਜਾ ਸਕਦਾ ਹੈ।

**ਰੇਡੀਓ ਚੜ੍ਹਦੀ ਕਲਾ ਸੁਣੋ**
ਯੂਬਾ ਸਿਟੀ ਇਲਾਕੇ ਵਿਚ ਆਪਣੇ ਘਰਾਂ ਵਿਚ ਪਏ ਪੁਰਾਣੇ ਰੇਡੀਓ ਸੈਟਾਂ ਉਪਰ
ਪੂਰੇ ਅਮਰੀਕਾ ਦੇ ਕਿਸੇ ਵੀ ਸ਼ਹਿਰ ਜਾਂ ਪਿੰਡ ਵਿਚ ਰੇਡੀਓ ਚੜ੍ਹਦੀ ਕਲਾ ਸੁਣਨ ਲਈ ਅੱਜ ਹੀ ਰੇਡੀਓ ਖਰੀਦਣ ਲਈ ਫੋਨ ਕਰੋ
ਗੁਰਚਰਨ ਸਿੰਘ ਮਾਨ, 510-557-0061
ਲਖਵੀਰ ਸਿੰਘ, 510-768-9882


ਬੇਏਰੀਆ ਵਿਚ Santa Cruz, San Jose, Santa Clara, Fremont, Union City ਅਤੇ ਆਸ-ਪਾਸ ਦੇ ਸਾਰੇ ਸ਼ਹਿਰਾਂ ਵਿਚ
> ਇੰਟਰਨੈਟ ਉਪਰ WWW.RADIOCK.COM ਦੁਨੀਆਂ ਭਰ ਵਿਚ ਸੁਣੋ
> ਗੁਰਬਾਣੀ ਵਿਚਾਰ ਪ੍ਰੋਗਰਾਮ ਸਵੇਰੇ 7 ਵਜੇ ਤੋਂ 10 ਵਜੇ ਤੱਕ
> ਪ੍ਰੋ. ਸਰਬਜੀਤ ਸਿੰਘ ਗੋਵਿੰਦਪੁਰੀ ਦਾ ਸਟੂਡੀਓ ਤੋਂ ਲਾਈਵ ਪ੍ਰੋਗਰਾਮ
> ਸੈਨ ਹੋਜ਼ੇ ਗੁਰੂ ਘਰ ਤੋਂ ਰਹਿਰਾਸ, ਗੁਰਬਾਣੀ ਕਥਾ ਤੇ ਕੀਰਤਨ ਦਾ ਸਿੱਧਾ ਪ੍ਰਸਾਰਣ
> ਬਾਕੀ ਪ੍ਰੋਗਰਾਮ- ਟਾਕ ਸ਼ੋਅ, ਬੁਝਾਰਤਾਂ, ਡਾਕਟਰ ਦੀ ਸਲਾਹ, ਖਬਰਾਂ ਅਤੇ ਸਭਿਆਚਾਰਕ ਪ੍ਰੋਗਰਾਮ ਵੀ ਸਿੱਧੇ ਪ੍ਰਸਾਰਿਤ ਹੁੰਦੇ ਹਨ।
ਹੋਰ ਜਾਣਕਾਰੀ ਲਈ ਸਾਡੀ ਵੈਬਸਾਈਟ 'ਤੇ ਜਾਓ www.radiock.com
**Radio CK, PO Box 296, Fremont, CA 94537**
**Purchase radio from:** *Royal Bazar Alum Rock Ave San Jose, Preet Fabrik and appliances Fremont, Kash Fabrik Hayward, Sidhartha International Fremont, Roshni Decoto Road Union City*

**MRP TRAVEL**
*Lowest International and Domestic Fares*
ARC **FLY ANY AIRLINE OF YOUR CHOICE** IATA
*Providing the lowest Airfare, Cruise and Travel Packages to Asia, Africa, Europe, the Middle East and North America*
**408-929-8005**
E-mail:mrptravel@gmail.com
2123 Port Way, San Jose, CA 95133
*CST: 2097308-40*

Asiana Airlines Emirates SINGAPORE AIRLINES CATHAY PACIFIC KOREAN AIR Lufthansa CHINA AIRLINES
**We Also Offer Notary Service**

## Matrimonials

ਜੀਵਨ ਸਾਥੀ ਦੀ ਲੋੜ

Looking for a widow/divorcee independent professional lady in 60s to share walk & talk, views & cruises with retired US citizen physician, 78, wife died five years ago. No responsibilities. Call:315-383-2008

Indian Attorney in 60s, Height 5'-6", slim body, is looking for a sincere, educated, God fearing, companion, caste no bar,serious inquiries only. email: Ph - 323-573-9315, Email: singhb1@yahoo.com

ਇੰਡੀਆ ਰਹਿੰਦੇ ਖੂਬਸੂਰਤ 25 ਸਾਲਾ, 5'-11" ਗੁਰਸਿੱਖ ਵਿਲੋਂ ਜੱਟ ਲੜਕੇ ਲਈ ਅਮਰੀਕੀ ਜਾਂ ਕੈਨੇਡੀਅਨ ਸਿਟੀਜ਼ਨ ਲੜਕੀ ਦੀ ਲੋੜ ਹੈ। ਸੰਪਰਕ ਕਰੋ: 847-454-4062

US/Canadian citizen girl sought for Canadian citizen Kamboj Sikh cleanshave boy 27, 5' 7", Chem. engg., working with SNC Lavalin. No bars. Pl. contact: e-mail at: ravhanda@hotmail.com

*To Advertise with Punjab Times*
*Call: 847-359-0746*
*web:wwwpunjabtimesusa.com*

**Desi Cuts and Color Plus**
For Men, Women & Children

Mandeep 510-200-4415
Grand Opening
Ph:510-429-0786

Tony (510) 825-0820
Monday to Friday 9:00-7:30 (Tuesday Closed)
Saturday 9:00-7:00, Sunday 10:00-6:00
ਜਿੰਦਗੀ ਵਿਚ ਕਾਮਯਾਬੀ ਲਈ ਸਮਾਰਟ ਹੋਣਾ ਹੀ ਜਰੂਰੀ ਨਹੀਂ ਬਲਕਿ ਵਧੀਆ ਦਿਖਣਾ ਵੀ ਜਰੂਰੀ ਹੈ। ਵਧੀਆ ਹੇਅਰ ਕਟਿੰਗ ਤੇ ਆਪਣੀ ਦੱਖ ਹੋਰ ਸੋਹਣੀ ਬਣਾਉਣ ਲਈ ਅਜ ਹੀ ਮਿਲੋ ਮਿਸਟਰ ਟੋਨੀ ਨੂੰ, ਜੋ ਕਿ ਇੰਡੀਆ, ਇੰਗਲੈਂਡ ਯੂ ਕੇ, ਅਮਰੀਕਾ ਕੁਆਲੀਫਾਈਡ ਬਾਰਬਰ ਨੇ।
Hair cut
Beard Perm
Hair styler
Color
Facial, Threading and Waxing (Special Lady)
34685 Alvarado Niles Rd., Union City, CA 94587 (Behind Tacobell)



**Business Opportunity**
International Company looking for serious people to work from home-part time or full time. Great earning potential, full training and support provided. To attend training in your area.
For more info. call:
**Sukhpreet Kaur Indiana**
**Ph:317-884-3557**
*spkaurus@yahoo.co.in*
*www.shopherbalife.com/skaur*

FARMERS INSURANCE GROUP Symbol of Superior Service
**FARMERS**
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
***Auto *Home *Life *Umbrella**
***Business Work Comp.**
**Duabba Insurance Agency**
2450 Peralta Blvd Suite 120, Fremont CA 94536
**Phone: 510-797-7989 Fax: 510-794-7398**
visit us@ farmers.com


**Gurcharan Singh Mann**
**Insurance Agent**
License # 0C 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

## ਵਿਰਾਸਤ ਦੀ ਬੇਕਦਰੀ

# ਮਹਾਰਾਜਾ ਰਣਜੀਤ ਸਿੰਘ ਦੇ ਜਨਮ ਸਥਾਨ ’ਤੇ ਬਣਿਆ ਥਾਣਾ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪਾਕਿਸਤਾਨ ਦੇ ਗੁੱਜਰਾਂਵਾਲਾ ਜ਼ਿਲ੍ਹੇ ’ਚ ਸਬਜ਼ੀ ਮੰਡੀ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਜਨਮ ਵਾਲੀ ਥਾਂ ਹੁਣ ਪੁਲੀਸ ਸਟੇਸ਼ਨ ਬਣਿਆ ਹੋਇਆ ਹੈ। ਜਿਹੜੇ ਕਮਰੇ ’ਚ ਮਹਾਰਾਜਾ ਰਣਜੀਤ ਸਿੰਘ ਦਾ ਜਨਮ ਹੋਇਆ ਸੀ, ਉਹ ਕਮਰਾ ਹਵਾਲਾਤ ਵਜੋਂ ਵਰਤਿਆ ਜਾਂਦਾ ਹੈ। ਸੀਨੀਅਰ ਕਾਂਗਰਸੀ ਆਗੂ ਤੇ ਲੋਕ ਸਭਾ ਮੈਂਬਰ ਰਾਜੀਵ ਸ਼ੁਕਲਾ ਨੇ ਹਾਲ ਹੀ ’ਚ ਆਪਣੀ ਪਾਕਿਸਤਾਨ ਫੇਰੀ ਮਗਰੋਂ ਇਹ ਖੁਲਾਸਾ ਕੀਤਾ ਹੈ।

ਸ੍ਰੀ ਸ਼ੁਕਲਾ ਚਾਹੁੰਦੇ ਹਨ ਕਿ ਜਦੋਂ ਦੋਵੇਂ ਮੁਲਕਾਂ ਦੀ ਸਕੱਤਰ ਪੱਧਰ ਦੀ ਵਾਰਤਾ ਹੋਵੇ ਤਾਂ ਪਾਕਿਸਤਾਨ ਕੋਲ ਇਹ ਮਾਮਲਾ ਉਠਾਇਆ ਜਾਵੇ ਕਿ ਇਸ ਸਿੱਖ ਵਿਰਾਸਤ ਨੂੰ ਗੁਰਦੁਆਰੇ ’ਚ ਤਬਦੀਲ ਕੀਤਾ ਜਾਵੇ। ਉਨ੍ਹਾਂ ਨੇ ਪ੍ਰਧਾਨ ਮੰਤਰੀ ਨੂੰ ਲਿਖੇ ਪੱਤਰ ’ਚ ਕਿਹਾ ਹੈ ਕਿ ਅਜਿਹੀਆਂ ਗੱਲਾਂ ਲੋਕਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਂਦੀਆਂ ਹਨ। ਉਨ੍ਹਾਂ ਦੱਸਿਆ ਕਿ ਆਪਣੀ ਪਿਛਲੀ ਫੇਰੀ ਦੌਰਾਨ ਉਨ੍ਹਾਂ ਨੇ ਪੱਛਮੀ ਪੰਜਾਬ ਦੇ ਉਸ ਵੇਲੇ ਦੇ ਮੁੱਖ ਮੰਤਰੀ ਪਰਵੇਜ਼ ਇਲਾਹੀ ਨੂੰ ਇਸ ਬਾਰੇ ਬੇਨਤੀ ਕੀਤੀ ਸੀ। ਪੁਰਾਤਤਵ ਵਿਭਾਗ ਵੱਲੋਂ ਸਿੱਖ ਵਿਰਾਸਤ ਐਲਾਨੀ ਗਈ ਇਸ ਇਮਾਰਤ ਨੂੰ ਸੰਭਾਲਿਆ ਜਾਣਾ ਸੀ ਪਰ ਅਜਿਹਾ ਕੁਝ ਨਹੀਂ ਹੋ ਸਕਿਆ। ਸਿੱਖ ਵੈਬਸਾਈਟ ਅਨੁਸਾਰ ਇਹ ਇਮਾਰਤ ਖੂਬਸੂਰਤ ਤੇ ਖੁੱਲ੍ਹੀ-ਡੁੱਲੀ ਹੈ। ਇਸ ਦਾ ਖੁੱਲ੍ਹਾ ਵਿਹੜਾ ਹੈ। ਦੋ ਹਿੱਸਿਆਂ ’ਚ ਵੰਡੀ ਇਸ ਇਮਾਰਤ ਦੇ ਪਿਛਲੇ ਹਿੱਸੇ ’ਚ 2 ਨਵੰਬਰ 1780 ਨੂੰ ਬੀਬੀ ਰਾਜ ਕੌਰ ਦੀ ਕੁੱਖੋਂ ਮਹਾਰਾਣਾ ਰਣਜੀਤ ਸਿੰਘ ਦਾ ਜਨਮ ਹੋਇਆ ਸੀ। ਉਨ੍ਹਾਂ ਦਾ ਬਚਪਨ ਵੀ ਇਥੇ ਹੀ ਬੀਤਿਆ ਸੀ। ਇਸ ਇਮਾਰਤ ਦੀਆਂ ਛੱਤਾਂ ਤੇ ਕੰਧਾਂ ਖਸਤਾ ਹਾਲ ’ਚ ਹਨ। ਹੁਣ ਇਸ ’ਚ ਪੁਲੀਸ ਥਾਣਾ ਵੀ ਹੈ।



*ਲਾਹੌਰ ਵਿਖੇ ਉਹ ਕਿਲਾ ਜਿੱਥੇ ਮਹਾਰਾਜਾ ਰਣਜੀਤ ਸਿੰਘ ਦਾ ਜਨਮ ਹੋਇਆ ਸੀ।*

ਵੈਬਸਾਈਟ ਅਨੁਸਾਰ ਇਸ ਘਰ ਦੇ ਇਕ ਹਿੱਸੇ ’ਚ ਇਕ ਸੁਨਿਆਰੇ ਦੀ ਵਾਤਾਨਕੂਲ ਦੁਕਾਨ ਹੈ। ਵੈਬਸਾਈਟ ’ਤੇ ਕਿਹਾ ਗਿਆ ਹੈ ਕਿ ਜੇਕਰ ਹਾਲਾਤ ਇਹੋ ਰਹੇ ਤਾਂ ਕਿਸੇ ਦਿਨ ਇਤਿਹਾਸ ਦਾ ਇਹ ਅੰਸ਼ ਉੱਕਾ ਹੀ ਮਲੀਆਮੇਟ ਹੋ ਜਾਏਗਾ। ਰਾਜੀਵ ਸ਼ੁਕਲਾ ਨੇ ਦੱਸਿਆ ਕਿ ਉਹ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜਨਮ ਭੂਮੀ ਨਨਕਾਣਾ ਸਾਹਿਬ ਵੀ ਗਿਆ ਸੀ। ਜਿੱਥੇ ਸਾਰੇ ਗ੍ਰੰਥੀਆਂ ਤੇ ਸੇਵਾਦਾਰਾਂ ਨੇ ਇਹੋ ਸ਼ਿਕਾਇਤ ਕੀਤੀ ਕਿ ਉਨ੍ਹਾਂ ਨੂੰ ਸ੍ਰੀ ਹਰਿਮੰਦਰ ਸਾਹਿਬ ਤੇ ਹੋਰ ਸਿੱਖ ਅਸਥਾਨਾਂ ਦੇ ਦਰਸ਼ਨ ਕਰਨ ਜਾਣ ਲਈ ਭਾਰਤ ਦਾ ਵੀਜ਼ਾ ਨਹੀਂ ਮਿਲਦਾ। ਉਨ੍ਹਾਂ ਕਿਹਾ ਕਿ ਭਾਰਤ ’ਚ ਜਦੋਂ ਵੀ ਕੋਈ ਘਟਨਾ ਹੁੰਦੀ ਹੈ, ਨਨਕਾਣਾ ਸਾਹਿਬ ਦੇ ਸਥਾਨਕ ਲੋਕ ਗੁਰਦੁਆਰਿਆਂ ’ਤੇ ਪਥਰਾਓ ਕਰਨ ਲੱਗ ਜਾਂਦੇ ਹਨ ਤੇ ਇਸਲਾਮਾਬਾਦ ਸਥਿਤ ਭਾਰਤੀ ਹਾਈ ਕਮਿਸ਼ਨ ਵਾਲੇ ਉਨ੍ਹਾਂ ਨੂੰ ਪਾਕਿਸਤਾਨੀ ਮੰਨ ਕੇ ਭਾਰਤ ਦੇ ਵੀਜ਼ੇ ਨਹੀਂ ਦੇ ਰਹੇ। ਪ੍ਰਧਾਨ ਮੰਤਰੀ ਨੂੰ ਲਿਖੇ ਪੱਤਰ ’ਚ ਰਾਜੀਵ ਸ਼ੁਕਲਾ ਨੇ ਸੁਝਾਅ ਦਿੱਤਾ ਹੈ ਕਿ ਸਾਨੂੰ ਉਨ੍ਹਾਂ ਨੂੰ (ਪਾਕਿ ਸਿੱਖਾਂ ਨੂੰ) ਸ਼ੱਕ ਨਾਲ ਨਹੀਂ ਦੇਖਣਾ ਚਾਹੀਦਾ। ਭਾਰਤੀ ਹਾਈ ਕਮਿਸ਼ਨ ਨੂੰ ਨਿਰਦੇਸ਼ ਦਿੱਤੇ ਜਾਣੇ ਚਾਹੀਦੇ ਹਨ ਕਿ ਪਾਕਿਸਤਾਨ ਵਿਚਲੇ ਸਾਡੇ ਸਿੱਖ ਭਰਾਵਾਂ ਨੂੰ ਵੀਜ਼ੇ ਦੇਣ ’ਚ ਨਰਮੀ ਵਰਤੀ ਜਾਵੇ।

## ਛੇ ਵਰ੍ਹਿਆਂ ਤੋਂ ਨਹੀ ਮਿਲੇ ਮਹਾਰਾਜਾ ਰਣਜੀਤ ਸਿੰਘ ਪੁਰਸਕਾਰ



**ਜਲੰਧਰ:** ਸੂਬੇ ਦੇ ਖਿਡਾਰੀਆਂ ਨੂੰ ਪਿਛਲੇ 6 ਸਾਲਾਂ ਤੋਂ ਮਹਾਰਾਜਾ ਰਣਜੀਤ ਸਿੰਘ ਐਵਾਰਡ ਨਹੀਂ ਵੰਡੇ ਜਾ ਰਹੇ ਹਾਲਾਂਕਿ ਪੰਜਾਬ ਸਰਕਾਰ ਵੱਲੋਂ ਬਣਾਈ ਗਈ ਨਵੀਂ ਖੇਡ ਨੀਤੀ ਅਨੁਸਾਰ ਇਸ ਐਵਾਰਡ ’ਚ ਦਿੱਤੀ ਜਾਣ ਵਾਲੀ ਨਕਦ ਰਾਸ਼ੀ ਦੁੱਗਣੀ ਕਰ ਦਿੱਤੀ ਗਈ ਹੈ। ਇਹ ਐਵਾਰਡ ਦੇਣ ਲਈ ਹਰ ਸਾਲ ਅਰਜ਼ੀਆਂ ਤਾਂ ਮੰਗ ਲਈਆਂ ਜਾਂਦੀਆਂ ਹਨ ਪਰ ਉਸ ’ਤੇ ਕੋਈ ਅਮਲ ਨਹੀਂ ਹੁੰਦਾ। ਇਹ ਐਵਾਰਡ ਕੈਪਟਨ ਸਰਕਾਰ ਨੇ ਆਖਰੀ ਵਾਰ 2005 ਵਿਚ ਵੰਡੇ ਸਨ। ਉਦੋਂ ਵੀ ਕੈਪਟਨ ਸਰਕਾਰ ਨੇ ਪਿਛਲੇ ਦੋ ਸਾਲਾਂ ਦੇ ਐਵਾਰਡ ਹੀ ਵੰਡੇ ਸਨ। ਜ਼ਿਕਰਯੋਗ ਹੈ ਕਿ ਮਹਾਰਾਜਾ ਰਣਜੀਤ ਸਿੰਘ ਐਵਾਰਡ ਪੰਜਾਬ ਦੇ ਕੌਮੀ ਤੇ ਕੌਮਾਂਤਰੀ ਪੱਧਰ ’ਤੇ ਪੰਜਾਬ ਦਾ ਨਾਂ ਚਮਕਾਉਣ ਵਾਲੇ ਖਿਡਾਰੀਆਂ ਨੂੰ ਦਿੱਤਾ ਜਾਂਦਾ ਹੈ। ਇਸ ਐਵਾਰਡ ਵਿਚ ਇਕ ਲੱਖ ਰੁਪਏ ਦੀ ਨਕਦ ਰਾਸ਼ੀ ਤੇ ਮੋਮੈਂਟੋ ਦਿੱਤਾ ਜਾਂਦਾ ਹੈ। ਨਵੀਂ ਖੇਡ ਨੀਤੀ ਮੁਤਾਬਕ ਇਹ ਰਕਮ ਵਧਾ ਕੇ ਦੋ ਲੱਖ ਰੁਪਏ ਕਰ ਦਿੱਤੀ ਗਈ ਹੈ। ਇਸ ਐਵਾਰਡ ਦੇ ਲੰਮੇ ਸਮੇਂ ਤੋਂ ਨਾ ਦਿੱਤੇ ਜਾਣ ਦਾ ਕਾਰਨ ਪੰਜਾਬ ਸਰਕਾਰ ਦੀ ਆਰਥਿਕ ਤੰਗੀ ਦੱਸਿਆ ਜਾ ਰਿਹਾ ਹੈ। ਹੁਣ ਤੱਕ ਮਹਾਰਾਜਾ ਰਣਜੀਤ ਸਿੰਘ ਐਵਾਰਡ ਪੰਜਾਬ ਦੇ ਤਕਰੀਬਨ 100 ਖਿਡਾਰੀਆਂ ਨੂੰ ਦਿੱਤਾ ਜਾ ਚੁੱਕਾ ਹੈ ਪਰ ਅੱਗੇ ਤੋਂ ਇਹ ਐਵਾਰਡ ਦੇਣ ’ਚ ਹੋ ਰਹੀ ਦੇਰੀ ਕਾਰਨ ਬਹੁਤ ਸਾਰੇ ਖਿਡਾਰੀ ਨਿਰਾਸ਼ਾ ਦੇ ਆਲਮ ਵਿਚ ਹਨ।

## 17 ਪੰਜਾਬੀਆਂ ਦੀ ਸਜ਼ਾ ਮੁਆਫ਼ੀ ਦੇ ਮਾਮਲੇ ’ਚ ਖੜੋਤ

**ਦੁਬਈ:** ਇਕ ਪਾਕਿਸਤਾਨੀ ਨਾਗਰਿਕ ਦੇ ਕਤਲ ਦੇ ਮਾਮਲੇ ਵਿਚ ਮੌਤ ਦੀ ਸਜ਼ਾ ਦਾ ਸਾਹਮਣਾ ਕਰ ਰਹੇ 17 ਪੰਜਾਬੀਆਂ ਦੀਆਂ ਮੁਸੀਬਤਾਂ ਛੇਤੀ ਖਤਮ ਹੁੰਦੀਆਂ ਨਜ਼ਰ ਨਹੀਂ ਆ ਰਹੀਆਂ ਤੇ ਪੀੜਤ ਪਰਿਵਾਰ ਨੂੰ 'ਬਲੱਡ ਮਨੀ' ਦੇਣ ਦੀ ਪੇਸ਼ਕਸ਼ ਅਜੇ ਸਿਰੇ ਨਹੀਂ ਚੜ੍ਹੀ। ਬੀਤੇ ਦਿਨ ਸ਼ਾਰਜਾਹ ਦੀ ਅਦਾਲਤ ਨੇ ਦੋਵਾਂ ਧਿਰਾਂ ਨੂੰ ਮਾਮਲਾ ਛੇਤੀ ਨਿਬੇੜ ਲੈਣ ਲਈ ਕਿਹਾ ਤੇ ਮਾਮਲੇ ਦੀ ਸੁਣਵਾਈ 20 ਜੁਲਾਈ ’ਤੇ ਪਾ ਦਿੱਤੀ ਸੀ।

ਮ੍ਰਿਤਕ ਦੇ ਪਰਿਵਾਰ ਨੂੰ ਖੂਨ ਬਦਲੇ ਪੈਸੇ ਦੇਣ ਬਾਰੇ ਗੱਲਬਾਤ ਵਿਚ ਆਈ ਖੜੋਤ ਤੋਂ ਬਾਅਦ ਅਦਾਲਤ ਨੇ 16 ਜੂਨ ਨੂੰ 34 ਦਿਨਾਂ ਲਈ ਸੁਣਵਾਈ ਅੱਗੇ ਪਾਉਂਦਿਆਂ ਦੋਵਾਂ ਪਾਰਟੀਆਂ ਨੂੰ ਕਿਸੇ ਸਮਝੌਤੇ ’ਤੇ ਪੁੱਜਣ ਲਈ ਕਿਹਾ।ਹੈ। ਸ਼ਾਰਜਾਹ ਅਦਾਲਤ ਨੇ 28 ਮਾਰਚ 2010 ਨੂੰ 17 ਭਾਰਤੀਆਂ ਨੂੰ ਮੌਤ ਦੀ ਸਜ਼ਾ ਸੁਣਾਈ ਸੀ ਜਿਨ੍ਹਾਂ ਨੂੰ ਅਦਾਲਤ ਨੇ ਜਨਵਰੀ 2009 ਵਿਚ ਨਾਜਾਇਜ਼ ਸ਼ਰਾਬ ਦੇ ਧੰਦੇ ਨੂੰ ਲੈ ਕੇ ਇਕ ਪਾਕਿਸਤਾਨੀ ਨਾਗਰਿਕ ਨੂੰ ਕਤਲ ਕਰਨ ਦਾ ਦੋਸ਼ੀ ਪਾਇਆ ਸੀ। ਸਥਾਨਕ ਵਪਾਰੀ ਤੇ ਇੰਡੀਅਨ ਪੰਜਾਬੀ ਸੁਸਾਇਟੀ ਦੇ ਸੰਸਥਾਪਕ ਐਸ.ਪੀ. ਸਿੰਘ ਉਬਰਾਏ ਜੋ ਭਾਰਤੀਆਂ ਦੀ ਤਰਫੋਂ ਮਾਮਲੇ ਦੀ ਪੈਰਵਾਈ ਕਰ ਰਹੇ ਹਨ, ਨੇ ਕਿਹਾ ਹੈ ਕਿ ਉਹ ਕਿਸੇ ਵਿਅਕਤੀ ਨੂੰ ਪੀੜਤ ਪਰਿਵਾਰ ਨਾਲ ਸਿੱਧਾ ਰਾਬਤਾ ਕਾਇਮ ਕਰਨ ਲਈ ਪਾਕਿਸਤਾਨ ਭੇਜਣ ਦਾ ਪ੍ਰਬੰਧ ਕਰ ਰਹੇ ਹਨ।

ਉਨ੍ਹਾਂ ਕਿਹਾ ਕਿ ਪਰਿਵਾਰ ਵੱਲੋਂ ਮੁਆਫ਼ ਕਰ ਦੇਣ ਜਾਂ ਬਲੱਡ ਮਨੀ ਲੈ ਲੈਣ ਨਾਲ ਮਾਮਲਾ ਹੱਲ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਪਿਛਲੀ ਸੁਣਵਾਈ ਦੌਰਾਨ ਮੈਂ ਮਾਮਲੇ ਦੇ ਹੱਲ ਲਈ ਇਕ ਕਰੋੜ ਰੁਪਏ ਦੇਣ ਦੀ ਪੇਸ਼ਕਸ਼ ਕੀਤੀ ਸੀ। ਮੈਂ ਇਸ ਪੇਸ਼ਕਸ਼ ’ਤੇ ਕਾਇਮ ਹਾਂ ਤੇ ਆਸ ਕਰਦਾ ਹਾਂ ਕਿ ਮਾਮਲਾ ਜਿੰਨੀ ਛੇਤੀ ਸੰਭਵ ਹੋ ਸਕਿਆ ਹੱਲ ਹੋ ਜਾਵੇਗਾ।

## ਵਿਦੇਸ਼ਾਂ ’ਚ ਉਡਾਰੀ ਮਾਰਨ ਵਾਲੇ ਡਾਕਟਰਾਂ ਦੀ ਹੋਵੇਗੀ ਛੁੱਟੀ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਵਿਦੇਸ਼ ਫੇਰੀ ’ਤੇ ਗਏ ਪੌਣੇ ਤਿੰਨ ਸੌ ਡਾਕਟਰਾਂ ਦੀਆਂ ਸੇਵਾਵਾਂ ਖਤਮ ਕਰਨ ਦਾ ਫੈਸਲਾ ਲਿਆ ਹੈ। ਅਣ-ਅਧਿਕਾਰਤ ਤੌਰ ’ਤੇ ਛੁੱਟੀ ’ਤੇ ਚਲ ਰਹੇ ਡਾਕਟਰ ਵੀ ਸਰਕਾਰ ਦੇ ਇਸ ਫੈਸਲੇ ਦੇ ਘੇਰੇ ਵਿਚ ਸ਼ਾਮਲ ਕੀਤੇ ਗਏ ਹਨ। ਸਰਕਾਰ ਵੱਲੋਂ ਸਿਹਤ ਵਿਭਾਗ ਨੂੰ ਨੌਕਰੀ ਤੋਂ ਹਟਾਏ ਜਾਣ ਵਾਲੇ ਡਾਕਟਰਾਂ ਦੀ ਸੂਚੀ ਤਿਆਰ ਕਰਨ ਲਈ ਕਹਿ ਦਿੱਤਾ ਗਿਆ ਹੈ।

ਪ੍ਰਾਪਤ ਜਾਣਕਾਰੀ ਮੁਤਾਬਕ ਸਰਕਾਰ ਵੱਲੋਂ ਇਨ੍ਹਾਂ ਡਾਕਟਰਾਂ ਦੀ ਛਾਂਟੀ ਦਾ ਫੈਸਲਾ ਲਏ ਜਾਣ ਤੋਂ ਪਹਿਲਾਂ ਆਪਣਾ ਪੱਖ ਕਹਿਣ ਦਾ ਮੌਕਾ ਦਿੱਤਾ ਗਿਆ ਸੀ। ਦੱਸਿਆ ਗਿਆ ਹੈ ਕਿ ਇਸ ਫੈਸਲੇ ਦੇ ਘੇਰੇ ਵਿਚ ਆਏ ਡਾਕਟਰਾਂ ਦੀ ਮਨਜ਼ੂਰਸ਼ੁਦਾ ਛੁੱਟੀ ਖ਼ਤਮ ਹੋ ਚੁੱਕੀ ਹੈ ਤੇ ਇਨ੍ਹਾਂ ਨੇ ਨਾ ਆਪਣੀ ਛੁੱਟੀ ਵਿਚ ਵਾਧਾ ਕਰਾਉਣ ਦੀ ਅਰਜ਼ੀ ਦਿੱਤੀ ਹੈ ਤੇ ਨਾ ਹੀ ਸਰਕਾਰ ਵੱਲੋਂ ਜਾਰੀ ਕਾਰਨ ਦੱਸੋ ਨੋਟਿਸ ਦਾ ਜਵਾਬ ਦੇਣ ਦੀ ਲੋੜ ਸਮਝੀ ਹੈ।

ਸਿਹਤ ਵਿਭਾਗ ਦੇ ਨਿਯਮਾਂ ਅਨੁਸਾਰ ਐਕਸ ਇੰਡੀਆ ਲੀਵ ਪ੍ਰਵਾਨ ਕਰਨ ਦਾ ਅਧਿਕਾਰ ਸਿਰਫ਼ ਵਿਭਾਗ ਦੇ ਸਕੱਤਰ ਕੋਲ ਹੈ। ਇਹ ਛੁੱਟੀ ਇਕ ਮਹੀਨੇ ਤੋਂ ਲੈ ਕੇ ਛੇ ਮਹੀਨੇ ਤਕ ਹੋ ਸਕਦੀ ਹੈ। ਇਸ ਤੋਂ ਪਹਿਲਾਂ ਇਕ ਮਹੀਨੇ ਦੀ ਐਕਸ ਇੰਡੀਆ ਲੀਵ ਮਨਜ਼ੂਰ ਕਰਨ ਦਾ ਅਧਿਕਾਰ ਵਿਭਾਗ ਦੇ ਡਾਇਰੈਕਟਰ ਕੋਲ ਸੀ। ਲੰਬੀ ਛੁੱਟੀ ਲੈਣ ਵਾਲੇ ਡਾਕਟਰਾਂ ਦੀ ਇਕ ਮਹੀਨੇ ਦੀ ਛੁੱਟੀ ਜ਼ਿਲ੍ਹੇ ਦੇ ਚੀਫ਼ ਮੈਡੀਕਲ ਅਫਸਰ ਵੱਲੋਂ ਮਨਜ਼ੂਰ ਕੀਤੀ ਜਾਂਦੀ ਹੈ ਜਦੋਂਕਿ ਤਿੰਨ ਮਹੀਨੇ ਦੀ ਛੁੱਟੀ ਵਿਭਾਗ ਦਾ ਡਾਇਰੈਕਟਰ ਦੇ ਸਕਦਾ ਹੈ। ਉਸ ਤੋਂ ਵੱਧ ਛੁੱਟੀ ਲੈਣ ਵਾਸਤੇ ਵਿਭਾਗ ਦੇ ਸਕੱਤਰ ਤੋਂ ਪ੍ਰਵਾਨਗੀ ਲੈਣੀ ਪੈਂਦੀ ਹੈ।



ਦੱਸਿਆ ਗਿਆ ਹੈ ਕਿ ਐਕਸ ਇੰਡੀਆ ਲੀਵ ’ਤੇ ਜਾਣ ਵਾਲੇ ਡਾਕਟਰਾਂ ਨੂੰ ਲੰਬੀ ਛੁੱਟੀ ਲੈਣ ਵਾਸਤੇ ਹਲਫੀਆ ਬਿਆਨ ਦੇਣਾ ਪੈਂਦਾ ਹੈ ਜਿਸ ਵਿਚ ਇਹ ਦੱਸਣਾ ਪੈਂਦਾ ਹੈ ਕਿ ਛੇ ਮਹੀਨੇ ਦੀ ਛੁੱਟੀ ਪੂਰੀ ਹੋਣ ’ਤੇ ਵਾਪਸ ਨਾ ਪਰਤਣ ਦੀ ਸੂਰਤ ਵਿਚ ਇਸ ਨੂੰ ਅਸਤੀਫਾ ਸਮਝਿਆ ਜਾਵੇ। ਇਸ ਦੇ ਨਾਲ ਹੀ ਇਹ ਵੀ ਲਿਖ ਕੇ ਦੇਣਾ ਪੈਂਦਾ ਹੈ ਕਿ ਉਹ ਵਿਦੇਸ਼ ਫੇਰੀ ਲਈ ਵਿਭਾਗ ਤੋਂ ਕਿਸੇ ਤਰ੍ਹਾਂ ਦੀ ਵਿੱਤੀ ਮਦਦ ਦੀ ਮੰਗ ਨਹੀਂ ਕਰੇਗਾ। ਇਸ ਅਰਜ਼ੀ ਦੇ ਨਾਲ ਡਾਕਟਰ ਦੀਆਂ ਪਿਛਲੇ ਪੰਜ ਸਾਲਾਂ ਦੀਆਂ ਗੁਪਤ ਰਿਪੋਰਟਾਂ ਵੀ ਨੱਥੀ ਕੀਤੀਆਂ ਜਾਂਦੀਆਂ ਹਨ।

# ਪਾਕਿ ਤੇ ਦਿੱਲੀ ਗੁਰਦੁਆਰਾ ਕਮੇਟੀਆਂ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਮੰਨਣ ਲਈ ਬਜ਼ਿਦ

**ਅੰਮ੍ਰਿਤਸਰ (ਪੰਜਾਬ ਟਾਈਮਜ਼ ਬਿਊਰੋ):** ਪਾਕਿ ਤੇ ਦਿੱਲੀ ਸਿੱਖ ਗੁਰਦੁਆਰਾ ਕਮੇਟੀਆਂ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਹੀ ਮੰਨਣ ਲਈ ਬਜ਼ਿਦ ਹਨ। ਇਨ੍ਹਾਂ ਦੋਵਾਂ ਸੰਸਥਾਵਾਂ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ 16 ਜੂਨ ਨੂੰ ਹੀ ਮਨਾਇਆ।

ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਲਾਹੌਰ ਸਥਿਤ ਗੁਰਦੁਆਰਾ ਡੇਰਾ ਸਾਹਿਬ ਵਿਖੇ ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਦਾ ਸ਼ਹੀਦੀ ਦਿਹਾੜਾ ਸ਼ਰਧਾ ਨਾਲ ਮਨਾਇਆ ਤੇ ਐਲਾਨ ਕੀਤਾ ਕਿ ਹੋਰ ਗੁਰਪੁਰਬ ਵੀ ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ ਮਨਾਏ ਜਾਣਗੇ। ਸਮਾਗਮ ਵਿਚ ਭਾਰਤ ਤੋਂ ਗਏ ਸ਼ਰਧਾਲੂਆਂ ਨੇ ਵੀ ਸ਼ਮੂਲੀਅਤ ਕੀਤੀ। ਇਸੇ ਤਰ੍ਹਾਂ ਦਿੱਲੀ ਸਿੱਖ ਗੁਰਦੁਆਰਾ ਪ੍ਰਬਧਕ ਕਮੇਟੀ ਨੇ ਵੀ ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ ਸ਼ਹੀਦੀ ਗੁਰਪੁਰਬ ਗੁਰਦੁਆਰਾ ਰਕਾਬਗੰਜ ਸਾਹਿਬ ਵਿਖੇ ਮਨਾਇਆ।

ਜ਼ਿਕਰਯੋਗ ਹੈ ਕਿ ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਗੁਰੂ ਅਰਜਨ ਦੇਵ ਦਾ ਸ਼ਹੀਦੀ ਗੁਰਪੁਰਬ ਸੋਧੇ ਹੋਏ ਨਾਨਕਸ਼ਾਹੀ ਕੈਲੰਡਰ ਅਨੁਸਾਰ ਪੰਜ ਜੂਨ ਨੂੰ ਮਨਾਇਆ ਗਿਆ ਸੀ। ਸ਼੍ਰੋਮਣੀ ਕਮੇਟੀ ਵੱਲੋਂ ਵੱਖ-ਵੱਖ ਸਿੱਖ ਜਥੇਬੰਦੀਆਂ ਨੂੰ ਵੀ ਅਪੀਲ ਕੀਤੀ ਗਈ ਸੀ ਕਿ ਇਹ ਸ਼ਹੀਦੀ ਦਿਹਾੜਾ ਸੋਧੇ ਹੋਏ ਨਾਨਕਸ਼ਾਹੀ ਕੈਲੰਡਰ ਅਨੁਸਾਰ ਹੀ ਮਨਾਇਆ ਜਾਵੇ ਪਰ ਪਾਕਿਸਤਾਨ ਸਥਿਤ ਗੁਰਦੁਆਰਿਆਂ ਦੀ ਸਾਂਭ-ਸੰਭਾਲ ਲਈ ਬਣਾਈ ਗਈ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਦਿੱਲੀ ਕਮੇਟੀ ਨੇ ਇਹ ਸ਼ਹੀਦੀ ਦਿਹਾੜਾ ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ ਮਨਾਇਆ ਹੈ।



*ਗੁਰਦੁਆਰਾ ਡੇਰਾ ਸਾਹਿਬ ਵਿਖੇ ਸ਼ਹੀਦੀ ਦਿਹਾੜੇ ਮੌਕੇ ਸਮਾਗਮ ਦਾ ਦ੍ਰਿਸ਼।*

ਲਾਹੌਰ ਸਥਿਤ ਗੁਰਦੁਆਰਾ ਡੇਰਾ ਸਾਹਿਬ ਵਿਖੇ ਸ਼ਹੀਦੀ ਦਿਹਾੜੇ ਮੌਕੇ ਕਰਵਾਏ ਸਮਾਗਮ ਦੌਰਾਨ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਤੇ ਭਾਈ ਮਰਦਾਨਾ ਦੀ ਵੰਸ਼ ਵਿਚੋਂ ਭਾਈ ਲਾਲ ਦੇ ਰਾਗੀ ਜਥੇ ਨੇ ਗੁਰਬਾਣੀ ਦਾ ਕੀਰਤਨ ਕੀਤਾ। ਪਾਕਿਸਤਾਨ ਦੇ ਸਿੰਧ ਤੇ ਬਲੋਚਿਸਤਾਨ ਤੋਂ ਵੀ ਸੰਗਤਾਂ ਨੇ ਸ਼ਮੂਲੀਅਤ ਕੀਤੀ। ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੁਆਰਡੀਨੇਟਰ ਡਾ. ਪ੍ਰਿਤਪਾਲ ਸਿੰਘ ਨੇ ਦੱਸਿਆ ਕਿ ਸ਼ਹੀਦੀ ਦਿਹਾੜਾ ਮਨਾਉਣ ਸਮੇਂ ਪੀ.ਜੀ.ਪੀ.ਸੀ. ਦੇ ਪ੍ਰਧਾਨ ਸ਼ਾਮ ਸਿੰਘ ਨੇ ਐਲਾਨ ਕੀਤਾ ਕਿ ਪਾਕਿਸਤਾਨੀ ਸਿੱਖਾਂ ਵੱਲੋਂ ਸਾਰੇ ਗੁਰਪੁਰਬ ਤੇ ਦਿਨ ਤਿਓਹਾਰ ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ ਹੀ ਮਨਾਏ ਜਾਣਗੇ। ਉਨ੍ਹਾਂ ਕਿਹਾ ਕਿ ਨਾਨਕਸ਼ਾਹੀ ਕੈਲੰਡਰ ਸਿੱਖਾਂ ਦੀ ਵੱਖਰੀ ਪਛਾਣ ਨੂੰ ਦਰਸਾਉਂਦਾ ਹੈ ਤੇ ਸਮੁੱਚੀ ਸਿੱਖ ਕੌਮ ਲਈ ਫ਼ਖ਼ਰ ਦਾ ਸਰੋਤ ਹੈ। ਇਹ ਕੈਲੰਡਰ ਸਿੱਖ ਵਿਦਵਾਨਾਂ ਤੇ ਮਾਹਰਾਂ ਵੱਲੋਂ ਛੇ ਸਾਲ ਦਾ ਲੰਮਾਂ ਅਰਸਾ ਅਧਿਐਨ ਕਰਨ ਮਗਰੋਂ ਬਣਾਇਆ ਗਿਆ ਸੀ। ਉਨ੍ਹਾਂ ਕਿਹਾ ਕਿ ਇਸ ਕੈਲੰਡਰ ਵਿਚ ਕੀਤੀਆਂ ਗਈਆਂ ਸੋਧਾਂ ਕਾਰਨ ਸਿੱਖ ਜਗਤ ਵਿਚ ਵੰਡੀਆਂ ਪੈ ਗਈਆਂ ਹਨ।

ਉਨ੍ਹਾਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਅਪੀਲ ਕੀਤੀ ਹੈ ਕਿ ਸੋਧੇ ਹੋਏ ਨਾਨਕਸ਼ਾਹੀ ਕੈਲੰਡਰ ਨੂੰ ਵਾਪਸ ਲਿਆ ਜਾਵੇ। ਮੰਚ ਸੰਚਾਲਨ ਕਰ ਰਹੇ ਪੀ.ਜੀ.ਪੀ.ਸੀ. ਦੇ ਮੀਤ ਪ੍ਰਧਾਨ ਸਵਰਨ ਸਿੰਘ ਨੇ ਕਿਹਾ ਕਿ ਸਮੁੱਚਾ ਸਿੱਖ ਜਗਤ ਸ੍ਰੀ ਅਕਾਲ ਤਖ਼ਤ ਸਾਹਿਬ ਅੱਗੇ ਨਤਮਸਤਕ ਹੈ ਤੇ 2003 ਵਿਚ ਜਾਰੀ ਕੀਤੇ ਗਏ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਹੀ ਮਾਨਤਾ ਦਿੰਦਾ ਹੈ। ਡਾ. ਪ੍ਰਿਤਪਾਲ ਸਿੰਘ ਨੇ ਕਿਹਾ ਕਿ ਨਾਨਕਸ਼ਾਹੀ ਕੈਲੰਡਰ ਵਿਚ ਕੁਝ ਵਿਅਕਤੀਆਂ ਵੱਲੋਂ ਆਪਣੀ ਮਰਜ਼ੀ ਨਾਲ ਕੀਤੀਆਂ ਗਈਆਂ ਸੋਧਾਂ ਨੂੰ ਸਮੁੱਚੇ ਸਿੱਖ ਜਗਤ ਨੇ ਪ੍ਰਵਾਨਗੀ ਨਹੀਂ ਦਿੱਤੀ।

ਉਧਰ ਦਿੱਲੀ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਦੱਸਿਆ ਕਿ ਗੁਰਦੁਆਰਾ ਰਕਾਬਗੰਜ ਵਿਖੇ ਗੁਰਮਤਿ ਸਮਾਗਮ ਹੋਇਆ ਤੇ ਦਿੱਲੀ ਵਿਚ ਵੱਡੇ ਪੱਧਰ ’ਤੇ ਛਬੀਲਾਂ ਲਾਈਆਂ ਗਈਆਂ। ਉਨ੍ਹਾਂ ਦੋਸ਼ ਲਾਇਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਨਾਨਕਸ਼ਾਹੀ ਕੈਲੰਡਰ ਵਿਚ ਕੀਤੀਆਂ ਗਈਆਂ ਸੋਧਾਂ ਆਰ.ਐਸ.ਐਸ. ਤੇ ਹੋਰਾਂ ਦੇ ਪ੍ਰਭਾਵ ਹੇਠ ਕੀਤੀਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਸਮਾਗਮ ਦੌਰਾਨ ਇਕੱਠ ਵੱਲੋਂ ਮਤਾ ਪਾਸ ਕਰਕੇ ਰਾਸ਼ਟਰਪਤੀ ਨੂੰ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਫਾਂਸੀ ਦੀ ਸਜ਼ਾ ਮੁਆਫ ਕਰਨ ਦੀ ਅਪੀਲ ਕੀਤੀ ਗਈ ਹੈ। ਇਸੇ ਤਰ੍ਹਾਂ ਪੰਜਾਬ ਸਰਕਾਰ ਨੂੰ ਪ੍ਰੋ. ਭੁੱਲਰ ਨੂੰ ਦਿੱਲੀ ਜੇਲ੍ਹ ਵਿਚ ਹੀ ਰੱਖਣ ਬਾਰੇ ਜਾਰੀ ਕੀਤਾ ਪੱਤਰ ਵਾਪਸ ਲੈਣ ਦੀ ਅਪੀਲ ਕੀਤੀ ਹੈ।

**Law Offices of Gill & Heridis**

Immigration Services
■Family Petitions
■Marriage Petitions
■Fiance Visas
■Vawa Petitions
■Consular Processing
■Worker Visas

■9th Circuit Appeals
■BIA Appeals
■Removal Defense
■Asylum

Personal Injury
■Auto Collision



*Bhupinder Gill*
*Attorney at Law*
*(Admitted in CA)*

*Call for free initial consultation*

**(408) 940-6065, (408) 736-5203**

Email: gill@ghfirm.com Web: www.ghfirm.com
830 Stewart Drive, Suite#231, Sunnyvale, CA 94085


# ਵਿਦੇਸ਼ ਭੇਜਣ 'ਚ ਭੇਜਣ ਵਾਲੇ ਲੋਟੂ ਗਰੋਹ ਦਾ ਪਰਦਾਫਾਸ਼
# ਪੁਲਿਸ ਵੱਲੋਂ 1219 ਪਾਸਪੋਰਟਾਂ ਸਮੇਤ ਦੋ ਏਜੰਟ ਕਾਬੂ

**ਨਵਾਂਸ਼ਹਿਰ:** ਪੰਜਾਬ ਪੁਲਿਸ ਨੇ ਦੋ ਵਿਅਕਤੀਆਂ ਨੂੰ 1219 ਪਾਸਪੋਰਟਾਂ ਸਮੇਤ ਗ੍ਰਿਫ਼ਤਾਰ ਕਰ ਕੇ ਵਿਦੇਸ਼ ਭੇਜਣ ਦੇ ਨਾਂ 'ਤੇ ਠੱਗੀਆਂ ਮਾਰਨ ਦਾ ਸਕੈਂਡਲ ਬੇਨਕਾਬ ਕੀਤਾ ਹੈ। ਪਹਿਲੀ ਵਾਰ ਪੁਲਿਸ ਨੇ ਏਨੀ ਵੱਡੀ ਤਾਦਾਦ 'ਚ ਪਾਸਪੋਰਟ ਫੜੇ ਹਨ। ਪੁਲਿਸ ਅਨੁਸਾਰ ਪਰਮਜੀਤ ਕੁਮਾਰ ਪੁੱਤਰ ਪ੍ਰਕਾਸ਼ ਰਾਮ ਵਾਸੀ ਪਿੰਡ ਸੂੰਢ, ਗਾਇਕ ਦਿਲਬਰਜੀਤ ਦਿਲਬਰ ਵਾਸੀ ਲੰਗੜੋਆ ਆਪਣੇ ਸਾਥੀ ਕਪੂਰ ਸਿੰਘ ਪੁੱਤਰ ਸੇਵਾ ਸਿੰਘ ਸ਼ਾਸ਼ਤਰੀ ਨਗਰ ਬਟਾਲਾ, ਅਰੁਣ ਗੋਵਰਧਨ ਸ਼ਰਮਾ ਦਫ਼ਤਰ ਯੂ.ਕੇ. ਇੰਟਰਨੈਸ਼ਨਲ ਦੁਬਈ ਟੂਰ ਐਂਡ ਟਰੈਵਲ ਜਨਕਪੁਰੀ ਨਵੀਂ ਦਿੱਲੀ ਤੇ ਸ੍ਰੀਮਤੀ ਭਾਰਤੀ ਵਾਸੀ ਸੈਕਟਰ 35 ਚੰਡੀਗੜ੍ਹ ਨੇ ਰਲ ਕੇ ਵੱਖ-ਵੱਖ ਰਾਜਾਂ ਵਿਚ ਬ੍ਰਾਂਚਾਂ ਖੋਲ੍ਹੀਆਂ ਹੋਈਆਂ ਸਨ। ਉਨ੍ਹਾਂ ਵੱਲੋਂ ਅਖ਼ਬਾਰਾਂ 'ਚ ਇਸ਼ਤਿਹਾਰ ਛਪਵਾ ਕੇ 20 ਹਜ਼ਾਰ ਰੁਪਏ ਪਹਿਲਾਂ ਤੇ 20 ਹਜ਼ਾਰ ਰੁਪਏ 45 ਦਿਨ ਬਾਅਦ ਵੀਜ਼ਾ ਲੱਗਣ 'ਤੇ ਲਏ ਜਾਂਦੇ ਸਨ ਅਤੇ ਕਈ ਜਾਅਲੀ ਵੀਜ਼ੇ ਵੀ ਲਾਏ ਜਾਂਦੇ ਸਨ। ਲੋਕ ਘੱਟ ਪੈਸੇ ਹੋਣ ਕਰਕੇ ਉਨ੍ਹਾਂ ਦੀ ਸ਼ਿਕਾਇਤ ਵੀ ਨਹੀਂ ਸੀ ਕਰਦੇ ਜਿਸ ਕਰਕੇ ਉਨ੍ਹਾਂ ਦਾ ਧੋਖਾਧੜੀ ਦਾ ਧੰਦਾ ਬੇਖੌਫ਼ ਚੱਲਦਾ ਰਿਹਾ।

ਪੁਲਿਸ ਨੂੰ ਸੂਚਨਾ ਮਿਲੀ ਕਿ ਇਹ ਮੁਲਜ਼ਮ ਭੋਲੇ-ਭਾਲੇ ਲੋਕਾਂ ਨੂੰ ਲੁੱਟ ਰਹੇ ਹਨ ਤੇ ਉਨ੍ਹਾਂ ਨੇ ਲੋਕਾਂ ਨੂੰ ਲਾਰਾ ਲਾਇਆ ਹੈ ਕਿ ਨਵਾਂਸ਼ਹਿਰ ਦਫ਼ਤਰ 'ਚ ਦੁਬਈ ਅੰਬੈਸੀ ਦਾ ਵੀਜ਼ਾ ਅਫ਼ਸਰ ਆ ਕੇ ਮੌਕੇ 'ਤੇ ਹੀ ਵੀਜ਼ਾ ਜਾਰੀ ਕਰੇਗਾ ਤੇ ਨਾਲ ਹੀ ਹਵਾਈ ਟਿਕਟਾਂ ਦਿੱਤੀਆਂ ਜਾਣਗੀਆਂ। ਪੁਲਿਸ ਨੇ ਧਾਰਾ 406, 420, 465, 467, 468, 471, 120 ਬੀ ਤਹਿਤ ਮੁਕੱਦਮਾ ਦਰਜ ਕਰਕੇ ਚੰਡੀਗੜ੍ਹ ਚੌਕ ਨੇੜੇ ਨਾਕਾਬੰਦੀ ਕਰ ਲਈ। ਸੂਚਨਾ ਅਨੁਸਾਰ ਚੰਡੀਗੜ੍ਹ ਰੋਡ ਤੋਂ ਆ ਰਹੀ ਇੰਡੀਗੋ ਕਾਰ ਨੂੰ ਰੋਕਿਆ ਤਾਂ ਕਾਰ 'ਚ ਸਵਾਰ ਕਪੂਰ ਸਿੰਘ ਕੋਲੋਂ 383 ਪਾਸਪੋਰਟ ਤੇ ਪਰਮਜੀਤ ਕੁਮਾਰ ਕੋਲੋਂ 836 ਪਾਸਪੋਰਟ (ਕੁੱਲ 1219) ਬਰਾਮਦ ਕੀਤੇ ਗਏ। ਇਸ ਦੇ ਨਾਲ ਵੱਖ-ਵੱਖ ਏਅਰਲਾਈਨਾਂ ਦੀਆਂ 100 ਫ਼ਰਜ਼ੀ ਟਿਕਟਾਂ ਤੇ ਵੱਖ-ਵੱਖ ਤਾਰੀਖਾਂ ਨੂੰ ਅਰੁਣ ਗੋਵਰਧਨ ਸ਼ਰਮਾ ਨੂੰ ਭੇਜੇ ਗਏ 95 ਲੱਖ 20 ਹਜ਼ਾਰ ਰੁਪਏ ਦੀਆਂ ਰਸੀਦਾਂ ਤੇ 2,60,000 ਰੁਪਏ ਦੇ ਬੈਂਕ ਵਾਊਚਰ ਵੀ ਬਰਾਮਦ ਕੀਤੇ ਗਏ।


**ATM's & Credit Card Terminals at Lowest Prices! No Hidden Fees.**

Merchant Accounts-Grocery, Motels, Limos/Taxis, Gas stations.
Credit card terminals -Verifone, Hypercom...
Transfer existing CC processing to us for lower rates.
*99% approved same day.* We specialize in high risk businesses.
ATMs – TRANAX/TRITON/WRG, starting at $69/mo.*
*(Perfect for retail stores, hotels, gas stations, etc.)*
*Need Money?* We provide cash advance against credit card processing with NO collateral or personal guarantee.
Online Data Corp. is a registered ISO/MSP of Wells Fargo Bank N.A.
*Credit restrictions apply.




Call SAGAR HANDA at: 773-416-8526
or 773-935-VISA, SagarATM@yahoo.com
www.GoldCoastATM.com

FREE CREDIT CARD TERMINAL!



**Brand new convenience store for Sale/Lease in Indianapolis.**

**ਨਵਾਂ ਨਕੋਰ ਕਨਵੀਨੀਐਂਸ ਸਟੋਰ ਵਿਕਾਊ ਹੈ**

New convenience store having Walk in Cooler, Lottery, Money Order, ATM, Air machine and everything in place for the new owner.
On one of the busiest streets in town, Corner lot, having good parking
**For Lease $35000/-**

**CONTACT : HARRY SINGH-317-213-8408**



# ਟਰੱਕ ਡੀਜ਼ਲ ਮਕੈਨਿਕ ਦੀ ਲੋੜ ਹੈ

**ਇੰਡੀਆਨਾ ਵਿਚ ਫਰੀਵੇ ਉਤੇ ਸਥਿਤ ਟਰੱਕ ਸਟਾਪ ਲਈ ਡੀਜ਼ਲ ਟਰੱਕ ਮਕੈਨਿਕਾਂ ਦੀ ਲੋੜ ਹੈ**



ਚੰਗੀ ਤਨਖਾਹ ਅਤੇ ਹੋਰ ਸਹੂਲਤਾਂ

ਰਿਹਾਇਸ਼ ਦਾ ਪ੍ਰਬੰਧ ਵੀ ਹੋ ਸਕਦਾ ਹੈ

ਤੁਰੰਤ ਕਾਲ ਕਰੋ: ਮਨਜੀਤ ਨਾਗਰਾ
**ਫੋਨ:317-750-1900**



**ਯੂਬਾ ਸਿਟੀ ਵਿਚ ਤੁਹਾਡੀ ਆਪਣੀ ਟਾਇਰ ਅਤੇ ਆਟੋ ਰਿਪੇਅਰ ਸ਼ਾਪ**

# Lucky Tire & Auto Repair

*ਤੁਹਾਡੀ ਸੇਵਾ ਲਈ ਦੋ ਲੋਕੇਸ਼ਨਾਂ*
*909 Garden Hwy*
*660 Culussa Hwy*




ਟਾਇਰ ਸਪੈਸ਼ਲ $99/-

ਆਇਲ ਚੇਂਜ਼ ਸਪੈਸ਼ਲ $24.99+ਲੇਬਰ ਅਤੇ ਡਿਸਪੋਜ਼ਲ ਫੀਸ

ਫਰੰਟ ਐਕਸਲ ਬਰੇਕ ਜਾਬ ਸਪੈਸ਼ਲ $44.95 (ਸਿਰਫ਼ ਲੇਬਰ)

ਟਿਊਨ ਅਪ ਸਪੈਸ਼ਲ $79.99 (ਬੇਸਿਕ ਕਾਰ)

**ਫੋਨ:530-755-4037, 530-673-4001**

ਪੰਜਾਬ ਟਾਈਮਜ਼

ਸਨਿਚਰਵਾਰ, 25 ਜੂਨ 2011

## ਸਿਆਸੀ ਬਦਲ ਦੀਆਂ ਬਾਤਾਂ

ਆਮ ਆਦਮੀ ਲਈ ਭ੍ਰਿਸ਼ਟਾਚਾਰ ਖਿਲਾਫ ਆਸ ਦੀ ਸੂਹੀ ਕਿਰਨ ਬਣ ਕੇ ਸਾਹਮਣੇ ਆਏ ਗਾਂਧੀਵਾਦੀ ਬਜ਼ੁਰਗ ਅੰਨਾ ਹਜ਼ਾਰੇ ਨੇ ਦੇਸ਼ ਰਾਜਧਾਨੀ ਨਵੀਂ ਦਿੱਲੀ ਵਿਚ ਚੰਗਾ ਗਾਹ ਪਾਇਆ ਹੋਇਆ ਹੈ। ਉਸ ਅਤੇ ਉਸ ਦੇ ਸਾਥੀਆਂ ਦੀ ਮੁਹਿੰਮ ਨੇ 'ਈਮਾਨਦਾਰ' ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ 'ਬੇਈਮਾਨ' ਸਰਕਾਰ ਦੇ ਨਾਲ-ਨਾਲ ਸਮੁੱਚੇ ਸਿਸਟਮ 'ਤੇ ਸਿੱਧੇ ਅਤੇ ਤਿੱਖੇ ਸਵਾਲ ਕੀਤੇ ਹਨ। ਭ੍ਰਿਸ਼ਟਾਚਾਰ ਤੋਂ ਪੋਟਾ-ਪੋਟਾ ਦੁਖੀ ਲੋਕਾਂ ਦੇ ਮਿਸਾਲੀ ਹੁੰਗਾਰੇ ਦੇ ਬਾਵਜੂਦ ਇਹ ਮੁਹਿੰਮ ਹੁਣ ਮਹਿਜ਼ ਲੋਕਪਾਲ ਦੀ ਕਾਇਮੀ ਦੁਆਲੇ ਹੀ ਕੇਂਦਰਿਤ ਹੋ ਕੇ ਰਹਿ ਗਈ ਹੈ। ਸਵਾਲਾਂ ਦੇ ਸਵਾਲ ਇਹ ਹਨ ਕਿ ਕੀ ਸਿਰਫ਼ ਲੋਕਪਾਲ ਦੀ ਕਾਇਮੀ ਹੀ ਭ੍ਰਿਸ਼ਟਾਚਾਰ ਦੇ ਵਗ ਰਹੇ ਦਰਿਆ ਨੂੰ ਠੱਲ੍ਹਣ ਲਈ ਬਹੁਤ ਹੈ ਜਾਂ ਕੁਝ ਹੋਰ ਵੀ ਪੇਸ਼ਬੰਦੀਆਂ ਹਨ ਜੋ ਨਾਲ ਦੀ ਨਾਲ ਹੀ ਕਰਨੀਆਂ ਬਣਦੀਆਂ ਸਨ? ਕੀ ਮੌਜੂਦਾ ਢਾਂਚੇ ਦੇ ਬਦਲ ਤੋਂ ਬਗੈਰ ਭ੍ਰਿਸ਼ਟਾਚਾਰ ਦਾ ਮੁੱਢੋਂ-ਸੁੱਢੋਂ ਸਫਾਇਆ ਸੰਭਵ ਹੈ? ਇਸ ਢਾਂਚੇ ਦੇ ਬਦਲ ਲਈ ਕੀ ਕਿਸੇ ਸਿਆਸੀ ਬਦਲ ਦੀ ਵੀ ਕੋਈ ਲੋੜ ਹੈ ਜਾਂ ਨਹੀਂ? ਕੀ ਮਨਮੋਹਨ ਸਿੰਘ ਸਰਕਾਰ ਤੋਂ ਪਹਿਲੀਆਂ ਸਰਕਾਰਾਂ ਭ੍ਰਿਸ਼ਟ ਨਹੀਂ ਸਨ? ਕੀ ਕੋਈ ਸਿਆਸੀ ਜਮਾਤ/ਪਾਰਟੀ ਹਿੱਕ ਠੋਕ ਕੇ ਭ੍ਰਿਸ਼ਟਾਚਾਰ ਨਾ ਹੋਣ ਦਾ ਕੋਈ ਮਾੜਾ-ਮੋਟਾ ਦਾਅਵਾ ਵੀ ਕਰਨ ਦੀ ਪੁਜ਼ੀਸ਼ਨ ਵਿਚ ਹੈ? ਕੀ ਸਿਆਸੀ ਬਦਲ ਉਸਾਰਨ ਤੋਂ ਬਗੈਰ ਅਜਿਹੀਆਂ ਮੁਹਿੰਮਾਂ ਦੀ ਕੋਈ ਸਾਰਥਕਤਾ ਵੀ ਹੈ? ਤਬਦੀਲੀ ਦੇ ਔਝੜੇ ਰਾਹਾਂ ਦੇ ਰਾਹੀਆਂ ਅੱਗੇ ਇਹੀ ਸਵਾਲ ਹਨ ਜਿਨ੍ਹਾਂ ਦੀਆਂ ਮਰੋੜੀਆਂ ਖੋਲ੍ਹਣ ਲਈ ਉਹ ਚਿਰਾਂ ਤੋਂ ਖੌਝਲ ਰਹੇ ਹਨ।

ਸਿਆਸੀ ਢਾਂਚੇ ਉਤੇ ਜੇ ਤਰਦੀ ਜਿਹੀ ਨਿਗ੍ਹਾ ਵੀ ਮਾਰੀਏ ਤਾਂ ਪਤਾ ਲੱਗ ਜਾਂਦਾ ਹੈ ਕਿ ਕੋਈ ਕਾਨੂੰਨ ਬਣਾਉਣ ਨਾਲ ਹੀ ਕਿਸੇ ਮਸਲੇ ਦਾ ਹੱਲ ਨਹੀਂ ਹੋ ਜਾਂਦਾ। ਕਾਨੂੰਨ, ਨੇਮ, ਨਿਯਮ ਤਾਂ ਪਹਿਲਾਂ ਵੀ ਬਥੇਰੇ ਬਣੇ ਹੋਏ ਹਨ ਪਰ ਕੀ ਸਾਰਾ ਕੰਮ-ਕਾਜ ਇਨ੍ਹਾਂ ਮੁਤਾਬਕ ਹੋ ਰਿਹਾ ਹੈ? ਜਾਂ ਇਨ੍ਹਾਂ ਨੂੰ ਲਾਗੂ ਕਰਨ ਲਈ ਕਿਸੇ ਨੇ ਕਦੀ ਉਤਸੁਕਤਾ ਦਿਖਾਈ ਹੈ? ਇਹ ਨੇਮ-ਨਿਯਮ ਆਖ਼ਰਕਾਰ ਲਾਗੂ ਕਿਸ ਨੇ ਅਤੇ ਕਦੋਂ ਕਰਨੇ ਹੁੰਦੇ ਹਨ? ਚੁਟਕੀ ਮਾਰਦਿਆਂ ਸੰਸਾਰ ਵਿਚ ਮਸ਼ਹੂਰ ਹੋਣ ਵਾਲੇ ਯੋਗ ਗੁਰੂ ਬਾਬਾ ਰਾਮਦੇਵ ਦੀ ਮਿਸਾਲ ਸਭ ਦੇ ਸਾਹਮਣੇ ਹੈ। ਕਾਲੇ ਧਨ ਖਿਲਾਫ ਉਸ ਦੀ ਮੁਹਿੰਮ ਦਾ ਕੀ ਬਣਿਆ? ਤੇ ਸਰਕਾਰ ਨੇ ਇਸ ਪ੍ਰਸੰਗ ਵਿਚ ਕੀ ਰੋਲ ਨਿਭਾਇਆ? ਇਹ ਤਾਂ ਵੱਖਰੀ ਬਹਿਸ ਦਾ ਵਿਸ਼ਾ ਹੈ ਪਰ ਹੁਣ ਇਹ ਯੋਗ ਗੁਰੂ ਆਪ ਹੀ ਕਾਲੇ ਧਨ ਦੀ ਜਿੱਲ੍ਹਣ ਵਿਚ ਖੜ੍ਹਾ ਨਜ਼ਰ ਆ ਰਿਹਾ ਹੈ। ਉਸ ਦੇ ਆਪਣੇ ਕਾਰੋਬਾਰ ਦੀਆਂ ਜੋ ਕਹਾਣੀਆਂ ਤੁਰੀਆਂ ਹਨ, ਉਹ ਮੁੱਕਣ ਵਿਚ ਨਹੀਂ ਆ ਰਹੀਆਂ। ਅਸਲ ਵਿਚ ਕਿਸੇ ਵੀ ਅੰਦੋਲਨ ਜਾਂ ਲਹਿਰ ਦੀ ਕਾਮਯਾਬੀ ਸਦਾ ਉਸ ਦੀ ਦਿਸ਼ਾ ਅਤੇ ਦਸ਼ਾ ਉਤੇ ਨਿਰਭਰ ਕਰਦੀ ਹੈ। ਦਿਸ਼ਾ ਬੰਨ੍ਹਣ ਲਈ ਸਿਰੇ ਦੀ ਸਿਆਸੀ ਲਿਆਕਤ ਪਹਿਲੀ (ਅਤੇ ਆਖ਼ਰੀ ਵੀ) ਸ਼ਰਤ ਹੁੰਦੀ ਹੈ। ਅੰਨਾ ਹਜ਼ਾਰੇ ਅਤੇ ਉਸ ਦੇ ਸਾਥੀ ਭ੍ਰਿਸ਼ਟਾਚਾਰ ਖਿਲਾਫ ਇੰਨਾ ਵੱਡਾ ਗੁੱਡਾ ਖੜ੍ਹਾ ਕਰਨ ਦੇ ਬਾਵਜੂਦ ਇਸ ਪਿੜ ਵਿਚ ਪਛੜ ਗਏ ਜਾਪਦੇ ਹਨ। ਸਰਕਾਰ ਉਨ੍ਹਾਂ ਨੂੰ ਲਗਾਤਾਰ ਮਧੋਲ ਰਹੀ ਹੈ ਅਤੇ ਭ੍ਰਿਸ਼ਟਾਚਾਰ ਖਿਲਾਫ ਮੁਹਿੰਮ ਨੂੰ ਲੀਹੋਂ ਲਾਹੁਣ ਲਈ ਲਗਾਤਾਰ ਅਹੁਲ ਰਹੀ ਹੈ। ਇਹੀ ਉਹ 'ਟਰਨਿੰਗ ਪੁਆਇੰਟ' ਹੁੰਦਾ ਹੈ ਜਿੱਥੇ ਪੁੱਜ ਕੇ ਸਿਆਸੀ ਬਦਲ ਤੋਂ ਬਗੈਰ ਹੋਰ ਕੋਈ ਸਿਆਸੀ ਚਾਰਾ ਨਹੀਂ ਬਚਦਾ। ਗੈਰ-ਸਿਆਸੀ ਮੂੰਹ-ਮੱਥੇ ਵਾਲੇ ਅੰਦੋਲਨਾਂ ਦੀ ਹੋਣੀ ਇਸ 'ਟਰਨਿੰਗ ਪੁਆਇੰਟ' ਉਤੇ ਆ ਕੇ ਹਫ਼ ਜਾਂਦੀ ਰਹੀ ਹੈ; ਬਹੁਤ ਵਾਰ ਦਮ ਵੀ ਤੋੜ ਜਾਂਦੀ ਹੈ; ਅਤੇ ਫਿਰ ਸਥਾਪਤੀ ਪਹਿਲਾਂ ਨਾਲੋਂ ਵੀ ਵੱਧ ਮਜ਼ਬੂਤ ਤੇ ਕਰੂਰ ਹੋ ਕੇ ਨਿਕਲਦੀ ਰਹੀ ਹੈ। ਇਤਿਹਾਸ ਅਜਿਹੇ ਕਿੱਸਿਆਂ ਨਾਲ ਭਰਿਆ ਪਿਆ ਹੈ।

ਬਾਬਾ ਰਾਮਦੇਵ ਦੇ 'ਸਿਆਸੀ ਆਸਣਾਂ' ਨੇ ਮੁਹਿੰਮ ਚਲਾ ਰਹੇ ਸੰਚਾਲਕਾਂ ਦੀ ਸ਼ਖ਼ਸੀਅਤ ਦਾ ਮਸਲਾ ਵੀ ਉਭਾਰ ਕੇ ਪੇਸ਼ ਕਰ ਦਿੱਤਾ ਹੈ। ਬਾਬਾ ਰਾਮਦੇਵ ਅਤੇ ਗਾਂਧੀਵਾਦੀ ਅੰਨਾ ਹਜ਼ਾਰੇ ਨੇ ਭ੍ਰਿਸ਼ਟਾਚਾਰ ਅਤੇ ਭ੍ਰਿਸ਼ਟ ਨਿਜ਼ਾਮ ਦੇ ਖੋਖਲੇਪਣ ਨੂੰ ਤਾਂ ਬੇਨਕਾਬ ਕਰ ਦਿੱਤਾ ਹੈ ਪਰ ਆਪਣੀਆਂ ਸੀਮਾਵਾਂ ਕਾਰਨ ਇਹ ਇਸ ਤੋਂ ਉਚੀ ਉਡਾਣ ਭਰਨ ਵਿਚ ਨਾਕਾਮਯਾਬ ਰਹੇ ਹਨ। ਦਰਅਸਲ, ਇਸ ਦੇਸ਼ ਨੂੰ ਜਿਸ ਸਿਆਸੀ ਬਦਲ ਦੀ ਲੋੜ ਹੈ, ਉਹ ਸਿਆਸਤ ਅਜੇ ਖੁਦ ਆਵਾਮ ਦੇ ਹੁੰਗਾਰੇ ਦੀ ਉਡੀਕ ਕਰ ਰਹੀ ਹੈ; ਉਸ ਬਾਰੇ ਅਜੇ ਕੋਈ ਚਰਚਾ ਤੱਕ ਨਹੀਂ ਹੋ ਸਕੀ ਹੈ। ਉਸ ਦੀ ਚਰਚਾ ਤੋਂ ਬਗੈਰ ਇਹ ਸਭ ਰਾਮਦੇਵ ਅਤੇ ਅੰਨਾ ਹਜ਼ਾਰੇ ਵਾਂਗ ਅੰਨ੍ਹੀ ਗਲੀ ਵਿਚ ਵੜਨ ਦੇ ਤੁਲ ਹੀ ਹੈ। ਇਸ ਬਦਲ ਦਾ ਰਾਹ ਸਾਡੇ ਆਪਣੇ ਗੁਰੂਆਂ ਨੇ ਕਈ ਸਦੀਆਂ ਪਹਿਲਾਂ ਸੰਗਤ ਨੂੰ ਦਿਖਾਇਆ ਸੀ। ਬਾਬੇ ਨਾਨਕ ਦੇ ਵੇਲਿਆਂ ਵਿਚ ਦੇਸ਼ ਦੇ ਹੋਰ ਹਿੱਸਿਆਂ ਵਿਚ ਵੀ ਭਗਤੀ ਲਹਿਰਾਂ ਉਠੀਆਂ ਸਨ ਪਰ ਚਾਰ ਕਦਮ ਅੱਗੇ ਵਧ ਕੇ ਸੰਗਤ/ਆਵਾਮ ਨਾਲ ਜੁੜਨ ਦਾ ਕਾਰਜ ਸਿੱਖ ਲਹਿਰ ਹੀ ਕਰ ਸਕੀ। ਇਸ ਵਿਚ ਬਾਬੇ ਨਾਨਕ ਦੀ ਸਮੇਂ ਨੂੰ ਸਮਝਦੀ ਨਿਗ੍ਹਾ ਹੀ ਸੀ ਜੋ ਅੱਜ ਸਿੱਖੀ ਦਾ ਘਣਛਾਵਾਂ ਬੂਟਾ ਬਣੀ ਹੋਈ ਹੈ। ਬਾਬੇ ਨਾਨਕ ਤੋਂ ਬਾਅਦ ਦੇ ਨਾਨਕਾਂ ਨੇ ਵੀ ਇਸੇ ਰਾਹ 'ਤੇ ਤੁਰਦਿਆਂ ਬੰਦ ਦਰਵਾਜ਼ਿਆਂ 'ਤੇ ਲਗਾਤਾਰ ਦਸਤਕ ਦਿੱਤੀ। ਇਸੇ ਰਾਹ 'ਤੇ 'ਸਰਬੱਤ ਦੇ' ਭਲੇ ਦਾ ਸੰਕਲਪ ਫੈਲ ਕੇ ਅੰਬਰ ਦਾ ਸ਼ਿੰਗਾਰ ਬਣਿਆ। ਇਸ ਸੰਕਲਪ ਵਿਚ ਉਸ 'ਨਵੇਂ ਮਨੁੱਖ ਦੀ ਸਿਰਜਣਾ' ਦਾ ਬੀਜ ਪਿਆ ਸੀ ਜਿਸ ਨੇ ਪਿੱਛੋਂ ਸਿਆਸੀ ਸਥਾਪਤੀ ਨੂੰ ਲਗਾਤਾਰ ਸੱਟ ਮਾਰਦੇ ਰਹਿਣਾ ਸੀ। ਇਹ ਨਵਾਂ ਮਨੁੱਖ ਹੀ ਉਹ ਮਨੁੱਖ ਹੈ ਜੋ ਕੜਕਦੀਆਂ ਬਿਜਲੀਆਂ ਨੂੰ ਅੱਖ ਮਾਰਨ ਦਾ ਜੇਰਾ ਰੱਖਦਾ ਹੈ। ਸਿਆਸੀ ਬਦਲ ਲਈ ਰਾਹ ਤਲਾਸ਼ ਰਹੇ ਲੋਕ ਇਸੇ ਮਨੁੱਖ ਦੀ ਤਲਾਸ਼ ਵਿਚ ਨਿਕਲੇ ਹੋਏ ਹਨ। ਇਸ ਮਨੁੱਖ ਦੀ ਊਰਜਾ ਹੀ ਦਲ-ਦਲ ਵਿਚ ਫਸਿਆਂ ਲਈ ਆਸ ਦੀ ਕਿਰਨ ਹੋ ਸਕਦੀ ਹੈ। ਰਾਮਦੇਵ ਅਤੇ ਅੰਨਾ ਹਜ਼ਾਰੇ ਤਾਂ ਉਸ ਥੋੜ੍ਹ-ਚਿਰੇ ਨਾਟਕ ਦੇ ਪਾਤਰ ਹਨ ਜੋ ਅੱਕੇ ਹੋਏ ਆਵਾਮ ਨੂੰ ਆਸ ਦੀ ਕਿਰਨ ਦਾ ਭਰਮ ਜਿਹਾ ਪਾ ਦਿੰਦੇ ਹਨ। ਇੰਨੇ ਨਾਲ ਹੀ ਆਵਾਮ ਦਾ ਰੋਹ ਢੈਲਾ ਪੈ ਜਾਂਦਾ ਹੈ। ਇਸੇ ਕਰਕੇ ਅਜਿਹੇ ਅੰਦੋਲਨ ਅੰਦਰੂਨੀ ਰੂਪ ਵਿਚ ਆਵਾਮ/ਸੰਗਤ ਦੇ ਖਿਲਾਫ ਭੁਗਤ ਜਾਂਦੇ ਹਨ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਵਿਗੜਿਆਂ ਦਾ ਡੰਡਾ ਪੀਰ!

ਮਿੱਠੀ ਭਾਸ਼ਾ ਨਾ ਉਨ੍ਹਾਂ 'ਤੇ ਅਸਰ ਕਰਦੀ, ਵੈਰੀ ਅਕਲ ਦੇ ਬੰਦੇ ਬਦਨਾਮ ਜਿਹੜੇ।
ਜੀਣ ਖੁਦ ਨਾ ਕਿਸੇ ਨੂੰ ਜੀਣ ਦਿੰਦੇ, ਸਾਊ ਲੋਕਾਂ ਨੂੰ ਕਰਨ ਪ੍ਰੇਸ਼ਾਨ ਜਿਹੜੇ।
ਰਹੀਏ ਬਚ ਕੇ ਸਦਾ ਬਹਿਰੂਪੀਆਂ ਤੋਂ, ਨਿੱਤ ਬਦਲਦੇ ਸੁਬ੍ਹਾ ਤੇ ਸ਼ਾਮ ਜਿਹੜੇ।
ਮਿੰਨਤਾਂ ਕਰਨੀਆਂ ਅੱਗੇ ਕੀ ਮੂਰਖਾਂ ਦੇ, ਠੋਕ ਰੱਖੀਏ ਹੋਣ ਨਾਦਾਨ ਜਿਹੜੇ।
ਸਾਬਣ-ਸਰਫ ਹੀ ਇਕੋ ਇਲਾਜ ਹੁੰਦਾ, ਗੰਦ-ਮੰਦ ਨਾਲ ਵਸਤਰਾਂ ਲਿਬੜਿਆਂ ਦਾ।
ਭੂਤ ਲਾਤੋਂ ਕੇ, ਬਾਤੋਂ ਸੇ ਸੁਧਰਤੇ ਨਹੀਂ, ਡੰਡਾ ਪੀਰ ਹੀ ਹੁੰਦਾ ਏ ਵਿਗੜਿਆਂ ਦਾ!

# ਸਰੀਰਕ ਖਾਤਮੇ ਨਾਲ ਹਿੰਸਾ ਖਤਮ ਨਹੀਂ ਹੁੰਦੀ

## ਮਸਲਾ ਸਿਰਫ ਪ੍ਰੋ. ਭੁੱਲਰ ਦੀ ਫਾਂਸੀ ਦਾ ਨਹੀਂ

*ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਫਾਂਸੀ ਦੀ ਸਜ਼ਾ ਤੁੜਵਾਉਣ ਬਾਰੇ ਭਖ਼ੀ ਮੁਹਿੰਮ ਤਹਿਤ ਬੜਾ ਕੁਝ ਲਿਖਿਆ-ਪੜ੍ਹਿਆ ਜਾ ਰਿਹਾ ਹੈ। ਇਸ ਕੇਸ ਦੇ ਵੱਖ-ਵੱਖ ਪੱਖਾਂ ਬਾਰੇ ਵੀ ਬਹਿਸ ਚੱਲ ਰਹੀ ਹੈ ਪਰ ਇਸ ਮਸਲੇ ਦੀਆਂ ਜੜ੍ਹਾਂ ਬਾਰੇ ਕਿਸੇ ਪਾਸਿਓਂ ਕੋਈ ਠੋਸ ਨੁਕਤਾ-ਨਿਗ੍ਹਾ ਸਾਹਮਣੇ ਨਹੀਂ ਆਇਆ। ਉਸ ਮਾਹੌਲ, ਉਸ ਦੌਰ ਬਾਰੇ ਤਕਰੀਬਨ ਸਾਰੇ ਚੁੱਪ ਹਨ ਜਦੋਂ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਵਰਗੇ ਨੌਜਵਾਨ ਘਰੋਂ ਨਿਕਲੇ ਤਾਂ ਫਿਰ ਕਦੀ ਪਰਤ ਨਾ ਸਕੇ। ਇਸ ਲੇਖ ਵਿਚ ਨਰਦੇਵ ਸਿੰਘ ਨੇ ਪੰਜਾਬ ਵਿਚ ਹੋਏ-ਵਾਪਰੇ ਉਸ ਵਰਤਾਰੇ ਬਾਰੇ ਚਰਚਾ ਕੀਤੀ ਹੈ। -ਸੰਪਾਦਕ*

■ ਨਰਦੇਵ ਸਿੰਘ



ਦਵਿੰਦਰਪਾਲ ਸਿੰਘ ਭੁੱਲਰ ਦੀ ਫਾਂਸੀ ਦੀ ਸਜ਼ਾ ਰਾਸ਼ਟਰਪਤੀ ਵੱਲੋਂ ਬਰਕਰਾਰ ਰੱਖਣ ਤੋਂ ਬਾਅਦ ਵੱਖ-ਵੱਖ ਹਲਕਿਆਂ ਵੱਲੋਂ ਰਲਿਆ-ਮਿਲਿਆ ਪ੍ਰਤੀਕਰਮ ਸਾਹਮਣੇ ਆਇਆ ਹੈ। ਕਈਆਂ ਨੇ ਇਸ ਨੂੰ ਕਾਨੂੰਨੀ ਨੁਕਤਾ ਨਜ਼ਰ ਤੋਂ ਵੇਖਦਿਆਂ, ਫਾਂਸੀ ਦੇ ਫੈਸਲੇ ਤੇ ਜੱਜਾਂ ਦੇ ਇਕਮੱਤ ਨਾ ਹੋਣ ਦੇ ਬਾਵਜੂਦ ਰਹਿਮ ਦੀ ਅਪੀਲ ਖਾਰਜ ਕਰਨ ਵਿਰੁੱਧ ਨਾਰਾਜ਼ਗੀ ਪ੍ਰਗਟ ਕੀਤੀ ਹੈ, ਕਈਆਂ ਨੇ ਸਿੱਖਾਂ ਨਾਲ ਵਿਤਕਰੇ ਦਾ ਸਵਾਲ ਉਠਾਉਂਦਿਆਂ ਕਿਹਾ ਹੈ ਕਿ '84 ਦੰਗਿਆਂ ਦੇ ਇਕ ਵੀ ਦੋਸ਼ੀ ਨੂੰ ਅੱਜ ਤੱਕ ਮੌਤ ਦੀ ਸਜ਼ਾ ਕਿਉਂ ਨਹੀਂ ਦਿੱਤੀ ਗਈ। ਕਈਆਂ ਦਾ ਅਨੁਮਾਨ ਹੈ ਕਿ ਇਸ ਫੈਸਲੇ ਨਾਲ ਸਿੱਖਾਂ ਅੰਦਰ ਬੇਗਾਨਗੀ ਦੀ ਭਾਵਨਾ ਵਧੇਗੀ। ਸਿੱਖ ਸੰਸਥਾਵਾਂ ਤੋਂ ਇਲਾਵਾ, ਪੰਜਾਬ ਦੀਆਂ ਨੇੜੇ ਆ ਰਹੀਆਂ ਚੋਣਾਂ 'ਚ, ਸਿੱਖ ਭਾਵਨਾਵਾਂ ਦਾ ਲਾਹਾ ਲੈਣ ਲਈ ਕਈ ਸਿਆਸੀ ਪਾਰਟੀਆਂ ਜਾਂ ਉਨ੍ਹਾਂ ਦੇ ਉੱਘੇ ਲੀਡਰ ਵੀ ਵਿਰੋਧ ਦੀ ਇਸ ਮੁਹਿੰਮ ਵਿਚ ਸ਼ਾਮਲ ਹੋ ਗਏ ਹਨ। ਮੁੱਖ ਕੌਮੀ ਪਾਰਟੀਆਂ ਨੇ ਅਜੇ ਇਸ ਮਸਲੇ 'ਤੇ ਚੁੱਪ ਸਾਧੀ ਹੋਈ ਹੈ। ਉਹ ਦੁਚਿਤੀ ਵਿਚ ਫਸੀਆਂ ਹੋਈਆਂ ਹਨ। ਨਾ ਉਹ ਇਸ ਫੈਸਲੇ ਦਾ ਸਵਾਗਤ ਕਰਕੇ ਸਿੱਖ ਵੋਟ ਬੈਂਕ ਨੂੰ ਖਰਾਬ ਕਰਨਾ ਚਾਹੁੰਦੀਆਂ ਹਨ, ਤੇ ਨਾ ਵਿਰੋਧ ਕਰਕੇ ਅਤਿਵਾਦ ਖ਼ਿਲਾਫ਼ ਜੰਗ ਦੇ ਚੈਂਪੀਅਨ ਹੋਣ ਦੇ ਆਪਣੇ ਰੁਤਬੇ ਨੂੰ ਦਾਗਦਾਰ ਕਰਨਾ ਚਾਹੁੰਦੀਆਂ ਹਨ। ਸਿੱਖ ਹਲਕਿਆਂ ਅੰਦਰੋਂ ਆਏ ਤਿੱਖੇ ਵਿਰੋਧ ਤੋਂ ਇਹ ਗੱਲ ਸਾਫ ਹੈ ਕਿ ਸਿੱਖ ਭਾਈਚਾਰੇ ਲਈ ਇਹ ਸੰਵੇਦਨਸ਼ੀਲ ਮੁੱਦਾ ਹੈ।

ਕਾਨੂੰਨੀ ਤੌਰ 'ਤੇ ਕੀ ਠੀਕ, ਕੀ ਗਲਤ ਹੋਇਆ; ਇਸ ਨਾਲੋਂ ਇਹ ਜ਼ਿਆਦਾ ਮਹੱਤਵਪੂਰਨ ਹੈ ਕਿ ਨੀਤੀ ਦੇ ਪੱਧਰ 'ਤੇ, ਕੀ ਸਮਾਜ ਵਿਚ ਉਠਦੀਆਂ ਹਿੰਸਕ ਲਹਿਰਾਂ ਪ੍ਰਤੀ 'ਗੋਲੀ ਬਦਲੇ ਗੋਲੀ' ਜਾਂ 'ਮੌਤ ਬਦਲੇ ਮੌਤ' ਦੀ ਨੀਤੀ ਸਹੀ ਹੈ? ਦਵਿੰਦਰਪਾਲ ਨੇ ਜੋ ਵੀ ਜੁਰਮ ਕੀਤੇ, ਉਹ ਬਤੌਰ ਦਵਿੰਦਰਪਾਲ ਨਹੀਂ, ਸਗੋਂ ਹਿੰਸਕ ਲਹਿਰ ਦਾ ਅੰਗ ਹੋਣ ਵਜੋਂ ਕੀਤੇ। ਕੀ ਉਸ ਹਿੰਸਕ ਲਹਿਰ ਦੀ ਪੈਦਾਇਸ਼ ਲਈ, ਦਵਿੰਦਰਪਾਲ ਜਿਹੇ ਚੰਦ ਕੁ ਨੌਜਵਾਨ ਹੀ ਜ਼ਿੰਮੇਵਾਰ ਹਨ? ਅੱਜ ਭਾਰਤ ਹੀ ਨਹੀਂ, ਸਗੋਂ ਦੁਨੀਆਂ ਪੱਧਰ 'ਤੇ ਹੀ ਅਜਿਹਾ ਨਜ਼ਰੀਆ ਵਿਕਸਤ ਕੀਤਾ ਜਾ ਰਿਹਾ ਹੈ ਜੋ ਅਤਿਵਾਦੀ ਜਾਂ ਹਿੰਸਕ ਲਹਿਰਾਂ ਨੂੰ, ਉਨ੍ਹਾਂ ਲਹਿਰਾਂ ਦੇ ਉਭਾਰ ਲਈ ਜ਼ਿੰਮੇਵਾਰ ਸਮਾਜਿਕ-ਰਾਜਨੀਤਕ ਹਾਲਾਤ ਤੋਂ ਨਿਖੇੜ ਕੇ ਦੇਖਦਾ ਹੈ ਅਤੇ ਉਨ੍ਹਾਂ ਨੂੰ ਕੁਝ ਬੰਦਿਆਂ ਜਾਂ ਉਨ੍ਹਾਂ ਦੇ ਸਮੂਹ ਦੀ ਸੋਚ ਦਾ ਸਿੱਟਾ ਮੰਨਦਾ ਹੈ। ਇਹ ਦੇ ਹੱਲ ਲਈ ਉਹ ਅਜਿਹੀਆਂ ਜਥੇਬੰਦੀਆਂ 'ਤੇ ਪਾਬੰਦੀ ਲਾਉਣ, ਸਖ਼ਤ ਤੋਂ ਸਖ਼ਤ ਕਾਲੇ ਕਾਨੂੰਨ ਬਣਾ ਕੇ ਉਨ੍ਹਾਂ ਦੀਆਂ ਸਰਗਰਮੀਆਂ ਨੂੰ ਰੋਕਣ ਤੇ ਉਨ੍ਹਾਂ ਜਥੇਬੰਦੀਆਂ ਦੇ ਕਾਰਕੁਨਾਂ ਨੂੰ ਸਰੀਰਕ ਤੌਰ 'ਤੇ ਖ਼ਤਮ ਕਰਕੇ ਹਿੰਸਾ ਨੂੰ ਖ਼ਤਮ ਕਰਨ ਦਾ ਭੁਲੇਖਾ ਖੜ੍ਹਾ ਕਰਦਾ ਹੈ। ਇਸ ਲਈ ਉਹ ਝੂਠੇ ਪੁਲਿਸ ਮੁਕਾਬਲਿਆਂ ਜਿਹੀਆਂ ਗੈਰ-ਕਾਨੂੰਨੀ ਕੰਮ ਵੀ ਅਮਲ ਵਿਚ ਲਿਆਉਂਦਾ ਹੈ। ਭਾਰਤ ਹੀ ਨਹੀਂ, ਅਮਰੀਕਾ ਅੱਜ ਇਸ ਦ੍ਰਿਸ਼ਟੀਕੋਣ ਦਾ ਸਭ ਤੋਂ ਵੱਡਾ ਅਲੰਬਰਦਾਰ ਬਣਿਆ ਹੋਇਆ ਹੈ, ਜੋ ਅਲ-ਕਾਇਦਾ ਦੇ ਲੀਡਰਾਂ ਦੇ ਖਾਤਮੇ ਲਈ ਦੁਨੀਆਂ ਦੇ ਕਿਸੇ ਵੀ ਕੋਨੇ ਵਿਚ ਹਮਲੇ ਕਰਨ ਦਾ ਐਲਾਨ ਕਰ ਰਿਹਾ ਹੈ। ਇਹੀ ਉਹ ਦ੍ਰਿਸ਼ਟੀਕੋਣ ਹੈ, ਜੋ ਭਾਵੇਂ ਅਤਿਵਾਦ ਵਿਰੁੱਧ ਬੇਹੱਦ ਕਠੋਰ ਦਿਸਦਾ ਹੈ, ਲੇਕਿਨ ਇਹ ਅਤਿਵਾਦ ਦੇ ਖਾਤਮੇ ਦੀ ਥਾਂ, ਭਾਰਤ ਸਮੇਤ ਪੂਰੀ ਦੁਨੀਆਂ ਨੂੰ ਹਿੰਸਾ ਦੀ ਅੰਨ੍ਹੀ ਗਲੀ ਵਿੱਚ ਧੱਕ ਰਿਹਾ ਹੈ।

ਪ੍ਰੋਫੈਸਰ ਦਵਿੰਦਰਪਾਲ ਬਾਰੇ ਕੋਈ ਵੀ ਚਰਚਾ ਕਰਨ ਤੋਂ ਪਹਿਲਾਂ, ਇਹ ਸਾਫ ਕਰਨਾ ਜ਼ਰੂਰੀ ਹੈ ਕਿ ਉਸ ਵੱਲੋਂ ਜਾਂ ਉਸ ਦੀ ਲਹਿਰ ਵੱਲੋਂ ਲੋਕਾਂ ਖ਼ਿਲਾਫ਼ ਕੀਤੀਆਂ ਹਿੰਸਕ ਵਾਰਦਾਤਾਂ ਦੀ ਕਦਾਚਿਤ ਵੀ ਹਮਾਇਤ ਨਹੀਂ ਕੀਤੀ ਜਾ ਸਕਦੀ। ਇਹ ਸਪਸ਼ਟ ਕਰਨਾ ਵੀ ਉਨਾ ਹੀ ਜ਼ਰੂਰੀ ਹੈ ਕਿ ਦਵਿੰਦਰਪਾਲ ਉਸ ਹਿੰਸਕ ਲਹਿਰ ਦਾ ਬਚਿਆ ਅੰਸ਼ ਹੈ ਜੋ 1980ਵਿਆਂ ਦੌਰਾਨ ਪੰਜਾਬ ਦੇ ਸਮਾਜਿਕ-ਰਾਜਨੀਤਕ ਜੀਵਨ ਵਿਚ ਉੱਭਰ ਰਹੀਆਂ ਗੰਭੀਰ ਸਮੱਸਿਆਵਾਂ ਅਤੇ ਉਨ੍ਹਾਂ ਨਾਲ ਨਜਿੱਠਣ ਲਈ ਕੇਂਦਰ ਸਰਕਾਰ ਵੱਲੋਂ ਅਪਣਾਏ ਸੌੜੇ, ਤੁਅੱਸਬੀ ਤੇ ਫੌਜੀ ਤੌਰ-ਤਰੀਕਿਆਂ ਦੀ ਪੈਦਾਇਸ਼ ਸੀ। ਪੰਜਾਬ ਦੀਆਂ ਜਮਹੂਰੀ ਮੰਗਾਂ-ਦਰਿਆਈ ਪਾਣੀਆਂ ਦੀ ਵੰਡ, ਪੰਜਾਬੀ ਬੋਲਦੇ ਇਲਾਕੇ ਪੰਜਾਬ ਵਿਚ ਸ਼ਾਮਲ ਕਰਨ, ਚੰਡੀਗੜ੍ਹ ਪੰਜਾਬ ਨੂੰ ਦੇਣ ਅਤੇ ਰਾਜਾਂ ਨੂੰ ਵੱਧ ਅਧਿਕਾਰ ਦੇਣ ਆਦਿ ਨੂੰ ਲੈ ਕੇ ਉਸ ਸਮੇਂ ਤਕੜੀ ਜਨਤਕ ਲਹਿਰ ਸੀ। ਇਸ ਲਹਿਰ ਦੀ ਅਗਵਾਈ ਉਸ ਸਮੇਂ ਸ਼੍ਰੋਮਣੀ ਅਕਾਲੀ ਦਲ ਕਰ ਰਿਹਾ ਸੀ। ਇਨ੍ਹਾਂ ਮੰਗਾਂ ਨੂੰ ਪ੍ਰਵਾਨ ਕਰਕੇ ਕੇਂਦਰ ਸਰਕਾਰ ਜਿੱਤ ਦਾ ਸਿਹਰਾ ਅਕਾਲੀ ਦਲ ਦੇ ਸਿਰ ਨਹੀਂ ਸੀ ਬੰਨ੍ਹਣਾ ਚਾਹੁੰਦੀ। ਅਜਿਹਾ ਹੋਣ ਨਾਲ ਨਿਸ਼ਚੇ ਹੀ ਪੰਜਾਬੀ ਸਮਾਜ 'ਤੇ ਅਕਾਲੀ ਦਲ ਦੀ ਸਿਆਸੀ ਪਕੜ ਲੰਬੇ ਸਮੇਂ ਲਈ ਮਜ਼ਬੂਤ ਹੋਣੀ ਸੀ। ਸਿੱਟੇ ਵਜੋਂ ਉਸ ਨੇ ਇਹ ਮੰਗਾਂ ਪ੍ਰਵਾਨ ਕਰਨ ਦੀ ਥਾਂ, ਸਿੱਖ ਹਲਕਿਆਂ ਅੰਦਰੋਂ ਖਾੜਕੂ ਜਾਂ ਗਰਮਦਲੀਏ ਤੱਤਾਂ ਨੂੰ ਉਭਾਰਨ ਦਾ ਰਾਹ ਚੁਣਿਆ। ਨਿਰੰਕਾਰੀਆਂ ਨਾਲ ਝਗੜੇ ਤੋਂ ਬਾਅਦ, ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਗ੍ਰਿਫਤਾਰੀ ਤੋਂ ਲੈ ਕੇ, ਸ੍ਰੀ ਹਰਿਮੰਦਰ ਸਾਹਿਬ ਅੰਦਰ ਹਥਿਆਰਾਂ ਦੀ ਪਹੁੰਚ ਤੱਕ ਸਭ ਘਟਨਾਕ੍ਰਮ, ਇਕ ਮਕਸਦ ਤਹਿਤ ਸਰਕਾਰ ਦੀ ਨਜ਼ਰਸਾਨੀ ਹੇਠ ਵਾਪਰੇ। ਸਾਰੇ ਹਾਲਾਤ ਨੂੰ ਉਥੋਂ ਤੱਕ ਵਧਣ ਦਿੱਤਾ ਗਿਆ, ਜਿੱਥੇ ਇਹ ਸ੍ਰੀ ਹਰਿਮੰਦਰ ਸਾਹਿਬ ਉਤੇ ਹਮਲੇ ਲਈ ਬਹਾਨੇ ਵਜੋਂ ਵਰਤੇ ਗਏ। ਸ੍ਰੀ ਹਰਿਮੰਦਰ ਸਾਹਿਬ ਉਤੇ ਹਮਲੇ ਦਾ ਦਿਨ ਵੀ ਸ਼ਾਇਦ ਕੁਝ ਖਾਸ ਗਿਣਤੀਆਂ-ਮਿਣਤੀਆਂ ਵਿਚੋਂ ਉਹ ਚੁਣਿਆ ਗਿਆ ਜਿਸ ਦਿਨ ਉਥੇ ਸਿੱਖ ਸੰਗਤ ਵੱਡੀ ਗਿਣਤੀ ਵਿਚ ਮੌਜੂਦ ਸੀ। ਇਹ ਹਮਲਾ ਅਸਲ ਵਿਚ ਪੰਜਾਬ ਅੰਦਰ ਖਾੜਕੂ ਲਹਿਰ ਲਈ ਵੱਡਾ ਆਧਾਰ ਬਣਿਆ। ਇਸ ਹਮਲੇ ਨੇ, ਸਿੱਖ ਹਿਰਦਿਆਂ ਨੂੰ ਭਾਰੀ ਠੇਸ ਪਹੁੰਚਾਈ ਅਤੇ ਪੰਜਾਬ ਦੀ ਨੌਜਵਾਨ ਪੀੜ੍ਹੀ ਖਾੜਕੂ ਲਹਿਰ ਵੱਲ ਖਿੱਚੀ ਗਈ। ਸਿੱਟਾ ਸਾਫ ਸੀ, ਭਿੰਡਰਾਂਵਾਲੇ ਜਾਂ ਅਮਰੀਕ ਸਿੰਘ ਦੀ ਮੌਤ ਨਾਲ ਹਿੰਸਾ ਨੂੰ ਖਤਮ ਨਹੀਂ ਕੀਤਾ ਜਾ ਸਕਿਆ, ਸਗੋਂ ਇਹ ਹੋਰ ਵੀ ਵਧੇਰੇ ਭੜਕ ਪਈ ਸੀ।

ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ 1984 ਵਿਚ ਦਿੱਲੀ ਸਮੇਤ ਦੇਸ਼ ਦੇ ਬਾਕੀ ਹਿੱਸਿਆਂ ਵਿਚ ਸਿੱਖਾਂ ਦੇ ਹੋਏ ਕਤਲੇਆਮ ਨੇ ਬਲਦੀ ਉਤੇ ਤੇਲ ਦਾ ਕੰਮ ਕੀਤਾ। ਦੇਸ਼ ਦੀ ਰਾਜਧਾਨੀ, ਜਿੱਥੇ ਪ੍ਰਧਾਨ ਮੰਤਰੀ, ਰਾਸ਼ਟਰਪਤੀ, ਗ੍ਰਹਿ ਮੰਤਰਾਲਾ ਤੇ ਫੌਜ ਮੁਖੀ ਆਦਿ ਸਭ ਮੌਜੂਦ ਸਨ, ਉੱਥੇ ਤਿੰਨ ਦਿਨ ਸੈਂਕੜਿਆਂ ਦੀ ਗਿਣਤੀ ਵਿਚ ਕਾਤਲੀ ਟੋਲੇ ਘੁੰਮਦੇ ਰਹੇ, ਨਿਹੱਥੇ ਲੋਕਾਂ ਨੂੰ ਗਲਾਂ ਵਿਚ ਟਾਇਰ ਪਾ ਕੇ ਸਾੜਦੇ ਰਹੇ, ਲੇਕਿਨ ਸਾਰਾ ਸਰਕਾਰੀ ਤੰਤਰ ਮੂਕ ਦਰਸ਼ਕ ਬਣਿਆ ਵੇਖਦਾ ਰਿਹਾ।

ਇਹੀ ਨਹੀਂ, ਕਾਤਲੀ ਟੋਲਿਆਂ ਦੀ ਅਗਵਾਈ ਕਰਨ ਵਾਲੇ, ਸਜ਼ਾਵਾਂ ਮਿਲਣ ਦੀ ਥਾਂ ਮੰਤਰੀਆਂ ਦੀਆਂ ਕੁਰਸੀਆਂ ਨਾਲ ਨਵਾਜੇ ਗਏ। ਜ਼ੁਲਮ ਅਤੇ ਧੱਕੇ ਦੀ ਇਹ ਸਿਖਰ ਵੇਖ ਕੇ ਸਿਰਫ ਗਰਮਖਿਆਲੀ ਹੀ ਨਹੀਂ, ਸਗੋਂ ਹਰ ਆਮ ਸਿੱਖ ਦਾ ਵੀ ਭਾਰਤੀ ਰਾਜ ਪ੍ਰਬੰਧ ਜਾਂ ਇਨਸਾਫ ਵਿਚੋਂ ਵਿਸ਼ਵਾਸ ਉੱਠ ਗਿਆ ਤੇ ਉਨ੍ਹਾਂ ਅੰਦਰ ਬੇਗਾਨਗੀ ਦੀ ਭਾਵਨਾ ਧੁਰ ਅੰਦਰ ਤੱਕ ਭਰ ਗਈ। ਬੇਗਾਨਗੀ ਦੀ ਇਸ ਭਾਵਨਾ ਨੇ ਖਾੜਕੂ ਹਿੰਸਕ ਲਹਿਰ ਨੂੰ ਹੋਰ ਵੀ ਬਲ ਬਖ਼ਸ਼ਿਆ।

1980ਵਿਆਂ ਦੇ ਸਮੇਂ ਤੱਕ ਖੇਤੀ ਵਿਚ ਆਈ ਹਰੀ ਕ੍ਰਾਂਤੀ, ਪੀਲੀ ਪੈਣੀ ਸ਼ੁਰੂ ਹੋ ਚੁੱਕੀ ਸੀ। ਮਸ਼ੀਨੀਕਰਨ ਸਦਕਾ ਖੇਤ ਮਜ਼ਦੂਰਾਂ ਦੀ ਵੱਡੀ ਗਿਣਤੀ ਖੇਤੀ ਵਿਚੋਂ ਵਿਹਲੀ ਹੋ ਚੁੱਕੀ ਸੀ। ਮਹਿੰਗੀ ਮਸ਼ੀਨਰੀ ਅਤੇ ਹੋਰ ਖੇਤੀ ਲਾਗਤਾਂ ਕਾਰਨ ਛੋਟੀਆਂ ਜੋਤਾਂ ਦੀ ਮਾਲਕ ਛੋਟੀ ਕਿਸਾਨੀ ਦੀ ਆਰਥਿਕਤਾ ਟੁੱਟ ਰਹੀ ਸੀ। ਖੇਤੀ ਵਿਚ ਹੋਏ ਵਿਕਾਸ ਸਦਕਾ ਪੰਜਾਬ ਦੀ ਨਵੀਂ ਪੀੜ੍ਹੀ, ਇਕ ਪੱਧਰ ਤੱਕ ਪੜ੍ਹ-ਲਿਖ ਚੁੱਕੀ ਸੀ ਤੇ ਉਸ ਦੇ ਸਾਹਮਣੇ ਭਵਿੱਖ ਹਨੇਰਾ ਸੀ। ਪੰਜਾਬ ਦੀ ਲੁਧਿਆਣੇ ਜਿਹੀ ਛੋਟੀ ਸਨਅਤ ਦੀਆਂ ਜਿੱਲ੍ਹਣ ਭਰੇ ਹਾਲਾਤ ਦੀ ਥਾਂ, ਉਹ ਕਿਸੇ ਸਨਮਾਨਜਨਕ ਰੁਜ਼ਗਾਰ ਦੀ ਭਾਲ ਵਿਚ ਸੀ ਜੋ ਪੰਜਾਬ ਅੰਦਰ ਨਹੀਂ ਸੀ। ਇਨ੍ਹਾਂ ਹਾਲਾਤ ਵਿਚ ਸਿੱਖ ਸਿਆਸਤ ਦੇ ਦੰਗਲ ਵਿਚ ਉਭਰੇ ਸੰਤ ਭਿੰਡਰਾਂਵਾਲੇ ਦੇ ਜੋਸ਼ੀਲੇ ਭਾਸ਼ਣ ਸੁਣਨ ਲਈ, ਇਹੀ ਨੌਜਵਾਨ ਪੀੜ੍ਹੀ ਸਰੋਤਿਆਂ ਵਜੋਂ ਸਾਹਮਣੇ ਆਈ, ਤੇ ਬਾਅਦ ਵਿਚ ਖਾੜਕੂ ਸਫਾਂ 'ਚ ਸ਼ਾਮਲ ਹੋ ਗਈ।

ਪੰਜਾਬ ਅੰਦਰ ਫੈਲੀ ਖਾੜਕੂ ਲਹਿਰ ਨੂੰ ਰਾਜਨੀਤਕ ਪੱਧਰ 'ਤੇ ਹੱਲ ਕੀਤਾ ਜਾਣਾ ਚਾਹੀਦਾ ਸੀ, ਲੇਕਿਨ ਇਹਦੀ ਥਾਂ ਸਰਕਾਰ ਨੇ 'ਗੋਲੀ ਬਦਲੇ ਗੋਲੀ' ਦਾ ਰਾਹ ਚੁਣ ਲਿਆ। ਪੰਜਾਬ ਡੇਢ ਦਹਾਕਾ ਰਾਜਕੀ ਹਿੰਸਾ ਅਤੇ ਖਾੜਕੂ ਹਿੰਸਾ ਵਿਚਕਾਰ ਪਿਸਦਾ ਰਿਹਾ। ਅੱਜ ਕਿਸੇ ਨੂੰ ਵੀ ਇਹ ਭਰਮ ਨਹੀਂ ਪਾਲਣਾ ਚਾਹੀਦਾ ਕਿ ਪੰਜਾਬ ਦੀ ਹਿੰਸਕ ਲਹਿਰ ਨੂੰ ਰਾਜਕੀ ਹਿੰਸਾ ਜ਼ਰੀਏ ਖ਼ਤਮ ਕਰ ਦਿੱਤਾ ਗਿਆ ਸੀ; ਸਗੋਂ ਇਹ ਖਾੜਕੂ ਲਹਿਰ ਦੇ ਅੰਦਰਲੀਆਂ ਕਮਜ਼ੋਰੀਆਂ ਹੀ ਸਨ ਜਿਨ੍ਹਾਂ ਨੇ ਉਨ੍ਹਾਂ ਨੂੰ ਲੋਕਾਂ ਅੰਦਰੋਂ ਨਿਖੇੜ ਦਿੱਤਾ ਸੀ। ਅੱਜ ਪ੍ਰੋ. ਦਵਿੰਦਰਪਾਲ ਨੂੰ ਫਾਂਸੀ ਦੇਣ ਨਾਲ ਭਾਵੇਂ ਖਾੜਕੂ ਲਹਿਰ ਦੇ ਕਾਲੇ ਦੌਰ ਦੌਰਾਨ ਮਾਰੇ ਹਜ਼ਾਰਾਂ ਲੋਕਾਂ ਦੀ ਗਿਣਤੀ ਵਿਚ ਸਿਰਫ ਇਕ ਅੰਕ ਦਾ ਹੀ ਵਾਧਾ ਹੋਵੇਗਾ, ਲੇਕਿਨ ਇਹ ਬਹੁਤ ਵੱਡਾ ਅਨਿਆਂ ਹੋਵੇਗਾ। ਇਹ ਰਾਜਨੀਤਕ ਮਸਲਿਆਂ ਦੇ ਫੌਜੀ ਹੱਲ ਕਰਨ ਦੀ ਨੀਤੀ ਦੀ ਤਾਈਦ ਹੋਵੇਗੀ। ਲੋੜ ਅੱਜ ਇਸ ਗੱਲ ਦੀ ਹੈ ਕਿ ਖਾੜਕੂ ਲਹਿਰ ਦੇ ਉਭਾਰ ਲਈ ਜ਼ਿੰਮੇਵਾਰ ਸਮਾਜਿਕ, ਆਰਥਿਕ, ਰਾਜਨੀਤਕ ਅਤੇ ਧਾਰਮਿਕ ਵਰਤਾਰਿਆਂ ਦਾ ਡੂੰਘਾ ਵਿਸ਼ਲੇਸ਼ਣ ਕਰਕੇ, ਵੱਡੀਆਂ ਰਾਜਨੀਤਕ ਪਹਿਲਕਦਮੀਆਂ ਕੀਤੀਆਂ ਜਾਣ। ਭਾਰਤ ਦੇ ਸੰਘੀ ਢਾਂਚੇ ਨੂੰ ਵਧੇਰੇ ਫੈਡਰਲ ਬਣਾਇਆ ਜਾਵੇ, ਸਿੱਖਾਂ ਦੇ ਖੇਰੂੰ-ਖੇਰੂੰ ਹੋਏ ਵਿਸ਼ਵਾਸ ਨੂੰ ਮੁੜ ਬਹਾਲ ਕਰਨ ਲਈ 1984 ਦੇ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿੱਤੀਆਂ ਜਾਣ। ਸ੍ਰੀ ਹਰਿਮੰਦਰ ਸਾਹਿਬ 'ਤੇ ਹਮਲਾ ਅਤੇ 1984 ਦਾ ਸਿੱਖ ਕਤਲੇਆਮ, ਬਾਬਰੀ ਮਸਜਿਦ ਨੂੰ ਗਿਰਾਉਣਾ ਅਤੇ ਗੁਜਰਾਤ ਵਿਚ ਮੁਸਲਮਾਨਾਂ ਦਾ ਕਤਲੇਆਮ, ਉੜੀਸਾ, ਕਰਨਾਟਕ ਵਿਚ ਈਸਾਈਆਂ 'ਤੇ ਹਮਲਿਆਂ ਸਦਕਾ ਭਾਰਤ ਅੰਦਰ ਰਾਜਕੀ ਸ਼ਹਿ ਨਾਲ ਵਧ-ਫੁਲ ਰਹੇ ਹਿੰਦੂ ਫਾਸ਼ੀਵਾਦ ਨੇ ਧਾਰਮਿਕ ਘੱਟ ਗਿਣਤੀਆਂ ਅੰਦਰ ਬੇਗਾਨਗੀ ਅਤੇ ਅਸੁਰੱਖਿਆ ਦੀ ਭਾਵਨਾ ਨੂੰ ਖ਼ਤਰਨਾਕ ਹੱਦ ਤੱਕ ਵਧਾ ਦਿੱਤਾ ਹੈ। ਦਵਿੰਦਰਪਾਲ ਨੂੰ ਫਾਂਸੀ ਇਸ ਭਾਵਨਾ ਨੂੰ ਹੋਰ ਵਧਾਵੇਗੀ, ਲੋੜ ਇਸ ਨੂੰ ਮੋੜਾ ਦੇਣ ਦੀ ਹੈ।

*ਕਾਨੂੰਨੀ ਤੌਰ 'ਤੇ ਕੀ ਠੀਕ, ਕੀ ਗਲਤ ਹੋਇਆ; ਇਸ ਨਾਲੋਂ ਇਹ ਜ਼ਿਆਦਾ ਮਹੱਤਵਪੂਰਨ ਹੈ ਕਿ ਨੀਤੀ ਦੇ ਪੱਧਰ 'ਤੇ, ਕੀ ਸਮਾਜ ਵਿਚ ਉਠਦੀਆਂ ਹਿੰਸਕ ਲਹਿਰਾਂ ਪ੍ਰਤੀ 'ਗੋਲੀ ਬਦਲੇ ਗੋਲੀ' ਜਾਂ 'ਮੌਤ ਬਦਲੇ ਮੌਤ' ਦੀ ਨੀਤੀ ਸਹੀ ਹੈ? ਦਵਿੰਦਰਪਾਲ ਨੇ ਜੋ ਵੀ ਜੁਰਮ ਕੀਤੇ, ਉਹ ਬਤੌਰ ਦਵਿੰਦਰਪਾਲ ਨਹੀਂ, ਸਗੋਂ ਹਿੰਸਕ ਲਹਿਰ ਦਾ ਅੰਗ ਹੋਣ ਵਜੋਂ ਕੀਤੇ। ਕੀ ਉਸ ਹਿੰਸਕ ਲਹਿਰ ਦੀ ਪੈਦਾਇਸ਼ ਲਈ, ਦਵਿੰਦਰਪਾਲ ਜਿਹੇ ਚੰਦ ਕੁ ਨੌਜਵਾਨ ਹੀ ਜ਼ਿੰਮੇਵਾਰ ਹਨ?*

# ਪੰਜਾਬ, ਪਰਵਾਸ ਤੇ ਪਰਵਾਜ਼

ਪ੍ਰਿੰ. ਸਰਵਣ ਸਿੰਘ



ਪੰਜਾਬੀ ਪੰਜਾਬ ਛੱਡ ਰਹੇ ਹਨ ਤੇ ਭੱਈਏ ਪੰਜਾਬ ਸੰਭਾਲ ਰਹੇ ਹਨ। ਪੰਜਾਬ ਵਿਚ ਉਨ੍ਹਾਂ ਦੀ ਪੂਰੀ ਗਿਣਤੀ ਤਾਂ ਕਿਸੇ ਨੇ ਨਹੀਂ ਕੀਤੀ ਪਰ ਅਨੁਮਾਨ ਹੈ ਕਿ ਉਹ ਪੱਚੀ ਲੱਖ ਤੋਂ ਪੈਂਤੀ ਲੱਖ ਦੇ ਦਰਮਿਆਨ ਹੋਣਗੇ। ਜੇਕਰ ਇਹੋ ਸਿਲਸਿਲਾ ਜਾਰੀ ਰਿਹਾ ਤਾਂ ਉਹ ਵੀਹ ਤੀਹ ਵਰ੍ਹਿਆਂ 'ਚ ਇਕ ਕਰੋੜ ਦੇ ਕਰੀਬ ਪਹੁੰਚ ਜਾਣਗੇ ਅਤੇ ਪੰਜਾਬ ਦਾ ਹਰ ਤੀਜਾ ਬੰਦਾ ਭੱਈਆ ਹੋਵੇਗਾ।

ਭੱਈਆਂ ਦੇ ਬੱਚੇ ਪੰਜਾਬ ਨੂੰ ਹੀ ਆਪਣੀ ਜਨਮ ਭੋਇੰ ਸਮਝਣ ਲੱਗਣਗੇ ਜਿਵੇਂ ਵਿਦੇਸ਼ਾਂ 'ਚ ਜੰਮੇ ਪੰਜਾਬੀ ਬੱਚੇ ਵਿਦੇਸ਼ਾਂ ਨੂੰ ਸਮਝਦੇ ਹਨ। ਉਨ੍ਹਾਂ ਦੀ ਬੋਲੀ ਹਿੰਦੀ ਪੰਜਾਬੀ ਦੀ ਥਾਂ ਭੱਈਯਾਬੀ ਹੋਵੇਗੀ ਜਿਵੇਂ ਸ਼ਹਿਰੀ ਪੰਜਾਬੀਆਂ ਦੀ ਪੰਜਰੇਜ਼ੀ ਬਣ ਗਈ ਹੈ। ਉਨ੍ਹਾਂ 'ਚੋਂ ਬਹੁਤ ਸਾਰੇ ਸਿੰਘ ਸਜ ਜਾਣਗੇ ਤੇ ਪਹਿਲੇ ਪੰਜਾਬੀਆਂ 'ਚ ਰਚ ਮਿਚ ਜਾਣਗੇ। ਫਿਰ ਆਪਸ ਵਿਚ ਰਿਸ਼ਤੇ ਨਾਤੇ ਵੀ ਹੋਣਗੇ। ਉਦੋਂ ਤਕ ਲੁਧਿਆਣਾ ਉਨ੍ਹਾਂ ਦੀ ਰਾਜਧਾਨੀ ਬਣ ਜਾਵੇਗੀ। ਜਿਹੜੇ ਅੱਜ ਰਿਕਸ਼ੇ ਚਲਾ ਰਹੇ ਜਾਂ ਰੇਹੜੀਆਂ ਲਾ ਰਹੇ ਨੇ ਉਨ੍ਹਾਂ ਦੀ ਆਪਣੀ ਟਰਾਂਸਪੋਰਟ ਹੋਵੇਗੀ ਅਤੇ ਆਪਣੇ ਮਕਾਨ ਤੇ ਆਪਣੀਆਂ ਦੁਕਾਨਾਂ। ਲੋਕਰਾਜ ਵਿਚ ਉਹ ਰਾਜ ਭਾਗ ਦੇ ਵੀ ਹਿੱਸੇਦਾਰ ਬਣਨਗੇ। ਇਹ ਕੋਈ ਅਲੋਕਾਰੀ ਗੱਲ ਨਹੀਂ ਹੋਵੇਗੀ।

ਪੰਜਾਬ ਦੇ ਇਤਿਹਾਸ ਵਿਚ ਪਹਿਲਾਂ ਵੀ ਬਥੇਰੇ ਬੰਦੇ ਏਧਰੋਂ ਓਧਰੋਂ ਆਉਂਦੇ ਜਾਂਦੇ ਰਹੇ ਨੇ। ਪੰਜਾਬੀਆਂ ਵਿਚ ਹਮਲਾਵਰਾਂ ਦੀਆਂ ਬਥੇਰੀਆਂ ਨਸਲਾਂ ਦਾ ਅੰਸ਼ ਹੈ। ਜੱਟ ਸਿੱਖਾਂ ਦੇ ਸਭ ਤੋਂ ਵੱਡੇ ਗੋਤ ਸਿੱਧੂਆਂ ਦੇ ਵਡ-ਵਡੇਰੇ ਰਾਜਸਥਾਨ 'ਚੋਂ ਆਏ ਸਨ। ਕੁਝ ਗੋਤੀ ਸਿੰਧ ਵੱਲੋਂ ਆਏ। ਸਿਕੰਦਰ, ਮਹਿਮੂਦ, ਬਾਬਰ ਤੇ ਅਬਦਾਲੀ ਤਕ ਜਿਹੜੇ ਲਸ਼ਕਰ ਪੰਜਾਬ ਉਤੇ ਚੜ੍ਹਾਈ ਕਰਦੇ ਰਹੇ ਕੁਝ ਪੰਜਾਬ ਵਿਚ ਹੀ ਰਹਿ ਜਾਂਦੇ ਰਹੇ। ਬਿੱਲੀਆਂ ਅੱਖਾਂ ਬਾਹਰੋਂ ਆਈਆਂ। ਹੁਣ ਤਾਂ ਆਉਣ ਜਾਣ ਹੋਰ ਵੀ ਸੁਖਾਲਾ ਹੋ ਗਿਆ ਹੈ। ਉਸ ਤੋਂ ਪਹਿਲਾਂ ਆਰੀਆ ਲੋਕ ਵੀ ਬਾਹਰੋਂ ਆਏ ਸਨ।

ਜਦੋਂ ਤਕ ਭੱਈਏ ਪੰਜਾਬ ਵਿਚ ਕਰੋੜ ਤਕ ਪਹੁੰਚਣਗੇ ਉਦੋਂ ਤਕ ਪੰਜਾਬ ਛੱਡ ਕੇ ਚਲੇ ਜਾਣ ਵਾਲੇ ਪੰਜਾਬੀਆਂ ਦੀ ਗਿਣਤੀ ਵੀ ਕਰੋੜ ਤੋਂ ਵਧ ਜਾਵੇਗੀ। ਕੈਨੇਡਾ ਵਿਚ ਉਨ੍ਹਾਂ ਦੀ ਗਿਣਤੀ ਵਾਹਵਾ ਹੋ ਗਈ ਹੈ ਤੇ ਉਹ ਰਾਜ ਭਾਗ ਦੇ ਹਿੱਸੇਦਾਰ ਬਣ ਗਏ ਹਨ। ਇੰਗਲੈਂਡ ਵਿਚ ਉਹ ਮੇਅਰ ਹਨ ਤੇ ਅਮਰੀਕਾ ਵਿਚ ਗਵਰਨਰ। ਉਹ ਹੋਰ ਵੀ ਕਈ ਥਾਈਂ ਝੰਡੇ ਗੱਡਣਗੇ। ਪੰਜਾਬੀਆਂ ਨੇ ਪਰਦੇਸਾਂ ਵਿਚ ਕਈ ਪੰਜਾਬ ਵਸਾ ਲਏ ਹਨ। ਜੇਕਰ ਪੰਜਾਬੀ ਪੰਜਾਬ ਤੋਂ ਬਾਹਰ ਜਾ ਕੇ ਹੋਰਨਾਂ ਰਾਜਾਂ ਦੇ ਰਾਜ ਭਾਗ 'ਚ ਸ਼ਰੀਕ ਹੋਣਾ ਆਪਣਾ ਹੱਕ ਸਮਝਦੇ ਹਨ ਤਾਂ ਉਹੋ ਜਿਹੇ ਸ਼ਰੀਕ ਹੋਣਾ ਭੱਈਏ ਵੀ ਆਪਣਾ ਹੱਕ ਸਮਝਣਗੇ। ਆਖ਼ਰ ਉਹ ਵੀ ਕਿਰਤੀ ਕਾਮੇ ਤੇ ਜੀਂਦੇ ਜਾਗਦੇ ਇਨਸਾਨ ਹਨ। ਨਾਲੇ ਉਹ ਕੋਈ ਬੇਗਾਨੇ ਵੀ ਤਾਂ ਨਹੀਂ। ਉਨ੍ਹਾਂ ਦੇ ਸੰਤਾਂ ਤੇ ਭਗਤਾਂ ਦੀ ਬਾਣੀ ਵੀ ਗੁਰੂ ਗ੍ਰੰਥ ਸਾਹਿਬ ਦਾ ਭਾਗ ਹੈ। ਗੁਰੂ ਗ੍ਰੰਥ ਸਾਹਿਬ ਉਨ੍ਹਾਂ ਦਾ ਵੀ ਓਨਾ ਹੀ ਗੁਰੂ ਹੈ ਜਿੰਨਾ ਕਿਸੇ ਹੋਰ ਦਾ। ਕਈ ਬੰਦੇ ਉਨ੍ਹਾਂ ਨਾਲ ਐਵੇਂ ਈ ਨਫਰਤ ਕਰੀ ਜਾਂਦੇ ਨੇ ਤੇ ਉਨ੍ਹਾਂ ਨੂੰ ਹੇਚ ਸਮਝਦੇ ਨੇ। ਗੁਰਬਾਣੀ ਕਿਸੇ ਨੂੰ ਵੀ 'ਬਾਹਰਾ' ਨਹੀਂ ਕਹਿੰਦੀ।

ਅਸੀਂ ਇਕ ਦਿਨ ਮੁਕੰਦਪੁਰ ਤੋਂ ਲੁਧਿਆਣੇ ਆ ਰਹੇ ਸਾਂ। ਦਰਿਆ ਸਤਲੁਜ ਦੇ ਪੁਲ ਕੋਲ ਪਹੁੰਚੇ ਤਾਂ ਜਾਮ ਲੱਗਾ ਹੋਇਆ ਸੀ। ਭੱਈਆਂ ਦਾ ਕੋਈ ਦਿਨ ਤਿਉਹਾਰ ਸੀ। ਉਹ ਹਰ ਤਰ੍ਹਾਂ ਦੇ ਵਾਹਨਾਂ ਉਤੇ ਸਵਾਰ ਸਨ। ਵਿਚੇ ਰਿਕਸ਼ੇ, ਵਿਚੇ ਟੈਂਪੂ ਤੇ ਵਿਚੇ ਟ੍ਰੈਕਟਰ ਟਰਾਲੀਆਂ। ਉਹ ਨੱਚ/ਗਾ ਰਹੇ ਸਨ। ਲਾਊਡ ਸਪੀਕਰਾਂ 'ਚੋਂ ਭਜਨ ਗੂੰਜ ਰਹੇ ਸਨ। ਉਨ੍ਹਾਂ ਨੇ ਸ਼ਰਧਾ ਭਾਵਨਾ ਨਾਲ ਗੋਟੇ ਕਿਨਾਰੀਆਂ ਨਾਲ ਸ਼ਿੰਗਾਰੀਆਂ ਮੂਰਤੀਆਂ ਚੁੱਕੀਆਂ ਹੋਈਆਂ ਸਨ। ਉਨ੍ਹਾਂ ਦੀ ਸ਼ਰਧਾ ਵੇਖਣ ਵਾਲੀ ਸੀ। ਪਰ ਮੇਰੇ ਇੰਗਲੈਂਡੀਏ ਸਾਥੀ ਉਨ੍ਹਾਂ ਦੇ ਉਜੱਡਪੁਣੇ ਉਤੇ ਖਿਝ ਰਹੇ ਸਨ ਤੇ ਭੱਈਆਂ ਦੀਆਂ ਭੀੜਾਂ ਵੇਖ ਕੇ ਕਚੀਚੀਆਂ ਲੈ ਰਹੇ ਸਨ। ਪਰਵਾਸੀ

## ਸਦੀਆਂ ਪੁਰਾਣੀ ਹੈ ਆਉਣੀ-ਜਾਣੀ

***ਪਰਵਾਸ ਪੰਜਾਬ ਲਈ ਕੋਈ ਨਵੀਂ ਗੱਲ ਨਹੀਂ। ਤਕਰੀਬਨ ਇਕ ਸਦੀ ਤੋਂ ਵੀ ਵੱਧ ਸਮੇਂ ਤੋਂ ਪੰਜਾਬ ਵਿਚੋਂ ਪਰਵਾਸ ਹੋ ਰਿਹਾ ਹੈ। ਇਸ ਬਾਰੇ ਭਾਵੇਂ ਸਹੀ ਅੰਕੜੇ ਤਾਂ ਮੁਹੱਈਆ ਨਹੀਂ ਹਨ, ਫਿਰ ਵੀ ਮਾਹਿਰਾਂ ਦੇ ਅੰਦਾਜ਼ਿਆਂ ਮੁਤਾਬਕ ਤਕਰੀਬਨ ਢਾਈ ਕਰੋੜ ਭਾਰਤੀ ਵਿਦੇਸ਼ਾਂ ਵਿਚ ਵਸੇ ਹੋਏ ਹਨ। ਪੰਜਾਬੀਆਂ ਬਾਰੇ 25 ਤੋਂ 70 ਲੱਖ ਤੱਕ ਵਿਦੇਸ਼ਾਂ ਵਿਚ ਵਸੋਂ ਹੋਣ ਦਾ ਅੰਦਾਜ਼ਾ ਹੈ। ਹੁਣ ਪਰਵਾਸ ਪੰਜਾਬੀ ਜੀਵਨ ਦੀ ਸਮਾਜਕ ਸੱਚਾਈ ਬਣ ਚੁੱਕਿਆ ਹੈ। ਪਰਵਾਸ ਦੇ ਪ੍ਰਸੰਗ ਵਿਚ ਪੰਜਾਬ ਦਾ ਕੇਰਲ ਤੋਂ ਬਾਅਦ ਦੂਜਾ ਸਥਾਨ ਆਉਂਦਾ ਹੈ। ਕੇਰਲ ਤੋਂ ਪਰਵਾਸ ਦਾ ਰੁਝਾਨ ਅਰਬ ਮੁਲਕ ਵੱਲ ਜ਼ਿਆਦਾ ਹੈ। ਪੰਜਾਬ ਤੋਂ ਯੂਰਪੀ ਮੁਲਕਾਂ, ਕੈਨੇਡਾ, ਅਮਰੀਕਾ, ਆਸਟਰੇਲੀਆ, ਨਿਊਜ਼ੀਲੈਂਡ ਜਾਂ ਹੋਰ ਵਿਕਸਤ ਮੁਲਕਾਂ ਵੱਲ ਜ਼ਿਆਦਾ ਹੈ। ਪੰਜਾਬ ਵਿਚੋਂ ਵੀ ਦੁਆਬਾ ਖੇਤਰ ਦੇ ਚਾਰੋਂ ਜ਼ਿਲ੍ਹੇ-ਜਲੰਧਰ, ਨਵਾਂਸ਼ਹਿਰ, ਕਪੂਰਥਲਾ ਤੇ ਹੁਸ਼ਿਆਰਪੁਰ, ਪਹਿਲੇ ਨੰਬਰ 'ਤੇ ਆਉਂਦੇ ਹਨ, ਪਰ ਹੁਣ ਪਰਵਾਸ ਤਕਰੀਬਨ ਸਾਰੇ ਪੰਜਾਬ ਤੋਂ ਹੀ ਹੋਣ ਲੱਗ ਪਿਆ ਹੈ। ਇੱਥੋਂ ਤੱਕ ਕਿ ਪੰਜਾਬ ਦੇ ਨਾਲ ਲਗਦੇ ਹਰਿਆਣਾ ਸੂਬੇ ਦੇ ਅੰਬਾਲਾ, ਕੁਰੂਕਸ਼ੇਤਰ, ਕੈਥਲ, ਕਰਨਾਲ ਵੀ ਪਰਵਾਸ ਦੀ ਗ੍ਰਿਫਤ ਵਿਚ ਆ ਗਏ ਹਨ।***

ਹੋ ਕੇ ਵੀ ਆਪਣੇ ਆਪ ਨੂੰ ਪੰਜਾਬ ਦੇ ਮਾਲਕ ਸਮਝ ਰਹੇ ਸਨ। ਉਹ ਭੱਈਆਂ ਨੂੰ ਗਾਲ੍ਹਾਂ ਕੱਢਣ ਲੱਗੇ, "ਕਿਥੋਂ ਆ-ਗੀ ਏਨੀ ਕੁੜ੍ਹੀੜ! ਕੰਜਰ ਸਾਰੀ ਸੜਕ ਮੱਲੀ ਖੜ੍ਹੇ ਆ, ਲਾਊਡ ਸਪੀਕਰਾਂ ਨਾਲ ਕੰਨ ਖਾਈ ਜਾਂਦੇ ਆ...!!"

ਮੈਨੂੰ ਟੋਰਾਂਟੋ, ਵੈਨਕੂਵਰ, ਨਿਊ ਯਾਰਕ, ਯੂਬਾ ਸਿਟੀ ਤੇ ਲੰਡਨ ਦੇ ਨਗਰ ਕੀਰਤਨ ਯਾਦ ਆ ਗਏ। ਸੜਕਾਂ ਉਤੇ ਸਿੱਖਾਂ ਦੀਆਂ ਪਰੇਡਾਂ ਤੇ ਝੂਲਦੇ ਨਿਸ਼ਾਨ ਦਿਸਣ ਲੱਗੇ। ਭੀੜਾਂ ਤਾਂ ਸਾਡੀਆਂ ਵੀ ਓਥੇ ਭੱਈਆਂ ਵਾਂਗ ਈ ਹੁੰਦੀਆਂ ਨੇ। ਸਾਡੇ ਵੀ ਦਿਨ ਦਿਹਾਰ ਨੇ। ਅਸੀਂ ਵੀ ਟੋਲੀਆਂ ਬੰਨ੍ਹੀਂ ਵਾਜੇ ਗਾਜੇ ਤੇ ਢੋਲਕੀਆਂ ਨਾਲ ਸ਼ਬਦ ਗਾਉਂਦੇ ਹਾਂ। ਇਹ ਵੱਖਰੀ ਗੱਲ ਹੈ ਕਿ ਅਮਰੀਕਾ-ਕੈਨੇਡਾ ਦੀ ਪੁਲੀਸ ਜਾਮ ਘੱਟ ਲੱਗਣ ਦਿੰਦੀ ਹੈ। ਜਦੋਂ ਮੇਰੇ ਇੰਗਲੈਂਡੀਏ ਸਾਥੀ ਭੱਈਆਂ ਨੂੰ ਬੁਰਾ ਭਲਾ ਕਹਿ ਰਹੇ ਸਨ ਤਾਂ ਮੈਂ ਸੋਚਣ ਲੱਗਾ ਕਿ ਸਾਡੀਆਂ ਪਰੇਡਾਂ ਤੇ ਸਾਡੇ ਕਬੱਡੀ ਮੇਲੇ ਵੇਖ ਕੇ ਵੀ ਹੋ ਸਕਦੈ ਹੋਰ ਲੋਕ ਕਹਿਣ, "ਕਿਥੋਂ ਆ-ਗੇ ਇਹ ਬਲੱਡੀ ਬਾਸਟਰਡ! ਇਨ੍ਹਾਂ ਦੀਆਂ ਦਾੜ੍ਹੀਆਂ ਦੇਖੋ, ਪਗੜੀਆਂ ਵੇਖੋ ਤੇ ਨੰਗ ਧੜੰਗੇ ਕੌਡੀ ਖੇਡਦੇ ਵੇਖੋ, ਸਾਲੇ ਜੋਕਰ ਲੱਗਦੇ ਨੇ!!"

ਜੇਕਰ ਕੈਨੇਡਾ ਵਿਚ ਸਾਡੇ ਨਾਲ ਅਜਿਹਾ ਵਿਹਾਰ ਹੋਵੇ ਤਾਂ ਫਿਰ ਸਾਡਾ ਪ੍ਰਤੀਕਰਮ ਹੋਵੇਗਾ, ਬਾਸਟਰਡ ਹੋਣਗੇ ਉਹ ਜੋ ਸਾਨੂੰ ਕਹਿੰਦੇ ਨੇ। ਉਹ ਕੌਣ ਹੁੰਦੇ ਨੇ ਸਾਨੂੰ ਜੋਕਰ ਕਹਿਣ ਵਾਲੇ? ਅਸੀਂ ਉਨ੍ਹਾਂ ਤੋਂ ਮੰਗ ਕੇ ਖਾਣੇ ਆਂ? ਨਾਲ ਈ ਮੈਨੂੰ ਸੋਚ ਆਈ, ਕੀ ਪਤਾ ਭੱਈਆਂ ਦਾ ਪ੍ਰਤੀਕਰਮ ਵੀ ਸਾਡੇ ਵਰਗਾ ਈ ਹੋਵੇ? ਜੇ ਉਹ ਅਜੇ ਸਾਡੇ ਜਿੰਨੇ 'ਅਣਖੀਲੇ' ਨਹੀਂ ਹੋਏ ਤਾਂ ਪੰਜਾਬ ਦਾ ਪਾਣੀ ਪੀ ਕੇ ਤਾਂ ਹੋ ਹੀ ਜਾਣਗੇ। ਅਸੀਂ ਆਪਣੇ ਪੰਜ ਕੱਕਾਰਾਂ ਨੂੰ ਪਰਦੇਸਾਂ ਵਿਚ ਮਾਨਤਾ ਦੁਆਉਣ ਲਈ ਪੁਕਾਰਾਂ ਪਾ ਰਹੇ ਹਾਂ, ਹੋ ਸਕਦੈ ਪੰਜਾਬ ਵਿਚ ਉਹ ਵੀ ਆਪਣੀ ਬੋਦੀ, ਟਿੱਕੇ, ਜਨੇਊ ਤੇ ਹੋਰਨਾਂ ਧਾਰਮਿਕ ਮਾਨਤਾਵਾਂ ਦਾ ਸਵਾਲ ਉਠਾਉਣ। ਉਹ ਓਥੇ ਭੱਈਏ ਹਨ ਤੇ ਪੰਜਾਬ ਤੋਂ ਬਾਹਰ ਅਸੀਂ ਭੱਈਏ ਹਾਂ। ਸਿਤਮ ਦੀ ਗੱਲ ਹੈ ਕਿ ਸਾਡੇ ਵਿਚੋਂ ਕਈ ਭਲੇ ਪੁਰਸ਼ ਪਰਵਾਸੀ ਭੱਈਏ ਬਣ ਕੇ ਵੀ ਆਪਣੇ ਦੇਸੀ ਭੱਈਆਂ ਨੂੰ ਨਫ਼ਰਤ ਕਰੀ ਜਾਂਦੇ ਨੇ। ਕਈ ਵਾਰ ਇਹ ਵੀ ਕਹਿੰਦੇ ਨੇ ਕਿ ਉਨ੍ਹਾਂ ਨੂੰ ਪੰਜਾਬ 'ਚੋਂ ਕੱਢ ਦਿਓ! ਕੀ ਉਹ ਆਪ ਜਿਥੇ ਵਸ ਗਏ ਨੇ ਉਥੋਂ ਉਜੜਨਾ ਚਾਹੁੰਦੇ ਨੇ?



ਉਨ੍ਹਾਂ ਨੂੰ ਕੌਣ ਦੱਸੇ ਕਿ ਭੱਈਏ ਪੰਜਾਬ ਵਿਚ ਧੱਕੇ ਨਾਲ ਨਹੀਂ ਆਏ। ਨਾ ਹੀ ਉਹ ਚੋਰੀ ਛਪੋਰੀ ਜਾਂ ਕਿਸੇ ਛਲ ਫਰੇਬ ਨਾਲ ਆ ਰਹੇ ਨੇ। ਉਨ੍ਹਾਂ ਨੂੰ ਸਾਡੇ ਈ ਵੀਰ ਭਰਾ ਆਪਣੀ ਲੋੜ ਅਨੁਸਾਰ ਲਿਆ ਰਹੇ ਨੇ। ਉਹ ਪੰਜਾਬ ਵਿਚ ਆ ਕੇ ਕੋਈ ਮੁਫ਼ਤ ਦੀ ਰੋਟੀ ਵੀ ਨਹੀਂ ਖਾਂਦੇ। ਦਸਾਂ ਨਹੁੰਆਂ ਦੀ ਕਿਰਤ ਕਰਦੇ ਨੇ ਤੇ ਕਮਾਈ ਕਰ ਕੇ ਖਾਂਦੇ ਪੀਂਦੇ ਨੇ। ਉਹ ਪੰਜਾਬ ਦਾ ਸ਼ਾਇਦ ਓਨਾ ਖਾ ਹੰਢਾ ਨਹੀਂ ਰਹੇ ਜਿੰਨਾ ਪੰਜਾਬ ਨੂੰ ਕਮਾ ਕੇ ਦੇ ਰਹੇ ਨੇ। ਪੰਜਾਬ ਤੋਂ ਉਹ ਕੋਈ ਵੈੱਲਫੇਅਰ ਜਾਂ ਪੈਨਸ਼ਨ ਵੀ ਨਹੀਂ ਲੈ ਰਹੇ। ਤਪਦੀਆਂ ਧੁੱਪਾਂ 'ਚ ਕੋਡੇ ਹੋ ਕੇ ਝੋਨੇ ਲਾਉਣ ਵਰਗੀ ਹੱਡ-ਭੰਨਵੀਂ ਕਿਰਤ ਕਰਨ ਵਿਚ ਉਨ੍ਹਾਂ ਦਾ ਕੋਈ ਸਾਨੀ ਨਹੀਂ। ਪੰਜਾਬ ਦੇ ਕਿਸਾਨਾਂ ਨੂੰ ਪੁੱਛੋ, ਕੀ ਉਨ੍ਹਾਂ ਬਗ਼ੈਰ ਜੀਰੀਆਂ ਲਾ ਲੈਣਗੇ? ਉਹ ਤਾਂ ਉਨ੍ਹਾਂ ਨੂੰ ਉਤਰ ਪ੍ਰਦੇਸ਼ ਤੇ ਬਿਹਾਰ 'ਚੋਂ ਖ਼ੁਦ ਜਾ ਕੇ ਲਿਆਉਂਦੇ ਨੇ ਤੇ ਕਈ ਤਰ੍ਹਾਂ ਦੇ ਲਾਲਚ ਦਿੰਦੇ ਨੇ। ਉਹ ਓਡਾ ਝੂਠ ਵੀ ਨਹੀਂ ਬੋਲਦੇ ਜਿੱਡਾ ਸਾਡੇ ਬਹੁਤ ਸਾਰੇ ਬੰਦਿਆਂ ਨੇ ਝੂਠੀ ਮੂਠੀ ਦੇ ਕਾਗਜ਼ੀ ਵਿਆਹ ਕਰਵਾ ਕੇ ਬੋਲਿਆ ਤੇ ਹਾਲੇ ਵੀ ਬੋਲੀ ਜਾਂਦੇ ਹਨ। ਬਾਬਾ ਫਰੀਦ ਜੀ ਲਿਖ ਗਏ ਨੇ-ਜੇ ਤੂੰ ਅਕਲ ਲਤੀਫ ਹੈ ਕਾਲੇ ਲਿਖ ਨਾ ਲੇਖ, ਆਪਨੜੇ ਗਿਰੀਵਾਨ ਮਹਿ ਸਿਰ ਨੀਵਾ ਕਰ ਦੇਖ।

ਭੱਈਆਂ ਨੂੰ ਪੰਜਾਬ 'ਚੋਂ ਭਜਾਉਣ ਦਾ ਢੰਡੋਰਾ ਪਿੱਟਣ ਵਾਲੇ ਸਾਡੇ ਭੱਦਰ ਪੁਰਸ਼ ਕੀ ਆਪਣੇ ਗਿਰੀਵਾਨ 'ਚ ਝਾਤ ਮਾਰ ਕੇ ਵੇਖਣਗੇ ਕਿ ਜਿਹੜੇ ਉਨ੍ਹਾਂ ਦੇ ਸਕੇ ਸੋਧਰੇ 'ਰਫ਼ੂਜ਼ੀ' ਬਣ ਕੇ ਵਿਦੇਸ਼ਾਂ 'ਚ ਪੱਕੇ ਹੋਏ ਹਨ ਉਨ੍ਹਾਂ 'ਚ ਸੱਚੀਮੁੱਚੀ ਦੇ ਰਫ਼ੂਜ਼ੀ ਕਿੰਨੇ ਸਨ? ਕਿੰਨਿਆਂ ਨੇ ਝੂਠੇ ਹਲਫ਼ੀਆ ਬਿਆਨ ਭਰੇ? ਪੁੱਤ ਕਿਸੇ ਹੋਰ ਦੇ ਮਰੇ ਤੇ ਇੰਮੀਗਰੇਸ਼ਨਾਂ ਉਹ ਲੈਂਦੇ ਗਏ ਜਿਨ੍ਹਾਂ ਦੀ ਚੀਚੀ ਦਾ ਖ਼ੂਨ ਵੀ ਨਹੀਂ ਸੀ ਡੁੱਲ੍ਹਿਆ। ਚੜ੍ਹ ਜਾ ਬੱਚਾ ਸੂਲੀ 'ਤੇ ਕਹਿਣ ਵਾਲੇ ਕਈ ਮਦਾਰੀ ਅਜੇ ਵੀ ਨੀਰੋ ਵਾਲੀ ਬੰਸਰੀ ਵਜਾਈ ਜਾ ਰਹੇ ਨੇ। ਉਨ੍ਹਾਂ ਬਾਰੇ ਕੀ ਕਿਹਾ ਜਾਏਗਾ, ਜਿਹੜੇ ਭੈਣ ਜਾਂ ਧੀ ਨਾਲ ਵਿਆਹ ਕਰ ਕੇ ਹਰੇ ਪੱਤੇ ਦੇ ਹੱਕਦਾਰ ਬਣੇ ਹਨ? ਜਿਹੜੇ ਹੋਰਨਾਂ ਦੇ ਐਬ ਕੱਢਦੇ ਨੇ ਉਨ੍ਹਾਂ ਨੂੰ ਆਪਣੇ ਐਬ ਵੀ ਵੇਖ ਲੈਣੇ ਚਾਹੀਦੇ ਨੇ। ਉਹ ਆਪਣੇ ਤੇ ਭੱਈਆਂ ਦੇ ਕਿਰਦਾਰ ਦੀ ਪਰਖ ਕਰ ਕੇ ਵੇਖ ਲੈਣ ਕਿ ਛਲ ਕਪਟ ਕੌਣ ਕਰ ਰਿਹੈ? ਗੁਰੂਆਂ ਦੇ ਦਿੱਤੇ ਸਬਕ ਕਿਰਤ ਤੋਂ ਕੌਣ ਬੇਮੁਖ ਹੋ ਰਿਹੈ?

ਰਤਾ ਸੋਚੀਏ, ਕੀ ਭੱਈਏ ਵੀ ਨਕਲੀ ਰਫ਼ੂਜ਼ੀ ਬਣ ਕੇ ਆਏ ਨੇ? ਉਨ੍ਹਾਂ 'ਚ ਕਿੰਨੇ ਨੇ ਜਿਨ੍ਹਾਂ ਨੇ ਝੂਠੀ ਮੂਠੀ ਦੇ ਤਲਾਕ ਲਏ ਜਾਂ ਕਾਗਜ਼ੀ ਵਿਆਹ ਕਰਵਾਏ? ਕਿੰਨੇ ਕਾਗਜ਼ੀ ਮੁਤਬੰਨੇ ਬਣਾਏ ਜਾਂ ਭਾਣਜੇ ਭਤੀਜੇ ਈ ਕਾਗਜ਼ਾਂ ਵਿਚ ਪੁੱਤ ਬਣਾ ਕੇ ਭਰ ਲਏ? ਕਿੰਨੇ ਨੇ ਜਿਹੜੇ ਰਾਗੀ, ਢਾਡੀ, ਪਾਠੀ, ਗਾਇਕ, ਖਿਡਾਰੀ, ਅਦਾਕਾਰ, ਕਲਾਕਾਰ, ਗੜਵੱਈ ਤੇ ਹੋਰ ਪਤਾ ਨਹੀਂ ਕਿੰਨੀ ਤਰ੍ਹਾਂ ਦੇ ਭੇਸਾਂ ਵਿਚ ਆਏ ਅਤੇ ਢੌਂਗ ਰਚ ਕੇ ਵਿਦੇਸ਼ਾਂ ਦੇ ਪੱਕੇ ਵਾਸੀ ਬਣੇ? ਕੱਚੇ ਹੁੰਦੇ ਸਾਡੇ ਬੇਲੀ ਫੈਂਟਰ ਮਾਰ ਸਕਦੇ ਨੇ ਪਈ ਭੱਈਆਂ ਛਈਆਂ ਤੋਂ ਸਾਡੇ ਵਰਗੀ ਦਲੇਰੀ ਕਿਥੇ ਹੋਣੀ ਸੀ? ਇਹ ਤਾਂ ਸਾਡੇ ਅਣਖੀਲੇ ਜੋਧਿਆਂ ਦਾ ਈ ਦਲੇਰ ਕਾਰਨਾਮਾ ਹੈ! ਏਡਾ ਵੱਡਾ ਮਾਅਰਕਾ ਤਾਂ ਸਾਡੇ ਸ਼ੇਰ ਬਘੇਲੇ ਈ ਮਾਰ ਸਕਦੇ ਨੇ!!

ਭੈਣ-ਭਰਾ ਪਤੀ-ਪਤਨੀ ਬਣਾ ਧਰਨੇ ਕੋਈ ਮਾਮੂਲੀ ਗੱਲ ਐ? ਕਈਆਂ ਨੇ ਇਹ ਕੁਝ ਵੀ ਕਰ ਕੇ ਵਿਖਾ ਦਿੱਤਾ! ਵੱਟੇ ਸੱਟੇ ਦੇ ਵਿਆਹਾਂ ਦੀਆਂ ਲਹਿਰਾਂ ਲਾ ਦਿੱਤੀਆਂ ਜਿਨ੍ਹਾਂ ਦੀ ਇਸ਼ਤਿਹਾਰਬਾਜ਼ੀ ਕਰਨ 'ਚ ਵੀ ਕੋਈ ਓਹਲਾ ਨਹੀਂ ਰੱਖਿਆ। ਜਦੋਂ ਉਨ੍ਹਾਂ ਨੇ ਏਡੇ ਵੱਡੇ ਮਾਅਰਕੇ ਮਾਰ ਈ ਲਏ ਨੇ ਤੇ ਆਪਣੇ ਪਿਆਰੇ ਪੰਜਾਬ ਵਿਚ ਥਾਂਵਾਂ ਖਾਲੀ ਕਰ ਆਏ ਨੇ ਤਾਂ ਹੁਣ ਝੂਰਦੇ ਕਿਉਂ ਨੇ ਪਈ ਉਨ੍ਹਾਂ ਦੀਆਂ ਖਾਲੀ ਕੀਤੀਆਂ ਥਾਂਵਾਂ ਭੱਈਏ ਕਿਉਂ ਭਰੀ ਜਾ ਰਹੇ ਨੇ? ਏਨਾ ਦਰਦ ਐ ਤਾਂ ਮੁੜ ਜਾਣ ਪਿੱਛੇ ਨੂੰ। ਸਾਂਭ ਲੈਣ ਆਪਣੇ ਘਰਾਂ ਨੂੰ। ਕੋਈ ਰੋਕਦੈ? ਪਰ ਮੁੜੇ ਕੌਣ?

ਮੈਨੂੰ ਯਾਦ ਨੇ ਉਹ ਦਿਨ ਜਦੋਂ ਸਾਡੇ ਭਰਾ ਤੜਕੇ ਈ ਟਰਾਲੀਆਂ ਰੇਲਵੇ ਸਟੇਸ਼ਨਾਂ 'ਤੇ ਲੈ ਜਾਂਦੇ ਅਤੇ ਇਕ ਦੂਜੇ ਨੂੰ ਧੱਕੇ ਦੇ ਕੇ ਤੇ ਮੂਹਰੇ ਹੋ ਕੇ ਭੱਈਆਂ ਨੂੰ ਆਪੋ ਆਪਣੀਆਂ ਟਰਾਲੀਆਂ 'ਤੇ ਚੜ੍ਹਾਉਂਦੇ। ਹਰੇ ਇਨਕਲਾਬ ਦੀਆਂ ਭਰਪੂਰ ਫਸਲਾਂ ਬੀਜਣ ਤੇ ਵੱਢਣ ਲਈ ਸਥਾਨਕ ਮਜ਼ਦੂਰ ਪੂਰੇ ਨਹੀਂ ਸਨ ਉਤਰ ਰਹੇ। ਨਾਲੇ ਭੱਈਆ ਲੇਬਰ ਉਨ੍ਹਾਂ ਨਾਲੋਂ ਸਸਤੀ ਸੀ। ਸਥਾਨਕ ਮਜ਼ਦੂਰ ਦਾ ਨਖਰਾ ਈ ਨਹੀਂ ਸੀ ਚੁੱਕਿਆ ਜਾ ਰਿਹਾ। ਫਸੇ ਹੋਏ ਕਿਸਾਨ ਤੋਂ ਉਸ ਨੇ ਮਿਹਨਤ ਮਜ਼ਦੂਰੀ ਤਾਂ ਵਧਵਾਉਣੀ ਈ ਸੀ, ਉਹ ਉਸੇ ਕਿਸਾਨ ਦੇ ਖੇਤ ਵੱਲ ਮੂੰਹ ਕਰਦਾ ਜਿਹੜਾ ਫੀਮ ਦਾ ਮਾਵਾ ਜਾਂ ਭੁੱਕੀ ਦੀ ਪੁੜੀ ਦਿੰਦਾ। ਉਹ ਦਿਹਾੜੀ ਵੀ ਠੋਕ ਕੇ ਲੈਂਦਾ। ਭੱਈਆਂ ਦੀ ਪੰਜਾਬ ਵਿਚ ਆਮਦ ਖੇਤੀਬਾੜੀ ਲਈ ਸਸਤੀ ਮਜ਼ਦੂਰੀ ਨਾਲ ਸ਼ੁਰੂ ਹੋਈ। ਸਸਤੀ ਮਜ਼ਦੂਰੀ ਨੇ ਜੱਟਾਂ ਨੂੰ ਵੀ ਹੱਥੀਂ ਕੰਮ ਕਰਨਾ ਛੁਡਵਾ ਦਿੱਤਾ ਤੇ ਉਨ੍ਹਾਂ ਦੇ ਮੁੰਡੇ ਮੋਟਰਸਾਈਕਲਾਂ ਉਤੇ ਚੜ੍ਹ ਕੇ ਗੇੜੇ ਦੇਣ ਲੱਗੇ। ਉਨ੍ਹਾਂ 'ਚੋਂ ਬਹੁਤ ਸਾਰੇ ਨਸ਼ਿਆਂ 'ਤੇ ਲੱਗ ਗਏ ਤੇ ਉਨ੍ਹਾਂ ਦਾ ਇਕੋ ਇਕ ਨਿਸ਼ਾਨਾ ਬਣ ਗਿਆ ਕਿ ਕਿਵੇਂ ਨਾ ਕਿਵੇਂ ਵਿਦੇਸ਼ ਜਾਣਾ ਹੈ।

ਜਦੋਂ ਭੱਈਏ ਧੜਾ ਧੜ ਆਉਣ ਲੱਗ ਪਏ ਤਾਂ ਖੇਤੀਬਾੜੀ ਤੋਂ ਬਿਨਾਂ ਹੋਰਨਾਂ ਕੰਮਾਂ ਧੰਦਿਆਂ ਲਈ ਵੀ ਉਨ੍ਹਾਂ ਦੀ ਵਰਤੋਂ ਹੋਣ ਲੱਗ ਪਈ। ਸ਼ਹਿਰਾਂ ਵਿਚ ਰਿਕਸ਼ੇ ਚਲਾਉਣ ਦਾ ਕੰਮ ਨਖਿਧ ਗਿਣਿਆ ਜਾਂਦਾ ਸੀ। ਉਹ ਲਗਭਗ ਸਾਰਾ ਈ ਭੱਈਆਂ ਨੇ ਸੰਭਾਲ ਲਿਆ। ਉਹ ਭੱਠਿਆਂ ਦੀਆਂ ਇੱਟਾਂ ਕੱਢਣ ਲੱਗ ਪਏ ਤੇ ਹੌਲੀ ਹੌਲੀ ਇਮਾਰਤਸਾਜੀ ਵਿਚ ਪੈ ਗਏ। ਉਨ੍ਹਾਂ ਨੇ ਚੌਕਾਂ 'ਚ ਰੇੜ੍ਹੀਆਂ ਜਾ ਲਾਈਆਂ ਤੇ ਬਾਗ ਬਗੀਚਿਆਂ ਦੇ ਮਾਲੀ ਬਣ ਗਏ। ਕਈ ਕਪੜੇ ਸਿਓਣ ਲੱਗੇ ਤੇ ਕਈ ਕਾਰਖਾਨਿਆਂ ਦੇ ਮਜ਼ਦੂਰ ਜਾ ਬਣੇ। ਉਨ੍ਹਾਂ ਨੇ ਘਰਾਂ ਦੇ ਫਰਸ਼ ਰਗੜਨੇ ਤੇ ਰੰਗ ਰੋਗਨ ਕਰਨ ਦਾ ਕਸਬ ਫੜ ਲਿਆ। ਜਿਹੜਾ ਵੀ ਕੰਮ ਮਿਲਿਆ ਉਹ ਸਿਰ ਸੁੱਟ ਕੇ ਜੁੱਟ ਗਏ। ਪੰਜਾਬ ਦੇ ਬਾਰਾਂ ਹਜ਼ਾਰ ਪਿੰਡਾਂ ਵਿਚ ਲੱਖਾਂ ਭੱਈਏ ਕਿਸਾਨਾਂ ਦੇ ਸੀਰੀ ਸਾਂਝੀ ਲੱਗ ਗਏ ਤੇ ਬੰਬੀਆਂ ਉਤੇ ਰਹਿਣ ਲੱਗੇ। ਬਾਹਰਲੇ ਘਰ ਤੇ ਹਵੇਲੀਆਂ ਉਨ੍ਹਾਂ ਦੇ ਅੱਡੇ ਬਣ ਗਏ। ਘਰਾਂ ਦੀਆਂ ਸੁਆਣੀਆਂ ਨੇ ਉਨ੍ਹਾਂ ਨੂੰ ਲਵੇਰਿਆਂ ਦੀਆਂ ਧਾਰਾਂ ਕੱਢਣ ਤੇ ਦੁੱਧ ਰਿੜਕਣ ਤਕ ਦਾ ਕੰਮ ਸੌਂਪ ਦਿੱਤਾ। ਬਹੁਤ ਸਾਰੇ ਪਰਵਾਸੀਆਂ ਨੇ ਆਪਣੀਆਂ ਕੋਠੀਆਂ ਦੀ ਦੇਖ ਭਾਲ ਲਈ ਭੱਈਏ ਉਨ੍ਹਾਂ ਵਿਚ ਬਿਠਾ ਦਿੱਤੇ। ਪੰਜਾਬ ਦਾ ਉਹ ਕਿਹੜਾ ਕੰਮ ਹੈ ਜਿਹੜਾ ਹੁਣ ਭੱਈਏ ਨਹੀਂ ਕਰ ਰਹੇ?

ਪੰਜਾਬ ਦੀ ਆਰਥਿਕਤਾ ਵਿਚ ਭੱਈਆਂ ਦੇ ਰੋਲ ਬਾਰੇ ਖੋਜ ਕਰਨੀ ਹੋਵੇ ਤਾਂ ਕਈ ਹੈਰਾਨਕੁਨ ਸਿੱਟੇ ਨਿਕਲਣਗੇ। ਸਮਾਜ ਵਿਗਿਆਨੀਆਂ ਨੂੰ ਉਨ੍ਹਾਂ ਦੇ ਸਮਾਜਿਕ ਰੋਲ ਦੀ ਪੜਚੋਲ ਕਰਨੀ ਚਾਹੀਦੀ ਹੈ। ਆਪਣੀਆਂ ਪੰਜਾਬ ਫੇਰੀਆਂ ਦੌਰਾਨ ਮੈਂ ਅਨੇਕਾਂ ਲੋਕਾਂ ਪਾਸੋਂ ਸੁਣਿਆਂ ਹੈ ਕਿ ਭੱਈਆਂ ਬਿਨਾਂ ਤਾਂ ਉਹ ਇਕ ਦਿਹਾੜੀ ਵੀ ਨਹੀਂ ਕੱਟ ਸਕਦੇ। ਉਨ੍ਹਾਂ ਦਾ ਸਾਰਾ ਕਾਰੋਬਾਰ ਈ ਭੱਈਆਂ ਦੇ ਸਿਰ 'ਤੇ ਹੈ। ਹਾਲਤ ਇਹ ਹੈ ਕਿ ਭੱਈਆਂ ਨੂੰ ਪੰਜਾਬ 'ਚ ਵਸਾਉਣਾ ਪੰਜਾਬੀਆਂ ਦੀ ਮਜਬੂਰੀ ਬਣ ਗਈ ਹੈ। ਪੰਜਾਬ ਦੇ ਦੋ ਚਾਰ ਖੇਤਾਂ ਵਾਲੇ ਕਿਸਾਨ ਵੀ ਹੱਥੀਂ ਕੰਮ ਕਰ ਕੇ ਰਾਜ਼ੀ ਨਹੀਂ। ਮੁੰਡੇ ਡਰੱਗਾਂ ਉਤੇ ਲੱਗ ਗਏ ਹਨ ਤੇ ਉਹ ਝਾੜੇ ਵੀ ਸਕੂਟਰਾਂ ਉਤੇ ਚੜ੍ਹ ਕੇ ਜਾਂਦੇ ਹਨ। ਪੜ੍ਹੇ ਲਿਖੇ ਨੌਜੁਆਨਾਂ ਨੇ ਵਿਦੇਸ਼ਾਂ ਨੂੰ ਜਾਣ ਦਾ ਗਾਹ ਪਾਇਆ ਹੋਇਐ। ਮੂੰਹ ਮੱਥੇ ਲੱਗਦੇ ਧੀਆਂ ਪੁੱਤਾਂ ਨੂੰ ਬਾਹਰਲੇ ਵਿਆਹੀ ਵਰ੍ਹੀ ਜਾਂਦੇ ਨੇ। ਜੇ ਇਹ ਕਹਿ ਲਿਆ ਜਾਵੇ ਕਿ ਪੰਜਾਬ ਦੀ ਕਰੀਮ ਬਾਹਰ ਨਿਕਲੀ ਜਾਂਦੀ ਹੈ ਤਾਂ ਕੋਈ ਅਤਿਕਥਨੀ ਨਹੀਂ।

ਅਲਹਿਦਗੀਪਸੰਦ ਕਈ ਬੁੱਧੀਜੀਵੀ ਭੱਈਆਂ ਦੇ ਪੰਜਾਬ ਵਿਚ ਆਉਣ ਨੂੰ ਵੱਡਾ ਮਸਲਾ ਬਣਾ ਕੇ ਪੇਸ਼ ਕਰ ਰਹੇ ਨੇ। ਜੇ ਇਹ ਸੱਚਮੁੱਚ ਈ ਮਸਲਾ ਹੈ ਤਾਂ ਇਸ ਦਾ ਇਕੋ ਇਕ ਹੱਲ ਇਹੋ ਹੈ ਕਿ ਬਾਹਰ ਗਏ ਪੰਜਾਬੀ ਪੰਜਾਬ ਪਰਤ ਆਉਣ ਤੇ ਭੱਈਆਂ ਨੂੰ ਵੀ ਆਪਣੇ ਘਰੀਂ ਪਰਤ ਜਾਣ ਦੇਣ। ਉਨ੍ਹਾਂ ਦੇ ਪੰਜਾਬ ਵਿਚ ਕਿੱਲੇ ਨਹੀਂ ਗੱਡੇ ਹੋਏ। ਕੀ ਪੰਜਾਬੋਂ ਬਾਹਰ ਗਏ ਰੱਜੇ ਪੁੱਜੇ ਪੰਜਾਬੀ ਅਜਿਹਾ ਕਰਨ ਲਈ ਤਿਆਰ ਹੋਣਗੇ? ਕੀ ਪੰਜਾਬ ਉਨ੍ਹਾਂ ਸਭਨਾਂ ਨੂੰ ਸੰਭਾਲ ਸਕੇਗਾ? ਕੀ ਪੰਜਾਬੀਆਂ ਦੇ ਸਾਰੇ ਟਰੱਕ ਪੰਜਾਬ 'ਚ ਚਲਾਏ ਜਾ ਸਕਦੇ

*(ਬਾਕੀ ਸਫਾ 25 'ਤੇ)*



# ਟੋਨੀ ਜੀ, ਪੰਜਾਬ ਸਿੰਘ ਜਵਾਬ ਮੰਗਦਾ ਹੈ!

## ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਫੋਨ:408-903-9952

ਯਕੀਨ ਕਰਿਓ, ਇਹ ਲੇਖ ਮੈਂ ਬਿਲਕੁਲ ਨਹੀਂ ਸੀ ਲਿਖਣਾ, ਜੇਕਰ ਛੇ ਜੂਨ ਵਾਲੇ 'ਸਪੋਕਸਮੈਨ' ਦੇ ਸਫ਼ਾ ਤਿੰਨ 'ਤੇ ਛਪਿਆ ਬਿਆਨ ਮੈਂ ਪੜ੍ਹਿਆ ਨਾ ਹੁੰਦਾ। ਇਹ ਸਿਆਸੀ ਬਿਆਨ ਸੀ, ਦਿੱਲੀ-ਯੂ.ਕੇ. ਅਕਾਲੀ ਦਲ ਦੇ ਮੁਖੀ ਜਸਜੀਤ ਸਿੰਘ ਟੋਨੀ ਦਾ। ਸ. ਟੋਨੀ ਇੰਗਲੈਂਡ ਤੋਂ ਹਨ। ਸ਼ਾਇਦ ਇਸੇ ਕਰਕੇ ਉਨ੍ਹਾਂ ਨੇ ਆਪਣੇ 'ਦਲ' ਦੇ ਨਾਮ ਵਿਚ 'ਯੂ.ਕੇ.' ਅਤੇ ਆਪਣੇ ਨਾਂ ਪਿੱਛੇ ਯੂ.ਕੇ. ਦੇ ਰਹਿ ਚੁੱਕੇ ਪ੍ਰਧਾਨ ਮੰਤਰੀ ਟੋਨੀ ਬਲੇਅਰ ਦਾ ਪਹਿਲਾ ਸ਼ਬਦ 'ਫਿੱਟ' ਕੀਤਾ ਹੋਇਆ। ਚਲੋ ਖ਼ੈਰ! ਉਨ੍ਹਾਂ ਆਪਣੇ ਇਸ ਬਿਆਨ ਵਿਚ ਦਿੱਲੀ ਵਾਲੇ ਸਰਨਾ ਭਰਾਵਾਂ ਨੂੰ 'ਨਸੀਹਤਾਂ' ਫਰਮਾਉਣ ਦੇ ਨਾਲ-ਨਾਲ 'ਤਾੜਨਾ' ਵੀ ਕੀਤੀ ਹੋਈ ਸੀ।

ਅਖ਼ਬਾਰਾਂ ਦੇ ਚੇਤੰਨ ਪਾਠਕਾਂ ਨੂੰ ਸ਼ਾਇਦ ਇਸ ਬਿਆਨ ਦੀ ਇਬਾਰਤ ਦੇ ਕੁਝ ਅੰਸ਼ ਯਾਦ ਹੀ ਹੋਣ, ਪਰ ਮੈਂ ਮਜ਼ਮੂਨ ਬੰਨ੍ਹਣ ਲਈ ਇਸ ਬਿਆਨ ਦੀ ਕੁਝ-ਕੁਝ 'ਭਾਵਨਾ' ਦੱਸਦਾ ਜਾਵਾਂ- ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਹਿਮ ਵਾਲੀ ਅਪੀਲ ਰੱਦ ਹੋਣ ਬਾਅਦ ਜਥੇਦਾਰ ਪਰਮਜੀਤ ਸਿੰਘ ਸਰਨਾ ਆਪਣੇ ਕੁਝ ਸਾਥੀਆਂ ਸਮੇਤ ਸ੍ਰੀਮਤੀ ਸੋਨੀਆ ਗਾਂਧੀ ਨੂੰ ਸਮੁੱਚੇ ਪੰਥ ਦੇ ਦਰਦ ਤੋਂ ਜਾਣੂ ਕਰਾਉਣ ਲਈ ਮਿਲੇ। ਇਸ ਮਿਲਣੀ ਦੀਆਂ ਤਸਵੀਰਾਂ ਵੀ ਕਈ ਅਖ਼ਬਾਰਾਂ ਵਿਚ ਛਪੀਆਂ ਅਤੇ ਖ਼ਬਰਾਂ ਵੀ। ਇਨ੍ਹਾਂ ਖ਼ਬਰਾਂ ਵਿਚ ਸਰਨਾ ਭਰਾਵਾਂ ਦੇ ਹਵਾਲੇ ਨਾਲ ਦਾਅਵਾ ਕੀਤਾ ਗਿਆ ਸੀ ਕਿ ਸ੍ਰੀਮਤੀ ਸੋਨੀਆ ਗਾਂਧੀ ਨੇ ਪੂਰੀ ਹਮਦਰਦੀ ਨਾਲ ਵਫ਼ਦ ਦੀ ਗੱਲ ਸੁਣੀ। ਯਾਦ ਰਹੇ ਕਿ ਅੰਮ੍ਰਿਤਸਰ 'ਚ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਹੋਈ ਸਮੂਹ ਸਿੱਖ ਜਥੇਬੰਦੀਆਂ ਦੀ ਇਕੱਤਰਤਾ ਵਿਚ ਭਾਈ ਭੁੱਲਰ ਦੀ ਮਾਤਾ ਬੀਬੀ ਉਪਕਾਰ ਕੌਰ ਨੇ ਠੋਕ ਵਜਾ ਕੇ ਪ੍ਰੈਸ ਨੂੰ ਦੱਸਿਆ ਕਿ ਉਸ ਦੇ ਨਿਰਦੋਸ਼ ਪੁੱਤ (ਭੁੱਲਰ) ਦੀ ਬੰਦਖਲਾਸੀ ਲਈ ਸਭ ਤੋਂ ਵੱਧ ਕੰਮ ਦਿੱਲੀ ਵਾਲੇ ਸਰਨਾ ਭਰਾਵਾਂ ਨੇ ਕੀਤਾ ਹੈ ਤੇ ਹੁਣ ਵੀ ਕਰ ਰਹੇ ਹਨ। ਸ. ਪ੍ਰਕਾਸ਼ ਸਿੰਘ ਬਾਦਲ ਨੇ ਤਾਂ ਸ. ਭੁੱਲਰ ਦੀ ਪੰਜਾਬ ਦੀ ਕਿਸੇ ਜੇਲ੍ਹ ਵਿਚ ਤਬਦੀਲ ਕਰ ਦੇਣ ਵਾਲੀ ਬੇਨਤੀ ਹੀ ਠੁਕਰਾ ਦਿੱਤੀ ਸੀ। ਮਾਤਾ ਜੀ ਨੇ ਇਸ ਮੌਕੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਵੀ ਜ਼ੋਰਦਾਰ ਸ਼ਲਾਘਾ ਕੀਤੀ ਸੀ।

ਲੇਕਿਨ ਇਸ ਸਾਰੇ ਕੁਝ ਦੇ ਬਾਵਜੂਦ ਟੋਨੀ ਜੀ ਆਪਣੇ ਬਿਆਨ 'ਚ ਕਹਿੰਦੇ ਨੇ, 'ਸਰਨਾ ਭਰਾਵਾਂ ਨੂੰ ਸਿੱਖ ਮੁੱਦਿਆਂ 'ਤੇ ਵਿਆਖਿਆ ਕਰਨ ਦੀ ਬਜਾਏ ਸਮੱਸਿਆਵਾਂ ਦੇ ਹੱਲ ਲਈ 'ਠੋਸ ਕਦਮ' ਚੁੱਕਣੇ ਸਾਹੀਦੇ ਹਨ...ਸੋਨੀਆ ਗਾਂਧੀ ਨੇ ਸਰਨਾ ਭਰਾਵਾਂ ਨੂੰ ਕੋਈ ਅਹਿਮੀਅਤ ਨਹੀਂ ਦਿੱਤੀ...ਤੇ ਮਾਤਰ ਇਕ-ਡੇਢ ਮਿੰਟ ਹੀ ਉਨ੍ਹਾਂ ਨਾਲ ਗੱਲਬਾਤ ਕੀਤੀ। ਇਸ ਦੀ ਬਜਾਏ ਬੀਬੀ ਸੋਨੀਆ ਨੇ ਦਿੱਲੀ-ਯੂ.ਕੇ. 'ਦਲ' ਦੇ ਨੌਜਵਾਨ ਆਗੂ ਹਰਿੰਦਰ ਸਿੰਘ ਲਵਲੀ ਵਗੈਰਾ ਨਾਲ ਵਧੇਰੇ ਸਮਾਂ ਬਿਤਾਇਆ। ਸਰਨਾ ਹੁਣਾਂ ਦਾ ਜਨਤਾ ਵਿਚ ਕੋਈ ਆਧਾਰ ਨਹੀਂ ਹੈ...ਸਰਨੇ ਹੁਣਾਂ ਨੂੰ 'ਝੂਠ ਬੋਲਣ' ਅਤੇ 'ਸੰਗਤ ਨੂੰ ਗੁੰਮਰਾਹ' ਕਰਨ ਤੋਂ ਸੰਕੋਚ ਕਰਨਾ ਚਾਹੀਦਾ ਹੈ।

ਫਿਰ ਦੱਸ ਦਿਆਂ ਕਿ ਇਨ੍ਹਾਂ ਤਿੱਖੀਆਂ ਚੋਭਾਂ ਨੇ ਹੀ ਮੈਨੂੰ ਕਲਮ ਚੁਕਾਈ। ਪਾਠਕਾਂ ਦੇ ਮਨਾਂ ਵਿਚ ਸਵਾਲ ਉਠਿਆ ਹੋਣਾ ਹੈ ਕਿ ਇਸ ਬਿਆਨ 'ਚ ਐਡੀ ਕਿਹੜੀ ਜੱਗੋਂ ਤੇਰ੍ਹਵੀਂ ਵਾਲੀ ਗੱਲ ਹੈ? ਇਹੋ ਜਿਹੇ ਸ਼ਬਦੀ ਬਾਣ ਤਾਂ ਸਾਰੇ ਸਿਆਸੀ ਆਗੂ ਇਕ-ਦੂਜੇ ਵੱਲ ਨੂੰ ਛੱਡਦੇ ਈ ਰਹਿੰਦੇ ਨੇ। ਮੈਂ ਕਾਹਨੂੰ ਤੜਫਣ ਲੱਗ ਪਿਆ!! ਲਓ ਜੀ, ਇਨ੍ਹਾਂ ਸ਼ੰਕਿਆਂ ਦੀ ਨਵਿਰਤੀ ਲਈ ਅਗਲਾ ਕਿੱਸਾ ਜ਼ਰੂਰ ਪੜ੍ਹਨ ਦੀ ਖੇਚਲ ਕਰਨੀ।

ਮੇਰੇ ਚੇਤੇ ਮੁਤਾਬਕ ਇਹ ਗੱਲ ਸੰਨ 2010 ਦੇ ਚੜ੍ਹਦੇ ਮਹੀਨਿਆਂ ਵਿਚੋਂ ਕਿਸੇ ਤਰੀਕ ਦੀ ਹੈ। ਭਾਈ ਟੋਨੀ ਨੇ ਸਪੋਕਸਮੈਨ ਵਿਚ ਕਾਫ਼ੀ ਵੱਡਾ ਇਸ਼ਤਿਹਾਰ ਛਪਵਾਇਆ ਜਿਸ ਵਿਚ ਉਨ੍ਹਾਂ ਦੱਸਿਆ ਸੀ ਕਿ ਪੰਜਾਬ ਵਿਚ ਨਿੱਘਰਦੀ ਜਾ ਰਹੀ ਸਿੱਖੀ ਦੀ ਹਾਲਤ ਤੋਂ ਚਿੰਤਤ ਹੁੰਦਿਆਂ ਮੈਂ ਉਥੇ ਪਹੁੰਚ ਕੇ ਪ੍ਰਚਾਰ ਲਹਿਰ ਚਲਾ ਰਿਹਾ ਹਾਂ; ਜੋ ਉਥੇ ਬਾਦਲ-ਸ਼ਾਹੀ ਨੇ ਪੰਥ ਦੀਆਂ ਕੇਂਦਰੀ ਜਥੇਬੰਦੀਆਂ 'ਤੇ ਗਲਬਾ ਪਾਇਆ ਹੋਇਆ ਹੈ, ਉਨ੍ਹਾਂ ਨੂੰ ਮੁੜ ਪੰਚ-ਪ੍ਰਧਾਨੀ ਸਿਸਟਮ ਵਿਚ ਲਿਆਉਣ ਲਈ ਮੈਂ ਇੰਗਲੈਂਡ ਛੱਡ ਕੇ ਪੰਜਾਬ ਜਾ ਰਿਹਾ ਹਾਂ। ਮੁੱਖ ਤੌਰ 'ਤੇ ਉਨ੍ਹਾਂ ਪੰਜਾਬ ਦੀ ਅਧੋਗਤੀ, ਖਾਸ ਕਰਕੇ ਉਥੇ ਸਿੱਖ ਪਛਾਣ ਨੂੰ ਪੈਦਾ ਹੋ ਰਹੇ ਖ਼ਤਰਿਆਂ ਦਾ ਚਰਚਾ ਕਰਦਿਆਂ ਸੰਸਾਰ ਭਰ ਦੇ ਪੰਥ ਦਰਦੀ ਬੁੱਧੀਜੀਵੀਆਂ ਪਾਸੋਂ ਲਿਖਤੀ ਸੁਝਾਵਾਂ ਦੀ ਮੰਗ ਕੀਤੀ। ਇਸ਼ਤਿਹਾਰ ਵਿਚ ਉਨ੍ਹਾਂ ਇਕ-ਦੋ 'ਈ-ਮੇਲ' ਐਡਰੈਸ ਵੀ ਦਿੱਤੇ ਹੋਏ ਸਨ।

ਬੁੱਧੀਜੀਵੀ ਬਣਨਾ ਤਾਂ ਬਹੁਤ ਦੂਰ ਦੀ ਗੱਲ ਹੈ ਪਰ ਮੈਂ ਨਿਮਾਣਾ ਜਿਹਾ ਪੰਥ ਦਰਦੀ ਹੋਣ ਨਾਤੇ ਆਪਣੇ ਵੱਲੋਂ ਕੁਝ ਵਿਚਾਰ ਲਿਖ ਕੇ ਟੋਨੀ ਜੀ ਨੂੰ 'ਈ-ਮੇਲ' ਰਾਹੀਂ ਭੇਜ ਦਿੱਤੇ। ਜਿੰਨਾ ਕੁ ਮੈਨੂੰ ਯਾਦ ਹੈ, ਪੇਂਡੂ ਪਿਛੋਕੜ ਹੋਣ ਕਰਕੇ ਮੈਂ ਆਪਣੇ ਇਲਾਕੇ ਦੀ ਮਿਸਾਲ ਦਿੰਦੇ ਹੋਏ ਲਿਖਿਆ ਸੀ ਕਿ ਟੋਨੀ ਜੀ, ਪੰਜਾਬ ਦੀ ਤਾਂ ਹੁਣ ਉਹ ਹਾਲਤ ਬਣੀ ਹੋਈ ਹੈ, ਜਿਵੇਂ ਸਾਡੇ ਪਿੰਡਾਂ ਵਿਚ ਚੜ੍ਹਦੇ ਸਾਵਣ ਮਹੀਨੇ ਜਦੋਂ ਹਲਕਾ ਜਿਹਾ ਮੀਂਹ ਪੈ ਜਾਵੇ ਤਾਂ ਚਾਰੇ ਪਾਸੇ ਚਿੱਕੜ ਹੋ ਜਾਂਦਾ, ਗੰਦ ਪੈ ਜਾਂਦਾ ਹੈ। ਪਹਿਲੀਆਂ ਵਿਚ ਕੱਚੇ ਕੋਠੇ, ਕੱਚੀਆਂ ਗਲੀਆਂ ਕਾਰਨ ਆਲੇ-ਦੁਆਲੇ ਮੁਸ਼ਕ ਉਠ ਖੜ੍ਹਦਾ ਸੀ। ਬਜ਼ੁਰਗਾਂ ਨੇ ਗੱਲਾਂ ਕਰਨੀਆਂ, 'ਬਈ, ਹੁਣ ਤਾਂ ਭਾਰਾ ਮੀਂਹ ਪੈ ਜਾਏ, ਤਾਂ ਕਿਤੇ ਸਫ਼ਾਈ ਹੋਣੀ ਐਂ!' ਬਾਲ-ਬੁੱਧ ਕਾਰਨ ਅਸੀਂ ਹੈਰਾਨ ਹੁੰਦੇ ਕਿ ਭਾਰੇ ਮੀਂਹ ਨਾਲ ਕਿਵੇਂ ਸਫ਼ਾਈ ਹੋ ਜੂ? ਸੱਚ-ਮੁੱਚ ਜਦੋਂ ਮੋਹਲੇਧਾਰ ਮੀਂਹ ਪੈ ਜਾਣਾ ਤਾਂ ਗਲੀਆਂ-ਵਿਹੜਿਆਂ ਦੀ ਪੂਰੀ ਸਫ਼ਾਈ ਹੋ ਜਾਣੀ। ਸਾਰਾ ਗੰਦ-ਮੰਦ, ਚਿੱਕੜ, ਵਰਖਾ ਦਾ ਪਾਣੀ ਹੜ੍ਹਾ ਕੇ ਲੈ ਜਾਂਦਾ ਸੀ।

ਮੈਂ ਲਿਖਿਆ ਕਿ ਟੋਨੀ ਜੀ, ਆਹ ਜਿਹੜੇ ਪੰਥ ਦੀਆਂ ਬੇੜੀਆਂ ਦੇ ਮੱਲਾਹ ਬਣੀ ਫਿਰਦੇ ਐ, ਇਹ ਪੰਜਾਬ ਵਿਚ ਸਿੱਖੀ ਲਈ ਕੁਝ ਨਹੀਂ ਕਰ ਸਕਦੇ। ਇਹ ਤਾਂ ਪੰਥਕ ਵਿਹੜਿਆਂ ਵਿਚਲੇ ਚਿੱਕੜ ਦੀ ਨਿਆਈਂ ਹਨ। ਕਿਤੇ ਭਾਰੀ ਵਰਖਾ ਵਾਂਗ, ਸਤਿਗੁਰ ਦਾਤਾ ਹੀ ਕੋਈ ਇਲਾਹੀ ਬਖ਼ਸ਼ਿਸ਼ ਦਾ ਮੀਂਹ ਵਰਸਾ ਕੇ ਕਿਸੇ ਬਾਬੇ ਬੰਦੇ ਬਹਾਦਰ ਵਰਗੀ ਰੂਹ ਨੂੰ ਭੇਜੇ। ਅਜਿਹਾ ਸੂਰਮਾ ਕੌਮੀ ਰਹਿਬਰ ਬਣੇ। ਫੇਰ ਭਲਾ ਕੁਝ ਸੁਧਾਰ ਹੋ ਸਕੇ। ਤਾਂ ਵੀ ਆਪ ਨੂੰ ਕੋਟਿ-ਕੋਟਿ ਪ੍ਰਣਾਮ ਕਿ ਤੁਸੀਂ ਕੌਮ ਦਾ, ਪੰਜਾਬ ਦਾ ਦਰਦ ਮੰਨਦੇ ਹੋਏ ਉਥੇ ਜਾ ਰਹੇ ਹੋ।' ਇਨ੍ਹਾਂ ਗੱਲਾਂ ਤੋਂ ਇਲਾਵਾ ਮੈਂ ਕੁਝ ਪ੍ਰਚਾਰ

***ਪਤਾ ਨਹੀਂ ਅਚਾਨਕ ਕਿਹੜੀ ਅਸਮਾਨੀ ਬਿਜਲੀ ਗਿਰੀ? ਭਾਈ ਟੋਨੀ ਹੁਣੀਂ ਪੰਜਾਬ ਦੀ ਮੁਹਿੰਮ ਦਾ 'ਸਵਿੱਚ ਆਫ਼' ਕਰਕੇ ਕੁਝ ਹਫ਼ਤੇ ਇੰਗਲੈਂਡ ਪਹੁੰਚ ਕੇ ਖਾਮੋਸ਼ ਰਹੇ। ਫਿਰ ਇਕ ਦਮ ਦਿੱਲੀ ਜਾ ਪ੍ਰਗਟ ਹੋਏ, ਉਥੇ ਜਾ ਕੇ ਆਪਣੇ 'ਦਲ' ਨਾਲ 'ਦਿੱਲੀ' ਜੋੜ ਲਈ। ਉਦੋਂ ਤੋਂ ਲੈ ਕੇ ਅੱਜ ਦੀ ਤਰੀਕ ਤੱਕ, ਉਹ ਸਰਨਾ ਭਰਾਵਾਂ ਜਾਂ ਦਿੱਲੀ ਕਮੇਟੀ ਵਿਰੁਧ ਬਿਲਾ-ਨਾਗਾ ਬਿਆਨਬਾਜ਼ੀ ਕਰ ਰਹੇ ਹਨ।***

ਢੰਗ ਵੀ ਲਿਖ ਭੇਜੇ।

ਟੋਨੀ ਜੀ ਦੇ ਸੱਦੇ 'ਤੇ ਇੱਥੋਂ ਅਮਰੀਕਾ ਤੋਂ ਮਾਣਯੋਗ ਗਿਆਨੀ ਜਗਤਾਰ ਸਿੰਘ 'ਜਾਚਕ' ਨੇ ਵੀ ਪੰਜਾਬ ਜਾਣ ਲਈ ਕਮਰ-ਕੱਸੇ ਕਰ ਲਏ। ਉਨ੍ਹਾਂ ਨਾਲ ਵੀ ਫੋਨ 'ਤੇ ਮੇਰੀ ਲੰਬੀ ਗੱਲਬਾਤ ਹੋਈ। ਪੰਜਾਬ ਰਹਿੰਦੇ ਆਪਣੇ ਕੁਝ ਦੋਸਤਾਂ ਦੇ ਅਤੇ-ਪਤੇ ਉਨ੍ਹਾਂ ਨੂੰ ਦਿੱਤੇ। ਇਸੇ ਦੌਰਾਨ ਟੋਨੀ ਜੀ ਦਾ ਮੈਨੂੰ ਫੋਨ ਆ ਗਿਆ। ਉਨ੍ਹਾਂ ਮੇਰੀ 'ਈ-ਮੇਲ' ਲਈ ਧੰਨਵਾਦ ਕਰਦਿਆਂ ਮੇਰੀ ਜਾਣਕਾਰੀ ਵਿਚ ਵਾਧਾ ਕਰਦੇ ਹੋਏ ਦੱਸਿਆ ਕਿ ਉਹ (ਟੋਨੀ ਜੀ) ਸਿਦਕੀ ਆਗੂ ਰਹੇ ਸਵਰਗੀ ਜਥੇਦਾਰ ਸੁਰਜਨ ਸਿੰਘ ਠੇਕੇਦਾਰ ਦੇ ਭਤੀਜੇ ਹਨ। ਇਹ ਜਾਣ ਕੇ ਭਾਈ ਟੋਨੀ ਲਈ ਮੇਰੇ ਦਿਲ ਵਿਚ ਹੋਰ ਸਤਿਕਾਰ ਵਧ ਗਿਆ, ਕਿਉਂਕਿ ਮੈਂ ਸ਼੍ਰੋਮਣੀ ਕਮੇਟੀ ਦਾ ਮੈਂਬਰ ਹੁੰਦਿਆਂ ਥੋੜ੍ਹਾ ਅਰਸਾ ਠੇਕੇਦਾਰ ਸਾਹਿਬ ਦੀ ਨੇੜਤਾ ਮਾਣਦਾ ਰਿਹਾ ਸਾਂ। ਗੱਲਾਂ-ਬਾਤਾਂ ਕਰਦਿਆਂ ਟੋਨੀ ਜੀ ਨੇ ਮੈਨੂੰ ਪੰਜਾਬ ਵਿਚ ਉਨ੍ਹਾਂ ਵੱਲੋਂ ਕਰਵਾਈ ਜਾਣ ਵਾਲੀ ਸੰਭਾਵੀ ਕਾਨਫਰੰਸ ਵਿਚ ਸ਼ਾਮਲ ਹੋਣ ਲਈ ਵੀ ਪ੍ਰੇਰਿਆ।

ਮੁੱਕਦੀ ਗੱਲ, ਇਨ੍ਹਾਂ ਪਰਵਾਸੀ ਸਿੰਘਾਂ ਨੇ ਪੰਜਾਬ ਪਹੁੰਚ ਕੇ ਆਪਣੇ ਮਿਸ਼ਨ ਦੀ ਪੂਰਤੀ ਲਈ ਚੰਗਾ ਜੁਗਾੜ ਬਣਾ ਲਿਆ। ਬਜ਼ੁਰਗ ਵਿਦਵਾਨ ਪ੍ਰਿੰਸੀਪਲ ਚੂਸਲੇਵੜ ਸਾਹਿਬ ਜਿਹੇ ਬੁੱਧੀਜੀਵੀਆਂ ਨਾਲ ਸੰਪਰਕ ਕਰਕੇ ਪ੍ਰਚਾਰ ਮੁਹਿੰਮ ਵਿੱਢ ਦਿੱਤੀ। ਗਿਆਨੀ ਜਾਚਕ ਨੂੰ ਧਰਮ ਪ੍ਰਚਾਰ ਵਿੰਗ ਦਾ ਚੇਅਰਮੈਨ ਬਣਾ ਦਿੱਤਾ ਗਿਆ। ਬਹੁਤ ਸਾਰੇ ਸਥਾਨਕ ਸਿੰਘ, ਜੋ ਪੰਜਾਬ ਵਿਚਲੀ ਸਿੱਖ ਪਨੀਰੀ ਨੂੰ ਮੁੜ ਧਰਮ ਦੀ ਰੰਗਤ ਚਾੜ੍ਹਨ ਦੇ ਚਾਹਵਾਨ ਸਨ, ਇਨ੍ਹਾਂ ਦੇ ਸਾਥੀ ਬਣਦੇ ਗਏ। ਥੋੜ੍ਹੇ ਹੀ ਸਮੇਂ ਵਿਚ ਇਨ੍ਹਾਂ ਵੱਲੋਂ ਚਲਾਈ ਪ੍ਰਚਾਰ ਲਹਿਰ ਚੰਗਾ ਪ੍ਰਭਾਵਸ਼ਾਲੀ ਰੂਪ ਧਾਰ ਗਈ। ਪੰਜਾਬ ਦੇ ਵੱਖ-ਵੱਖ ਥਾਂਵਾਂ ਤੋਂ ਇਸ ਜਥੇ ਨੂੰ ਭਰਪੂਰ ਸਹਿਯੋਗ ਮਿਲਣ ਦੀਆਂ ਖ਼ਬਰਾਂ ਆਉਣ ਲਗੀਆਂ। ਲੁਧਿਆਣੇ ਵਿਸ਼ਾਲ ਪੰਥਕ ਕਾਨਫਰੰਸ ਹੋਈ। ਇਸ ਨਾਲ ਬਾਦਲਕਿਆਂ ਨੂੰ ਫਿਕਰ ਲੱਗ ਗਿਆ ਕਿ 'ਸਾਡੇ ਹੁੰਦਿਆਂ' ਇਹ ਕੌਣ ਹੁੰਦੇ ਨੇ ਪੰਜਾਬ ਦੇ ਸਿੱਖਾਂ ਦਾ ਫਿਕਰ ਕਰਨ ਵਾਲੇ? ਪਰ ਪੰਜਾਬੀ ਸਿੱਖਾਂ ਦੇ ਪੂਰਨ ਸਹਿਯੋਗ ਸਦਕਾ ਇਹ ਪਰਵਾਸੀ ਜਥਾ ਆਪਣਾ ਕੰਮ ਕਰਦਾ ਗਿਆ।

ਪਤਾ ਨਹੀਂ ਅਚਾਨਕ ਕਿਹੜੀ ਅਸਮਾਨੀ ਬਿਜਲੀ ਗਿਰੀ? ਭਾਈ ਟੋਨੀ ਹੁਣੀਂ ਪੰਜਾਬ ਦੀ ਮੁਹਿੰਮ ਦਾ 'ਸਵਿੱਚ ਆਫ਼' ਕਰਕੇ ਕੁਝ ਹਫ਼ਤੇ ਇੰਗਲੈਂਡ ਪਹੁੰਚ ਕੇ ਖਾਮੋਸ਼ ਰਹੇ। ਫਿਰ ਇਕ ਦਮ ਦਿੱਲੀ ਜਾ ਪ੍ਰਗਟ ਹੋਏ, ਉਥੇ ਜਾ ਕੇ ਆਪਣੇ 'ਦਲ' ਨਾਲ 'ਦਿੱਲੀ' ਜੋੜ ਲਈ। ਉਦੋਂ ਤੋਂ ਲੈ ਕੇ ਅੱਜ ਦੀ ਤਰੀਕ ਤੱਕ, ਉਹ ਸਰਨਾ ਭਰਾਵਾਂ ਜਾਂ ਦਿੱਲੀ ਕਮੇਟੀ ਵਿਰੁਧ ਬਿਲਾ-ਨਾਗਾ ਬਿਆਨਬਾਜ਼ੀ ਕਰ ਰਹੇ ਹਨ। ਉਨ੍ਹਾਂ ਦੇ ਬਿਆਨਾਂ ਦਾ ਮੁੱਦਾ ਜਾਂ ਉਨ੍ਹਾਂ ਦੀ ਸ਼ਬਦਾਵਲੀ ਕਿਹੋ ਜਿਹੀ ਹੁੰਦੀ ਹੈ, ਇਸ ਦਾ 'ਨਮੂਨਾ' ਤੁਸੀਂ ਉਪਰ ਦੇਖ ਹੀ ਚੁੱਕੇ ਹੋ। ਅਖੇ, ਬੀਬੀ ਸੋਨੀਆ ਨੇ ਸਰਨੇ ਹੁਣਾਂ ਨਾਲ ਸਿਰਫ਼ ਡੇਢ ਮਿੰਟ ਗੱਲ ਕੀਤੀ, ਪਰ ਸਾਡੇ ਬੰਦਿਆਂ ਨੂੰ ਜ਼ਿਆਦਾ ਸਮਾਂ ਦਿੱਤਾ। ਸਦਕੇ ਜਾਈਏ ਟੋਨੀ ਸਾਹਿਬ!! ਜਨਾਬ ਹੁਣੀ ਇੰਗਲੈਂਡ ਤੋਂ ਚੱਲੇ ਸੀ ਪੰਜਾਬ ਦੇ ਭਲੇ ਲਈ, ਪਰ ਜਾ ਪਹੁੰਚੇ ਦਿੱਲੀ। ਉਥੋਂ ਦੇ ਬਾਦਲ ਦਲੀਆਂ ਨੂੰ ਆਖਿਆ ਹੋਣੈ ਕਿ ਭਰਾਵੋ! ਤੁਸੀਂ ਹੁਣ ਅਰਾਮ ਕਰ ਲਓ, ਸਰਨੇ ਹੁਣਾਂ ਦੀਆਂ ਲੱਤਾਂ ਖਿੱਚਣ ਦੀ 'ਸੇਵਾ' ਮੈਨੂੰ ਕਰਨ ਦਿਓ।

ਉਨ੍ਹਾਂ ਦੇ ਇਸ 'ਛੜੱਪੇ' ਪਿੱਛੇ ਕਾਰਨ ਕੀ ਸਨ? ਇਨ੍ਹਾਂ ਦਾ ਖੁਲਾਸਾ ਜਾਚਕ ਜੀ ਨੇ ਮੈਨੂੰ ਫੋਨ 'ਤੇ ਦੱਸਿਆ, ਤੇ ਸ਼ਾਇਦ ਪ੍ਰੈਸ ਨੂੰ ਬਿਆਨ ਵੀ ਦਿੱਤਾ। ਟੋਨੀ ਜੀ ਦੀ ਇਸ 'ਕਲਾਬਾਜ਼ੀ' ਨੂੰ ਜੇ ਪੇਂਡੂ ਲਹਿਜੇ ਵਿਚ ਬਿਆਨ ਕਰਨਾ ਹੋਵੇ ਤਾਂ ਕਹਿ ਸਕਦੇ ਹਾਂ ਕਿ 'ਛੱਡਿਆ ਸੀ ਮੱਝ ਥੱਲੇ ਜਾਣ ਨੂੰ, ਪਰ ਜਾ ਵੜਿਆ ਕੱਟੇ ਥੱਲੇ'। ਲੇਕਿਨ ਇਸ 'ਪਲਟੀ' ਨੂੰ ਸੱਭਿਅਕ ਭਾਸ਼ਾ ਵਿਚ ਦਰਸਾਉਣ ਲਈ 'ਜੰਗਨਾਮਾ ਸ਼ਾਹ ਮੁਹੰਮਦ' ਦੀਆਂ ਇਹ ਸਤਰਾਂ ਫੱਬਦੀਆਂ ਨੇ-

ਘਰੋਂ ਗਏ ਫਰੰਗੀ ਦੇ ਮਾਰਨੇ ਨੂੰ,
ਸਗੋਂ ਚਾਬੀਆਂ ਹੱਥ ਫੜਾਇ ਆਏ।
ਸ਼ਾਹ ਮੁਹੰਮਦ ਪੁੱਛਦੇ ਲੋਕ ਸਿੰਘ ਜੀ,
ਤੁਸੀਂ ਚੰਗੀਆਂ ਪੂਰੀਆਂ ਪਾਇ ਆਏ!

ਇਹ ਵੀ ਸਪੱਸ਼ਟ ਕਰ ਦਿਆਂ ਕਿ ਸਰਨਾ ਭਰਾ ਮੇਰੇ ਕੋਈ 'ਤਾਏ ਦੇ ਪੁੱਤ' ਨਹੀਂ ਲੱਗਦੇ ਅਤੇ ਨਾ ਹੀ ਟੋਨੀ ਜੀ ਦੁਸ਼ਮਣ। ਹੋਰ ਸਿਆਸੀ ਆਗੂਆਂ ਵਾਂਗ ਸਰਨਾ ਭਰਾਵਾਂ ਵਿਚ ਹਜ਼ਾਰਾਂ ਔਗੁਣ ਹੋਣਗੇ, ਪਰ ਇਸ ਹਕੀਕਤ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਪੰਥ ਪ੍ਰਵਾਣਿਤ ਰਹਿਤ ਮਰਯਾਦਾ, ਨਾਨਕਸ਼ਾਹੀ ਕੈਲੰਡਰ, ਅਨੰਦ ਮੈਰਿਜ ਐਕਟ, ਸੌਦਾ-ਸਾਧ ਵਿਵਾਦ, ਕਾਲੀਆਂ ਸੂਚੀਆਂ ਅਤੇ ਹੋਰ ਚਲੰਤ ਸਿੱਖ ਮੁੱਦਿਆਂ ਬਾਰੇ ਸ. ਸਰਨਾ ਚੱਟਾਨ ਵਰਗਾ ਅਡੋਲ ਸਟੈਂਡ ਲੈਂਦੇ ਆ ਰਹੇ ਹਨ। ਪੰਜਾਬ ਦੀ ਸਿੱਖ ਸਿਆਸਤ ਵਿਚਲੀ ਇਕੋ ਟੱਬਰ ਦੀ ਸਰਦਾਰੀ ਨੂੰ ਜੇ ਕੋਈ ਧੜੱਲੇ ਨਾਲ ਚੈਲੰਜ ਕਰ ਸਕਦਾ ਹੈ ਤਾਂ ਉਹ ਸ. ਸਰਨਾ ਹੀ ਹੈ। ਟੋਨੀ ਜੀ ਹੁਣੀਂ ਉਨ੍ਹਾਂ 'ਤੇ ਸਿੱਖਾਂ ਨੂੰ 'ਗੁੰਮਰਾਹ' ਕਰਨ ਦਾ ਦੋਸ਼ ਲਾ ਰਹੇ ਨੇ। ਕਮਾਲ ਹੈ। ਯੂ.ਕੇ. ਪੰਜਾਬ ਚੱਲਣ ਲੱਗਿਆਂ ਵੀ ਮੈਂ ਟੋਨੀ ਜੀ ਨੂੰ ਲਿਖਤੀ ਸੁਝਾਅ ਦਿੱਤੇ ਸਨ। ਹੁਣ ਦਿੱਲੀ ਵਿਚ ਸਿਆਸਤ ਕਰ ਰਹੇ ਬਾਈ ਜੀ ਨੂੰ ਕਹਿ ਕੇ ਦੇਖ ਲੈਂਦਾ ਹਾਂ ਕਿ ਟੋਨੀ ਜੀ, ਪੰਜਾਬ ਸਿੰਘ ਤੁਹਾਥੋਂ ਜਵਾਬ ਮੰਗਦਾ ਹੈ!

**ਅੰਤਿਕਾ**

**ਸੰਪਾਦਕ 'ਤੇ ਗੁੱਸਾ ਚੜ੍ਹਿਆ, ਪਰ...**

ਅਪਰੈਲ 2010 ਦੇ ਅੰਤਲੇ ਦਿਨਾਂ ਦੀ ਗੱਲ ਹੈ। ਭਾਈ ਟੋਨੀ-ਜਾਚਕ ਪਰਵਾਸੀ ਸਿੱਖਾਂ ਨੇ ਆਪਣੇ ਹੋਰ ਸਾਥੀਆਂ ਨਾਲ, ਪੰਜਾਬ ਵਿਚ ਪੂਰੇ ਜ਼ੋਰਾਂ-ਸ਼ੋਰਾਂ ਨਾਲ ਪ੍ਰਚਾਰ ਅਰੰਭਿਆ ਹੋਇਆ ਸੀ। ਇਨ੍ਹਾਂ ਨੇ ਲੁਧਿਆਣੇ ਵਿਚ ਵਿਸ਼ਾਲ ਕਾਨਫਰੰਸ ਕਰਵਾਈ। ਇਸ ਤੋਂ ਪਹਿਲਾਂ ਦਿੱਲੀ ਗੁਰਦੁਆਰਾ ਕਮੇਟੀ ਵੱਲੋਂ ਵਿਸ਼ਵ ਪੰਥਕ ਕਨਵੈਨਸ਼ਨ ਹੋਈ ਸੀ। ਅਮੈਰਿਕਨ ਸਿੱਖ ਆਰਗੇਨਾਈਜੇਸ਼ਨ (ਏ.ਐਸ.ਓ.) ਨੇ ਮੈਨੂੰ ਆਪਣੇ ਨੁਮਾਇੰਦੇ ਦੇ ਤੌਰ 'ਤੇ ਦਿੱਲੀ ਕਨਵੈਨਸ਼ਨ ਵਿਚ ਭੇਜਿਆ। ਕੁਝ ਦਿਨਾਂ ਲਈ ਮੈਂ ਪੰਜਾਬ ਵੀ ਗੇੜਾ ਮਾਰ ਆਇਆ। ਉਥੇ ਟੋਨੀ ਹੁਣਾਂ ਦੀ ਚੜ੍ਹਤ ਦੀਆਂ ਗੂੰਜਾਂ ਮੈਂ ਆਪਣੇ ਕੰਨੀਂ ਸੁਣੀਆਂ। ਅਮਰੀਕਾ ਪਰਤ ਕੇ ਬੜੀ ਰੀਝ ਨਾਲ ਮੈਂ ਵਿਸ਼ੇਸ਼ ਤੌਰ 'ਤੇ ਟੋਨੀ-ਜਾਚਕ ਹੁਣਾਂ ਦੀ ਪ੍ਰਸੰਸਾ ਵਿਚ ਟੇਬਲ ਨਿਊਜ਼ ਬਣਾਈ ਕਿ ਜਿਵੇਂ ਗਦਰੀ ਬਾਬੇ ਵਿਦੇਸ਼ ਦੀ ਧਰਤੀ ਤੋਂ ਦੇਸ਼ ਦਾ ਦਰਦ ਲੈ ਕੇ ਉਥੇ ਆਜ਼ਾਦੀ ਦੀ ਚਿਣਗ ਮਘਾਉਣ ਗਏ ਸਨ, ਇਵੇਂ ਹੀ ਇਹ ਦੋਵੇਂ ਸਿੰਘ ਪੰਜਾਬ ਵਿਚ ਸਿੱਖ ਪ੍ਰਚਾਰ ਮੁਹਿੰਮ ਸਰਗਰਮੀ ਨਾਲ ਚਲਾ ਰਹੇ ਹਨ। ਖ਼ਬਰ ਅਖਬਾਰ ਸਪੋਕਸਮੈਨ ਦੇ ਦਫਤਰ ਨੂੰ ਭੇਜ ਦਿੱਤੀ। ਕਈ ਦਿਨ ਸਪੋਕਸਮੈਨ ਦਾ 'ਕੱਲਾ 'ਕੱਲਾ ਅੱਖਰ ਨੀਝ ਨਾਲ ਪੜ੍ਹਦਾ ਰਿਹਾ, ਪਰ ਮੇਰੀ ਖ਼ਬਰ ਦਾ ਕਿਤੇ ਰੂੰਆਂ ਨਾ ਧੂੰਆਂ!

ਉਦੋਂ ਮੈਨੂੰ ਸੰਪਾਦਕ 'ਤੇ ਬੜਾ ਗੁੱਸਾ ਚੜ੍ਹਿਆ ਸੀ ਪਰ ਮੈਨੂੰ ਸਮਝ ਆਈ ਹੈ ਕਿ ਮੇਰੀ ਉਹ ਖ਼ਬਰ ਸੰਪਾਦਕ ਦੀ 'ਦੂਰ-ਅੰਦੇਸ਼ ਕੈਂਚੀ' ਦਾ ਸ਼ਿਕਾਰ ਕਿਉਂ ਬਣ ਗਈ ਸੀ?

## ਕਾਵਿ-ਸੰਸਾਰ

### ਇੱਕ ਹੋਰ ਸਿਕੰਦਰ ਹਾਰ ਗਿਆ

**ਗਲਤ ਤਰੀਕੇ ਨਾਲ ਅਮਰੀਕਾ ਆਇਆ ਨੌਜਵਾਨ ਜਦੋਂ ਦਸ ਬਾਰਾਂ ਸਾਲ ਖਰਾਬ ਕਰਕੇ ਵਾਪਿਸ ਆਪਣੇ ਦੇਸ਼ ਪਰਤ ਰਿਹਾ ਹੁੰਦੈ ਤਾਂ ਉਸ ਦੀ ਸੋਚ ਕਿਹੜੇ ਵਹਿਣੀਂ ਵਹਿੰਦੀ ਹੈ, ਆਓ ਦੇਖੀਏ**

ਲੈ ਰੰਗਲੇ ਸੁਪਨੇ ਅੱਖਾਂ ਵਿਚ
ਤੁਰਿਆ ਸੀ ਖੇਡਣ ਲੱਖਾਂ ਵਿਚ
ਜਿੰਦ ਸੋਨੇ ਵਰਗੀ ਕਰ ਮਿੱਟੀ
ਮੁੜ ਸੱਤ ਸਮੁੰਦਰੋਂ ਪਾਰ ਗਿਆ
ਇੱਕ ਹੋਰ ਸਿਕੰਦਰ ਹਾਰ ਗਿਆ।
ਅੱਜ ਫੇਰ ਸਿਕੰਦਰ ਹਾਰ ਗਿਆ।

ਮਾਂ ਬਾਪ ਨੂੰ ਛੱਡ ਕੇ ਕੱਲੇ ਜਦ
ਸੀ ਕਰਨ ਕਮਾਈਆਂ ਚੱਲੇ ਜਦ
ਮਨ ਨਚਦਾ ਲੁੱਢੀਆਂ ਪਾਉਂਦਾ ਸੀ
ਜਿਉਂ ਸਿਰ ਤੋਂ ਉਤਰ ਭਾਰ ਗਿਆ
ਇੱਕ ਹੋਰ ਸਿਕੰਦਰ ਹਾਰ ਗਿਆ।

ਜਦ ਪਹੁੰਚੇ ਧਰਤ ਬਿਗਾਨੀ 'ਤੇ
ਬੜਾ ਮਾਣ ਸੀ ਮਸਤ ਜਵਾਨੀ 'ਤੇ
ਜਿੰਦ ਫਸ ਗਈ ਘੁੰਮਣ ਘੇਰੀਆਂ ਵਿਚ
ਮੋਹ ਡਾਲਰਾਂ ਵਾਲਾ ਮਾਰ ਗਿਆ
ਇੱਕ ਹੋਰ ਸਿਕੰਦਰ ਹਾਰ ਗਿਆ।

ਬਾਪੂ ਦੀ ਯਾਦ ਸਤਾਉਂਦੀ ਸੀ
ਸੁਪਨੇ ਵਿਚ ਬੇਬੇ ਆਉਂਦੀ ਸੀ
ਲੱਗਦਾ ਸੀ ਡਾਲਰਾਂ ਅੱਗੇ ਇੰਜ
ਪੈ ਫਿੱਕਾ ਸਭ ਦਾ ਪਿਆਰ ਗਿਆ
ਇੱਕ ਹੋਰ ਸਿਕੰਦਰ ਹਾਰ ਗਿਆ।

ਸੁਣ ਖਬਰ ਬਾਪ ਦੀ ਮੌਤ ਵਾਲੀ
ਬੜੀ ਔਖੀ ਲੰਘੀ ਰਾਤ ਕਾਲੀ
ਦਿਲ ਰੋਇਆ ਸੀ ਮੁੱਖ ਤੱਕਣੇ ਨੂੰ
ਹੋ ਬੇਵੱਸ ਤੇ ਲਾਚਾਰ ਗਿਆ
ਇੱਕ ਹੋਰ ਸਿਕੰਦਰ ਹਾਰ ਗਿਆ।

ਸਭ ਖਤਮ ਕਮਾਈਆਂ ਕਰ ਚੱਲਿਆ
ਮੁੜ ਵਾਪਿਸ ਆਪਣੇ ਘਰ ਚੱਲਿਆ
ਜਿਉਂ ਆਇਆ ਸੀ ਤਿਉਂ ਮੁੜਨ ਲੱਗਾ
ਟੁੱਟ ਸੁਪਨਾ ਅੱਧ ਵਿਚਕਾਰ ਗਿਆ
ਇੱਕ ਹੋਰ ਸਿਕੰਦਰ ਹਾਰ ਗਿਆ।

ਕੀ ਖੱਟਿਆ ਤੇ ਕੀ ਪਾਇਆ ਏ
ਨਾ ਸਮਝ ਕਦੇ ਵੀ ਆਇਆ ਏ
ਪੈਸੇ ਨੂੰ ਰੱਬ ਬਣਾ ਲਿਆ
ਪੈ ਕਿਸ ਰਾਹੇ ਸੰਸਾਰ ਗਿਆ
ਇੱਕ ਹੋਰ ਸਿਕੰਦਰ ਹਾਰ ਗਿਆ।

***-ਹਨੀ ਸ਼ੇਰਗਿੱਲ***

## ਹਰਿ ਕੇ ਚਰਨ ਕਮਲ ਮਨਿ ਧਿਆਉ॥

ੴ ਸਤਿਗੁਰ ਪ੍ਰਸਾਦਿ॥
ਟੋਡੀ ਮਹਲਾ 5
ਹਰਿ ਕੇ ਚਰਨ ਕਮਲ ਮਨਿ ਧਿਆਉ॥
ਕਾਢਿ ਕੁਠਾਰੁ ਪਿਤ ਬਾਤ ਹੰਤਾ
ਅਉਖਧੁ ਹਰਿ ਕੋ ਨਾਉ॥ਰਹਾਉ॥
ਤੀਨੇ ਤਾਪ ਨਿਵਾਰਣਹਾਰਾ
ਦੁਖ ਹੰਤਾ ਸੁਖ ਰਾਸਿ॥
ਤਾ ਕਉ ਬਿਘਨ ਨ ਕੋਊ ਲਾਗੈ
ਜਾ ਕੀ ਪ੍ਰਭ ਆਗੈ ਅਰਦਾਸਿ॥
ਸੰਤ ਪ੍ਰਸਾਦਿ ਬੈਦ ਨਾਰਾਇਣ
ਕਰਣ ਕਾਰਣ ਪ੍ਰਭ ਏਕ॥
ਬਾਲ ਬੁਧਿ ਪੂਰਨ ਸੁਖਦਾਤਾ
ਨਾਨਕ ਹਰਿ ਹਰਿ ਟੇਕ॥

ਗੁਰੂ ਅਰਜਨ ਦੇਵ ਜੀ ਦਾ ਪ੍ਰਭੂ ਦੀ ਸਿਫ਼ਤ ਸਲਾਹ ਨਾਲ ਭਰਿਆ ਇਹ ਸ਼ਬਦ ਸਾਨੂੰ ਪ੍ਰਭੂ ਪਿਤਾ ਦੇ ਚਰਨਾਂ ਨਾਲ ਜੁੜਨ ਲਈ ਪ੍ਰੇਰਦਾ ਹੈ,

ਹਰਿ ਕੇ ਚਰਨ ਕਮਲ ਮਨਿ ਧਿਆਉ॥
ਕਾਢਿ ਕੁਠਾਰੁ ਪਿਤ ਬਾਤ ਹੰਤਾ
ਅਉਖਧੁ ਹਰਿ ਕੋ ਨਾਉ॥ਰਹਾਉ॥

ਹੇ ਭਾਈ! ਅਸੀਂ ਤਾਂ ਉਸ ਹਰੀ ਪਰਮਾਤਮਾ ਦੇ ਚਰਨਾਂ ਨੂੰ ਆਪਣੇ ਅੰਦਰ ਵਸਾਇਆ ਹੋਇਆ ਹੈ ਅਤੇ ਹਰ ਵੇਲੇ ਉਸ ਦਾ ਹੀ ਸਿਮਰਨ ਕਰਦੇ ਹਾਂ, ਕਿਉਂਕਿ ਪ੍ਰਭੂ ਦਾ ਸਿਮਰਨ ਹੀ ਸਾਰੇ ਦੁੱਖਾਂ, ਭਾਵ ਰੋਗਾਂ ਦੀ ਦਵਾਈ ਹੈ ਅਤੇ ਪ੍ਰਭੂ ਦਾ ਨਾਮ ਹੀ ਕੁਠਾਰ ਭਾਵ ਕੁਹਾੜਾ, ਪਿਤ ਭਾਵ ਕ੍ਰੋਧ ਦੀ ਅੱਗ, ਬਾਤ ਭਾਵ ਹੰਕਾਰ, ਜੈਸੇ ਦੁੱਖਾਂ ਨੂੰ ਕੱਟ ਸਕਦਾ ਹੈ; ਇਸ ਲਈ ਪ੍ਰਭੂ ਸਿਮਰਨ ਉਤਮ ਹੈ।

ਤੀਨੇ ਤਾਪ ਨਿਵਾਰਣਹਾਰਾ
ਦੁਖ ਹੰਤਾ ਸੁਖ ਰਾਸਿ॥
ਤਾ ਕਉ ਬਿਘਨ ਨ ਕੋਊ ਲਾਗੈ
ਜਾ ਕੀ ਪ੍ਰਭ ਆਗੈ ਅਰਦਾਸਿ॥

ਹੇ ਭਾਈ! ਅਕਾਲੀ ਪੁਰਖ ਦੇ ਨਾਮ ਦਾ ਸਿਮਰਨ ਹੀ ਜੀਵ ਦੇ ਅੰਦਰੋਂ ਆਧਿ, ਬਿਆਧਿ ਤੇ ਉਪਾਧਿ; ਇਹ ਤਿੰਨੇ ਤਾਪ ਦੂਰ ਕਰਦਾ ਹੈ ਅਤੇ ਨਾਮ ਹੀ ਸਭ ਦੁੱਖਾਂ ਦਾ ਨਾਸ ਕਰਨ ਵਾਲਾ ਹੈ ਤੇ ਨਾਮ ਹੀ ਸੁੱਖਾਂ ਦਾ ਵੀ ਸਰਮਾਇਆ ਹੈ।

### ਗੁਰਬਾਣੀ ਗਿਆਨ

ਹੇ ਭਾਈ! ਜੋ ਜੀਵ ਅਰਦਾਸ ਰਾਹੀਂ ਉਸ ਪ੍ਰਭੂ ਦੇ ਚਰਨਾਂ ਨਾਲ ਜੁੜੇ ਰਹਿੰਦੇ ਹਨ, ਉਨ੍ਹਾਂ ਦੀ ਜ਼ਿੰਦਗੀ ਵਿਚ ਕਦੀ ਕੋਈ ਰੁਕਾਵਟ, ਕੋਈ ਮੁਸ਼ਕਿਲ ਨਹੀਂ ਆ ਸਕਦੀ; ਕਿਉਂਕਿ ਉਹ ਪ੍ਰਭੂ ਆਪਣਿਆਂ ਦੀ ਸਦਾ ਪੈਜ ਰੱਖਦਾ ਹੈ।

ਸੰਤ ਪ੍ਰਸਾਦਿ ਬੈਦ ਨਾਰਾਇਣ
ਕਰਣ ਕਾਰਣ ਪ੍ਰਭ ਏਕ॥
ਬਾਲ ਬੁਧਿ ਪੂਰਨ ਸੁਖਦਾਤਾ
ਨਾਨਕ ਹਰਿ ਹਰਿ ਟੇਕ॥

ਹੇ ਭਾਈ! ਉਹ ਪ੍ਰਭੂ ਪਿਤਾ ਜੋ ਇਸ ਸੰਸਾਰ ਦਾ ਰਚਨਹਾਰ ਹੈ, ਉਹ ਜੀਵਾਂ ਦੇ ਰੋਗ ਦੂਰ ਕਰਨ ਵਾਲਾ ਵੈਦ ਵੀ ਆਪ ਹੀ ਹੈ ਪਰ ਉਸ ਸੋਹਣੇ ਪ੍ਰਭੂ ਦਾ ਮਿਲਾਪ ਵੀ ਗੁਰੂ ਦੀ ਕ੍ਰਿਪਾ ਸਦਕਾ ਹੀ ਮਿਲਦਾ ਹੈ। ਹੇ ਨਾਨਕ! ਜੋ ਜੀਵ ਆਪਣੇ ਅੰਦਰੋਂ ਚਤੁਰਾਈ ਅਤੇ ਸਿਆਣਪ ਛੱਡ ਕੇ ਬਾਲ ਬੁਧਿ, ਭਾਵ ਨਿੱਕੇ ਜਿਹੇ ਬੱਚੇ ਵਾਂਗ ਸੱਚੇ-ਸੁੱਚੇ ਬਣ ਜਾਂਦੇ ਹਨ, ਫਿਰ ਸੁੱਖਾਂ ਦਾ ਦਾਤਾ ਪ੍ਰਭੂ ਉਨ੍ਹਾਂ ਨੂੰ ਆਣ ਮਿਲਦਾ ਹੈ ਅਤੇ ਉਨ੍ਹਾਂ ਦਾ ਸਹਾਰਾ ਭੀ ਬਣ ਜਾਂਦਾ ਹੈ।

ਆਓ ਸੰਗਤ ਜੀ! ਅੰਦਰੋਂ-ਬਾਹਰੋਂ ਸ਼ਬਦ ਗੁਰੂ ਨਾਲ ਜੁੜੀਏ!

***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***
***ਫ਼ੋਨ: 916-687-3536***

# ਲੋਕ ਰਾਜ ਦੇ ਆਗੂਆਂ ਨੇ ਕਦੀ ਲੋਕ ਲਾਜ ਨਾ ਰੱਖੀ

***ਜਿਹੜੇ ਹਾਲਾਤ ਵਿਚੋਂ ਅਸੀਂ ਲੰਘ ਰਹੇ ਹਾਂ, ਉਸ ਵਿਚ ਸਿਰਫ ਇਸੇ ਗੱਲ ਦਾ ਮਾਣ ਕਰ ਸਕਦੇ ਹਾਂ ਕਿ ਸਾਡੇ ਕੋਲ ਲੋਕ ਰਾਜ ਹੈ, ਪਰ ਉਸ ਲੋਕ ਰਾਜ ਦੇ ਲਾਭ ਗਿਣਾਉਣ ਲਈ ਪੋਟੇ ਤਾਂ ਕੀ, ਉਂਗਲਾਂ ਹੀ ਵਾਧੂ ਹਨ। ਕਿਸੇ ਲਈ 'ਬੇਲੋੜਾ ਬੋਝ' ਵਰਗੇ ਸ਼ਬਦ ਵਰਤਣੇ ਹੋਣ ਤਾਂ ਰਾਜਨੀਤੀ ਵਿਚ ਉਸ ਨੂੰ 'ਚਿੱਟਾ ਹਾਥੀ' ਕਹਿੰਦੇ ਹਨ। 'ਚਿੱਟਾ ਹਾਥੀ' ਕਦੇ ਕਿਸੇ ਕੰਮ ਨਹੀਂ ਆਉਂਦਾ, ਉਸ ਨੂੰ ਸਿਰਫ ਚਿੱਟਾ ਲਿਸ਼ਕਦਾ ਰੱਖਣ ਲਈ ਲਿਸ਼ਕਾਉਣ ਦਾ ਖਰਚਾ ਭਰਨਾ ਪੈਂਦਾ ਹੈ। ਸਾਡੇ ਪੱਲੇ ਵੀ ਇਹੋ ਰੋਣਾ ਪਿਆ ਹੈ।ਲੋਕ ਰਾਜ ਨੇ ਲੋਕਾਂ ਦੇ ਹਿੱਤਾਂ ਦਾ ਖਿਆਲ ਰੱਖਣਾ ਹੁੰਦਾ ਹੈ, ਪਰ ਭਾਰਤ ਦਾ ਲੋਕ ਰਾਜ ਇਸ ਪੱਖੋਂ ਕਾਮਯਾਬ ਨਹੀਂ ਹੋ ਸਕਿਆ।***



ਜਤਿੰਦਰ ਪਨੂੰ

ਜਤਿੰਦਰ ਪਨੂੰ

ਭਾਰਤ ਵਿਚ ਲੋਕ ਰਾਜ ਹੈ, ਜਿਹੜਾ ਦੁਨੀਆ ਭਰ ਵਿਚ ਰਾਜ ਚਲਾਉਣ ਦੇ ਜਾਣੇ ਜਾਂਦੇ ਪ੍ਰਬੰਧਾਂ ਵਿਚੋਂ ਸਾਰਿਆਂ ਤੋਂ ਵਧੀਆ ਗਿਣਿਆ ਜਾਂਦਾ ਹੈ। ਇਹ ਚੰਗੀ ਗੱਲ ਹੋਈ ਕਿ ਆਜ਼ਾਦੀ ਮਿਲਣ ਪਿੱਛੋਂ ਭਾਰਤ ਦੇ ਆਗੂਆਂ ਨੇ ਇਹ ਲੀਹ ਧਾਰਨ ਕੀਤੀ ਸੀ। ਇੰਦਰਾ ਗਾਂਧੀ ਵੱਲੋਂ ਐਮਰਜੈਂਸੀ ਲਾਗੂ ਕਰਨ ਵਾਲੇ ਉਨੀ ਮਹੀਨਿਆਂ ਨੂੰ ਛੱਡ ਦੇਈਏ ਤਾਂ ਭਾਰਤ ਇਸ ਲੀਹ ਤੋਂ ਕਦੇ ਭਟਕਿਆ ਵੀ ਨਹੀਂ ਹੈ। ਅੱਜ ਇਹ ਆਪਣੇ ਆਪ ਨੂੰ ਸੰਸਾਰ ਦਾ ਸਭ ਤੋਂ ਵੱਡਾ ਲੋਕ ਰਾਜ ਆਖ ਕੇ ਖੁਸ਼ ਹੁੰਦਾ ਹੈ। ਇਸ ਦੀ ਇਹ ਵਡਿਆਈ ਇਸ ਕਰਕੇ ਹੈ ਕਿ ਦੁਨੀਆ ਦੇ ਜਿੰਨੇ ਕੁ ਦੇਸ਼ਾਂ ਵਿਚ ਲੋਕ ਰਾਜ ਹੈ, ਇਥੇ ਉਨ੍ਹਾਂ ਸਾਰਿਆਂ ਤੋਂ ਵੱਧ ਲੋਕ ਰਹਿੰਦੇ ਅਤੇ ਆਪਣੀ ਵੋਟ ਦੀ ਵਰਤੋਂ ਕਰਦੇ ਹਨ। ਜੇ ਸਿਰ ਹੀ ਗਿਣਨੇ ਹੋਣ ਤਾਂ ਇਹ ਵਡਿਆਈ ਭਾਰਤ ਦੀ ਪੱਕੀ ਹੈ, ਪਰ ਜੇ ਲੋਕ ਰਾਜ ਦੇ ਗੁਣਾਂ ਅਤੇ ਔਗੁਣਾਂ ਦਾ ਤੋਲ-ਤੁਲਾਵਾ ਕਰਨਾ ਹੋਵੇ ਤਾਂ ਵਡਿੱਤਣ ਦਾ ਵਹਿਮ ਦੂਰ ਹੋ ਜਾਂਦਾ ਹੈ।

ਲੋਕ ਰਾਜ ਨੇ ਲੋਕਾਂ ਦੇ ਹਿੱਤਾਂ ਦਾ ਖਿਆਲ ਰੱਖਣਾ ਹੁੰਦਾ ਹੈ, ਪਰ ਭਾਰਤ ਦਾ ਲੋਕ ਰਾਜ ਇਸ ਪੱਖੋਂ ਕਾਮਯਾਬ ਨਹੀਂ ਹੋ ਸਕਿਆ। ਕਈ ਸਾਲ ਪਹਿਲਾਂ ਜਲੰਧਰ ਵਿਚ ਸੈਮੀਨਾਰ ਵਿਚ ਕੁਝ ਪਾਕਿਸਤਾਨੀ ਲੇਖਕ ਵੀ ਆਏ ਹੋਏ ਸਨ। ਉਥੇ ਬਹਿਸ ਵਿਚ ਇਹ ਗੱਲ ਵਾਰ-ਵਾਰ ਆਈ ਕਿ ਪਾਕਿਸਤਾਨ ਵਿਚ ਜਿਹੜਾ ਆਗੂ ਵੀ ਫੌਜ ਦੇ ਅੱਗੇ ਅੜਦਾ ਹੈ, ਫੌਜ ਉਸ ਦੀ ਗੱਦੀ ਖੋਹ ਲੈਂਦੀ ਹੈ। ਆਪਣੇ ਵੱਲੋਂ ਤਾਂ ਬੁਲਾਰੇ ਭਾਵੇਂ ਉਥੋਂ ਦੇ ਲੋਕਾਂ ਨਾਲ ਹਮਦਰਦੀ ਜ਼ਾਹਰ ਕਰਦੇ ਸਨ, ਪਾਕਿਸਤਾਨ ਤੋਂ ਆਏ ਲੇਖਕ ਸਮਝਦੇ ਸਨ ਕਿ ਉਨ੍ਹਾਂ ਨੂੰ ਚਿੜਾਇਆ ਜਾ ਰਿਹਾ ਹੈ। ਫਿਰ ਉਨ੍ਹਾਂ ਵਿਚੋਂ ਇਕ ਜਣਾ ਬੋਲਿਆ ਤਾਂ ਕਹਿਣ ਲੱਗਾ ਕਿ ਇਹ ਗੱਲਾਂ ਮਿਹਣੇ ਮਾਰਨ ਵਾਂਗ ਨਾ ਕਰੋ, ਭਾਰਤ ਦੀ ਤਰੱਕੀ ਵੀ ਅਸੀਂ ਸੜਕਾਂ ਕੰਢੇ ਵੇਖ ਲਈ ਹੈ। ਜੇ ਮੁੜ-ਮੁੜ ਲੱਗੇ ਫੌਜੀ ਰਾਜ ਨਾਲ ਸਾਡਾ ਮੰਦਾ ਹਾਲ ਹੋਇਆ ਹੈ ਤਾਂ ਲੋਕ ਰਾਜ ਚੱਲਦਾ ਰਹਿਣ ਨੇ ਤੁਹਾਡਾ ਵੀ ਬਹੁਤਾ ਨਹੀਂ ਸੰਵਾਰਿਆ। ਕਈ ਭਾਰਤੀ ਲੋਕਾਂ ਨੂੰ ਉਸ ਦੀ ਇਹ ਗੱਲ ਚੁਭੀ ਸੀ, ਪਰ ਇਹ ਸਭ ਨੂੰ ਮੰਨਣਾ ਪੈ ਰਿਹਾ ਸੀ ਕਿ ਲੋਕ ਰਾਜ ਤੋਂ ਜਿੰਨੀਆਂ ਆਸਾਂ ਸਾਡੇ ਲੋਕਾਂ ਨੇ ਰੱਖੀਆਂ ਸਨ, ਉਨ੍ਹਾਂ ਵਿਚੋਂ ਬਹੁਤੀਆਂ ਪੂਰੀਆਂ ਨਹੀਂ ਹੋਈਆਂ। ਅਸੀਂ ਨਵੀਂ ਕਿਸਮ ਦੇ ਰਾਜਿਆਂ ਦੀ ਜਨੇਤ ਦੀ ਸੇਵਾ ਕਰਨ ਜੋਗੇ ਹੀ ਰਹਿ ਗਏ ਹਾਂ।

ਅੱਜ ਅਸੀਂ ਇਹ ਗੱਲਾਂ ਭਾਰਤ ਦੇ ਸਬੰਧ ਵਿਚ ਨਹੀਂ, ਸਗੋਂ ਉਸ ਪੰਜਾਬ ਦੇ ਪ੍ਰਸੰਗ ਵਿਚ ਕਰਨ ਲੱਗੇ ਹਾਂ ਜਿਸ ਦੀ ਅਗਲੀ ਵਿਧਾਨ ਸਭਾ ਚੁਣਨ ਲਈ ਸਿਰਫ ਅੱਠ ਮਹੀਨੇ ਬਾਕੀ ਰਹਿ ਗਏ ਹਨ। ਵਿਰੋਧੀ ਧਿਰ ਆਖਦੀ ਹੈ, ਤੇ ਠੀਕ ਆਖਦੀ ਹੈ ਕਿ ਪੰਜਾਬ ਵਿਚ ਵਿਕਾਸ ਠੱਪ ਪਿਆ ਹੈ। ਹਾਕਮ ਧਿਰ ਆਖਦੀ ਹੈ, ਤੇ ਹੁਣ ਵਾਲੀ ਹਾਕਮ ਧਿਰ ਹੀ ਨਹੀਂ, ਹਮੇਸ਼ਾਂ ਵਾਲੀ ਹਾਕਮ ਧਿਰ ਆਖਦੀ ਰਹੀ ਹੈ ਕਿ ਵਿਕਾਸ ਦੇ ਪੱਖੋਂ ਪੰਜਾਬ ਤਰੱਕੀ ਦੇ ਮਾਰਗ ਉੱਤੇ ਸ਼ਾਨ ਨਾਲ ਤੁਰ ਰਿਹਾ ਹੈ। ਕੋਈ ਪੈਂਤੀ ਸਾਲ ਪਹਿਲਾਂ ਖੱਬੇ ਪੱਖੀ ਵਿਧਾਇਕ ਨੇ ਪੰਜਾਬ ਦੀ ਵਿਧਾਨ ਸਭਾ ਵਿਚ ਕਿਹਾ ਸੀ ਕਿ ਅੱਗੇ-ਅੱਗੇ ਜਾ ਰਹੀ ਪ੍ਰਾਈਵੇਟ ਕੰਪਨੀ ਦੀ ਬੱਸ ਦੀ ਛੱਤ ਉੱਤੇ ਵੀ ਸਵਾਰੀਆਂ ਹੁੰਦੀਆਂ ਹਨ ਅਤੇ ਪਿੱਛੇ ਜਾ ਰਹੀ ਰੋਡਵੇਜ਼ ਦੀ ਖਾਲੀ ਖੜਕਦੀ ਬੱਸ ਉੱਤੇ ਲਿਖਿਆ ਹੁੰਦਾ ਹੈ: 'ਦੇਸ਼ ਤਰੱਕੀ ਦੇ ਮਾਰਗ ਉੱਤੇ ਅੱਗੇ ਵਧ ਰਿਹਾ ਹੈ।' ਉਸ ਦਾ ਕਹਿਣਾ ਸੀ ਕਿ ਗੱਲਾਂ ਵੱਲੋਂ ਤਾਂ ਪੰਜਾਬ ਵੀ ਤਰੱਕੀ ਦੇ ਮਾਰਗ ਉੱਤੇ ਅੱਗੇ ਵਧ ਰਿਹਾ ਹੈ, ਪਰ ਅਮਲ ਵਿਚ ਹੋ ਰਿਹਾ ਕੁਝ ਵੀ ਨਜ਼ਰ ਨਹੀਂ ਆਉਂਦਾ। ਚੋਭ ਇੰਨੀ ਤਿੱਖੀ ਸੀ ਕਿ ਰਾਜ ਦਾ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਖੁਦ ਇਸ ਦੀ ਸਫਾਈ ਦੇਣ ਲਈ ਘੰਟਾ ਭਰ ਬੋਲਦਾ ਰਿਹਾ ਸੀ, ਤੇ ਸੁਣਨ ਵਾਲੇ ਹੱਸਦੇ ਰਹੇ ਸਨ।

ਅੱਜ ਦੇ ਹਾਲਾਤ ਕੀ ਹਨ? ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਹਿ ਦਿੱਤਾ ਹੈ ਕਿ ਪੰਜਾਬ ਵਿਚ ਵਿਕਾਸ ਦੇ ਕਾਰਜ ਠੱਪ ਪਏ ਹੋਏ ਹਨ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕਹਿ ਦਿੱਤਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਆਪਣੇ ਰਾਜ ਵੇਲੇ ਦੇ ਪੰਜ ਪ੍ਰਾਜੈਕਟ ਗਿਣਾ ਦੇਵੇ ਜਿਹੜੇ ਉਸ ਨੇ ਸਿਰੇ ਚਾੜ੍ਹੇ ਹਨ। ਅੱਗਿਓਂ ਕੈਪਟਨ ਅਮਰਿੰਦਰ ਸਿੰਘ ਨੇ ਕਹਿ ਦਿੱਤਾ ਹੈ ਕਿ ਪੰਜ ਨਹੀਂ, ਮੈਂ ਇਕਵੰਜਾ ਗਿਣਾ ਦੇਵਾਂਗਾ। ਦੋਵੇਂ ਜਣੇ ਗਿਣਾ ਸਕਦੇ ਹਨ, ਤੇ ਅੰਕੜੇ ਵੀ ਦੋਵਾਂ ਕੋਲ ਸਿੱਕੇਬੰਦ ਹੋਣਗੇ, ਪਰ ਪੰਜਾਬ ਦੇ ਲੋਕਾਂ ਨੂੰ ਦਿੱਸਦੇ ਨਹੀਂ। ਫਾਈਲਾਂ ਵਿਚਲੇ ਅੰਕੜੇ ਲੋਕਾਂ ਦੇ ਅੱਥਰੂ ਪੂੰਝਣ ਦਾ ਕੰਮ ਤਾਂ ਕਰ ਸਕਦੇ ਹਨ, ਅਮਲਾਂ ਵਿਚ ਪੰਜਾਬ ਦਾ ਕੁਝ ਨਹੀਂ ਸੰਵਾਰ ਰਹੇ। ਜਿੱਥੋਂ ਤੱਕ ਅਮਲਾਂ ਦਾ ਸਵਾਲ ਹੈ, ਇਸ ਬਾਰੇ ਰੋਜ਼ ਬੜਾ ਕੁਝ ਅਖਬਾਰਾਂ ਵਿਚ ਛਪ ਰਿਹਾ ਹੈ ਪਰ ਵੱਡੇ ਆਗੂ ਜਾਂ ਤਾਂ ਇਸ ਨੂੰ ਪੜ੍ਹਦੇ ਹੀ ਨਹੀਂ, ਜਾਂ ਪੜ੍ਹ ਕੇ ਵੀ ਗੌਲਣਾ ਨਹੀਂ ਚਾਹੁੰਦੇ।

ਸਾਡੇ ਸਾਹਮਣੇ ਪੰਜਾਬ ਦੀ ਸੀਨੀਅਰ ਮੰਤਰੀ ਬੀਬੀ ਦਾ ਬਿਆਨ ਪਿਆ ਹੈ ਜਿਸ ਨੇ ਦਾਅਵਾ ਕੀਤਾ ਹੈ ਕਿ ਆਨੰਦਪੁਰ ਸਾਹਿਬ ਦਾ ਖਾਲਸਾ ਵਿਰਾਸਤੀ ਕੰਪਲੈਕਸ 'ਜਲਦੀ' ਮੁਕੰਮਲ ਕਰ ਲਿਆ ਜਾਵੇਗਾ। 'ਜਲਦੀ' ਦੇ ਕੀ ਅਰਥ ਹੁੰਦੇ ਹਨ, ਇਹ ਪੰਜਾਬ ਦੀ ਕਿਸੇ ਸਰਕਾਰ ਦੀ ਡਿਕਸ਼ਨਰੀ ਵਿਚ ਵੀ ਨਹੀਂ ਲੱਭਣੇ। ਆਨੰਦਪੁਰ ਸਾਹਿਬ ਦੇ ਜਿਸ ਵਿਰਾਸਤੀ ਕੰਪਲੈਕਸ ਦੀ ਗੱਲ ਮੰਤਰੀ ਬੀਬੀ ਨੇ ਕੀਤੀ ਹੈ, ਉਹ ਖਾਲਸੇ ਦੀ ਸਥਾਪਨਾ ਦੇ ਤਿੰਨ ਸੌ ਸਾਲਾ ਦਿਵਸ ਨਾਲ ਜੋੜ ਕੇ ਉਲੀਕਿਆ ਗਿਆ ਸੀ ਅਤੇ ਕੰਮ ਠੀਕ ਤਰ੍ਹਾਂ ਵੀ ਚੱਲੇ ਅਤੇ ਸਮੇਂ ਸਿਰ ਸਿਰੇ ਵੀ ਚੜ੍ਹ ਜਾਵੇ, ਇਹ ਸੋਚ ਕੇ ਇਜ਼ਰਾਈਲ ਦੇ ਨਾਮੀ ਆਰਕੀਟੈਕਟ ਦੀ ਸੇਵਾ ਲਈ ਗਈ ਸੀ। ਉਹ ਦਿਵਸ 1999 ਦੀ ਵਿਸਾਖੀ ਦਾ ਸੀ ਅਤੇ ਦੋ ਸਾਲ ਪਹਿਲਾਂ ਉਸ ਦੀ ਤਿਆਰੀ ਸ਼ੁਰੂ ਕੀਤੀ ਗਈ ਸੀ। ਅੱਜ ਤੱਕ ਉਸ ਉਸਾਰੀ ਨੂੰ ਚੱਲਦਿਆਂ ਚੌਦਾਂ ਲੰਮੇ-ਲੰਮੇ ਸਾਲ ਲੰਘ ਗਏ, ਕੰਪਲੈਕਸ ਸਿਰੇ ਨਹੀਂ ਚੜ੍ਹਿਆ, ਤੇ ਹੁਣ ਮੰਤਰੀ ਨੇ ਕਹਿ ਦਿਤਾ ਹੈ ਕਿ 'ਜਲਦੀ' ਸਿਰੇ ਚੜ੍ਹ ਜਾਵੇਗਾ। ਇਸ ਦੀ ਸ਼ੁਰੂਆਤ ਵੇਲੇ ਅਕਾਲੀ-ਭਾਜਪਾ ਸਰਕਾਰ ਸੀ, ਪਿੱਛੋਂ ਪੰਜ ਸਾਲ ਕਾਂਗਰਸ ਪਾਰਟੀ ਦੀ ਸਰਕਾਰ ਚੱਲਦੀ ਰਹੀ ਅਤੇ ਹੁਣ ਪਿਛਲੇ ਸਵਾ ਚਾਰ ਸਾਲਾਂ ਤੋਂ ਫਿਰ ਅਕਾਲੀ-ਭਾਜਪਾ ਸਰਕਾਰ ਚੱਲੀ ਜਾਂਦੀ ਹੈ, ਪਰ ਖਾਲਸਾ ਵਿਰਾਸਤੀ ਕੰਪਲੈਕਸ ਪੂਰਾ ਨਹੀਂ ਹੋ ਸਕਿਆ, 'ਜਲਦੀ' ਪੂਰਾ ਹੋ ਜਾਣ ਦੀ ਆਸ ਰੱਖੀ ਜਾ ਰਹੀ ਹੈ। ਇਹ 'ਆਸ' ਉਸ ਮੁੱਖ ਮੰਤਰੀ ਦੇ ਹੁੰਦਿਆਂ ਲਾਈ ਜਾ ਰਹੀ ਹੈ ਜਿਸ ਦੀ ਰਾਜਨੀਤੀ ਸਿੱਖੀ ਦੇ ਦੁਆਲੇ ਘੁੰਮਦੀ ਹੈ। ਜੇ ਉਹ ਇਸ ਪ੍ਰਾਜੈਕਟ ਨੂੰ ਵੀ ਹੁਣ ਤੱਕ ਸਿਰੇ ਨਹੀਂ ਚਾੜ੍ਹ ਸਕੇ ਤਾਂ ਦੋ ਕਾਰਨ ਹੋ ਸਕਦੇ ਹਨ। ਇੱਕ ਇਹ ਕਿ ਉਨ੍ਹਾਂ ਦੀ ਸਰਕਾਰ ਹੀ ਕਾਸੇ ਜੋਗੀ ਨਹੀਂ। ਦੂਜਾ ਇਹ ਕਿ ਜਾਣ-ਬੁੱਝ ਕੇ ਕੰਮ ਲਮਕਾਇਆ ਜਾ ਰਿਹਾ ਹੈ ਤਾਂ ਕਿ ਲੋਕਾਂ ਨੂੰ 'ਜਲਦੀ' ਕੰਮ ਸਿਰੇ ਚੜ੍ਹਾਉਣ ਦੀ ਗੱਲ ਕਹਿ ਕੇ ਨਾਲ ਡਰਾਇਆ ਜਾ ਸਕੇ ਕਿ ਕਾਂਗਰਸ ਆ ਕੇ ਕੰਮ ਰੋਕ ਦੇਵੇਗੀ। ਇਹ ਗੱਲ ਸਿੱਖਾਂ ਦੀਆਂ ਵੋਟਾਂ ਖਿੱਚਣ ਲਈ ਚੋਣ ਬਹਾਨੇ ਵਜੋਂ ਵੀ ਵਰਤੀ ਜਾ ਸਕਦੀ ਹੈ।

***ਅੱਜ ਦੇ ਹਾਲਾਤ ਕੀ ਹਨ? ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਹਿ ਦਿੱਤਾ ਹੈ ਕਿ ਪੰਜਾਬ ਵਿਚ ਵਿਕਾਸ ਦੇ ਕਾਰਜ ਠੱਪ ਪਏ ਹੋਏ ਹਨ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕਹਿ ਦਿੱਤਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਆਪਣੇ ਰਾਜ ਵੇਲੇ ਦੇ ਪੰਜ ਪ੍ਰਾਜੈਕਟ ਗਿਣਾ ਦੇਵੇ ਜਿਹੜੇ ਉਸ ਨੇ ਸਿਰੇ ਚਾੜ੍ਹੇ ਹਨ। ਅੱਗਿਓਂ ਕੈਪਟਨ ਅਮਰਿੰਦਰ ਸਿੰਘ ਨੇ ਕਹਿ ਦਿੱਤਾ ਹੈ ਕਿ ਪੰਜ ਨਹੀਂ, ਮੈਂ ਇਕਵੰਜਾ ਗਿਣਾ ਦੇਵਾਂਗਾ। ਦੋਵੇਂ ਜਣੇ ਗਿਣਾ ਸਕਦੇ ਹਨ, ਤੇ ਅੰਕੜੇ ਵੀ ਦੋਵਾਂ ਕੋਲ ਸਿੱਕੇਬੰਦ ਹੋਣਗੇ, ਪਰ ਪੰਜਾਬ ਦੇ ਲੋਕਾਂ ਨੂੰ ਦਿੱਸਦੇ ਨਹੀਂ।***



ਖਾਲਸਾ ਵਿਰਾਸਤੀ ਕੰਪਲੈਕਸ ਜੋ ਡੇਢ ਦਹਾਕੇ ਤੋਂ ਅਧੂਰਾ ਪਿਆ ਹੈ।


ਗੱਲ ਸਿਰਫ ਵਿਰਾਸਤੀ ਕੰਪਲੈਕਸ ਦੀ ਨਹੀਂ, ਇਹ ਤਾਂ ਇੱਕ ਮਾਮਲਾ ਹੈ, ਪਰ ਇੱਕੋ ਇੱਕ ਨਹੀਂ। ਕਈ ਹੋਰ ਪ੍ਰਾਜੈਕਟ ਵੀ ਫਸੇ ਪਏ ਹਨ ਜਿਹੜੇ ਸਾਲਾਂ ਬੱਧੀ ਸਿਰੇ ਨਹੀਂ ਲੱਗਦੇ। ਮਿਸਾਲ ਵਜੋਂ ਜਲੰਧਰ ਵਿਚ ਇੱਕ ਪੁਲ ਬਣਨਾ ਹੈ। ਇੰਦਰ ਕੁਮਾਰ ਗੁਜਰਾਲ ਪਹਿਲੇ ਪੰਜਾਬੀ ਪ੍ਰਧਾਨ ਮੰਤਰੀ ਬਣੇ ਸਨ। ਉਨ੍ਹਾਂ ਦਾ ਮਾਣ-ਤਾਣ ਵੀ ਬਹੁਤ ਜ਼ਿਆਦਾ ਕੀਤਾ ਗਿਆ ਸੀ। ਉਦੋਂ ਪ੍ਰਕਾਸ਼ ਸਿੰਘ ਬਾਦਲ ਨੂੰ ਪੰਜਾਬ ਦੇ ਤੀਜੀ ਵਾਰੀ ਮੁੱਖ ਮੰਤਰੀ ਬਣਿਆਂ ਹਾਲੇ ਤਿੰਨ ਮਹੀਨੇ ਹੋਏ ਸਨ ਅਤੇ ਦੋਵਾਂ ਦਾ ਨੇੜ ਵੀ ਬਹੁਤ ਸੀ। ਗੁਜਰਾਲ ਸਾਹਿਬ ਦੀ ਇੱਛਾ ਅਗਲੀ ਚੋਣ ਜਲੰਧਰ ਤੋਂ ਲੜਨ ਦੀ ਸੀ। ਇਸ ਲਈ ਉਹ ਜਲੰਧਰ ਵਿਚ ਵਿਕਾਸ ਦੇ ਕੁਝ ਕੰਮ ਕਰਨਾ ਚਾਹੁੰਦੇ ਸਨ। ਲੋਕਾਂ ਦੀ ਮੰਗ ਉੱਤੇ ਜਲੰਧਰ ਰੇਲਵੇ ਸਟੇਸ਼ਨ ਦੀ ਲਹਿੰਦੀ ਬਾਹੀ ਤੋਂ ਲਾਈਨਾਂ ਦੇ ਹੇਠੋਂ ਦੀ ਲੰਘਦੇ ਦੋਮੋਰੀਆ ਪੁਲ ਦੀ ਥਾਂ ਓਵਰਬ੍ਰਿਜ ਬਣਾਉਣ ਦਾ ਨੀਂਹ ਪੱਥਰ ਰੱਖਿਆ ਗਿਆ ਸੀ। ਉਦੋਂ ਵੀ ਇਸ ਨੂੰ 'ਜਲਦੀ' ਸਿਰੇ ਚਾੜ੍ਹਨ ਦਾ ਐਲਾਨ ਮੌਕੇ ਉੱਤੇ ਕਰ ਦਿੱਤਾ ਗਿਆ ਸੀ। 1997 ਵਿਚ ਰੱਖਿਆ ਉਹ ਨੀਂਹ ਪੱਥਰ ਅਜੇ ਤੱਕ 'ਜਲਦੀ' ਦੀ ਉਡੀਕ ਕਰ ਰਿਹਾ ਹੈ। ਦੋਵੇਂ ਪਾਸਿਆਂ ਤੋਂ ਪੁਲ ਬਣ ਕੇ ਹਵਾ ਵਿਚ ਲਟਕ ਰਿਹਾ ਹੈ। ਵਿਚਲੇ ਦੋ ਸਪੈਨ ਪੈਣ ਵਾਲੇ ਹਨ। ਚੌਦਾਂ ਸਾਲ ਲੰਘ ਗਏ, ਉਹੋ ਨਹੀਂ ਪਾਏ ਜਾ ਸਕੇ। ਅਕਾਲੀ-ਭਾਜਪਾ ਗਠਜੋੜ ਵਾਲੇ ਕਹਿੰਦੇ ਹਨ ਕਿ ਕੇਂਦਰ ਦੀ ਯੂ.ਪੀ.ਏ. ਸਰਕਾਰ ਕੁਝ ਨਹੀਂ ਕਰਦੀ, ਪਰ ਜਦੋਂ 1998 ਤੋਂ 2004 ਤੱਕ ਭਾਜਪਾ ਦੀ ਅਗਵਾਈ ਵਾਲੀ ਵਾਜਪਾਈ ਸਰਕਾਰ ਚੱਲਦੀ ਸੀ ਅਤੇ ਅਕਾਲੀ ਦਲ ਦੇ ਪੌਣੇ ਦੋ ਮੰਤਰੀ ਉਸ ਵਿਚ ਸ਼ਾਮਲ ਸਨ, ਉਨ੍ਹਾਂ ਛੇ ਸਾਲਾਂ ਵਿਚ ਵੀ ਕੁਝ ਨਹੀਂ ਸੀ ਹੋਇਆ। ਲੋਕਾਂ ਨੇ ਪਾਰਟੀਆਂ ਦੇ ਫੱਟੇ ਨਹੀਂ ਦੇਖਣੇ, ਕੰਮ ਹੁੰਦਾ ਦੇਖਣਾ ਹੈ ਅਤੇ ਉਹ ਹੁੰਦਾ ਅਜੇ ਨਜ਼ਰ ਨਹੀਂ ਆਉਂਦਾ।

ਪੰਜਾਬ ਦੇ ਜਿਹੜੇ ਅਖਬਾਰ ਨੂੰ ਪੰਜਾਬ ਦੀ ਮੌਜੂਦਾ ਸਰਕਾਰ ਦਾ ਸਭ ਤੋਂ ਵੱਡਾ ਸ਼ੁਭਚਿੰਤਕ ਗਿਣਿਆ ਜਾਂਦਾ ਹੈ, ਉਸ ਨੇ ਫੋਕਲ ਪੁਆਇੰਟਾਂ ਦੀ ਰਿਪੋਰਟ ਛਾਪੀ ਹੈ। ਐਮਰਜੈਂਸੀ ਮਗਰੋਂ ਅਕਾਲੀ ਦਲ ਅਤੇ ਜਨਤਾ ਪਾਰਟੀ ਦੀ ਸਾਂਝੀ ਸਰਕਾਰ ਨੇ ਇਹ ਸਕੀਮ ਸ਼ੁਰੂ ਕੀਤੀ ਸੀ ਕਿ ਪਿੰਡਾਂ ਦੇ ਲੋਕਾਂ ਨੂੰ ਸਾਰੀਆਂ ਸਹੂਲਤਾਂ ਨੇੜੇ ਦੇਣ ਲਈ ਹਰ ਦਸ-ਬਾਰਾਂ ਪਿੰਡਾਂ ਵਿਚਾਲੇ ਇੱਕ ਪਿੰਡ ਚੁਣ ਕੇ ਉਥੇ ਫੋਕਲ ਪੁਆਇੰਟ ਬਣਾ ਦਿੱਤਾ ਜਾਵੇਗਾ। ਦਾਣਾ ਮੰਡੀ ਵੀ ਉਥੇ ਹੋਵੇਗੀ, ਬੈਂਕ ਦੀ ਬਰਾਂਚ ਵੀ ਅਤੇ ਖੇਤੀ ਵਗੈਰਾ ਨਾਲ ਸਬੰਧਤ ਸਰਕਾਰੀ ਵਿਭਾਗਾਂ ਦੇ ਦਫਤਰ ਵੀ ਉਥੇ ਚੱਲਣਗੇ ਜਿਸ ਕਰ ਕੇ ਉਥੇ ਬਜ਼ਾਰ ਆਦਿ ਵੀ ਵਿਕਸਤ ਹੋਣਗੇ, ਤੇ ਕਿਸਾਨੀ ਤੋਂ ਬਿਨਾਂ ਹੋਰ ਲੋਕਾਂ ਨੂੰ ਵੀ ਸਹੂਲਤ ਰਹੇਗੀ। ਜਿਹੜੀ ਸਰਕਾਰ ਨੇ ਉਹ ਫੋਕਲ ਪੁਆਇੰਟ ਸ਼ੁਰੂ ਕੀਤੇ ਸਨ, ਅੱਜ ਚੌਤੀ ਸਾਲ ਬਾਅਦ ਰਾਜ ਫਿਰ ਉਸੇ ਦਾ ਹੀ ਹੈ, ਪਰ ਰਿਪੋਰਟ ਆਖਦੀ ਹੈ ਕਿ ਫੋਕਲ ਪੁਆਇੰਟ ਹੁਣ ਅਮਲ ਵਿਚ ਫੋਕੇ ਪੁਆਇੰਟ ਬਣ ਕੇ ਰਹਿ ਗਏ ਹਨ। ਇਸ ਰਿਪੋਰਟ ਦੇ ਵੇਰਵੇ ਪੜ੍ਹ ਕੇ ਪਤਾ ਲੱਗਦਾ ਹੈ ਕਿ ਗੁਰਦਾਸਪੁਰ ਜ਼ਿਲੇ ਵਿਚ ਇੱਕ-ਦੋ ਨੂੰ ਛੱਡ ਕੇ ਲਗਭਗ ਸਾਰੇ ਹੀ ਫੋਕਲ ਪੁਆਇੰਟ ਬੰਦ ਪਏ ਹਨ। ਜਿਹੜੇ ਕੁਝ ਚੱਲਦੇ ਹਨ, ਪਿੰਡਾਂ ਦੀਆਂ ਪੰਚਾਇਤਾਂ ਦੀ ਹਿੰਮਤ ਨਾਲ ਚੱਲਦੇ ਹਨ, ਤੇ ਇਨ੍ਹਾਂ ਫੋਕਲ ਪੁਆਇੰਟਾਂ ਨੂੰ ਪੰਚਾਇਤੀ ਜ਼ਮੀਨਾਂ ਦੇਣ ਨਾਲ ਪੰਚਾਇਤਾਂ ਦੇ ਆਪਣੇ ਕੰਮ ਰੁਕਣ ਲੱਗ ਪਏ ਹਨ। ਗੁਰਦਾਸਪੁਰ ਦਾ ਜੋ ਹਾਲ ਹੈ, ਬਾਕੀ ਪੰਜਾਬ ਦਾ ਵੀ ਲਗਭਗ ਓਹੋ ਜਿਹਾ ਹੀ ਸੁਣਿਆ ਜਾਂਦਾ ਹੈ।


ਕੋਈ ਦੋ ਕੁ ਸਾਲ ਪਹਿਲਾਂ ਇੱਕ ਅਖਬਾਰ ਨੇ ਉਹ ਨੀਂਹ ਪੱਥਰ ਲੱਭਣ ਦੀ ਉਚੇਚੀ ਮੁਹਿੰਮ ਚਲਾਈ ਸੀ ਜਿਹੜੇ ਕਈ ਸਾਲਾਂ ਤੋਂ ਲੱਗੇ ਹੋਏ ਹਨ, ਤੇ ਜਿਨ੍ਹਾਂ ਉੱਤੇ ਕਦੇ ਕੰਮ ਹੀ ਸ਼ੁਰੂ ਨਹੀਂ ਹੋ ਸਕਿਆ। ਉਸ ਮੁਹਿੰਮ ਦੌਰਾਨ ਕਈ ਨੀਂਹ ਪੱਥਰ ਪੰਝੀ ਜਾਂ ਤੀਹ ਸਾਲ ਪੁਰਾਣੇ ਵੀ ਲੱਭ ਗਏ ਸਨ ਅਤੇ ਕਈ ਥਾਵਾਂ ਤੋਂ ਇਹ ਰਿਪੋਰਟ ਆਈ ਸੀ ਕਿ ਕੰਮ ਵੀ ਹੋ ਗਿਆ, ਪਰ ਉਹ ਚਾਲੂ ਨਹੀਂ ਹੋ ਸਕੇ, ਕਿਉਂਕਿ ਜਿਨ੍ਹਾਂ ਲੋਕਾਂ ਦੀ ਲੋੜ ਲਈ ਬਣਾਏ ਸਨ, ਉਨ੍ਹਾਂ ਤੋਂ ਇੰਨੀ ਦੂਰ ਬਣੇ ਸਨ ਕਿ ਕੋਈ ਉਥੇ ਜਾਣਾ ਨਹੀਂ ਸੀ ਚਾਹੁੰਦਾ। ਨਤੀਜਾ ਇਹ ਹੈ ਕਿ ਪੰਜਾਬ ਦੇ ਲੋਕਾਂ ਦੀ ਟੈਕਸਾਂ ਦੀ ਕਮਾਈ ਫੂਕ ਕੇ ਪੰਛੀਆਂ ਦੇ ਆਲ੍ਹਣੇ ਪਾਉਣ ਲਈ ਇਮਾਰਤ ਬਣਾ ਦਿੱਤੀ ਗਈ, ਪਰ ਕੁਰਸੀ ਡਾਹ ਕੇ ਬੈਠਣ ਵਾਲਾ ਉਥੇ ਕਦੇ ਕੋਈ ਗਿਆ ਹੀ ਨਹੀਂ। ਜਲੰਧਰ ਵਿਚ ਪਾਣੀ ਦੀ ਇੱਕ ਟੈਂਕੀ ਬਣੀ ਹੋਈ ਹੈ ਜਿਹੜੀ ਚਾਲੀ ਕੁ ਸਾਲ ਪਹਿਲਾਂ ਬਣਾਈ ਗਈ ਸੀ ਪਰ ਜਦੋਂ ਉਦਘਾਟਨ ਤੋਂ ਪਹਿਲਾਂ ਉਸ ਨੂੰ ਪਾਣੀ ਭਰ ਕੇ ਚੈੱਕ ਕਰਨ ਲੱਗੇ ਤਾਂ ਸਾਰੇ ਦਾ ਸਾਰਾ ਵਗ ਗਿਆ। ਉਸ ਪਿੱਛੋਂ ਦਸ ਸਰਕਾਰਾਂ ਚੁਣੀਆਂ ਹੋਈਆਂ ਗੁਜ਼ਰ ਗਈਆਂ (ਪੰਜਾਬੀ ਵਿਚ 'ਗੁਜ਼ਰ ਜਾਣ' ਦਾ ਵੀ ਇੱਕ ਅਰਥ ਹੁੰਦਾ ਹੈ) ਪਰ ਟੈਂਕੀ ਉਂਝ ਹੀ ਧੌਣ ਅਕੜਾ ਕੇ ਖੜ੍ਹੀ ਹੈ। ਨਾ ਕਦੇ ਵਰਤੀ ਗਈ ਹੈ, ਨਾ ਫਿਰ ਢਾਹੀ ਗਈ ਹੈ।

ਜਿਹੜੇ ਹਾਲਾਤ ਵਿਚੋਂ ਅਸੀਂ ਲੰਘ ਰਹੇ ਹਾਂ, ਉਸ ਵਿਚ ਸਿਰਫ ਇਸੇ ਗੱਲ ਦਾ ਮਾਣ ਕਰ ਸਕਦੇ ਹਾਂ ਕਿ ਸਾਡੇ ਕੋਲ ਲੋਕ ਰਾਜ ਹੈ, ਪਰ ਉਸ ਲੋਕ ਰਾਜ ਦੇ ਲਾਭ ਗਿਣਾਉਣ ਲਈ ਪੋਟੇ ਤਾਂ ਕੀ, ਉਂਗਲਾਂ ਹੀ ਵਾਧੂ ਹਨ। ਕਿਸੇ ਲਈ 'ਬੇਲੋੜਾ ਬੋਝ' ਵਰਗੇ ਸ਼ਬਦ ਵਰਤਣੇ ਹੋਣ ਤਾਂ ਰਾਜਨੀਤੀ ਵਿਚ ਉਸ ਨੂੰ 'ਚਿੱਟਾ ਹਾਥੀ' ਕਹਿੰਦੇ ਹਨ। 'ਚਿੱਟਾ ਹਾਥੀ' ਕਦੇ ਕਿਸੇ ਕੰਮ ਨਹੀਂ ਆਉਂਦਾ, ਉਸ ਨੂੰ ਸਿਰਫ ਚਿੱਟਾ ਲਿਸ਼ਕਦਾ ਰੱਖਣ ਲਈ ਲਿਸ਼ਕਾਉਣ ਦਾ ਖਰਚਾ ਭਰਨਾ ਪੈਂਦਾ ਹੈ। ਸਾਡੇ ਪੱਲੇ ਵੀ ਇਹੋ ਰੋਣਾ ਪਿਆ ਹੈ। ਸੁਰਜੀਤ ਸਿੰਘ ਬਰਨਾਲਾ ਦੀ ਸਰਕਾਰ ਦੇ ਵੱਡੇ-ਛੋਟੇ ਮਿਲਾ ਕੇ ਉਨਤਾਲੀ ਮੰਤਰੀ ਜਾਂ ਮੰਤਰੀਆਂ ਵਰਗੇ ਸਨ। ਹਰਚਰਨ ਸਿੰਘ ਬਰਾੜ ਦਾ ਜਦੋਂ ਬੀਬੀ ਰਾਜਿੰਦਰ ਕੌਰ ਭੱਠਲ ਨਾਲ ਆਢਾ ਲੱਗਾ ਤਾਂ ਜਣੇ-ਖਣੇ ਨੂੰ ਚੋਗਾ ਪਾਉਣ ਦੇ ਚੱਕਰ ਵਿਚ ਬਤਾਲੀ ਜਣੇ ਝੰਡੀ ਵਾਲੇ ਹੋ ਗਏ। ਹੁਣ ਦੀ ਸਰਕਾਰ ਨੇ ਮੰਤਰੀਆਂ ਅਤੇ ਚੀਫ ਪਾਰਲੀਮੈਂਟਰੀ ਸੈਕਟਰੀਆਂ ਦੀ ਗਿਣਤੀ ਮਾਲ ਗੱਡੀ ਦੇ ਡੱਬਿਆਂ ਜਿੰਨੀ ਕਰ ਲਈ ਹੈ, ਤੇ ਜਿਨ੍ਹਾਂ ਨੂੰ ਮੰਤਰੀ ਦਾ ਰੁਤਬਾ ਉਂਝ ਹੀ ਦਿੱਤਾ ਗਿਆ ਹੈ, ਜੇ ਉਹ ਵੀ ਜੋੜ ਲਏ ਜਾਣ ਤਾਂ ਰਿਕਾਰਡ ਟੁੱਟ ਜਾਣ ਦੀ ਆਸ ਹੈ। ਹਾਲੇ ਇਸ ਸਰਕਾਰ ਦੇ ਅੱਠ ਮਹੀਨੇ ਰਹਿੰਦੇ ਹਨ, ਇਸ ਸਮੇਂ ਦੌਰਾਨ ਕੁਝ ਹੋਰਨਾਂ ਦੀ ਲਾਲਸਾ ਨੂੰ ਵੀ ਪੱਠੇ ਪਾਉਣੇ ਪੈ ਸਕਦੇ ਹਨ।


ਕਾਂਗਰਸ ਪਾਰਟੀ ਵਾਲੇ ਕਹਿੰਦੇ ਹਨ ਕਿ ਇਸ ਸਰਕਾਰ ਦਾ ਇਹ ਵਿਹਾਰ ਗਲਤ ਹੈ, ਜਦੋਂ ਉਨ੍ਹਾਂ ਦੀ ਸਰਕਾਰ ਬਣੀ ਤਾਂ ਖਜ਼ਾਨੇ ਦੀ ਲੁੱਟ ਇੰਜ ਨਹੀਂ ਹੋਣ ਦੇਵੇਗੀ। ਇਸ ਦਾਅਵੇ ਉੱਤੇ ਯਕੀਨ ਕਰਨਾ ਮੁਸ਼ਕਲ ਹੈ। ਹੁਣ ਤੱਕ ਜਿਸ ਦੇ ਹੱਥ ਵੀ ਪੰਜਾਬ ਦੀ ਵਾਗ ਆਈ ਹੈ, ਉਸ ਨੇ ਪਹਿਲੀ ਪ੍ਰਾਪਤੀ ਇਹੋ ਕੀਤੀ ਹੈ ਕਿ ਆਪਣਿਆਂ ਨੂੰ ਸ਼ੀਰਨੀ ਵੰਡਣ ਵਿਚ ਹੱਥ ਇੰਨਾ ਖੁੱਲ੍ਹਾ ਰੱਖਿਆ ਕਿ ਪਿਛਲਿਆਂ ਦੇ ਰਿਕਾਰਡ ਤੋੜੇ ਹਨ। ਜਿਹੜੇ ਇੰਨਾ ਸਮਾਂ ਰਾਜ ਦਰਬਾਰ ਤੋਂ ਦੂਰ ਰਹਿ ਕੇ ਪੱਲਿਓਂ ਖਰਚਾ ਕਰਦੇ ਰਹੇ ਹਨ, ਉਨ੍ਹਾਂ ਨੂੰ ਜੇ ਅਤੇ ਜਦੋਂ ਮੌਕਾ ਮਿਲਿਆ, ਮੋਛੇ ਪਾਉਣ ਦਾ ਕੰਮ ਦਿਨ-ਰਾਤ ਇਹ ਸੋਚ ਕੇ ਕਰਨਗੇ ਕਿ ਸਮਾਂ ਪੰਜਾਂ ਸਾਲਾਂ ਤੱਕ ਸੀਮਤ ਹੈ, 'ਓਵਰ ਟਾਈਮ' ਲਾਉਣ ਦਾ ਮੌਕਾ ਨਹੀਂ ਮਿਲਣਾ। ਜੇ ਲੋਕ ਰਾਜ ਦੇ ਅਰਥ ਇਹੋ ਰਹਿ ਗਏ ਹਨ ਤਾਂ 'ਭੱਠ ਪਵੇ ਸੋਨਾ, ਜਿਹੜਾ ਕੰਨਾਂ ਨੂੰ ਖਾਵੇ'।



ਪ੍ਰਕਾਸ਼ ਸਿੰਘ ਬਾਦਲ



ਅਮਰਿੰਦਰ ਸਿੰਘ



ਰਾਜਿੰਦਰ ਕੌਰ ਭੱਠਲ

***ਪੰਜਾਬ ਦੀ ਅਗਲੀ ਵਿਧਾਨ ਸਭਾ ਚੁਣਨ ਲਈ ਸਿਰਫ ਅੱਠ ਮਹੀਨੇ ਬਾਕੀ ਰਹਿ ਗਏ ਹਨ। ਵਿਰੋਧੀ ਧਿਰ ਆਖਦੀ ਹੈ, ਤੇ ਠੀਕ ਆਖਦੀ ਹੈ ਕਿ ਪੰਜਾਬ ਵਿਚ ਵਿਕਾਸ ਠੱਪ ਪਿਆ ਹੈ। ਹਾਕਮ ਧਿਰ ਆਖਦੀ ਹੈ, ਤੇ ਹੁਣ ਵਾਲੀ ਹਾਕਮ ਧਿਰ ਹੀ ਨਹੀਂ, ਹਮੇਸ਼ਾਂ ਵਾਲੀ ਹਾਕਮ ਧਿਰ ਆਖਦੀ ਰਹੀ ਹੈ ਕਿ ਵਿਕਾਸ ਦੇ ਪੱਖੋਂ ਪੰਜਾਬ ਤਰੱਕੀ ਦੇ ਮਾਰਗ ਉੱਤੇ ਸ਼ਾਨ ਨਾਲ ਤੁਰ ਰਿਹਾ ਹੈ।***

# Golden State Realty

**Real Estate and Loans Under One Roof**

ਪਿਛਲੇ 24 ਸਾਲਾਂ ਤੋਂ ਬਿਜਨਸ ਵਿਚ ਦਿਤੇ ਭਰਪੂਰ ਸਹਿਯੋਗ ਲਈ ਸਮੁਚੇ ਭਾਈਚਾਰੇ ਦਾ ਬਹੁਤ ਬਹੁਤ ਧੰਨਵਾਦ

## Refinance Now

15 & 30 Yr Fixed Rates Are Still Better!!!
5/1, 7/1 ARM are also attractive
Refinance Now At Zero Cost

**Call Sukhi Gill @ 510-207-9067**

CA DRE Lic.#01180969, NMLS# 352095

## Short Sale Specialist

### We can sell your house in short sale at no cost to you.

If your house is in foreclosure due to not making payments and you have received trustee sale date, even than we can sell your house in short sale. Selling house in short sale damages your credit less than if you let it go to foreclosure. We can also sell your house in short sale even if you are making mortgage payments on time with difficulty and your house value is a lot less than the loan.

### Hot Listing




34782 Klondike Court
Union City, CA 94587
4 Bedrooms, 3 Baths,
2 Car Garage
Area 1320 Sq. Ft.
Lot 3526 Sq. Ft.
Offered at $499,000




2465 Becket Dr.
Union City, CA 94587
3 Bedrooms, 2 Baths,
2 Car Garage
Area 1320 Sq. Ft.
Lot 6000 Sq. Ft.
Offered at $339,000




3832 Springfield Comm
Fremont, CA 94555
5 Bedrooms, 3 Baths,
2 Car Garage
Area 2003 Sq. Ft.
Lot 3780 Sq. Ft.
Offered at $649,000



1437 Blush Street
Manteca, CA 95336
5 Bedrooms, 4 Baths,
2 Car Garage
Area 2649 Sq. Ft
Lot 5663 Sq Ft
Offered at $199,000



1307 Scossa Ave. #4,
San Jose, CA 95118
2 Bedrooms, 1 Baths,
1 Car Garage
Area 798 Sq. Ft
Lot 6969 Sq Ft
Offered at $139,000

Selling new and old Homes from San Jose to Sacramento

Fremont Office:
86 Pilgrim Loop
Fremont CA 94539
Tel:510-440-9292, Fax:510-656-8941

Cell: 510-304-9292
Cell:408-666-8279



**Jaswinder Gill** M.Sc (PAU)
CA DRE# 00966763
Broker/Owner/Notary

*2004 to 2006 Award Winner
Top 1% Listing Realtor in Bay Area

Sacramento Office:
8695 Territorial Way,
Elk Grove CA 95624
Tel:916-612-5773, Fax:916-393-2586

E-mail: jassi@jassigill.com or
Visit us @ www.jassigill.com
for hot listings








# ਲੁਧਿਆਣਾ 'ਚ ਗੋਲਡਜ਼ ਜਿਮ ਦਾ ਉਦਘਾਟਨ 26 ਨੂੰ

**ਜਲੰਧਰ (ਬਿਊਰੋ):** ਵਿਸਵ ਪ੍ਰਸਿੱਧ ਗੋਲਡਜ਼ ਜਿਮ ਵਲੋਂ ਜਲੰਧਰ ਅਤੇ ਮੋਹਾਲੀ ਵਿਚ ਜਿਮ ਖੋਲੇ ਜਾਣ ਤੋਂ ਬਾਅਦ ਹੁਣ ਤੀਸਰਾ ਗੋਲਡਜ਼ ਜਿਮ ਲੁਧਿਆਣਾ ਵਿਚ ਖੋਲਿਆ ਜਾ ਰਿਹਾ ਹੈ ਜਿਸ ਦਾ ਉਦਘਾਟਨ 26 ਜੂਨ ਨੂੰ ਵਿਧਾਇਕ ਸੁਖਪਾਲ ਸਿੰਘ ਖਹਿਰਾ ਕਰਨਗੇ।

ਇਹ ਜਾਣਕਾਰੀ ਇਥੇ ਇਕ ਪੱਤਰਕਾਰ ਸੰਮੇਲਨ ਵਿਚ ਦਿੰਦਿਆਂ ਗੋਲਡਜ ਜਿਮ ਦੇ ਮਾਲਕ ਅਮਰੀਕਾ ਦੇ ਉਘੇ ਟਰਾਂਸਪੋਰਟਰ ਅਤੇ ਕਬੱਡੀ ਪ੍ਰਮੋਟਰ ਸ੍ਰੀ ਅਮੋਲਕ ਸਿੰਘ ਗਾਖਲ ਨੇ ਦੱਸਿਆ ਕਿ ਲੁਧਿਆਣਾ ਵਿਚ ਜੀਮਵਾਲ, ਜਵੱਦੀ ਪੁਲ ਨੇੜੇ ਖੋਲੇ ਜਾ ਰਹੇ ਇਸ ਜਿਮ ਵਿਚ ਕਸਰਤ ਕਰਨ ਲਈ ਹਰ ਪ੍ਰਕਾਰ ਦੀਆਂ ਅਤਿ ਆਧੁਨਿਕ



*ਗੋਲਡਜ਼ ਜਿਮ ਬਾਰੇ ਜਾਣਕਾਰੀ ਦਿੰਦੇ ਹੋਏ ਵਿਧਾਇਕ ਸੁਖਪਾਲ ਸਿੰਘ ਖਹਿਰਾ, ਅਮੋਲਕ ਸਿੰਘ ਗਾਖਲ ਤੇ ਮਨਵਿੰਦਰ ਸਿੰਘ ਬੱਲ*

ਸਹੂਲਤਾਂ ਦਿੱਤੀਆਂ ਜਾਣਗੀਆਂ ਅਤੇ ਇਸ ਦੇ ਸਾਰੇ ਉਪਕਰਣ ਵਿਦੇਸ਼ਾਂ ਤੋਂ ਮੰਗਵਾਏ ਗਏ ਹਨ। ਉਨ੍ਹਾਂ ਦੱਸਿਆ ਕਿ ਹੁਣ ਤਕ 200 ਦੇ ਕਰੀਬ ਲੋਕਾਂ ਨੂੰ ਇਨ੍ਹਾਂ ਜਿਮਾਂ ਵਿਚ ਰੋਜਗਾਰ ਮਿਲ ਚੁਕਾ ਹੈ। ਇਸ ਮੌਕੇ ਮਨਵਿੰਦਰ ਸਿੰਘ ਬੱਲ ਨੇ ਦੱਸਿਆ ਕਿ ਪਹਿਲਾਂ ਬਣਨ ਵਾਲੇ ਮੈਂਬਰਾਂ ਵਿਚੋਂ ਲੱਕੀ ਡਰਾਅ ਰਾਹੀਂ ਕਾਰ ਦਾ ਇਨਾਮ ਕੱਢਿਆ ਜਾਵੇਗਾ।

ਇਸ ਮੌਕੇ ਹਾਜ਼ਰ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਦੱਸਿਆ ਕਿ ਸ੍ਰੀ ਅਮੋਲਕ ਸਿੰਘ ਗਾਖਲ ਅਮਰੀਕਾ ਵਿਚ ਟਰਾਂਸਪੋਰਟ ਦਾ ਕਾਰੋਬਾਰ ਕਰਨ ਦੇ ਨਾਲ ਨਾਲ ਕਬੱਡੀ ਨੂੰ ਉਤਸ਼ਾਹਿਤ ਕਰਨ ਲਈ ਵੀ ਵਿਸ਼ੇਸ਼ ਉਪਰਾਲੇ ਕਰਦੇ ਹਨ। ਉਨ੍ਹਾਂ ਦੀ ਅਗਵਾਈ ਹੇਠ ਯੂਨਾਈਟਿਡ ਸਪੋਰਟਸ ਕਲੱਬ, ਕੈਲੀਫੋਰਨੀਆ ਵਲੋਂ ਹਰ ਸਾਲ ਕਬੱਡੀ ਮੁਕਾਬਲੇ ਕਰਵਾਏ ਜਾਂਦੇ ਹਨ। ਹੁਣ ਉਹ ਪੰਜਾਬ ਦੇ ਨੌਜਵਾਨਾਂ ਨੂੰ ਤੰਦਰੁਸਤ ਰੱਖਣ ਲਈ ਇਹ ਉਪਰਾਲਾ ਕਰ ਰਹੇ ਹਨ ਅਤੇ ਉਨ੍ਹਾਂ ਦੇ ਇਸ ਉਦਮ ਦਾ ਸਵਾਗਤ ਕਰਨਾ ਬਣਦਾ ਹੈ। ਸ੍ਰੀ ਖਹਿਰਾ ਨੇ ਆਖਿਆ ਕਿ ਇਹ ਇਕ ਵਧੀਆ ਉਦਮ ਹੈ ਅਤੇ ਇਸ ਨਾਲ ਨੌਜਵਾਨਾਂ ਨੂੰ ਕਸਰਤ ਲਈ ਆਧੁਨਿਕ ਸਹੂਲਤਾਂ ਮਿਲਣਗੀਆਂ।

# ਕੈਨੇਡਾ 'ਚ ਭਾਰਤੀ ਨੌਜਵਾਨ ਦੀ ਹੱਤਿਆ


**ਟਰਾਂਟੋ:** ਕੈਨੇਡਾ 'ਚ ਕੁਝ ਨੌਜਵਾਨਾਂ ਨੇ ਭਾਰਤੀ ਮੁੰਡੇ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ। ਇਹ ਘਟਨਾ ਮਿਸੀਸਾਗਾ ਦੇ ਇਕ ਪੰਜਾਬੀ ਰੇਸਤਰਾਂ ਦੇ ਬਾਹਰਵਾਰ ਮਾਮੂਲੀ ਬਹਿਸ ਮਗਰੋਂ ਵਾਪਰੀ। ਪੁਲੀਸ ਇਸ ਲੜਾਈ ਵਿਚ ਸ਼ਾਮਲ ਸਮਝੇ ਜਾਂਦੇ ਪੰਜ-ਛੇ ਮੁੰਡਿਆਂ ਨੂੰ ਲੱਭ ਰਹੀ ਹੈ। 19 ਸਾਲਾਂ ਦੇ ਨਿਤਿਸ਼ ਖੰਨਾ ਘਟਨਾ ਵਾਲੀ ਜਗ੍ਹਾ 'ਤੇ ਹੀ ਦਮ ਤੋੜ ਗਿਆ। ਪੁਲੀਸ ਨੂੰ ਘਟਨਾ ਵਾਲੀ ਥਾਂ ਤੋਂ ਦੋ ਗੌਲਫ ਹਾਕੀਆਂ ਮਿਲੀਆਂ ਹਨ ਜਿਨ੍ਹਾਂ ਵਿਚੋਂ ਇਕ ਲੋਹੇ ਦੀ ਤੇ ਦੂਜੀ ਲੱਕੜ ਦੀ ਹੈ।

ਰੇਸਤਰਾਂ 'ਟੇਸਟੀ ਬਾਈਟ' ਦੇ ਮਾਲਕ ਟੌਮੀ ਵਾਲੀਆ ਮੁਤਾਬਕ ਰਾਤ ਨੂੰ ਦਰਜਨ ਕੁ ਮੁੰਡੇ ਰੋਟੀ ਖਾਣ ਆਏ ਜੋ ਦੋ ਮੇਜ਼ਾਂ 'ਤੇ ਨੇੜੇ-ਨੇੜੇ ਬੈਠੇ ਸਨ। ਲੜਾਈ ਦੇ ਮੁੱਢ ਦਾ ਇਕ ਕਾਰਨ ਨਸ਼ਾ ਵੀ ਹੋ ਸਕਦਾ ਹੈ ਪਰ ਵਾਲੀਆ ਮੁਤਾਬਕ ਉਨ੍ਹਾਂ ਮੁੰਡਿਆਂ ਨੇ ਰੇਸਤਰਾਂ ਵਿਚ ਬਹੁਤੀ ਸ਼ਰਾਬ ਨਹੀਂ ਸੀ ਪੀਤੀ ਤੇ ਮਾਮੂਲੀ ਤਕਰਾਰ ਬਾਅਦ ਬਿੱਲ ਦੇ ਕੇ ਅੱਗੜ-ਪਿਛੜ ਬਾਹਰ ਚਲੇ ਗਏ। ਕਰਿੰਦੇ ਅਜੇ ਸਾਂਭ-ਸੰਭਾਲ ਕਰਕੇ ਜਾਣ ਹੀ ਲੱਗੇ ਸਨ ਕਿ ਇਕ ਮੁੰਡਾ ਲਹੂ-ਲੁਹਾਣ ਹੋਇਆ ਅੰਦਰ ਆਇਆ ਤੇ ਬੇਹੋਸ਼ ਹੋ ਕੇ ਡਿੱਗ ਗਿਆ। ਕਾਰਿੰਦਿਆਂ ਮੁਤਾਬਕ ਬਾਹਰ ਪਾਰਕਿੰਗ ਵਿਚ ਕੋਈ ਵੀ ਨਹੀਂ ਸੀ। ਲੱਗਦਾ ਸੀ ਸਾਰੇ ਮੌਕੇ ਤੋਂ ਭੱਜ ਗਏ ਸਨ।




# ਸਕੂਲੀ ਕੁੜੀਆਂ ਦੇ ਸਾਈਕਲਾਂ 'ਤੇ ਲੱਗੇਗੀ ਬਾਦਲ ਦੀ ਫੋਟੋ!

**ਚੰਡੀਗੜ੍ਹ:** ਚੋਣਾਂ ਨੇੜੇ ਹੋਣ ਕਾਰਨ ਪੰਜਾਬ ਸਰਕਾਰ ਸਮਾਜ ਭਲਾਈ ਤੇ ਵਿਕਾਸ ਲਈ ਖਰਚੀ ਇਕ-ਇਕ ਪਾਈ ਨੂੰ ਵੋਟਾਂ ਦੇ ਰੂਪ 'ਚ ਵਟਾਉਣ ਦਾ ਯਤਨ ਕਰ ਰਹੀ ਹੈ। ਭਾਵੇਂ ਪਹਿਲਾਂ ਵੀ ਸਰਕਾਰ ਵੱਲੋਂ ਅਜਿਹਾ ਕੁਝ ਕੀਤਾ ਜਾਂਦਾ ਰਿਹਾ ਹੈ ਪਰ ਇਸ ਵਾਰ ਤਾਂ ਸਕੂਲੀ ਕੁੜੀਆਂ ਲਈ ਸਾਈਕਲ ਖਰੀਦ ਕੇ ਉਸ 'ਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਫੋਟੋ ਲਾਈ ਜਾਵੇਗੀ।



ਪੰਜਾਬ ਸਰਕਾਰ ਨੇ ਨਾਲੇ ਪੁੰਨ ਨਾਲੇ ਫਲੀਆਂ ਖੱਟਦਿਆਂ ਸਰਕਾਰੀ ਸਕੂਲਾਂ ਦੀਆਂ ਗਿਆਰ੍ਹਵੀਂ ਤੇ ਬਾਰ੍ਹਵੀਂ ਵਿਚ ਪੜ੍ਹਦੀਆਂ ਇਕ ਲੱਖ 48 ਹਜ਼ਾਰ ਲੜਕੀਆਂ ਨੂੰ ਮੁਫ਼ਤ ਸਾਈਕਲ ਦੇਣ ਦਾ ਫੈਸਲਾ ਲਿਆ ਹੈ ਜਿਨ੍ਹਾਂ 'ਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਫੋਟੋ ਲਾਈ ਜਾਵੇਗੀ। ਇਨ੍ਹਾਂ ਸਾਈਕਲਾਂ ਉਤੇ ਸਮਾਜਿਕ ਸੁਰੱਖਿਆ ਤੇ ਬਾਲ ਭਲਾਈ ਵਿਭਾਗ ਦੇ ਮੰਤਰੀ ਦੀ ਵੀ ਫੋਟੋ ਲਾਈ ਜਾ ਰਹੀ ਹੈ ਕਿਉਂਕਿ ਸਾਈਕਲ ਖਰੀਦਣ ਵਾਸਤੇ ਇਸੇ ਵਿਭਾਗ ਵੱਲੋਂ 75 ਕਰੋੜ ਰੁਪਏ ਦਿੱਤੇ ਗਏ ਹਨ। ਉਂਜ ਇਹ ਵੀ ਚਰਚਾ ਹੈ ਕਿ ਇਨ੍ਹਾਂ ਸਾਈਕਲਾਂ ਉਤੇ ਸਿਰਫ਼ 30 ਕਰੋੜ ਰੁਪਏ ਖਰਚ ਹੋ ਰਹੇ ਹਨ ਜਦੋਂਕਿ 45 ਕਰੋੜ ਬਚ ਜਾਣਗੇ। ਇਸ ਰਕਮ ਨਾਲ ਨੌਵੀਂ ਤੇ ਦਸਵੀਂ ਦੀਆਂ ਬੱਚੀਆਂ ਨੂੰ ਸਾਈਕਲ ਦੇਣ ਬਾਰੇ ਸੋਚਿਆ ਜਾ ਰਿਹਾ ਹੈ।

ਗਿਆਰ੍ਹਵੀਂ ਕਲਾਸ ਵਿਚ 70 ਹਜ਼ਾਰ ਤੇ ਬਾਰ੍ਹਵੀਂ ਕਲਾਸ ਵਿਚ 78 ਹਜ਼ਾਰ ਦੇ ਕਰੀਬ ਲੜਕੀਆਂ ਹਨ। ਸਰਕਾਰ ਵੱਲੋਂ ਟੈਂਡਰ ਮੰਗ ਕੇ ਬਹੁਰੰਗੇ ਸਾਈਕਲਾਂ ਦੀ ਚੋਣ ਕਰ ਲਈ ਗਈ ਹੈ। ਇਕ ਸਾਈਕਲ ਢਾਈ ਹਜ਼ਾਰ ਦੇ ਕਰੀਬ ਪਏਗੀ। ਇਨ੍ਹਾਂ ਸਾਈਕਲਾਂ ਵਾਸਤੇ ਪੈਸੇ ਦਾ ਪ੍ਰਬੰਧ ਮੌਜੂਦਾ ਵਿੱਤੀ ਬਜਟ ਵਿਚ ਹੀ ਕਰ ਲਿਆ ਗਿਆ ਸੀ। ਇਸ ਤੋਂ ਪਹਿਲਾਂ ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ ਵੱਲੋਂ ਛੇਵੀਂ ਤੋਂ ਅਠਵੀਂ ਕਲਾਸ ਦੀਆਂ ਲੜਕੀਆਂ ਨੂੰ ਮੁਫ਼ਤ ਸਾਈਕਲ ਦੇਣ ਦਾ ਐਲਾਨ ਕੀਤਾ ਗਿਆ ਸੀ। ਇਹ ਵੱਖਰੀ ਗੱਲ ਹੈ ਕਿ ਕੇਂਦਰ ਸਰਕਾਰ ਵੱਲੋਂ ਅਜੇ ਤਾਈਂ ਪੈਸੇ ਨਾ ਮਿਲਣ ਕਰਕੇ ਲੜਕੀਆਂ ਨੂੰ ਮੁਫ਼ਤ ਸਾਈਕਲਾਂ ਦੀ ਅੱਧਾ ਸ਼ੈਸਨ ਬੀਤ ਜਾਣ ਤੱਕ ਵੀ ਉਡੀਕ ਕਰਨੀ ਪੈ ਰਹੀ ਹੈ। ਗੌਰਤਲਬ ਹੈ ਕਿ ਹਰਿਆਣਾ ਤੇ ਬਿਹਾਰ ਸਰਕਾਰ ਵੱਲੋਂ ਵੀ ਬੱਚੀਆਂ ਨੂੰ ਮੁਫ਼ਤ ਸਾਈਕਲ ਦਿੱਤੇ ਗਏ ਸਨ ਪਰ ਇਨ੍ਹਾਂ ਦੋਵਾਂ ਰਾਜਾਂ ਦੀਆਂ ਸਰਕਾਰਾਂ ਨੇ ਪੰਜਾਬ ਸਰਕਾਰ ਵਾਂਗ ਨਾਲੇ ਪੁੰਨ ਨਾਲੇ ਫਲੀਆਂ ਨਹੀਂ ਖੱਟੀਆਂ ਸਨ।

## ਮਲੇਸ਼ੀਆ 'ਚ ਭਤੀਜੇ ਦੇ ਕਾਤਲ ਨੂੰ ਮੌਤ ਦੀ ਸਜ਼ਾ

**ਕੁਆਲਾਲੰਪੁਰ:** ਮਲੇਸ਼ੀਆ ਦੀ ਅਦਾਲਤ ਨੇ ਭਾਰਤੀ ਮੂਲ ਦੇ ਵਿਅਕਤੀ ਨੂੰ ਆਪਣੇ ਭਤੀਜੇ ਦਾ ਕਤਲ ਕਰਨ ਦੇ ਦੋਸ਼ ਵਿਚ ਮੌਤ ਦੀ ਸਜ਼ਾ ਸੁਣਾਈ ਹੈ। ਅਦਾਲਤ ਨੇ ਉਸ ਦੇ ਮੁਸਲਮਾਨ ਸਾਥੀ ਨੂੰ ਵੀ ਇਹੀ ਸਜ਼ਾ ਸੁਣਾਈ ਹੈ।

ਸਾਲ 2009 ਵਿਚ ਸੁਖਵਿੰਦਰ ਸਿੰਘ ਨੇ ਆਪਣੇ 21 ਸਾਲਾ ਭਤੀਜੇ ਗੁਰਅਮਰਦੇਵ ਸਿੰਘ ਨੂੰ ਘਰ 'ਚੋਂ ਅਗਵਾ ਕਰ ਕਰਕੇ ਕਤਲ ਕਰ ਦਿਤਾ ਸੀ।

# ਸੈਨ ਹੋਜ਼ੇ 'ਚ ਪ੍ਰੋ. ਭੁੱਲਰ ਦੀ ਚੜ੍ਹਦੀ ਕਲਾ ਲਈ ਅਰਦਾਸ

**ਸੈਨ ਹੋਜ਼ੇ:** ਗੁਰਦੁਆਰਾ ਸੈਨ ਹੋਜ਼ੇ ਵਿਚ ਲੰਘੇ ਐਤਵਾਰ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ ਗਈ। ਇਸ ਸਬੰਧ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਵਿੱਤਰ ਬਾਣੀ ਦੇ ਸਹਿਜ ਪਾਠ ਦੇ ਭੋਗ ਉਪਰੰਤ ਗੁਰੂ ਘਰ ਦੇ ਕੀਰਤਨੀ ਜਥਿਆਂ ਵਲੋਂ ਕੀਰਤਨ ਅਤੇ ਭਾਈ ਗੁਰਪਾਲ ਸਿੰਘ ਕਥਾਵਾਚਕ ਵਲੋਂ ਕਥਾ ਸਰਵਣ ਕਰਾ ਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਇਸ ਅਰਦਾਸ ਸਮਾਗਮ ਵਿਚ ਅਖੰਡ ਕੀਰਤਨੀ ਜਥੇ ਵਲੋਂ ਵਿਸ਼ੇਸ਼ ਤੌਰ 'ਤੇ ਆਸਾ ਜੀ ਕੀ ਵਾਰ ਦਾ ਕੀਰਤਨ ਕੀਤਾ ਗਿਆ। ਸਟੇਜ ਸਕੱਤਰ ਦੀ ਸੇਵਾ ਪ੍ਰੀਤਮ ਸਿੰਘ ਗਰੇਵਾਲ ਨੇ ਨਿਭਾਈ। ਇਸ ਸਮੇਂ ਵਿਸ਼ੇਸ਼ ਤੌਰ 'ਤੇ ਪੁੱਜੇ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੇ ਭਰਾ ਤਜਿੰਦਰ ਸਿੰਘ ਭੁੱਲਰ ਅਤੇ ਇੰਦਰਜੀਤ ਸਿੰਘ ਥਿੰਦ ਨੇ ਪ੍ਰੋ. ਭੁੱਲਰ ਦੇ ਸਮੁਚੇ ਜੀਵਨ ਅਤੇ ਉਨ੍ਹਾਂ ਦੇ ਕੇਸ ਬਾਰੇ ਸੰਗਤ ਨੂੰ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਪ੍ਰੋ. ਭੁੱਲਰ ਦੇ ਮਾਮਲੇ ਵਿਚ ਸਰਕਾਰ ਵਲੋਂ ਇਨਸਾਫ ਨਹੀਂ ਦਿੱਤਾ ਜਾ ਰਿਹਾ ਅਤੇ ਉਹ ਸਿੱਖ ਭਾਈਚਾਰੇ ਦੇ ਧੰਨਵਾਦੀ ਹਨ ਜਿਸ ਵਲੋਂ ਇਨਸਾਫ ਲਈ ਆਵਾਜ਼ ਉਠਾਈ ਜਾ ਰਹੀ ਹੈ। ਪ੍ਰਬੰਧਕਾਂ ਵਲੋਂ ਤਜਿੰਦਰ ਸਿੰਘ ਭੁੱਲਰ ਨੂੰ ਸਨਮਾਨਤ ਕੀਤਾ ਗਿਆ।





ਇਸ ਸਮੇਂ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੇ ਹੱਕ ਵਿਚ ਇਕ ਪਟੀਸ਼ਨ 'ਤੇ ਭਾਰੀ ਗਿਣਤੀ ਵਿਚ ਸੰਗਤ ਨੇ ਦਸਤਖਤ ਕੀਤੇ। ਇਹ ਪਟੀਸ਼ਨ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਵਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਭੇਜੀ ਜਾਵੇਗੀ।

ਕਮਰਸ਼ੀਅਲ

GPS

ਡਿਜ਼ੀਟਲ ਸੈਟੇਲਾਈਟ ਟਰੈਕਿੰਗ ਅਤੇ ਰਿਕਾਵਰੀ

ਸੰਤੁਸ਼ਟੀ ਦੀ ਗਾਰੰਟੀ

ਰੀਫਰ ਯੂਨਿਟਾਂ ਲਈ ਸਪੈਸ਼ਲ

5 ਸਾਲਾਂ ਲਈ ਕੋਈ ਚਾਰਜ ਨਹੀਂ

- ਐਡਰਸ ਅਤੇ ਜਗ੍ਹਾ
- ਘੱਟ ਬੈਟਰੀ ਵੋਲਟੇਜ਼
- ਸਪੀਡ ਅਤੇ ਡਰੈਕਸ਼ਨ
- ਇੰਜਨ ਬੰਦ
- ਅਨਲਾਕ ਟਰੱਕ
- ਸਪੀਡ ਦੇਖੋ

$375

ਬਹੁਤ ਹੀ ਘੱਟ ਲਾਗਤ

- ਮਹੀਨੇ ਦੀ ਕੋਈ ਫੀਸ ਨਹੀਂ
- ਸਾਲ ਦੀ ਕੋਈ ਫੀਸ ਨਹੀਂ
- ਐਕਟੀਵੇਸ਼ਨ ਦੀ ਕੋਈ ਫੀਸ ਨਹੀਂ
- ਕੋਈ ਕਾਨਟਰੈਕਟ ਨਹੀਂ

ਡੈਮੋ ਦੇਖਣ ਲਈ ਕਾਲ ਕਰੋ

Dave: 925-382-5670

G.M. Lawrence Insurance Brokerage ਅਤੇ Valley Truck Services

ਟਰੱਕ ਇੰਸ਼ੋਰੈਂਸ ਸੇਵਾਵਾਂ

- 28 Years of Experience in Truck Insurance Industry
- Appointed by 24 Top Rated US Insurance Companies
- All type of Trucking Coverage for Trucks, Container and Cargo
- Flexible Down Payment and Monthly Payment Options
- Quick Certificates & Excellent Services Guaranted!

ਸਾਡੀਆਂ ਟਰੱਕਿੰਗ ਸੇਵਾਵਾਂ

- California DMV Services
  - » New License Plates & Renewals
- Interstate & Intrastate Permits
  - » DOT #, MC #, CA #
  - » IFTA, UCR, MCP
  - » NM, KY, NY, OR Permits
  - » Highway Use Tax(2290)
- Truck Financing
- Corporation Setup
- Document Typing



ਸਾਨੂੰ ਅੱਜ ਹੀ ਕਾਲ ਕਰੋ

ਟਰੱਕ ਇੰਸ਼ੋਰੈਂਸ ਵਾਸਤੇ
Daljit Singh Khehra,
License No: 0522491
Tel: 209-474-2771
Fax: 209-474-0215
Daljit@gmlawernceins.com

ਟਰਕਿੰਗ ਸੇਵਾਵਾਂ ਵਾਸਤੇ
Rajwinder Khehra and Daljit Kaur
Tel: 209-390-8800
Fax: 209-594-1380
Raj@valleytruckservices.com
www.valleytruckservices.com




ਟਰੱਕਿੰਗ ਬਿਜ਼ਨਸ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਇਕੋ ਜਗ੍ਹਾ 'ਤੇ

Ph:(209) 474-2771, (888) 474-2771

7746 Lorraine Aenue #214, Stockton, CA 95210

ਟਰੱਕਿੰਗ ਬਿਜ਼ਨੈਸ ਨਾਲ ਸਬੰਧਿਤ ਹਰ ਤਰਾਂ ਦੀਆਂ ਸੇਵਾਵਾਂ ਇਕੋ ਜਗ੍ਹਾ ਤੇ

# ਪੀ ਸੀ ਐਸ ਸੈਕਰਾਮੈਂਟੋ ਦਾ ਤੀਆਂ ਦਾ ਮੇਲਾ 14 ਅਗਸਤ ਨੂੰ




**ਸੈਕਰਾਮੈਂਟੋ (ਬਿਊਰੋ):** ਪੰਜਾਬੀ ਕਲਚਰਲ ਸੁਸਾਇਟੀ, ਸੈਕਰਾਮੈਂਟੋ ਵਲੋਂ ਤੀਆਂ ਦਾ 12ਵਾਂ ਮੇਲਾ ਇਸ ਵਾਰ 14 ਅਗਸਤ ਐਤਵਾਰ ਨੂੰ ਐਲਕ ਗਰੂਵ ਦੇ ਐਸ ਈ ਐਸ ਹਾਲ ਵਿਚ ਬਾਅਦ ਦੁਪਹਿਰ 1 ਵਜੇ ਤੋਂ ਕਰਵਾਇਆ ਜਾਏਗਾ। ਇਸ ਸਬੰਧੀ ਤਿਆਰੀਆਂ ਕਰਨ ਲਈ ਸੁਸਾਇਟੀ ਦੇ ਇਸਤਰੀ ਵਿੰਗ ਦੀ ਇਕ ਮੀਟਿੰਗ ਲੰਘੇ ਸਨਿਚਰਵਾਰ ਨੂੰ ਹੋਈ।

ਤੀਆਂ ਦੇ ਇਸ ਮੇਲੇ ਦੌਰਾਨ ਛੋਟੀ ਉਮਰ ਦੀਆਂ ਬੱਚੀਆਂ ਤੋਂ ਲੈ ਕੇ ਵੱਡੀ ਉਮਰ ਦੀਆਂ ਦਾਨੀਆਂ ਬੀਬੀਆਂ ਗੀਤ-ਸੰਗੀਤ ਅਤੇ ਬੋਲੀਆਂ ਨਾਲ ਗਿੱਧੇ ਦਾ ਪਿੜ ਬੰਨ੍ਹਣਗੀਆਂ। ਇਸ ਮੌਕੇ ਖਰੀਦੋ-ਫਰੋਖਤ ਦੇ ਸਟਾਲ ਲਾਏ ਜਾਣਗੇ। ਮੇਲੇ ਲਈ ਕੋਈ ਦਾਖਲਾ ਫੀਸ ਨਹੀਂ ਰੱਖੀ ਗਈ। ਪੀ ਸੀ ਐਸ ਪਿਛਲੇ 23 ਸਾਲਾਂ ਤੋਂ ਪੰਜਾਬੀ ਸਭਿਆਚਾਰ ਦੇ ਖੇਤਰ ਵਿਚ ਸਰਗਰਮ ਹੈ ਅਤੇ ਇਸ ਵਲੋਂ ਪਿਛਲੇ 11 ਸਾਲਾਂ ਤੋਂ ਤੀਆਂ ਦਾ ਮੇਲਾ ਲਾਇਆ ਜਾ ਰਿਹਾ ਹੈ। ਸੁਸਾਇਟੀ ਦੀ ਇਸ ਮੀਟਿੰਗ ਵਿਚ ਹੋਰਨਾਂ ਤੋਂ ਇਲਾਵਾ ਰਸ਼ਪਾਲ ਪਰਹਾਰ, ਨਰਦੀਪ ਕੌਰ, ਰੁਪਿੰਦਰ ਕੌਰ, ਗੁਰਬਖ਼ਸ਼ ਕੌਰ, ਰਾਜਵਿੰਦਰ ਪੰਨੂ, ਕਮਲਪ੍ਰੀਤ, ਗੁੰਜਨ ਔਲਖ, ਤਨਪ੍ਰੀਤ ਡੋਡ, ਰੁਪਿੰਦਰ ਮੱਲ੍ਹੀ, ਬਿੰਦੂ ਸ਼ਾਦ, ਪ੍ਰੀਤ ਪਰਹਾਰ, ਰਾਣੀ ਬਿੰਦਰਾ, ਬਲਦੇਵ ਕੌਰ, ਰਾਣੀ ਸਰਹੱਦੀ ਅਤੇ ਮਨਦੀਪ ਫਰਵਾਲਾ ਹਾਜ਼ਰ ਸਨ। ਹੋਰ ਜਾਣਕਾਰੀ ਲਈ ਮਨਦੀਪ ਫਰਵਾਲਾ ਫੋਨ 916-212-1826, ਰਸ਼ਪਾਲ ਪਰਹਾਰ ਫੋਨ 916-730-7191 ਜਾਂ ਬਲਦੇਵ ਕੌਰ ਫੋਨ 916-996-2010 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਸਕੂਲ ਵਿਚ ਪੜ੍ਹਾਉਣ ਵਾਲੇ ਅਧਿਆਪਕ ਹੀ ਤਨਖਾਹ ਲੈ ਸਕਣਗੇ: ਸੇਖਵਾਂ

**ਬੇਕਰਜ਼ਫੀਲਡ (ਮਾਨ ਮਨਦੀਪ):** ਪੰਜਾਬ ਦੇ ਸਿੱਖਿਆ ਮੰਤਰੀ ਜਥੇਦਾਰ ਸੇਵਾ ਸਿੰਘ ਸੇਖਵਾਂ ਨੇ ਕਿਹਾ ਹੈ ਕਿ ਉਨ੍ਹਾਂ ਨੇ ਇਹ ਨੀਤੀ ਅਪਨਾਈ ਹੈ ਕਿ ਸਿਖਿਆ ਮਹਿਕਮੇ ਦੇ ਤਨਖਾਹਦਾਰ ਮੁਲਾਜ਼ਮ ਹੁਣ ਮੁੱਖ ਮੰਤਰੀ ਨਿਵਾਸ 'ਤੇ ਜਾਂ ਕਿਸੇ ਹੋਰ ਮਹਿਕਮੇ ਵਿਚ ਡੈਪੂਟੇਸ਼ਨ 'ਤੇ ਕੰਮ ਨਹੀਂ ਕਰਨਗੇ ਅਤੇ ਸਕੂਲਾਂ ਵਿਚ ਜਾ ਕੇ ਬੱਚਿਆਂ ਨੂੰ ਪੜ੍ਹਾਉਣਗੇ ਜਿਸ ਵਾਸਤੇ ਕਿ ਉਹ ਤਨਖਾਹ ਲੈਂਦੇ ਹਨ।



ਸੇਵਾ ਸਿੰਘ ਸੇਖਵਾਂ

ਫੋਨ ਉਤੇ ਗੱਲ ਕਰਦਿਆਂ ਜਥੇਦਾਰ ਸੇਖਵਾਂ ਨੇ ਹਾਲ ਹੀ ਵਿਚ ਮੁਅੱਤਲ ਕੀਤੇ ਗਏ ਅਧਿਆਪਕ ਮਾਲਵਿੰਦਰ ਸਿੰਘ ਮਾਲੀ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਹ ਵਿਅਕਤੀ 1997 ਵਿਚ ਅਧਿਆਪਕ ਦੇ ਤੌਰ 'ਤੇ ਭਰਤੀ ਹੋਇਆ ਸੀ ਪਰ ਪਿਛਲੇ 15 ਸਾਲਾਂ ਤੋਂ ਚੰਡੀਗੜ੍ਹ ਬੈਠ ਕੇ ਬਿਨਾ ਸਕੂਲ ਜਾਇਆਂ ਤਨਖਾਹ ਲੈਂਦਾ ਆ ਰਿਹਾ ਹੈ। ਜਦੋਂ ਨਵੀਂ ਨੀਤੀ ਤਹਿਤ ਉਸ ਨੂੰ ਆਪਣੀ ਨਿਯੁਕਤੀ ਵਾਲੇ ਸਕੂਲ ਵਿਚ ਜਾਣ ਲਈ ਕਿਹਾ ਗਿਆ ਤਾਂ ਉਸ ਨੇ ਨਾ ਸਿਰਫ ਇਨਕਾਰ ਕਰ ਦਿੱਤਾ ਸਗੋਂ ਮਹਿਕਮੇ ਉਪਰ ਕਈ ਗੰਭੀਰ ਦੋਸ਼ ਵੀ ਲਾਏ।

ਸਿੱਖਿਆ ਮੰਤਰੀ ਨੇ ਕਿਹਾ ਕਿ ਜੇ ਉਨ੍ਹਾਂ ਦੇ ਮਹਿਕਮੇ ਵਿਚ ਭ੍ਰਿਸ਼ਟਾਚਾਰ ਦਾ ਮਾਮਲਾ ਹੈ ਤਾਂ ਤੁਰੰਤ ਉਨ੍ਹਾਂ ਨਾਲ ਸੰਪਰਕ ਕੀਤਾ ਜਾਏ। ਜਦੋਂ ਸ੍ਰੀ ਮਾਲੀ ਵਲੋਂ ਲਾਏ ਗਏ ਦੋਸ਼ਾਂ ਦੀ ਗੱਲ ਤੁਰੀ ਤਾਂ ਮੰਤਰੀ ਨੇ ਕਿਹਾ ਕਿ ਇਹ ਦੋਵੇਂ ਪਤੀ-ਪਤਨੀ ਪਿਛਲੇ 15 ਸਾਲਾਂ ਤੋਂ ਸਰਕਾਰ ਤੋਂ ਤਨਖਾਹ ਤਾਂ ਲੈ ਰਹੇ ਹਨ ਪਰ ਸਕੂਲ ਨਹੀਂ ਜਾਂਦੇ। ਜਦੋਂ ਸਕੂਲ ਜਾਣ ਲਈ ਕਿਹਾ ਗਿਆ ਤਾਂ ਉਨ੍ਹਾਂ ਭ੍ਰਿਸ਼ਟਾਚਾਰ ਦੀਆਂ ਗੱਲਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਜਦੋਂ ਇਸ ਸਬੰਧੀ ਸ੍ਰੀ ਮਾਲੀ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਕੋਲ ਪਿਛਲੇ 15 ਸਾਲ ਤੋਂ ਅਧਿਆਪਕ ਦੇ ਅਹੁਦੇ 'ਤੇ ਹੋਣ ਦੇ ਬਾਵਜੂਦ ਸਕੂਲ ਵਿਚ ਪੜ੍ਹਾਉਣ ਦੀ ਥਾਂ ਬਿਨਾ ਕੰਮ ਕੀਤਿਆਂ ਤਨਖਾਹ ਲੈਣ ਬਾਰੇ ਕੋਈ ਠੋਸ ਜਵਾਬ ਨਹੀਂ ਸੀ।

# ਜੇ.ਸੀ.ਟੀ. ਫਗਵਾੜਾ ਵੱਲੋਂ ਫੁਟਬਾਲ ਨੂੰ ਅਲਵਿਦਾ

**ਚੰਡੀਗੜ੍ਹ:** ਆਪਣੇ 40 ਸਾਲਾਂ ਦੇ ਸ਼ਾਨਾਂਮੱਤੇ ਇਤਿਹਾਸ ਤੋਂ ਬਾਅਦ ਆਖਰ ਜੇ.ਸੀ.ਟੀ. ਫਗਵਾੜਾ ਨੇ ਫੁਟਬਾਲ ਨੂੰ ਅਲਵਿਦਾ ਕਹਿ ਦਿੱਤੀ ਹੈ। ਇਹ ਭਾਰਤੀ ਫੁਟਬਾਲ ਲਈ ਇਹ ਵੱਡਾ ਝਟਕਾ ਹੈ। ਇਸ ਖਿੱਤੇ ਤੇ ਪੰਜਾਬ ਵਿਚ ਫੁਟਬਾਲ ਦੀ ਰੀੜ੍ਹ ਦੀ ਹੱਡੀ ਸਮਝੀ ਜਾਂਦੀ ਜੇ.ਸੀ.ਟੀ. ਦੀ ਟੀਮ ਹੁਣ ਕਿਸੇ ਵੀ ਟੂਰਨਾਮੈਂਟ ਵਿਚ ਹਿੱਸਾ ਨਹੀਂ ਲਵੇਗੀ।

ਜੇ.ਸੀ.ਟੀ. ਵੱਲੋਂ ਇਹ ਫੈਸਲਾ 2010-11 ਦੇ ਲੀਗ ਸੀਜ਼ਨ (1) ਵਿਚ ਟੀਮ ਦੇ ਮਾੜੇ ਪ੍ਰਦਰਸ਼ਨ ਪਿੱਛੋਂ ਲਿਆ ਗਿਆ ਹੈ ਜਿਸ ਵਿਚ ਇਸ ਨੂੰ ਸਭ ਤੋਂ ਹੇਠਲਾ ਸਥਾਨ ਮਿਲਿਆ ਸੀ। ਇਸ ਤੋਂ ਇਲਾਵਾ ਪਿਛਲੇ ਕੁਝ ਸਾਲਾਂ ਤੋਂ ਇਹ ਕਲੱਬ ਆਰਥਿਕ ਤੰਗੀਆਂ ਨਾਲ ਜੂਝ ਰਿਹਾ ਸੀ ਤੇ ਪ੍ਰਬੰਧਕਾਂ ਲਈ ਇਸ ਦਾ ਖਰਚਾ ਝੱਲਣਾ ਔਖਾ ਹੋਇਆ ਪਿਆ ਸੀ। ਕਲੱਬ ਵੱਲੋਂ ਜਾਰੀ ਸੂਚਨਾ ਵਿਚ ਦੱਸਿਆ ਗਿਆ ਹੈ ਕਿ ਜੇ.ਸੀ.ਟੀ. ਲਿਮਟਿਡ ਨੇ ਉਦੋਂ ਤਕ ਖੇਡ ਨਾਲੋਂ ਨਾਤਾ ਤੋੜਨ ਦਾ ਫੈਸਲਾ ਕੀਤਾ ਹੈ ਜਦੋਂ ਤਕ ਭਾਰਤ ਵਿਚ ਕਾਰਪੋਰੇਟਾਂ ਵੱਲੋਂ ਇਸ ਵਿਚ ਦਿਲਚਸਪੀ ਨਹੀਂ ਲਈ ਜਾਂਦੀ ਤੇ ਨਵੀਂ ਪੀੜ੍ਹੀ ਵਿਚ ਇਹ ਖੇਡ ਹਰਮਨਪਿਆਰੀ ਨਹੀਂ ਹੁੰਦੀ।

ਇਕ ਕਾਰਪੋਰੇਟ ਹੋਣ ਦੇ ਨਾਤੇ ਜੇ.ਸੀ.ਟੀ. ਲਿਮਟਿਡ ਆਪਣੇ ਸ਼ੇਅਰਹੋਲਡਰਾਂ ਅੱਗੇ ਵੀ ਜਵਾਬਦੇਹ ਹੈ। ਕਲੱਬ ਵੱਲੋਂ ਜਾਰੀ ਸੂਚਨਾ ਅਨੁਸਾਰ ਪੰਜਾਬ ਫੁਟਬਾਲ ਐਸੋਸੀਏਸ਼ਨ ਦੇ ਪ੍ਰਧਾਨ ਸਮੀਰ ਥਾਪਰ ਹੇਠਲੇ ਪੱਧਰ 'ਤੇ ਫੁਟਬਾਲ ਨੂੰ ਪ੍ਰਫੁੱਲਤ ਕਰਨ ਲਈ ਕੰਮ ਕਰਦੇ ਰਹਿਣਗੇ। ਇਸੇ ਤਰ੍ਹਾਂ ਜੇ.ਸੀ.ਟੀ. ਫੁਟਬਾਲ ਅਕੈਡਮੀ ਵੀ ਨਵੇਂ ਖਿਡਾਰੀ ਲੱਭਣ ਤੇ ਉਨ੍ਹਾਂ ਨੂੰ ਤਰਾਸ਼ਣ ਦਾ ਕੰਮ ਕਰਦੀ ਰਹੇਗੀ ਜੋ ਭਵਿੱਖ ਵਿਚ ਜੇ.ਸੀ.ਟੀ. ਤੇ ਹੋਰ ਭਾਰਤੀ ਫੁਟਬਾਲ ਕਲੱਬਾਂ ਲਈ ਖੇਡਣਗੇ। ਜ਼ਿਕਰਯੋਗ ਹੈ ਕਿ ਜੇ.ਸੀ.ਟੀ. ਫਗਵਾੜਾ ਵਜੋਂ ਮਸ਼ਹੂਰ ਹੋਈ ਟੀਮ ਦੀ ਸਥਾਪਨਾ 1971 ਵਿਚ ਹੋਈ ਸੀ। ਇਸ ਨੇ 1996 ਦੀ ਕੌਮੀ ਫੁਟਬਾਲ ਲੀਗ ਦਾ ਉਦਘਾਟਨੀ ਸੀਜ਼ਨ ਜਿੱਤਿਆ ਸੀ ਤੇ ਲੰਮੇ ਸਮੇਂ ਤਕ ਦੇਸ਼ ਭਰ ਵਿਚ ਇਸ ਦਾ ਦਬਦਬਾ ਰਿਹਾ ਸੀ।

ਇਸ ਕਲੱਬ ਨੂੰ ਦੇਸ਼ ਦੇ ਕੁਝ ਬਿਹਤਰੀਨ ਖਿਡਾਰੀ ਪੈਦਾ ਕਰਨ ਦਾ ਮਾਣ ਵੀ ਹਾਸਲ ਹੈ। ਇਸ ਕਲੱਬ ਲਈ ਖੇਡਣ ਵਾਲੇ ਕੁਝ ਅਹਿਮ ਖਿਡਾਰੀਆਂ ਵਿਚ ਇੰਦਰ ਸਿੰਘ, ਅਨਵਰ, ਆਈ.ਐਮ.ਵਿਜੇਅਨ, ਜੋ ਪਾਲ ਆਂਚੇਰੀ, ਭਾਇਚੁੰਗ ਭੂਟੀਆ, ਕਾਰਲਟਨ ਚੈਪਮੈਨ ਤੇ ਸੁਨੀਲ ਛੇਤਰੀ ਸ਼ਾਮਲ ਹਨ। ਜੇ.ਸੀ.ਟੀ. ਫੁਟਬਾਲ ਅਕੈਡਮੀ ਸਥਾਨਕ ਪੱਧਰ 'ਤੇ ਲੰਮਾ ਸਮਾਂ ਖਿਡਾਰੀਆਂ ਨੂੰ ਤਰਾਸ਼ਦੀ ਰਹੀ ਹੈ। ਜੇ.ਸੀ.ਟੀ. ਦੀ ਇਹ ਵੀ ਪ੍ਰਾਪਤੀ ਰਹੀ ਹੈ ਕਿ ਕੋਲਕਾਤਾ ਤੋਂ ਬਾਹਰ ਉਹ ਪਹਿਲੀ ਟੀਮ ਸੀ ਜਿਸ ਨੇ ਆਈ.ਐਫ.ਏ. ਸ਼ੀਲਡ ਜਿੱਤੀ ਸੀ। ਪੰਜਾਬ ਫੁਟਬਾਲ ਲੀਗ 'ਚ ਨੌਂ ਵਾਰ ਤੇ ਡੂਰੰਡ ਕੱਪ ਪੰਜ ਵਾਰ ਜਿੱਤਣ ਦਾ ਮਾਣ ਵੀ ਜੇ.ਸੀ.ਟੀ. ਦੇ ਹਿੱਸੇ ਹੀ ਆਇਆ।

*To Advertise with Punjab Times*
*Call: 847-359-0746*
*e-mail:punjabtimes1@sbcglobal.net*



# ਮਿਹਨਤਕਸ਼ ਭਾਈਚਾਰੇ ਦਾ ਫਰੰਟ ਉਸਾਰਨ ਦਾ ਸੱਦਾ

**ਸੈਕਰਾਮੈਂਟੋ (ਬਿਊਰੋ):** ਬ੍ਰਾਹਮਣਵਾਦ ਦੀਆਂ ਅਣਮਨੁੱਖੀ ਕੁਰੀਤੀਆਂ ਅਤੇ ਗੈਰ ਸਮਾਜਿਕ ਵਰਣ ਵੰਡ ਵਿਰੁਧ ਅੰਤਲੇ ਸਾਹਾਂ ਤੱਕ ਸੰਘਰਸ਼ਸੀਲ ਰਹੇ ਭਾਰਤੀ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਡਾ. ਭੀਮਾ ਰਾਓ ਅੰਬੇਦਕਰ ਦਾ 120ਵਾਂ ਜਨਮ ਦਿਨ ਇਥੇ ਰਸ਼ ਪਾਰਕ ਹਾਲ ਵਿਚ ਇਕ ਗੋਸ਼ਟੀ ਦੇ ਰੂਪ ਵਿਚ ਮਨਾਇਆ ਗਿਆ।



ਇਸ ਮੌਕੇ ਸਟੇਜ ਸਕੱਤਰ ਦੀ ਜ਼ਿੰਮੇਵਾਰੀ ਲੈਂਦਿਆਂ ਬਾਮਸੇਫ ਦੇ ਕਾਰਜਕਰਤਾ ਸ੍ਰੀ ਪਲਵਿੰਦਰ ਮਾਹੀ ਨੇ ਕਿਹਾ ਕਿ ਬਾਮਸੇਫ ਇੰਟਰਨੈਸ਼ਨਲ ਅਤੇ ਮਾਇਨੋਰਟੀਜ਼ ਆਫ ਇੰਡੀਆ ਵਲੋਂ ਅੱਜ ਅਸੀਂ ਡਾ. ਅੰਬੇਦਕਰ ਦਾ 120ਵਾਂ ਜਨਮ ਦਿਨ ਇਸ ਮਨੋਰਥ ਨਾਲ ਮਨਾ ਰਹੇ ਹਾਂ ਕਿ ਉਨ੍ਹਾਂ ਦੇ ਜੀਵਨ ਫਲਸਫੇ ਤੋਂ ਪ੍ਰੇਰਣਾ ਲੈਣ ਲਈ ਆਪਣੇ ਆਪ ਨੂੰ ਹੋਰ ਪੱਕਿਆਂ ਕਰ ਸਕੀਏ। ਸ. ਭਜਨ ਸਿੰਘ ਭਿੰਡਰ ਨੇ ਸਮਾਗਮ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਥੇ ਮਹਾਤਮਾ ਗਾਂਧੀ ਦੇ ਬੁੱਤ ਦੀ ਥਾਂ ਡਾ. ਅੰਬੇਦਕਰ ਦਾ ਬੁੱਤ ਲਗਵਾਉਣ ਲਈ ਸਟੇਟ ਅਤੇ ਕਾਉਂਟੀ ਅਧਿਕਾਰੀਆਂ ਨੇ ਇਤਿਹਾਸਕ ਮਤਾ ਪਾਸ ਕਰ ਦਿੱਤਾ ਹੈ। ਸਿਟਰਸ ਹਾਈਟਸ ਸਿਟੀ ਕੌਂਸਲ ਦੇ ਸਟੀਵ ਮਿਲਰ, ਕੈਲੀਫੋਰਨੀਆ ਕਾਂਗਰਸ ਰਿਪਬਲੀਕਨ ਚੇਅਰਮੈਨ ਕਾਰਲ ਬਰਟਨ ਅਤੇ ਬਿਜਨਸ ਐਸੋਸੀਏਸ਼ਨ ਨੇ ਭਰਪੂਰ ਸਹਿਯੋਗ ਦਿੱਤਾ ਹੈ। ਸੈਕਰਾਮੈਂਟੋ ਕਾਉਂਟੀ ਅਤੇ ਸਿਟੀ ਆਫ ਸਿਟਰਸ ਹਾਈਟਸ ਵਲੋਂ ਪਾਸ ਮਤਾ ਵੀ ਇਸ ਮੌਕੇ ਪੜ੍ਹ ਕੇ ਸੁਣਾਇਆ ਗਿਆ।

ਪੰਜਾਬ ਦੀ 70ਵਿਆਂ ਦੀ ਜੁਝਾਰੂ ਵਿਦਿਆਰਥੀ ਲਹਿਰ ਦੇ ਆਗੂ ਅਤੇ ਪੰਜਾਬ ਸਟੂਡੈਂਟਸ ਯੂਨੀਅਨ ਦੇ ਸਾਬਕਾ ਜਨਰਲ ਸਕੱਤਰ ਬਿੱਕਰ ਸਿੰਘ ਕੰਮੇਆਣਾ ਨੇ ਕਿਹਾ ਕਿ ਸਾਡੇ ਸਮਾਜ ਵਿਚ ਮੁੱਖ ਤੌਰ 'ਤੇ ਦੋ ਹੀ ਜਮਾਤਾਂ ਹਨ- ਇਕ ਜੋ ਲੁੱਟਦੀ ਤੇ ਕੁੱਟਦੀ ਹੈ ਅਤੇ ਦੂਜੀ ਜੋ ਲੁੱਟੀ ਤੇ ਕੁੱਟੀ ਜਾਂਦੀ ਹੈ। ਮਿਹਨਤਕਸ਼ ਜਮਾਤ ਨੂੰ ਮੰਨੂ ਨੇ ਫੁੱਟ ਦੇ ਬੀਜ ਬੀਜ ਕੇ ਅਨੇਕਾਂ ਜਾਤਾਂ, ਗੋਤਾਂ ਅਤੇ ਫਿਰਕਿਆਂ ਵਿਚ ਵੰਡ ਦਿੱਤਾ ਸੀ ਜੋ ਬ੍ਰਾਹਮਣਵਾਦੀ ਸਮਾਜ ਅਤੇ ਸਾਡੇ ਸਿਆਸਤਦਾਨਾਂ ਦੇ ਅੱਜ ਵੀ ਫਿੱਟ ਬਹਿੰਦਾ ਹੈ। ਉਨ੍ਹਾਂ ਸੱਦਾ ਦਿੱਤਾ ਕਿ ਬ੍ਰਾਹਮਣਵਾਦੀ ਸੋਚ ਨੂੰ ਜੜ੍ਹੋਂ ਖਤਮ ਕਰਨ ਲਈ ਸਮੂਹ ਮਿਹਨਤਕਸ਼ ਭਾਈਚਾਰੇ ਦਾ ਇਕ ਵਿਸ਼ਾਲ ਫਰੰਟ ਉਸਾਰਿਆ ਜਾਵੇ।

'ਭਾਰਤ ਵਿਚ ਸਮਾਜਿਕ ਵਿਵਸਥਾ ਦੀ ਪੀੜਾ ਅਤੇ ਸਮਾਜਵਾਦ' ਪੁਸਤਕ ਦੇ ਲੇਖਕ ਅਤੇ ਬਾਮਸੇਫ ਦੇ ਇੰਟਰਨੈਸ਼ਨਲ ਕੋਆਰਡੀਨੇਟਰ ਸ੍ਰੀ ਐਮ ਆਰ ਪਾਲ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਬਾਬਾ ਸਾਹਿਬ ਦੀ ਸਾਰੀ ਦੀ ਸਾਰੀ 40 ਸਾਲਾਂ ਦੀ ਲੜਾਈ ਬ੍ਰਾਹਮਣਵਾਦ ਦੇ ਵਿਰੁਧ ਸੀ ਤਾਂ ਜੋ ਇਨਸਾਨੀਅਤਪ੍ਰਸਤ ਜਾਤ ਰਹਿਤ ਸਮਾਜ ਉਸਾਰਿਆ ਜਾ ਸਕੇ। ਉਸ ਵਾਸਤੇ ਸਾਨੂੰ ਸਭ ਨੂੰ ਭਾਰਤ ਦੇਸ਼ ਦੀਆਂ 6 ਹਜ਼ਾਰ ਜਾਤਾਂ ਨੂੰ ਇਕ ਸੂਤਰ ਵਿਚ ਪ੍ਰੋਣ ਦੀ ਲੋੜ ਹੈ। ਇਸ ਦਿਸ਼ਾ ਵਿਚ ਅੱਗੇ ਵਧਣ ਲਈ ਅੱਜ ਬਾਬਾ ਸਾਹਿਬ ਦੇ ਜਨਮ ਦਿਨ ਤੋਂ ਸ਼ੁਰੂਆਤ ਕੀਤੀ ਜਾ ਸਕਦੀ ਹੈ।



ਇੰਡੋ-ਯੂ ਐਸ ਡਾਇਲਾਗ ਸੰਸਥਾ ਦੇ ਆਗੂ ਕੁਲਦੀਪ ਸਿੰਘ ਧਾਲੀਵਾਲ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਆਖਿਆ ਕਿ ਜੇ ਅਸੀਂ ਆਪਣੇ ਨਾਲ ਹੋ ਰਹੀਆਂ ਜ਼ਿਆਦਤੀਆਂ ਤੋਂ ਛੁਟਕਾਰਾ ਪਾਉਣਾ ਚਾਹੁੰਦੇ ਹਾਂ ਤਾਂ ਬਾਬਾ ਸਾਹਿਬ ਦੇ ਦੱਸੇ ਮਾਰਗ ਉਤੇ ਚਲਦਿਆਂ ਸੰਘਰਸ਼ ਕਰਨਾ ਪਵੇਗਾ। ਜਾਤਾਂ-ਪਾਤਾਂ ਨੂੰ ਰਾਹ ਦੇ ਰੋੜੇ ਨਹੀਂ ਬਣਨ ਦੇਣਾ ਚਾਹੀਦਾ। ਯੂਬਾ ਸਿਟੀ ਤੋਂ ਪਵਿੰਦਰ ਸਿੰਘ ਕਰੀਹਾ ਨੇ ਕਿਹਾ ਕਿ ਵਿਦਵਾਨਾਂ ਦੇ ਇਹੋ ਜਿਹੇ ਸਮਾਗਮ ਗੁਰਦੁਆਰਾ ਸਾਹਿਬ ਵਿਚ ਹੋਣੇ ਚਾਹੀਦੇ ਹਨ ਤਾਂ ਜੋ ਹਾਲ ਬੁੱਕ ਕਰਵਾਉਣ ਜਾਂ ਹੋਰ ਚੀਜ਼ਾਂ 'ਤੇ ਹੋਣ ਵਾਲੇ ਖਰਚ ਨੂੰ ਬਚਾ ਕੇ ਸਹੀ ਥਾਂ 'ਤੇ ਖਰਚਿਆ ਜਾ ਸਕੇ।



ਕੌਮਾਂਤਰੀ ਪੱਧਰ ਦੇ ਬੁੱਧੀਜੀਵੀ ਅਤੇ ਧਰਮਾਂ ਦੇ ਖੋਜਕਾਰ ਕਰਨਲ ਜੀ ਬੀ ਸਿੰਘ ਨੇ ਆਖਿਆ ਕਿ ਭਾਰਤ ਦਾ ਸੰਵਿਧਾਨ ਦਬੇ, ਕੁਚਲੇ ਅਤੇ ਦਲਿਤ ਸਮਾਜ ਦੇ ਹੱਕ ਵਿਚ ਨਹੀਂ ਖੜ੍ਹਦਾ।



ਉਨ੍ਹਾਂ ਦੀ ਗੱਲ ਉਤੇ ਪ੍ਰਤੀਕ੍ਰਿਆ ਦਿੰਦਿਆਂ ਸ੍ਰੀ ਐਮ ਆਰ ਪਾਲ ਨੇ ਕਿਹਾ ਕਿ ਸੰਵਿਧਾਨ-ਘੜਨੀ ਸਭਾ ਵਿਚ ਬਹੁਗਿਣਤੀ ਬ੍ਰਾਹਮਣਵਾਦੀ ਹਿੰਦੂਆਂ ਦੀ ਸੀ ਅਤੇ ਉਨ੍ਹਾਂ ਨੇ ਡਾ. ਅੰਬੇਦਕਰ ਨੂੰ ਉਹ ਕੁਝ ਨਹੀਂ ਕਰਨ ਦਿੱਤਾ ਜੋ ਉਹ ਕਰਨਾ ਚਾਹੁੰਦੇ ਸਨ। ਉਥੇ ਸਿੱਖ ਵਿਦਵਾਨ ਡਾ. ਅਮਰੀਕ ਸਿੰਘ ਨੇ ਬਾਬਾ ਸਾਹਿਬ ਦੀ ਸੰਵਿਧਾਨ ਸਬੰਧੀ ਦੇਣ ਦਾ ਜ਼ਿਕਰ ਕਰਦਿਆਂ ਆਖਿਆ ਕਿ ਉਹ ਚੋਟੀ ਦੇ ਵਿਦਵਾਨ ਸਨ ਜਿਨ੍ਹਾਂ ਨੇ ਖੁਦ ਗੈਰਮਨੁੱਖੀ ਮੁਸੀਬਤਾਂ ਝੱਲ ਕੇ ਸੂਦਰ ਅਤੇ ਅਤੀ ਸੂਦਰ ਨੂੰ ਆਪਣੇ ਹੱਕ ਦਿਵਾਉਣ ਲਈ ਸੰਘਰਸ਼ ਕੀਤਾ।

ਉਥੇ ਸ਼ੋਅ ਪ੍ਰਮੋਟਰ ਅਤੇ ਪੰਜਾਬੀ ਭਾਈਚਾਰੇ ਦੀ ਹਰਮਨਪਿਆਰੀ ਸ਼ਖਸੀਅਤ ਸ੍ਰੀ ਜਸਵਿੰਦਰ ਸਿੰਘ ਬੰਗਾ ਨੇ ਆਖਿਆ ਕਿ ਮਨੁੱਖੀ ਅਧਿਕਾਰਾਂ ਦੀ ਖਾਤਰ ਅਸੀਂ ਆਪਣੇ ਆਪ ਨੂੰ ਪਹਿਲਾਂ ਇਨਸਾਨ ਬਣਾਈਏ। ਮਾਨਵੀ ਅਧਿਕਾਰਾਂ ਦੀ ਖਾਤਰ ਹੀ ਅਸੀਂ ਸ. ਭਜਨ ਸਿੰਘ ਭਿੰਡਰ ਦੀ ਅਗਵਾਈ ਹੇਠ ਮਹਾਤਮਾ ਗਾਂਧੀ ਦੀ ਥਾਂ ਡਾ. ਅੰਬੇਦਕਰ ਦਾ ਬੁੱਤ ਲਾਉਣਾ ਮਨਜ਼ੂਰ ਕਰਵਾਇਆ ਹੈ। ਉਥੇ ਗੀਤਕਾਰ ਸ੍ਰੀ ਮੱਖਣ ਲੁਹਾਰ ਨੇ ਇਸ ਮੌਕੇ ਆਪਣੀਆਂ ਕੁਝ ਚੋਣਵੀਆਂ ਰਚਨਾਵਾਂ ਪੇਸ਼ ਕਰਕੇ ਸਰੋਤਿਆਂ ਦਾ ਭਰਪੂਰ ਮਨੋਰੰਜਨ ਕੀਤਾ ਅਤੇ ਡਾ. ਅੰਬੇਦਕਰ ਪ੍ਰਤੀ ਆਪਣੀ ਅਕੀਦਤ ਦੇ ਫੁੱਲ ਭੇਟ ਕੀਤੇ। ਨਾਲ ਹੀ ਉਨ੍ਹਾਂ ਇਸ ਮੌਕੇ ਇਕੱਤਰ ਹੋਏ ਬੁਲਾਰਿਆਂ ਅਤੇ ਸਰੋਤਿਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਭਵਿੱਖ ਵਿਚ ਭਗਤੀ ਲਹਿਰ ਤੇ ਗੁਰਮਤਿ ਦੀ ਸਾਂਝ ਦਾ ਮੁਲੰਕਣ ਕਰਨ ਲਈ ਛੇਤੀ ਹੀ ਇਕ ਹੋਰ ਪ੍ਰੋਗਰਾਮ ਉਲੀਕਿਆ ਜਾ ਰਿਹਾ ਹੈ।

ਜਿਹੜੇ ਹੋਰ ਬੁਲਾਰਿਆਂ ਨੇ ਆਪਣੇ ਵਿਚਾਰ ਸਾਂਝੇ ਕੀਤੇ ਉਨ੍ਹਾਂ ਵਿਚ ਪ੍ਰੇਮ ਕੁਮਾਰ ਚੁੰਬਰ, ਕਮਲ ਦੇਵ ਪਾਲ, ਰਾਮ ਕੁਮਾਰ, ਗੁਰਬਚਨ ਚੋਪੜਾ, ਹੰਸ ਰਾਜ ਕਾਜਲਾ, ਰਕੇਸ਼ ਚੰਦਰ, ਜਸਪ੍ਰੀਤ ਦੇਹਰ, ਰਾਜਵਿੰਦਰ ਕੌਰ, ਰਮੇਸ਼ ਬੰਗੜ, ਡਾ. ਹਰਮੇਸ਼ ਕੁਮਾਰ, ਸਾਹਿਤਕਾਰ ਤਾਰਾ ਸਾਗਰ, ਹਰਪ੍ਰੀਤ ਮਾਹੀ, ਭਾਵਨਾ ਮਾਹੀ, ਖੁਸ਼ਬੂ ਰੱਲ੍ਹ, ਰਾਜ ਸੂਦ ਅਤੇ ਮੋਨਾ ਗਿੱਲ ਦੇ ਨਾਂ ਸ਼ਾਮਲ ਹਨ। ਸਮਾਗਮ ਦੇ ਅਖੀਰ ਵਿਚ ਸ. ਭਜਨ ਸਿੰਘ ਭਿੰਡਰ ਨੇ ਹੁਣ ਤੱਕ ਦੀਆਂ ਕਾਨੂੰਨੀ ਪ੍ਰਾਪਤੀਆਂ ਬਾਰੇ ਇਕ ਸਲਾਈਡ ਸ਼ੋਅ ਰਾਹੀਂ ਭਰਪੂਰ ਜਾਣਕਾਰੀ ਦਿੱਤੀ।

# ਗੁਰਦੁਆਰਾ ਮਾਡੈਸਟੋ-ਸੀਰੀਜ਼ ਵਿਚ ਸ਼ਹੀਦੀ ਸਮਾਗਮ

**ਸੀਰੀਜ਼ (ਮਹਿੰਦਰ ਕੰਡਾ):** ਕੈਲੀਫੋਰਨੀਆ ਵਸਦੇ ਪਿੰਡ ਤੱਲ੍ਹਣ (ਜਲੰਧਰ) ਦੇ ਵਾਸੀਆਂ ਵਲੋਂ ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ, ਬਾਬਾ ਨਿਹਾਲ ਸਿੰਘ ਜੀ, ਬਾਬਾ ਹਰਨਾਮ ਸਿੰਘ ਜੀ ਦੀ ਯਾਦ ਵਿਚ ਇਕ ਸੱਤ ਰੋਜ਼ਾ ਸ਼ਹੀਦੀ ਸਮਾਗਮ ਗੁਰਦੁਆਰਾ ਮਾਡੈਸਟੋ-ਸੀਰੀਜ਼ ਵਿਚ ਸ਼ਰਧਾ ਭਾਵਨਾ ਨਾਲ ਕਰਵਾਇਆ ਗਿਆ। ਇਸ ਸਮਾਗਮ ਵਿਚ ਸੰਤ ਬਲਵਿੰਦਰ ਸਿੰਘ ਕੁਰਾਲੀਵਾਲਿਆਂ (ਹਜ਼ੂਰ ਸਾਹਿਬ) ਨੇ ਸੰਗਤਾਂ ਨੂੰ ਸਮਾਗਮ ਦੇ ਸੱਤੇ ਦਿਨ ਗੁਰਬਾਣੀ ਵਿਚਾਰ ਨਾਲ ਗੁਰੂ ਚਰਨਾਂ ਨਾਲ ਜੋੜੀ ਰੱਖਿਆ ਅਤੇ ਜਪੁਜੀ ਸਾਹਿਬ ਦੇ ਦੋ ਲੱਖ ਪਾਠ ਸੰਗਤਾਂ ਨਾਲ ਰਲ ਕੇ ਕੀਤੇ।





ਸੰਤ ਕੁਰਾਲੀਵਾਲਿਆਂ ਨੇ ਇਸ ਮੌਕੇ ਪ੍ਰਵਚਨ ਕਰਦਿਆਂ ਕਿਹਾ ਕਿ ਗੁਰੂ ਸਾਹਿਬਾਨ ਅਤੇ ਮਹਾਨ ਸ਼ਹੀਦਾਂ ਦੀਆਂ ਕੁਰਬਾਨੀਆਂ ਕਰਕੇ ਹੀ ਅੱਜ ਸਿੱਖ ਕੌਮ ਦੇ ਨਿਸ਼ਾਨ ਦੇਸ਼ ਵਿਦੇਸ਼ ਵਿਚ ਝੂਲ ਰਹੇ ਹਨ। ਉਨ੍ਹਾਂ ਸੰਗਤਾਂ ਨੂੰ ਗੁਰੂ ਗ੍ਰੰਥ ਸਾਹਿਬ ਨਾਲ ਜੁੜ ਕੇ ਗੁਰਮਤਿ ਜੀਵਨ ਧਾਰਨ ਕਰਨ ਦੀ ਪ੍ਰੇਰਨਾ ਕੀਤੀ। ਭਾਈ ਮਨਜੀਤ ਸਿੰਘ ਤੇ ਭਾਈ ਅਮਰਜੀਤ ਸਿੰਘ (ਹਜ਼ੂਰੀ ਹੈਡ ਗ੍ਰੰਥੀ) ਮਨੀਲਾਵਾਲਿਆਂ ਨੇ ਸੰਗਤਾਂ ਨੂੰ ਸ਼ਬਦ ਕੀਰਤਨ ਰਾਹੀਂ ਨਿਹਾਲ ਕੀਤਾ। ਭਾਈ ਕਮਲਜੀਤ ਸਿੰਘ ਬਿਲਗੇਵਾਲਿਆਂ ਦੇ ਢਾਡੀ ਜਥੇ ਨੇ ਸ਼ਹੀਦਾਂ ਦੀਆਂ ਵਾਰਾਂ ਗਾ ਕੇ ਸਿੱਖ ਸੰਗਤਾਂ ਨੂੰ ਗੁਰ ਇਤਿਹਾਸ ਨਾਲ ਜੋੜਿਆ।



ਪਿੰਡ ਤੱਲ੍ਹਣ ਦੇ ਨਿਵਾਸੀਆਂ ਅਤੇ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵਲੋਂ ਸੰਤ ਬਲਵਿੰਦਰ ਸਿੰਘ ਹੋਰਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ ਅਤੇ ਗੁਰੂ ਘਰ ਦੀ ਤਰਫੋਂ ਸਿਰੋਪਾਓ ਦੀ ਬਖਸ਼ਿਸ਼ ਕੀਤੀ ਗਈ। ਤੱਲ੍ਹਣ ਵਾਸੀ ਪ੍ਰਬੰਧਕਾਂ ਨੇ ਸੰਗਤਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਜਿਨ੍ਹਾਂ ਸਮਾਗਮ ਦੌਰਾਨ ਸੇਵਾ, ਸਿਮਰਨ ਦਾ ਲਾਹਾ ਲੈ ਕੇ ਬਾਬਾ ਨਿਹਾਲ ਸਿੰਘ, ਬਾਬਾ ਹਰਨਾਮ ਸਿੰਘ ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।





# ਐਸ. ਅਸ਼ੋਕ ਭੌਰਾ ਦਾ ਸਰੀ ਵਿਚ ਵਿਸ਼ੇਸ਼ ਸਨਮਾਨ

**ਸਰੀ, ਬੀ ਸੀ (ਬਿਊਰੋ):** ਕੇਂਦਰੀ ਪੰਜਾਬੀ ਲੇਖਕ ਸਭਾ (ਉਤਰੀ ਅਮਰੀਕਾ) ਦੀ ਇਥੇ ਹੋਈ ਮਾਸਿਕ ਮੀਟਿੰਗ ਵਿਚ ਉਥੇ ਸਾਹਿਤਕਾਰ ਅਤੇ ਪੰਜਾਬ ਟਾਈਮਜ਼ ਦੇ ਕਾਲਮਨਵੀਸ ਐਸ ਅਸ਼ੋਕ ਭੌਰਾ ਦਾ ਵਿਸ਼ੇਸ਼ ਮਾਣ ਸਤਿਕਾਰ ਕੀਤਾ ਗਿਆ। ਸ਼ਾਇਰ ਪ੍ਰਿਤਪਾਲ ਗਿੱਲ ਅਤੇ ਹਰਭਜਨ ਸਿੰਘ ਮਾਂਗਟ ਨੇ ਹਾਜ਼ਰ ਮੈਂਬਰਾਂ ਨੂੰ ਸ੍ਰੀ ਭੌਰਾ ਬਾਰੇ ਜਾਣਕਾਰੀ ਦਿੱਤੀ। ਸਭਾ ਦੇ ਪ੍ਰਧਾਨ ਸ੍ਰੀ ਮੋਹਨ ਗਿੱਲ, ਹਰਚੰਦ ਸਿੰਘ ਬਾਗੜੀ, ਚਰਨ ਸਿੰਘ ਵਿਰਦੀ, ਸੁਰਿੰਦਰਪਾਲ ਕੌਰ ਬਰਾੜ, ਬੀਬੀ ਇੰਦਰਜੀਤ ਸਿੱਧੂ, ਨਛੱਤਰ ਸਿੰਘ ਬਰਾੜ, ਸੁਖਦੇਵ ਦਰਦੀ, ਗਿੱਲ ਮੋਰਾਂਵਾਲੀ, ਅਜੈਬ ਸਿੰਘ ਚੱਠਾ, ਦਰਸ਼ਨ ਸਿੰਘ ਸੰਘਾ ਅਤੇ ਹਰਜੀਤ ਦੌਧਰੀਆ ਨੇ ਸ੍ਰੀ ਭੌਰਾ ਦੀਆਂ ਲਿਖਤਾਂ ਦੀ ਗੱਲ ਕਰਦਿਆਂ ਕਿਹਾ ਕਿ ਉਨ੍ਹਾਂ ਦਾ ਇਕ ਖਾਸ ਅੰਦਾਜ਼ ਹੈ ਅਤੇ ਜਦੋਂ ਪਾਠਕ ਇਕ ਵਾਰ ਪੜ੍ਹਨ ਲੱਗੇ ਤਾਂ ਰਚਨਾ ਨੂੰ ਵਿਚਾਲੇ ਨਹੀਂ ਛੱਡ ਸਕਦਾ।



ਸਥਾਨਕ ਰੇਡੀਓ ਐਫ ਐਮ ਅਤੇ ਮਹਿਕ ਪੰਜਾਬ ਦੀ ਟੀ ਵੀ ਉਪਰ ਸ੍ਰੀ ਭੌਰਾ ਦੀ ਇੰਟਰਵਿਊ ਵੀ ਪ੍ਰਸਾਰਿਤ ਕੀਤੀ ਗਈ। ਇਸ ਦੌਰਾਨ ਸ੍ਰੀ ਭੌਰਾ ਨੇ ਆਪਣੀਆਂ ਨਵਪ੍ਰਕਾਸ਼ਿਤ ਪੁਸਤਕਾਂ ਵਿਸ਼ੇਸ਼ ਕਰ 'ਗੱਲੀਂਬਾਤੀਂ' ਬਾਰੇ ਚਰਚਾ ਕੀਤੀ। ਉਨ੍ਹਾਂ ਦੱਸਿਆ ਕਿ ਉਹ ਪਿਛਲੇ 30 ਸਾਲ ਤੋਂ ਪੰਜਾਬੀ ਸਭਿਆਚਾਰ ਬਾਰੇ ਲਿਖਦੇ ਆ ਰਹੇ ਹਨ। ਜਲੰਧਰ ਤੋਂ ਛਪਦੇ ਅਜੀਤ ਅਤੇ ਚੰਡੀਗੜ੍ਹ ਤੋਂ ਛਪਦੇ ਪੰਜਾਬੀ ਟ੍ਰਿਬਿਊਨ ਵਿਚ ਉਨ੍ਹਾਂ ਦੀਆਂ ਸੈਂਕੜੇ ਰਚਨਾਵਾਂ ਛਪ ਚੁਕੀਆਂ ਹਨ। ਉਹ 28 ਦੇਸ਼ਾਂ ਵਿਚ ਘੁੰਮ ਚੁਕੇ ਹਨ ਅਤੇ 1989 ਤੋਂ ਕਈ ਸਾਲ ਅਮਰ ਸਿੰਘ ਸੌਂਕੀ ਮੇਲਾ ਵੀ ਕਰਵਾਉਂਦੇ ਰਹੇ। ਉਨ੍ਹਾਂ ਸਰਪੰਚਣੀ ਅਤੇ ਰਾਮ ਰੱਖੀ ਵਰਗੀਆਂ ਟੈਲੀਫਿਲਮਾਂ ਵੀ ਤਿਆਰ ਕੀਤੀਆਂ। ਹੁਣ ਪਿਛਲੇ 3 ਸਾਲ ਤੋਂ ਉਹ ਅਮਰੀਕਾ ਦੇ ਅੱਵਲ ਸਮਝੇ ਜਾਂਦੇ ਅਖਬਾਰ ਪੰਜਾਬ ਟਾਈਮਜ਼ ਨਾਲ ਜੁੜੇ ਹੋਏ ਹਨ।

# Dhillon Truck Stop
## Dhillon Road Service

Interstate 40, exit 356, San Jon, NM

*Gill Manj Gurdaspur Wale*

ਪੰਜਾਬੀ ਢਾਬਾ



ਡੀਜ਼ਲ ਅਤੇ ਰੋਡ ਸਰਵਿਸ

New & Used Tires
Oil Change

ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ

Ph:575-576-4111, 317-918-6776

## Are Worries Keeping You Awake?

*Watch Your Business AnyTime Any Place.*




# Attention Business Owners!!

Are You Worried About Your Business When You`re Not There?

Watch your business from anywhere on **iPhone** with our new technology

ਆਪਣੇ ਘਰ ਜਾਂ ਬਿਜਨਸ 'ਤੇ ਸਿਕਿਉਰਟੀ ਸਿਸਟਮ ਲਵਾਓ ਅਤੇ ਨਿਸ਼ਚਿੰਤ ਹੋ ਜਾਓ

Financing & Lease Options For 12, 24, 36 Months Available.

ਵਾਜਬ ਕੀਮਤ ਸਹੀ ਕੰਮ

# DVR UNLIMITED

*Call:1-(888) 233-4566* *www.dvrunlimited.com*

# Imperial Truck & Trailer Repair

2142 W. Yosemite Ave., Manteca, CA 95337

All Kinds of Welding Work & General Repair.



Now Truck Parts Available

We also install cement blower and PTO

Oil Change **$189.99** Only

Brake **$89.00** With Labor
Wheel Seal **$89.00** With Labor

ਹਰ ਕਿਸਮ ਦਾ ਵੈਲਡਿੰਗ ਵਰਕ ਅਤੇ ਜਨਰਲ ਰਿਪੇਅਰ ਮਾਰਕੀਟ 'ਚ ਸਭ ਤੋਂ ਵਧੀਆ ਕੰਮ ਅਤੇ ਘੱਟ ਕੀਮਤ

## Wheel Balancing

24 Hours Road Service & Towing

## Tire Service

We carry all major brand tires-new and used at very attractive prices.

*Transmission
*Clutch
*Brakes
*Suspension
*Oil Change
*Rear End
*Wet Kit & PTO Pumps
*Alternators
*Starters
*Cement Blower
*AC Work
*Rediator Flush

Call-Jasvir Singh, Ph:209-239-8111
Cell:916-470-5520, Fax: 209-239-4969

# ਚੀਨੀ ਕਾਮਰੇਡ ਨੀਤੀਆਂ ਤੇ ਆਗੂ ਬਦਲਣ ਲਈ ਤਿਆਰ

**ਜਿੰਗਆਂਗਸ਼ਾਨ:** ਚੀਨ ਦੀ ਤਾਕਤਵਰ ਕਮਿਊਨਿਸਟ ਪਾਰਟੀ ਸੋਵੀਅਤ ਯੂਨੀਅਨ ਵਰਗੇ ਹਸ਼ਰ ਤੋਂ ਬਚਣ ਲਈ ਆਪਣੀਆਂ ਮੁੱਢਲੀਆਂ ਨੀਤੀਆਂ ਦੇ ਨਾਲ-ਨਾਲ ਉੱਚ ਪੱਧਰੀ ਲੀਡਰਸ਼ਿਪ ਵਿਚ ਵੀ ਤਬਦੀਲੀ ਲਿਆਉਣ ਲਈ ਸਰਗਰਮ ਹੈ। ਜ਼ਿਕਰਯੋਗ ਹੈ ਕਿ ਚੀਨ ਦੀ ਕਮਿਊਨਿਸਟ ਪਾਰਟੀ ਦੇ ਅੱਠ ਕਰੋੜ ਮੈਂਬਰ ਹਨ ਤੇ ਪਾਰਟੀ ਇਸ ਸਾਲ ਆਪਣਾ 90ਵਾਂ ਸਥਾਪਨਾ ਦਿਵਸ ਮਨਾ ਰਹੀ ਹੈ। ਪਾਰਟੀ ਦੇ ਅਹੁਦੇਦਾਰਾਂ ਅਨੁਸਾਰ ਪਾਰਟੀ ਨੂੰ ਸੱਤਾ ਵਿਚ ਆਈ ਨੂੰ 62 ਵਰ੍ਹੇ ਹੋ ਗਏ ਹਨ ਤੇ ਕਮਿਊਨਿਸਟ ਪਾਰਟੀ ਇਸ ਵੇਲੇ ਜਕੋਤਕੀ ਵਾਲੀ ਹਾਲਤ 'ਚ ਹੈ।

ਜ਼ਿਕਰਯੋਗ ਹੈ ਕਿ ਸੋਵੀਅਤ ਕਮਿਊਨਿਸਟ ਪਾਰਟੀ 74 ਸਾਲ ਸੱਤਾ ਵਿਚ ਰਹਿ ਕੇ 1991 ਵਿਚ ਖਿੰਡ ਗਈ ਸੀ। ਚਾਇਨਾ ਐਗਜ਼ੈਕਟਿਕ ਲੀਡਰਸ਼ਿਪ ਅਕੈਡਮੀ ਦੇ ਉਪ ਪ੍ਰਧਾਨ ਜੂ ਜਿਨਤਾਗ ਅਨੁਸਾਰ ਇਹ ਪਾਰਟੀ ਲਈ ਸੋਚਣ





ਦਾ ਸਮਾਂ ਹੈ ਤੇ ਸੋਵੀਅਤ ਯੂਨੀਅਨ ਦੇ ਡਿੱਗਣ ਤੋਂ ਸਬਕ ਸਿੱਖਿਆ ਜਾ ਸਕਦਾ ਹੈ। ਅਕੈਡਮੀ ਜੋ ਕਮਿਊਨਿਸਟ ਪਾਰਟੀ ਦਾ ਛੇਵਾਂ ਵੱਡਾ ਅਦਾਰਾ ਹੈ, 5000 ਪਾਰਟੀ ਆਗੂਆਂ ਨੂੰ ਟਰੇਂਡ ਕਰ ਰਹੀ ਹੈ। ਇਨ੍ਹਾਂ ਵਿਚ ਸੈਨਾ, ਸਰਕਾਰ ਤੇ ਵਪਾਰਕ ਗਤੀਵਿਧੀਆਂ ਨਾਲ ਜੁੜੇ ਅਧਿਕਾਰੀ ਸ਼ਾਮਲ ਹਨ ਤੇ ਇਨ੍ਹਾਂ ਨੂੰ ਵਿਚਾਰਧਾਰਕ ਦੇ ਵੱਖ-ਵੱਖ ਪਹਿਲੂਆਂ ਦੀ ਜਾਣਕਾਰੀ ਦੇ ਕੇ ਮਜ਼ਬੂਤ ਕੀਤਾ ਜਾ ਰਿਹਾ ਹੈ। ਇਹ ਪ੍ਰਗਟਾਵਾ ਜੂ ਜਿਨਤਾਂਗ ਨੇ ਵਿਦੇਸ਼ੀ ਪੱਤਰਕਾਰਾਂ ਦੇ ਇਕ ਵਫ਼ਦ ਨਾਲ ਗੱਲਬਾਤ ਕਰਦਿਆਂ ਕੀਤਾ।

ਉਨ੍ਹਾਂ ਕਿਹਾ ਕਿ ਪਾਰਟੀ ਸਾਹਮਣੇ ਮੁੱਖ ਚੁਣੌਤੀਆਂ ਵਿਚ ਅਮੀਰ ਤੇ ਗਰੀਬ ਵਿਚਲੇ ਖੱਪੇ ਨੂੰ ਘਟਾਉਣਾ ਤੇ ਹੇਠਲੇ ਪੱਧਰ 'ਤੇ ਲੋਕਾਂ ਨਾਲ ਜੁੜਨ ਲਈ ਭ੍ਰਿਸ਼ਟਾਚਾਰ ਵਿਰੁੱਧ ਸਖ਼ਤ ਕਦਮ ਚੁੱਕਣ ਵਰਗੇ ਮਾਮਲੇ ਸ਼ਾਮਲ ਹਨ। ਕਮਿਊਨਿਸਟ ਪਾਰਟੀ ਵਿਚ ਨਵਾਂ ਜੋਸ਼ ਭਰਨ ਲਈ ਅਗਲੇ ਸਾਲ ਤੋਂ ਪਾਰਟੀ ਲੀਡਰਸ਼ਿਪ ਵਿਚ ਵਿਆਪਕ ਤਬਦੀਲੀ ਲਿਆਂਦੀ ਜਾ ਰਹੀ ਹੈ। ਇਸ ਤਹਿਤ ਪਿਛਲੀਆਂ ਦੋ ਸਾਸ਼ਨ ਕਾਲਾਂ ਤੋਂ ਸਰਕਾਰੀ ਅਹੁਦਿਆਂ 'ਤੇ ਤਾਇਨਾਤ ਆਗੂ ਅਸਤੀਫੇ ਦੇਣਗੇ। ਇਨ੍ਹਾਂ ਵਿਚ ਰਾਸ਼ਟਰਪਤੀ ਹੂ ਜਿਨਤਾਓ ਤੇ ਪ੍ਰਧਾਨ ਮੰਤਰੀ ਵੇਨ ਜਿਆਬਾਓ ਦੇ ਅਸਤੀਫੇ ਵੀ ਸ਼ਾਮਲ ਹਨ। ਉਪ ਰਾਸ਼ਟਰਪਤੀ ਚੀ ਜਿੰਗਪਿੰਗ ਜਿਸ ਨੂੰ ਸ਼ਕਤੀਸ਼ਾਲੀ ਮਿਲਟਰੀ ਕਮਿਸ਼ਨ ਦਾ ਵਾਈਸ ਚੇਅਰਮੈਨ ਨਿਯੁਕਤ ਕੀਤਾ ਹੈ, ਅਗਲੇ ਸਾਲ ਦਸੰਬਰ ਮਹੀਨੇ ਪਾਰਟੀ ਕਾਂਗਰਸ ਦੌਰਾਨ ਮੌਜੂਦਾ ਰਾਸ਼ਟਰਪਤੀ ਦੀ ਥਾਂ ਲੈ ਸਕਦੇ ਹਨ। ਚੀ ਚੀਨੀ ਕਮਿਊਨਿਸਟ ਪਾਰਟੀ ਦੇ ਪੇਇਚਿੰਗ ਵਿਚਲੇ ਪ੍ਰਮੁੱਖ ਸਕੂਲ ਦੇ ਵੀ ਮੁਖੀ ਹਨ।

## ਭਾਰਤ ਵਿਸ਼ਵ ਦਾ ਸਭ ਤੋਂ ਦਿਲਚਸਪ ਦੇਸ਼

**ਆਕਸਫੋਰਡ:** ਇਥੋਂ ਦੀ ਯੂਨੀਵਰਸਿਟੀ ਆਫ ਆਕਸਫੋਰਡ 'ਚ ਕਰਵਾਏ ਗਏ ਸਮਾਗਮ 'ਆਕਸਫੋਰਡ-ਇੰਡੀਆ ਡੇਅ' ਵਿਚ ਸੰਬੋਧਨ ਕਰਦਿਆਂ ਇਤਿਹਾਸਕਾਰ ਰਾਮਚੰਦਰ ਗੂਹਾ ਨੇ ਕਿਹਾ ਕਿ ਭਾਰਤ ਵਿਸ਼ਵ ਦਾ ਸਭ ਤੋਂ ਦਿਲਚਸਪ ਦੇਸ਼ ਹੈ ਜਿਥੇ ਵੱਖ-ਵੱਖ ਸਭਿਅਤਾਵਾਂ ਤੇ ਭਾਸ਼ਾਵਾਂ ਦਾ ਸੁਮੇਲ ਵੇਖਣ ਨੂੰ ਮਿਲਦਾ ਹੈ। ਉਨ੍ਹਾਂ ਕਿਹਾ ਕਿ ਇਤਿਹਾਸ ਗਵਾਹ ਹੈ ਕਿ ਇਹ ਸੁਮੇਲ ਸਿਰਫ ਭਾਰਤ ਵਰਗੇ ਵਿਲੱਖਣ ਦੇਸ਼ ਵਿਚ ਹੀ ਮੌਜੂਦ ਹੈ। ਉਨ੍ਹਾਂ ਕਿਹਾ ਕਿ ਭਾਰਤੀ ਕਰੰਸੀ 'ਰੁਪਏ' ਵਿਚ ਵੀ ਦੇਸ਼ ਦੀਆਂ 17 ਭਾਸ਼ਾਵਾਂ ਨੂੰ ਉਜਾਗਰ ਕੀਤਾ ਗਿਆ ਹੈ। ਉਨ੍ਹਾਂ ਭਾਰਤ ਤੇ ਆਕਸਫੋਰਡ ਦੇ ਸਬੰਧਾਂ ਦੀ ਮਿਸਾਲ ਦਿੰਦਿਆਂ ਕਿਹਾ ਕਿ 1950 ਦੇ ਦਸ਼ਕ ਵਿਚ ਆਕਸਫੋਰਡ ਯੂਨੀਵਰਸਿਟੀ ਤੋਂ ਸਿੱਖਿਆ ਪ੍ਰਾਪਤ ਕਰਨ ਵਾਲਾ ਬ੍ਰਿਟਿਸ਼ ਬਾਇਓਲੋਜਿਸਟ ਜੇ.ਬੀ.ਐਸ. ਹਾਲਦੇਨ ਭਾਰਤੀ ਨਾਗਰਿਕ ਬਣ ਗਿਆ ਸੀ। ਉਹ 1956 ਵਿਚ ਕੋਲਕਾਤਾ ਵਿਖੇ ਸੈਟਲ ਹੋ ਗਿਆ ਸੀ।

# ਅਲ-ਜਵਾਹਿਰੀ ਨੇ ਸੰਭਾਲੀ ਅਲ-ਕਾਇਦਾ ਦੀ ਕਮਾਨ

**ਕਾਹਿਰਾ:** ਅਤਿਵਾਦੀ ਸੰਗਠਨ ਅਲ-ਕਾਇਦਾ ਨੇ ਆਇਮਨ ਅਲ-ਜਵਾਹਿਰੀ ਨੂੰ ਆਪਣਾ ਨਵਾਂ ਮੁਖੀ ਐਲਾਨ ਦਿੱਤਾ ਹੈ। ਜ਼ਿਕਰਯੋਗ ਹੈ ਕਿ ਪਾਕਿਸਤਾਨ ਵਿਖੇ ਅਮਰੀਕੀ ਫ਼ੌਜ ਵੱਲੋਂ ਦੋ ਮਈ ਨੂੰ ਅਲ-ਕਾਇਦਾ ਦੇ ਮੁਖੀ ਓਸਾਮਾ ਬਿਨ ਲਾਦਿਨ ਦੀ ਹੱਤਿਆ ਮਗਰੋਂ ਇਸ ਸੰਸਥਾ ਨੇ ਆਪਣਾ ਨਵਾਂ ਮੁਖੀ ਚੁਣਿਆ ਹੈ। 59 ਵਰ੍ਹਿਆਂ ਦੇ ਅਲ-ਜਵਾਹਿਰੀ ਨੇ ਅਲ-ਕਾਇਦਾ ਦੀ ਸਥਾਪਨਾ ਵਿਚ ਅਹਿਮ ਭੂਮਿਕਾ ਨਿਭਾਈ ਸੀ ਤੇ ਉਹ ਓਸਾਮਾ ਦੇ ਡਿਪਟੀ ਵਜੋਂ ਸਰਗਰਮ ਰਿਹਾ ਸੀ। ਅਲ-ਕਾਇਦਾ ਦੀ ਸਥਾਪਨਾ ਤੋਂ ਪਹਿਲਾਂ ਅਲ-ਜਵਾਹਿਰੀ ਮਿਸਰ ਵਿਚ ਇਕ ਸਰਜਨ ਵਜੋਂ ਕੰਮ ਕਰਦਾ ਸੀ। ਅਲ-ਕਾਇਦਾ ਨੇ ਜੂਨ ਮਹੀਨੇ ਵਿਚ ਹੀ ਉਸ ਨੂੰ ਸੰਸਥਾ ਦਾ ਮੁਖੀ ਐਲਾਨਿਆ ਹੈ ਤੇ ਜਹਾਦੀ ਗੁੱਟਾਂ ਦੀ ਵੈੱਬਸਾਈਟ 'ਤੇ ਅੱਜ ਹੀ ਇਸ ਬਾਰੇ ਖ਼ਬਰ ਨਸ਼ਰ ਹੋਈ ਹੈ। ਅਲ-



ਜਵਾਹਿਰੀ ਨੂੰ ਫੜਨ ਲਈ ਅਮਰੀਕਾ ਨੇ 25 ਮਿਲੀਅਨ ਡਾਲਰ ਦਾ ਇਨਾਮ ਵੀ ਐਲਾਇਆ ਹੋਇਆ ਹੈ।

ਉਧਰ ਅਮਰੀਕਾ ਨੇ ਅਲਕਾਇਦਾ ਦੇ ਨਵੇਂ ਮੁਖੀ ਅਲ-ਜ਼ਵਾਹਰੀ ਨੂੰ ਵੀ ਖਤਮ ਕਰਨ ਦਾ ਪ੍ਰਣ ਲਿਆ ਹੈ। ਅਮਰੀਕਾ ਨੇ ਕਿਹਾ ਹੈ ਕਿ ਓਸਾਮਾ ਬਿਨ ਲਾਦੇਨ ਵਾਂਗ ਜ਼ਵਾਹਰੀ ਨੂੰ ਵੀ ਲੱਭ ਕੇ ਖਤਮ ਕਰ ਦਿੱਤਾ ਜਾਵੇਗਾ। ਅਮਰੀਕੀ ਫੌਜ ਦੇ ਮੁਖੀ ਅਡਮਿਰਲ ਮਾਈਕ ਮੁਲੇਨ ਨੇ ਕਿਹਾ ਕਿ ਜ਼ਵਾਹਰੀ ਤੇ ਉਸ ਦਾ ਸੰਗਠਨ ਅਜੇ ਵੀ ਖਤਰਾ ਹਨ ਤੇ ਜ਼ਵਾਹਰੀ ਦਾ ਹਸ਼ਰ ਵੀ ਲਾਦੇਨ ਵਾਲਾ ਹੀ ਹੋਵੇਗਾ। ਅਮਰੀਕੀ ਵਿਦੇਸ਼ ਵਿਭਾਗ ਦਾ ਕਹਿਣਾ ਹੈ ਕਿ ਅਲਕਾਇਦਾ ਦੀ ਕਮਾਨ ਚਾਹੇ ਕੋਈ ਵੀ ਸੰਭਾਲੇ ਉਸ ਨੂੰ ਕੋਈ ਫਰਕ ਨਹੀਂ ਪੈਂਦਾ। ਇਸ ਤੋਂ ਪਹਿਲਾਂ ਅਮਰੀਕੀ ਅਧਿਕਾਰੀ ਨੇ ਕਿਹਾ ਸੀ ਕਿ ਅਲਕਾਇਦਾ ਵਿਚ ਜ਼ਵਾਹਰੀ ਦੀ ਲਾਦੇਨ ਵਾਂਗ ਭਰੋਸੇਯੋਗਤਾ ਨਹੀਂ ਹੈ। ਇਸ ਅਧਿਕਾਰੀ ਦਾ ਅਨੁਮਾਨ ਹੈ ਕਿ ਜ਼ਵਾਹਰੀ ਨੂੰ ਆਪਣਾ ਅਹੁਦਾ ਬਚਾ ਸਕਣਾ ਮੁਸ਼ਕਲ ਹੋ ਜਾਵੇਗਾ।

## ਭਾਰਤੀ ਮੂਲ ਦੇ ਡਾਕਟਰ ਨੂੰ ਕਾਬੂ ਕਰਨ ਲਈ ਐਫ.ਬੀ.ਆਈ. ਚੌਕਸ

**ਸ਼ਿਕਾਗੋ (ਪੰਜਾਬ ਟਾਈਮਜ਼ ਬਿਊਰੋ):** ਅਮਰੀਕੀ ਖੁਫ਼ੀਆ ਏਜੰਸੀ ਐਫ.ਬੀ.ਆਈ. ਨੇ ਇਕ ਭਾਰਤੀ ਮੂਲ ਦੇ ਡਾਕਟਰ ਨੂੰ 'ਅਤਿ-ਲੋੜੀਂਦੇ' ਵਿਅਕਤੀਆਂ ਦੀ ਸੂਚੀ 'ਚ ਸ਼ਾਮਲ ਕਰਦਿਆਂ ਉਸ ਨੂੰ ਕਾਬੂ ਕਰਨ ਲਈ ਪੂਰੇ ਦੇਸ਼ 'ਚ ਚੌਕਸੀ ਵਧਾ ਦਿੱਤੀ ਹੈ। ਗੌਤਮ ਗੁਪਤਾ ਨਾਂ ਦੇ ਇਸ ਡਾਕਟਰ 'ਤੇ ਦੋਸ਼ ਹੈ ਕਿ ਉਸ ਨੇ ਅਮਰੀਕੀ ਬੀਮਾ ਕੰਪਨੀਆਂ ਨਾਲ ਪਿਛਲੇ ਦਹਾਕੇ ਦੌਰਾਨ ਢਾਈ ਕਰੋੜ ਡਾਲਰ ਦੀ ਧੋਖਾਧੜੀ ਕੀਤੀ ਹੈ।

ਐਫ.ਬੀ.ਆਈ. ਕੋਲ ਪੁੱਜੀਆਂ ਸ਼ਿਕਾਇਤਾਂ 'ਚ ਡਾ. ਗੁਪਤਾ 'ਤੇ ਦੋਸ਼ ਹੈ ਕਿ ਉਸ ਨੇ ਬੀਮਾ ਕੰਪਨੀਆਂ ਤੋਂ ਅਜਿਹੇ ਕੰਮ ਤੇ ਸਕੀਮਾਂ ਤਹਿਤ ਤਕਰੀਬਨ ਢਾਈ ਕਰੋੜ ਡਾਲਰ ਹਾਸਲ ਕੀਤੇ ਹਨ ਜਿਹੜੇ ਮੈਡੀਕਲ ਪ੍ਰੈਕਟਿਸ ਲਈ ਜ਼ਰੂਰੀ ਹੀ ਨਹੀਂ ਸਨ। ਡਾ. ਗੁਪਤਾ ਨੂੰ ਕਾਬੂ ਕਰਨ ਲਈ ਪੁਲਿਸ ਵੀ ਪੂਰੀ ਚੌਕਸ ਹੈ। ਏਜੰਸੀ ਵੱਲੋਂ ਡਾ. ਗੁਪਤਾ ਦੇ ਮੁਲਾਜ਼ਮਾਂ ਤੇ ਮਰੀਜ਼ਾਂ ਦੇ ਵੀ ਬਿਆਨ ਕਲਮਬੰਦ ਕੀਤੇ ਜਾ ਰਹੇ ਹਨ।

ਐਫ.ਬੀ.ਆਈ. ਦੇ ਬੁਲਾਰੇ ਦਾ ਕਹਿਣਾ ਹੈ ਕਿ ਅਜੇ ਤੱਕ ਉਨ੍ਹਾਂ ਨੂੰ ਇਸ ਗੱਲ ਦਾ ਪਤਾ ਨਹੀਂ ਕਿ ਡਾ. ਗੁਪਤਾ ਕਿੱਥੇ ਹੈ। ਏਜੰਸੀ ਨੇ ਉਸ ਘੁਟਾਲੇ ਤੇ ਸਾਜਿਸ਼ ਦੇ ਦੋਸ਼ਾਂ ਤਹਿਤ ਕੇਸ ਦਰਜ ਕੀਤਾ ਹੈ ਜਿਸ ਤਹਿਤ ਉਸ ਨੂੰ 35 ਸਾਲ ਸਜ਼ਾ ਹੋ ਸਕਦੀ ਹੈ। ਉਂਜ ਏਜੰਸੀ ਨੂੰ ਇਹ ਵੀ ਸ਼ੱਕ ਹੈ ਕਿ ਡਾ. ਗੁਪਤਾ ਭਾਰਤ ਦੌੜ ਗਿਆ ਹੈ। ਇਸ ਲਈ ਸਰਕਾਰ ਨੇ ਇੰਟਰਪੋਲ ਨੂੰ ਚੌਕਸ ਰਹਿਣ ਲਈ ਕਹਿ ਦਿੱਤਾ ਹੈ। ਸੂਤਰਾਂ ਅਨੁਸਾਰ ਡਾ. ਗੁਪਤਾ ਪਹਿਲਾਂ ਵੀ ਕਈ ਵਾਰ ਚਰਚਾ 'ਚ ਰਿਹਾ ਹੈ।






# ਬਲਾਤਕਾਰ ਦਾ ਵਿਰੋਧ ਕਰਨ 'ਤੇ ਦਲਿਤ ਲੜਕੀ ਦੀ ਅੱਖ ਕੱਢੀ

**■ ਇਕ ਹੋਰ ਔਰਤ ਨੂੰ ਬਲਾਤਕਾਰ ਤੋਂ ਬਾਅਦ ਜਿਊਂਦਾ ਸਾੜਿਆ**

**ਲਖਨਊ:** ਉੱਤਰ ਪ੍ਰਦੇਸ਼ 'ਚ ਇਕ ਔਰਤ ਮੁੱਖ ਮੰਤਰੀ ਹੋਣ ਦੇ ਬਾਵਜੂਦ ਔਰਤਾਂ ਦਾ ਸ਼ੋਸ਼ਣ ਸਿਖਰਾਂ 'ਤੇ ਹੈ। ਦੋ ਦਿਨਾਂ 'ਚ ਬਲਾਤਕਾਰ ਦੀਆਂ ਪੰਜ ਘਟਨਾਵਾਂ ਨੇ ਮਾਇਆਵਤੀ ਨੂੰ ਇਕ ਵਾਰ ਫਿਰ ਕਸੂਤੀ ਹਾਲਤ 'ਚ ਫਸਾ ਦਿੱਤਾ ਹੈ। ਜ਼ਿਲ੍ਹਾ ਏਟਾ 'ਚ ਕਿ ਔਰਤ ਨੂੰ ਬਲਾਤਕਾਰ ਪਿੱਛੋਂ ਜਿਉਂਦਾ ਸਾੜ ਦਿੱਤਾ ਗਿਆ ਜਦੋਂਕਿ ਫਿਰੋਜ਼ਾਬਾਦ ਤੇ ਗੌਂਡਾ ਜ਼ਿਲ੍ਹਿਆਂ 'ਚ ਦੋ ਨਾਬਾਲਗ ਕੁੜੀਆਂ ਨੂੰ ਜਬਰਜਨਾਹ ਦਾ ਸ਼ਿਕਾਰ ਬਣਾਇਆ ਗਿਆ। ਇਸ ਤੋਂ ਪਹਿਲਾਂ ਇਕ ਦਲਿਤ ਲੜਕੀ ਵੱਲੋਂ ਬਲਾਤਕਾਰ ਦਾ ਵਿਰੋਧ ਕੀਤੇ ਜਾਣ 'ਤੇ ਉਸ ਦੀ ਚਾਕੂ ਨਾਲ ਅੱਖ ਕੱਢ ਦਿੱਤੀ ਗਈ ਜਦਕਿ ਇਕ ਹੋਰ ਕਿਸ਼ੋਰ ਲੜਕੀ ਨਾਲ ਬੰਦੂਕ ਦਿਖਾ ਕੇ ਬਲਾਤਕਾਰ ਕੀਤਾ ਗਿਆ। ਲਖੀਮਪੁਰ ਕਾਂਡ ਤੋਂ ਕੁਝ ਦਿਨਾਂ ਮਗਰੋਂ ਹੀ ਕਈ ਹੋਰ ਘਟਨਾਵਾਂ ਵਾਪਰਨ 'ਤੇ ਮਾਇਆਵਤੀ ਸਰਕਾਰ 'ਤੇ ਵਿਰੋਧੀਆਂ ਨੇ ਹਮਲੇ ਤੇਜ਼ ਕਰ ਦਿੱਤੇ ਹਨ।

ਕਨੌਜ ਦੇ ਐਸ.ਪੀ. ਰਾਜਿੰਦਰ ਸਿੰਘ ਅਨੁਸਾਰ ਗੁਰਸਹਾਏ ਗੰਜ ਖੇਤਰ ਦੇ ਗਦਵਾ ਬੁਜ਼ਰੁਗ ਪਿੰਡ 'ਚ ਜਦੋਂ ਇਕ 14 ਸਾਲਾ ਲੜਕੀ ਕੰਮ ਦੇ ਸਿਲਸਿਲੇ 'ਚ ਬਾਹਰ ਗਈ ਤਾਂ ਦਲੀਪ ਤੇ ਨਿਰੰਜਨ ਯਾਦਵ ਨਾਂ ਦੇ ਦੋ ਵਿਅਕਤੀਆਂ ਨੇ ਉਸ ਨਾਲ ਬਲਾਤਕਾਰ ਕਰਨ ਦਾ ਯਤਨ ਕੀਤਾ। ਜਦੋਂ ਲੜਕੀ ਨੇ ਰੌਲਾ ਪਾ ਦਿੱਤਾ ਤਾਂ ਦੋਵਾਂ ਨੇ



ਚਾਕੂਆਂ ਨਾਲ ਉਸ 'ਤੇ ਹਮਲਾ ਕਰ ਦਿੱਤਾ ਤੇ ਉਸ ਦੀ ਇਕ ਅੱਖ ਚੀਰ ਦਿੱਤੀ ਤੇ ਦੂਜੀ ਵੀ ਜ਼ਖ਼ਮੀ ਕਰ ਦਿੱਤੀ। ਉਨ੍ਹਾਂ ਦੱਸਿਆ ਕਿ ਦੋਵੇਂ ਮੁਲਜ਼ਮ ਲੜਕੀ ਦੇ ਪਿੰਡ ਦੇ ਹਨ ਤੇ ਇਕ ਨਿਰੰਜਨ ਯਾਦਵ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਪੀੜਤ ਦੇ ਪਰਿਵਾਰ ਨੇ ਦੋਸ਼ ਲਾਇਆ ਹੈ ਕਿ ਪੁਲਿਸ ਲੜਕੀ ਦਾ ਬਿਆਨ ਲੈਣ ਲਈ ਤਿਆਰ ਨਹੀਂ ਸੀ।

ਦੂਜੀ ਘਟਨਾ ਬਸਤੀ ਦੇ ਰਾਣੀਪੁਰ ਬੇਲਾਡੀ ਪਿੰਡ ਦੀ ਹੈ ਜਿੱਥੇ ਹਥਿਆਰ ਦਿਖਾ ਕੇ 18 ਸਾਲ ਦੀ ਇਕ ਦਲਿਤ ਲੜਕੀ ਨਾਲ ਬਲਾਤਕਾਰ ਕੀਤਾ ਗਿਆ। ਪੁਲੀਸ ਅਨੁਸਾਰ ਸੱਤੀ ਸਿੰਘ ਨਾਂ ਦੇ ਬੰਦੇ ਨੇ ਬੰਦੂਕ ਦਿਖਾ ਕੇ ਲੜਕੀ ਨਾਲ ਕਥਿਤ ਬਲਾਤਕਾਰ ਕੀਤਾ।

ਕਾਂਗਰਸ ਦੀ ਯੂ.ਪੀ. ਇਕਾਈ ਦੀ ਪ੍ਰਧਾਨ ਰੀਟਾ ਬਹੁਗੁਣਾ ਜੋਸ਼ੀ ਤੇ ਪਾਰਟੀ ਦੇ ਯੂ.ਪੀ. ਮਾਮਲਿਆਂ ਦੇ ਇੰਚਾਰਜ ਦਿਗਵਿਜੇ ਸਿੰਘ ਨੇ ਮਾਇਆਵਤੀ ਸਰਕਾਰ ਦੀ ਕਰੜੀ ਨਿੰਦਾ ਕੀਤੀ ਹੈ। ਬੱਚਿਆਂ ਦੇ ਹੱਕਾਂ ਦੀ ਰਾਖੀ ਬਾਰੇ ਕੌਮੀ ਕਮਿਸ਼ਨ ਨੇ ਕਨੌਜ ਵਾਲੀ ਘਟਨਾ ਨੂੰ 'ਸਦਮੇ ਭਰੀ ਤੇ ਘਿਣੌਣੀ' ਕਰਾਰ ਦਿੰਦਿਆਂ ਕਿਹਾ ਹੈ ਇਸ ਨੇ ਘਟਨਾ ਦਾ ਨੋਟਿਸ ਲਿਆ ਹੈ ਤੇ ਸੂਬਾ ਸਰਕਾਰ ਤੋਂ ਇਸ ਬਾਰੇ ਰਿਪੋਰਟ ਮੰਗੀ ਜਾਵੇਗੀ।

ਇਸੇ ਤਰ੍ਹਾਂ ਈਟਾ ਵਿਚ ਇਕ ਔਰਤ ਨੂੰ ਬਲਾਤਕਾਰ ਦਾ ਸ਼ਿਕਾਰ ਬਣਾਉਣ ਤੋਂ ਬਾਅਦ ਜਿਉਂਦਾ ਸਾੜ ਦਿੱਤਾ ਗਿਆ ਜਦਕਿ ਫਿਰੋਜ਼ਾਬਾਦ ਤੇ ਗੌਂਡਾ ਜ਼ਿਲ੍ਹਿਆਂ ਵਿਚ ਦੋ ਅੱਲ੍ਹੜ ਕੁੜੀਆਂ ਨੂੰ ਹਵਸ ਦਾ ਸ਼ਿਕਾਰ ਬਣਾਇਆ ਗਿਆ। ਈਟਾ ਵਾਲੀ ਘਟਨਾ ਬਾਰੇ ਪੁਲਿਸ ਅਨੁਸਾਰ ਨਿਸੌਲੀ ਖੇਤਰ ਵਿਚ ਤਿੰਨ ਵਿਅਕਤੀਆਂ ਨੇ ਇਕ 35 ਸਾਲਾ ਔਰਤ ਨਾਲ ਬਲਾਤਕਾਰ ਕੀਤਾ ਤੇ ਫਿਰ ਉਸ ਨੂੰ ਜਿਉਂਦਿਆਂ ਸਾੜ ਦਿੱਤਾ। ਘਟਨਾ ਵੇਲੇ ਇਹ ਔਰਤ ਆਪਣੇ ਘਰ ਵਿਚ ਹੀ ਸੀ ਜਿੱਥੇ ਉਸ ਦੇ ਦੋ ਛੋਟੇ ਬੱਚੇ ਵੀ ਮੌਜੂਦ ਸਨ। ਪੁਲਿਸ ਨੇ ਬਲਾਤਕਾਰ ਤੇ ਕਤਲ ਦੀ ਥਾਂ ਇਸ ਨੂੰ ਆਤਮ-ਹੱਤਿਆ ਦਾ ਮਾਮਲਾ ਕਰਾਰ ਦੇਣ ਦਾ ਯਤਨ ਕੀਤਾ। ਮੁਲਜ਼ਮਾਂ ਦੀ ਪਛਾਣ ਸੁਨੀਲ ਯਾਦਵ, ਸੁਮਨ ਯਾਦਵ ਤੇ ਮੁਲਾਇਮ ਸਿੰਘ ਯਾਦਵ ਵਜੋਂ ਹੋਈ ਹੈ। ਫੈਜ਼ਾਬਾਦ ਵਿਚ ਇਕ 15 ਸਾਲਾ ਲੜਕੀ ਨੂੰ ਉਸ ਦੇ ਹੀ ਦੋਸਤ ਸ਼ਾਨੂ ਨੇ ਆਪਣੇ ਸਹਿਯੋਗੀ ਗਟੂਆ ਦੀ ਸਹਾਇਤਾ ਨਾਲ ਬਲਾਤਕਾਰ ਦਾ ਸ਼ਿਕਾਰ ਬਣਾਇਆ। ਪੁਲੀਸ ਸੁਪਰਡੈਂਟ ਮੰਜੀਲਾ ਸੈਨੀ ਨੇ ਦੱਸਿਆ ਕਿ ਲੜਕੀ ਦੇ ਪਰਿਵਾਰ ਵਾਲਿਆਂ ਦੀ ਸ਼ਿਕਾਇਤ 'ਤੇ ਸ਼ਾਨੂ ਨੂੰ ਗ੍ਰਿਫਤਾਰ ਕਰ ਲਿਆ ਹੈ। ਇਸੇ ਤਰ੍ਹਾਂ ਗੌਂਡਾ ਵਿਚ ਇਕ ਲੜਕੀ ਨੂੰ ਬਲਾਤਕਾਰ ਤੋਂ ਬਾਅਦ ਕਤਲ ਕਰ ਦਿੱਤੇ ਜਾਣ ਦੀ ਰਿਪੋਰਟ ਦਰਜ ਕਰਵਾਈ ਗਈ ਹੈ।

# ਅਸੀਮਾਨੰਦ ਨੇ ਘੜੀ ਸੀ ਬੰਬ ਬਦਲੇ ਬੰਬ ਦੀ ਥਿਊਰੀ

**ਪੰਚਕੂਲਾ:** ਚਾਰ ਸਾਲ ਦੀ ਜਾਂਚ ਤੋਂ ਬਾਅਦ ਰਾਸ਼ਟਰੀ ਜਾਂਚ ਏਜੰਸੀ (ਐਨ.ਆਈ.ਏ) ਨੇ ਭਾਰਤ-ਪਾਕਿਸਤਾਨ ਵਿਚਾਲੇ ਚੱਲਦੀ ਸਮਝੌਤਾ ਐਕਸਪ੍ਰੈਸ ਰੇਲ ਗੱਡੀ ਵਿਚ 2007 ਵਿਚ ਹੋਏ ਬੰਬ ਧਮਾਕੇ ਦੇ ਮਾਮਲੇ ਵਿਚ ਸਵਾਮੀ ਅਸੀਮਾਨੰਦ ਤੇ ਚਾਰ ਹੋਰਾਂ ਵਿਰੁੱਧ ਦੋਸ਼ ਪੱਤਰਦਾਇਰ ਕਰ ਦਿੱਤਾ ਹੈ। ਪਾਣੀਪਤ ਨੇੜੇ 18 ਫਰਵਰੀ 2007 ਨੂੰ ਸਮਝੌਤਾ ਐਕਸਪ੍ਰੈਸ ਵਿਚ ਹੋਏ ਸ਼ਕਤੀਸ਼ਾਲੀ ਬੰਬ ਧਮਾਕੇ ਵਿਚ 68 ਵਿਅਕਤੀ ਮਾਰੇ ਗਏ ਸਨ।

ਇਥੇ ਵਿਸ਼ੇਸ਼ ਅਦਾਲਤ ਵਿਚ ਦਾਇਰ ਦੋਸ਼ ਪੱਤਰ ਵਿਚ ਸਵਾਮੀ ਅਸੀਮਾਨੰਦ, ਸੁਨੀਲ ਜੋਸ਼ੀ (ਮ੍ਰਿਤਕ), ਲੋਕੇਸ਼ ਸ਼ਰਮਾ, ਸੰਦੀਪ ਡਾਂਗੇ ਤੇ ਰਾਮਚੰਦਰ ਕਾਲਸੰਗਰਾ ਉਰਫ਼ ਰਾਮਜੀ ਨੂੰ ਦੋਸ਼ੀ ਬਣਾਉਂਦਿਆਂ ਇਨ੍ਹਾਂ ਵਿਰੁੱਧ ਅਪਰਾਧਿਕ ਸਾਜ਼ਿਸ਼ ਰਚਣ ਦੇ ਦੋਸ਼ ਲਾਏ ਗਏ ਹਨ ਜਿਸਤਹਿਤ ਬੰਬ ਧਮਾਕਾ ਹੋਇਆ। ਐਨ.ਆਈ. ਏ ਵੱਲੋਂ ਕੀਤੀ ਗਈ ਜਾਂਚ ਵਿਚ ਕਿਹਾ ਗਿਆ ਹੈ ਕਿ ਅਸੀਮਾਨੰਦ ਅਤਿਵਾਦੀਆਂ ਵੱਲੋਂ ਗੁਜਰਾਤ ਦੇ ਅਕਸ਼ਰਧਾਮ ਮੰਦਿਰ, ਜੰਮੂ ਦੇ ਰਘੂਨਾਥ ਮੰਦਿਰ ਤੇ ਵਾਰਾਨਸੀ ਦੇ ਸੰਕਟਮੋਚਨ ਮੰਦਿਰ ਉਤੇ ਕੀਤੇ ਗਏ ਹਮਲਿਆਂ ਤੋਂ ਬਹੁਤਪ੍ਰੇਸ਼ਾਨ ਹੋ ਗਿਆ ਸੀ। ਉਹ ਇਸ ਬਾਰੇ ਅਕਸਰ ਆਪਣੀਆਂ ਭਾਵਨਾਵਾਂ ਸੁਨੀਲ ਜੋਸ਼ੀ ਤੇ ਉਸ ਦੇ ਸਹਿਯੋਗੀਆਂ ਨਾਲ ਸਾਂਝੀਆਂ ਕਰਦਾ ਸੀ। ਕੁਝ ਸਮੇਂ ਬਾਅਦ ਉਨ੍ਹਾਂ ਨੇ ਅਤਿਵਾਦੀਆਂ ਤੋਂ ਬਦਲਾ ਲੈਣ ਦੀ ਸਾਜ਼ਿਸ਼ ਘੜੀ ਜਿਸ ਦੇ ਸਿੱਟੇ ਵਜੋਂ ਅਸੀਮਾਨੰਦ ਨੇ ਬੰਬ ਦਾ ਬਦਲਾ ਬੰਬਨਾਲ ਲੈਣ ਦਾ ਰਾਹ ਅਪਣਾਇਆ।

ਇਸ ਲਈ ਸਮਝੌਤਾ ਐਕਸਪ੍ਰੈਸ ਦੀ ਵਿਸ਼ੇਸ਼ ਤੌਰ 'ਤੇ ਚੋਣ ਕੀਤੀ ਗਈ ਕਿਉਂਕਿ ਇਸ ਵਿਚ ਸਫ਼ਰ ਕਰਨ ਵਾਲਿਆਂ ਵਿਚ ਜ਼ਿਆਦਾਤਰ ਮੁਸਲਮਾਨ ਹੁੰਦੇ ਹਨ। ਇਥੇ ਜ਼ਿਕਰਯੋਗ ਹੈਕਿ ਇਸ ਮਾਮਲੇ ਵਿਚ ਅਦਾਲਤ ਅਸੀਮਾਨੰਦ ਦੀ ਜ਼ਮਾਨਤ ਦੀ ਦਰਖਾਸਤ ਪਹਿਲਾਂ ਹੀ ਰੱਦ ਕਰ ਚੁੱਕੀ ਹੈ।

## ਅਮਰੀਕਾ 'ਚ ਹਵਾਈ ਹਾਦਸੇ ਦੌਰਾਨ ਭਾਰਤੀ ਮੂਲ ਦੇ ਜੋੜੇ ਦੀ ਮੌਤ

**ਵਾਸ਼ਿੰਗਟਨ:** ਅਮਰੀਕਾ 'ਚ ਨਿਊਜਰਸੀ ਦੇ ਡਾਕਟਰ ਜੋੜੇ ਦਾ ਜਹਾਜ਼ ਓਹਾਇਓ ਦੇ ਇਕ ਮੱਕੀ ਦੇ ਖੇਤ 'ਚ ਹਾਦਸਾਗ੍ਰਸਤ ਹੋ ਗਿਆ। ਇਸ ਹਾਦਸੇ 'ਚ ਜੋੜੇ ਦੀ ਮੌਤ ਹੋ ਗਈ। ਜਹਾਜ਼ 'ਚ ਪਾਇਲਟ ਦੀ ਸੀਟ 'ਤੇ 54 ਸਾਲਾ ਡਾ. ਵਿਸ਼ਵਨਾਥ ਰਾਜਾਰਮਨ ਤੇ ਉਨ੍ਹਾਂ ਦੀ ਪਤਨੀ 50 ਸਾਲਾ ਮੈਰੀ ਜੇ. ਸੁੰਦਰਮ ਸਵਾਰ ਸਨ। ਰਾਜਾਰਮਨ ਕੋਲੰਬਸ ਦੇ ਰਿਕੇਨਬੈਕਰ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਉਡਾਣ ਭਰਨ ਦੀ ਕੋਸ਼ਿਸ਼ ਕਰ ਰਹੇ ਸਨ ਕਿ ਜਹਾਜ਼ ਹਾਦਸੇ ਦਾ ਸ਼ਿਕਾਰ ਹੋ ਗਿਆ। ਇਹ ਹਾਦਸਾ 19 ਜੂਨ ਨੂੰ ਸਵੇਰੇ 9 ਵਜੇ ਦੇ ਕਰੀਬ ਵਾਪਰਿਆ।

# ਪੰਜਾਬ, ਪਰਵਾਸ ਤੇ ਪਰਵਾਜ਼

*(ਸਫਾ 15 ਦੀ ਬਾਕੀ)*

ਹਨ? ਮਿਹਨਤ ਮੁਸ਼ੱਕਤ ਨਾਲ ਬਣਾਈਆਂ ਜ਼ਮੀਨਾਂ ਜਾਇਦਾਦਾਂ ਛੱਡੀਆਂ ਜਾ ਸਕਦੀਆਂ ਹਨ?

ਨਾਅਰੇ ਲਾਉਣੇ ਈ ਸੌਖੇ ਹਨ ਜਦੋਂ ਅਮਲ ਕਰਨਾ ਪਿਆ ਪਤਾ ਉਦੋਂ ਲੱਗੇਗਾ। ਜਿਹੜੇ ਪੰਜਾਬੀ ਅਫਰੀਕਾ 'ਚੋਂ ਕੱਢੇ ਗਏ ਸਨ ਉਹ ਕਈ ਸਾਲ ਤਾਬ ਨਹੀਂ ਸੀ ਆਏ। ਹਾਲੇ ਤਕ ਤਾਂ 1947 ਦੇ ਉਜੜਿਆਂ ਨੂੰ ਬਾਰਾਂ ਦੇ ਮੁਰੱਬੇ ਨਹੀਂ ਭੁੱਲੇ। ਦਹਿਸ਼ਤੀ ਦੌਰ ਨੇ ਪੰਜਾਬ ਦੀ ਖ਼ੁਸ਼ਹਾਲੀ ਕੰਗਾਲੀ ਵਿਚ ਬਦਲ ਦਿੱਤੀ ਸੀ ਜਿਸ ਦਾ ਕਰਜ਼ਾ ਪਤਾ ਨਹੀਂ ਕਦ ਲੱਥੇ? ਕੀ ਪੰਜਾਬੀ ਪੰਜਾਬ ਤੋਂ ਬਾਹਰ ਸਥਾਪਤ ਕੀਤੇ ਵੱਡੇ ਵੱਡੇ ਕਾਰੋਬਾਰ ਛੱਡਣ ਲਈ ਤਿਆਰ ਹੋਣਗੇ? ਆਪ ਪੰਜਾਬ ਛੱਡੀ ਜਾਣਾ ਤੇ ਹੋਰ ਕਿਸੇ ਨੂੰ ਪੰਜਾਬ ਵਿਚ ਆਉਣ ਨਾ ਦੇਣਾ, ਇਹ ਗੱਲ ਕਿਵੇਂ ਹੋਵੇਗੀ? ਮੰਗ ਇਹ ਹੋਣੀ ਚਾਹੀਦੀ ਹੈ ਕਿ ਜਿਹੜਾ ਕੋਈ ਗ਼ੈਰ ਪੰਜਾਬੀ ਪੰਜਾਬ ਵਿਚ ਰਹਿਣਾ ਚਾਹੇ ਉਹਦੇ ਕੁਝ ਨਿਯਮ ਹੋਣ ਤੇ ਉਹਦਾ ਰਿਕਾਰਡ ਰੱਖਿਆ ਜਾਵੇ ਤਾਂ ਜੋ ਪੰਜਾਬ ਦਾ ਅਮਨ ਕਾਨੂੰਨ ਕਦੇ ਖ਼ਤਰੇ ਵਿਚ ਨਾ ਪਵੇ।

ਸਰਦੇ ਪੁੱਜਦੇ ਪੰਜਾਬੀ ਤਾਂ ਆਪਣੀ ਮਾਂ ਬੋਲੀ ਪੰਜਾਬੀ ਵੀ ਛੱਡੀ ਜਾ ਰਹੇ ਹਨ। ਭਈਏ ਗਰੀਬ ਕਿਰਤੀ ਹਨ ਜਿਸ ਕਰਕੇ ਉਨ੍ਹਾਂ ਦੇ ਬੱਚੇ ਸਸਤੇ ਸਰਕਾਰੀ ਸਕੂਲਾਂ ਵਿਚ ਪੜ੍ਹਦੇ ਹਨ। ਉਥੇ ਪੰਜਾਬੀ ਪੜ੍ਹਾਈ ਜਾਂਦੀ ਹੈ ਜਿਸ ਕਰਕੇ ਪੰਜਾਬੀ ਉਨ੍ਹਾਂ ਦੀ ਬੋਲ ਚਾਲ ਦੀ ਬੋਲੀ ਬਣ ਰਹੀ ਹੈ। ਇਹੋ ਉਨ੍ਹਾਂ ਦੇ ਬੱਚਿਆਂ ਦੀ ਮਾਂ ਬੋਲੀ ਬਣੇਗੀ। ਜਿਵੇਂ ਮਲਵਈ, ਮਾਝੀ, ਦੁਆਬੀ, ਪੋਠੋਹਾਰੀ, ਪਹਾੜੀ, ਲਹਿੰਦੀ, ਮੁਲਤਾਨੀ, ਬਾਗੜੀ ਜਾਂ ਪੁਆਧੀ ਹੈ ਉਵੇਂ ਹੀ ਭਈਆਈ ਪੰਜਾਬੀ ਦੀ ਉਪ ਭਾਸ਼ਾ ਹੋਵੇਗੀ। ਆਖ਼ਰ ਨੂੰ ਤਾਂ ਪੰਜਾਬ ਉਨ੍ਹਾਂ ਦਾ ਹੀ ਹੋਣਾ ਹੈ ਜਿਹੜੇ ਪੰਜਾਬ ਵਿਚ ਕਿਰਤ ਕਰਨਗੇ ਪੰਜਾਬੀ ਬਣ ਕੇ ਰਹਿਣਗੇ।

## ਸੱਤਿਆ ਸਾਈਂ ਬਾਬਾ ਦੇ ਕਮਰੇ 'ਚੋਂ 98 ਕਿਲੋ ਸੋਨਾ ਮਿਲਿਆ



**ਬੰਗਲੌਰ:** ਸੱਤਿਆ ਸਾਈਂ ਬਾਬਾ ਦੇ ਬੰਦ ਪਏ ਕਮਰੇ ਵਿਚੋਂ 98 ਕਿਲੋ ਸੋਨਾ, 307 ਕਿਲੋ ਚਾਂਦੀ ਤੇ 11 ਕਰੋੜ 56 ਲੱਖ ਰੁਪਏ ਦੀ ਨਕਦੀ ਬਰਾਮਦ ਹੋਈ ਹੈ। ਇਹ ਖੁਲਾਸਾ ਸੱਤਿਆ ਸਾਈਂ ਬਾਬਾ ਟਰੱਸਟ ਤੇ ਤਰਜਮਾਨ ਸ੍ਰੀ ਪੁੱਟਾਪਤੀ ਨੇ ਕੀਤਾ। ਨਕਦੀ ਵਿਚ ਕਾਫੀ ਵੱਡਾ ਹਿੱਸਾ ਵਿਦੇਸ਼ੀ ਰਕਮ ਦਾ ਸੀ। ਨਕਦੀ ਗਿਣਨ ਨੂੰ 30 ਘੰਟਿਆਂ ਤੋਂ ਵਧ ਸਮਾਂ ਲੱਗਿਆ। ਸੱਤਿਆ ਸਾਈਂ ਬਾਬਾ ਜੀ ਦੇ ਚਲਾਣੇ ਤੋਂ ਬਾਅਦ ਤੋਂ ਹੀ ਉਨ੍ਹਾਂ ਦਾ ਕਮਰਾ ਬੰਦ ਪਿਆ ਸੀ ਤੇ ਉਸ ਨੂੰ ਖੁੱਲ੍ਹਵਾ ਕੇ ਇਹ ਕਾਰਵਾਈ ਹੋਈ। ਮੁੱਢਲੀਆਂ ਰਿਪੋਰਟਾਂ ਵਿਚ ਇਹ ਕਿਹਾ ਗਿਆ ਹੈ ਕਿ ਅਧਿਕਾਰੀਆਂ ਦੀ ਮੌਜੂਦਗੀ ਵਿਚ ਹੋਈ ਇਸ ਗਿਣਤੀ ਦੌਰਾਨ 450 ਕਿਲੋ ਸੋਨਾ ਤੇ ਭਾਰੀ ਮਾਤਰਾ ਵਿਚ ਹੀਰੇ-ਜਵਾਹਰਾਤ ਮਿਲੇ ਸਨ। ਅਧਿਕਾਰੀ ਮਿਲੇ ਸਾਮਾਨ ਦੀ ਗਿਣਤੀ-ਮਿਣਤੀ ਕਰ ਰਹੇ ਹਨ।

ਸੂਤਰਾਂ ਮੁਤਾਬਕ ਸੱਤਿਆ ਸਾਈਂ ਬਾਬਾ ਦੇ ਕਮਰੇ ਵਿਚੋਂ ਮਿਲੀ ਸਾਰੀ ਦੌਲਤ ਪੰਜ ਜੀਪਾਂ ਵਿਚ ਭਰ ਕੇ ਪੁਟਪਰਥੀ ਦੇ ਬੈਂਕ ਵਿਚ ਲਿਜਾਈ ਗਈ। ਟਰੱਸਟ ਦੇ ਮੈਂਬਰਾਂ ਨੇ ਕੁਝ ਸੀਨੀਅਰ ਜੁਡੀਸ਼ੀਅਲ ਪੁਲਿਸ ਅਧਿਕਾਰੀਆਂ ਦੇ ਸਾਹਮਣੇ ਸੱਤਿਆ ਸਾਈਂ ਬਾਬਾ ਦੇ ਸਾਹਮਣੇ ਤਾਲਾ ਖੋਲ੍ਹਿਆ ਸੀ।

## ਅੰਮ੍ਰਿਤਸਰ-ਲੰਦਨ ਉਡਾਣ 13 ਅਕਤੂਬਰ ਤੋਂ

**ਅੰਮ੍ਰਿਤਸਰ:** ਬ੍ਰਿਟਿਸ਼ ਮਿਡਲੈਂਡ ਇੰਟਰਨੈਸ਼ਨਲ ਏਅਰਲਾਈਨਜ਼ (ਬੀ.ਐਸ. ਆਈ.) 13 ਅਕਤੂਬਰ ਤੋਂ ਅੰਮ੍ਰਿਤਸਰ-ਲੰਦਨ ਲਈ ਉਡਾਣ ਸ਼ੁਰੂ ਕਰ ਰਹੀ ਹੈ। ਉਡਾਣ ਹਫਤੇ ਵਿਚ ਤਿੰਨ ਵਾਰ ਕਜ਼ਾਕਿਸਤਾਨ ਹੁੰਦੇ ਹੋਏ ਅੰਮ੍ਰਿਤਸਰ ਤੋਂ ਲੰਦਨ ਜਾਵੇਗੀ। ਅੰਮ੍ਰਿਤਸਰ ਤੋਂ ਇਹ ਫਲਾਈਟ ਮੰਗਲਵਾਰ, ਸ਼ੁੱਕਰਵਾਰ ਤੇ ਐਤਵਾਰ ਲੰਦਨ ਨੂੰ ਰਵਾਨਾ ਹੋਵੇਗੀ ਤੇ ਸੋਮਵਾਰ, ਵੀਰਵਾਰ ਅਤੇ ਸ਼ਨੀਵਾਰ ਨੂੰ ਅੰਮ੍ਰਿਤਸਰ ਆਇਆ ਕਰੇਗੀ।


**Global Multi Services**

ਕੈਲੀਫੋਰਨੀਆ ਵਿਚ ਰਹਿੰਦੇ ਟਰੱਕਰ ਭਰਾਵਾਂ ਲਈ ਖ਼ੁਸ਼ਖਬਰੀ

ਟਰੱਕਿੰਗ ਦੀ ਦੁਨੀਆਂ ਵਿਚ ਨਵਾਂ ਕਦਮ

> ਟਰੱਕਾਂ ਦੀਆਂ ਲਾਇਸੈਂਸ ਪਲੇਟਾਂ ਲੈਣ ਲਈ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।

> ਕੇਵਲ ਦੋ ਘੰਟਿਆਂ ਵਿਚ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਆਫਿਸ ਵਿਚ ਸੰਪਰਕ ਕਰੋ

ਹੁਣ ਤੁਸੀਂ ਟਰੱਕਾਂ ਦੀਆਂ ਪਲੇਟਾਂ ਗਲੋਬਲ ਮਲਟੀ ਸਰਵਿਸਸ ਦੇ ਦਫਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ

ਪਿਛਲੇ ਪੰਜ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ



**High Five Plaza #207**
**16925 S. Harlan Rd.**
**Lathrop CA 95330**
**Exactly on I-5 and Louise Exit**
**Opposite Dennys Restaurant**

**DMV Lic No. 62822**

**Insurance Lic No. 0G73739**

ਹੇਠ ਲਿਖੀਆਂ ਸੇਵਾਵਾਂ ਉਪਲਬਧ ਹਨ:

*License Plates
*IFTA *Fuel tax Return
*DOT, ICC-MC Registration Services
*New Mexico & Kentucky Permit
*Corporation and LLC Formation,
*Highway Use Tax (2290)
*UCR Permit, Oregon Permits, CA #,
*MCP, New York Permits etc.



*Rajinder Singh*

ਰਜਿੰਦਰ ਸਿੰਘ ਜਾਂ ਮਨੀਤ ਪਾਲ ਸਿੰਘ

**ਫੋਨ 209-982-9996**

ਫੈਕਸ:209-982-9997

# ਬੇਦਰਦ ਦੌਰ ਦੀ ਦਾਸਤਾਨ

## ਪ੍ਰੋ. ਭੁੱਲਰ ਦੇ ਟੱਬਰ ਦੀ ਹੱਡ-ਬੀਤੀ



***ਪ੍ਰੋਫੈਸਰ ਦਵਿੰਦਰਪਾਲ ਸਿੰਘ ਭੁੱਲਰ ਦੀ ਸਜ਼ਾ ਤੁੜਵਾਉਣ ਲਈ ਸੰਸਾਰ ਭਰ ਵਿਚ ਬੇਮਿਸਾਲ ਹੁੰਗਾਰਾ ਮਿਲਿਆ ਹੈ। ਉਸ ਦੇ ਕੇਸ ਨੇ ਉਸ ਵੇਲੇ ਦੀ ਯਾਦ ਤਾਜ਼ਾ ਕਰਵਾ ਦਿੱਤੀ ਹੈ ਜਦੋਂ ਨੌਜਵਾਨ ਘਰੋਂ ਬੇਘਰ ਹੋ ਰਹੇ ਸਨ। ਉਨ੍ਹਾਂ ਵਿਚੋਂ ਬਹੁਤਿਆਂ ਨੂੰ ਇਹ ਖ਼ਬਰ ਤੱਕ ਨਹੀਂ ਸੀ ਕਿ ਉਹ ਫਿਰ ਕਦੀ ਵੀ ਘਰ ਨਹੀਂ ਪਰਤ ਸਕਣਗੇ। ਉਨ੍ਹਾਂ ਦੇ ਟੱਬਰਾਂ ਨਾਲ ਜੋ ਵਾਪਰਿਆ, ਉਹ ਸੁਣ ਕੇ ਤਾਂ ਰੌਂਗਟੇ ਖੜ੍ਹੇ ਹੋ ਜਾਂਦੇ ਹਨ। ਦਰਅਸਲ, ਉਹ ਦੌਰ ਪੰਜਾਬ ਦੇ ਅਵਾਮ ਨੂੰ ਬਹੁਤ ਬੇਦਰਦ ਅਤੇ ਬੇਕਿਰਕ ਹੋ ਕੇ ਟੱਕਰਿਆ, ਤੇ ਤਕਰੀਬਨ ਹਰ ਤੀਜਾ ਘਰ ਇਸ ਸੇਕ ਨਾਲ ਝੁਲਸਿਆ ਗਿਆ। ਦਵਿੰਦਰਪਾਲ ਸਿੰਘ ਭੁੱਲਰ ਦੇ ਟੱਬਰ ਨੂੰ ਵੀ ਅਤਿਅੰਤ ਕਸ਼ਟ ਸਹਿਣੇ ਪਏ ਪਰ ਦੁੱਖ ਇਸ ਗੱਲ ਦਾ ਹੈ ਕਿ ਜਿੰਨੇ ਲੋਕ ਇਸ ਵੇਲੇ ਭੁੱਲਰ ਦੇ ਹੱਕ ਵਿਚ ਡਟੇ ਹਨ, ਜੇ ਕਿਤੇ ਉਸ ਵੇਲੇ ਹਰ ਕਿਸਮ ਦੀਆਂ ਵਧੀਕੀਆਂ ਖਿਲਾਫ ਡਟੇ ਹੁੰਦੇ ਤਾਂ ਪੰਜਾਬ ਦੀ ਜਵਾਨੀ ਦਾ ਇੰਨਾ ਘਾਣ ਨਾ ਹੁੰਦਾ। ਪੱਤਰਕਾਰ ਹੁਕਮ ਚੰਦ ਸ਼ਰਮਾ ਨੇ ਭੁੱਲਰ ਦੇ ਟੱਬਰ ਉਤੇ ਹੋਏ ਜ਼ੁਲਮਾਂ ਦੀ ਦਾਸਤਾਨ ਲੋਕਾਂ ਨਾਲ ਸਾਂਝੀ ਕੀਤੀ ਹੈ। 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਇਹ ਦਾਸਤਾਨ ਇੱਥੇ ਦਿੱਤੀ ਜਾ ਰਹੀ ਹੈ। ਨਾਲ ਹੀ ਭੁੱਲਰ ਦੀ ਪਤਨੀ ਬੀਬੀ ਨਵਨੀਤ ਕੌਰ ਨਾਲ ਮੁਲਾਕਾਤ ਛਾਪੀ ਜਾ ਰਹੀ ਹੈ। ਬੀਬੀ ਨਵਨੀਤ ਕੌਰ ਨੇ ਭੁੱਲਰ ਦੇ ਹੱਕ ਵਿਚ ਹਮਾਇਤ ਜੁਟਾਉਣ ਲਈ ਜ਼ੋਰਦਾਰ ਹੰਭਲਾ ਮਾਰਿਆ ਹੈ। ਉਸ ਦੇ ਹੰਭਲੇ ਕਰਕੇ ਹੀ ਯੂਰਪੀ ਦੇਸ਼ਾਂ ਦੀ ਹਮਾਇਤ ਹਾਸਲ ਹੋ ਸਕੀ ਹੈ।***

ਦਿੱਲੀ ਦੀ ਤਿਹਾੜ ਜੇਲ੍ਹ ਵਿਚ ਨਜ਼ਰਬੰਦ ਪ੍ਰੋਫੈਸਰ ਦਵਿੰਦਰਪਾਲ ਸਿੰਘ ਭੁੱਲਰ ਜਿਸ ਨੂੰ ਅਤਿਵਾਦ ਵਿਰੋਧੀ ਫਰੰਟ ਦੇ ਚੇਅਰਮੈਨ ਅਤੇ ਆਲ ਇੰਡੀਆ ਯੂਥ ਕਾਂਗਰਸ ਦੇ ਸਾਬਕਾ ਪ੍ਰਧਾਨ ਮਨਿੰਦਰਜੀਤ ਸਿੰਘ ਬਿੱਟਾ 'ਤੇ ਦਿੱਲੀ ਵਿਚ 1993 ਵਿਚ ਹੋਏ ਹਮਲੇ ਜਿਸ ਵਿਚ ਕਈ ਲੋਕ ਮਾਰੇ ਗਏ ਸਨ, ਦੀ ਸਾਜ਼ਿਸ਼ ਵਿਚ ਸ਼ਾਮਿਲ ਹੋਣ ਦੇ ਦੋਸ਼ ਹੇਠ ਮੌਤ ਦੀ ਸਜ਼ਾ ਸੁਣਾਈ ਗਈ ਹੈ, ਦੇ ਪਰਿਵਾਰ ਦਾ ਪਿਛੋਕੜ ਪਾਕਿਸਤਾਨ ਦੇ ਜ਼ਿਲ੍ਹਾ ਕਸੂਰ ਦੇ ਪਿੰਡ ਜਾਮਣ ਨਾਲ ਸਬੰਧਿਤ ਹੈ। ਇਸ ਪਰਿਵਾਰ ਦੇ ਵੱਡੇ-ਵਡੇਰਿਆਂ ਨੇ ਆਜ਼ਾਦੀ ਦੇ ਸੰਘਰਸ਼ ਵਿਚ ਹਿੱਸਾ ਲਿਆ ਸੀ ਅਤੇ ਅੰਗਰੇਜ਼ ਸਰਕਾਰ ਨੇ ਇਨ੍ਹਾਂ ਦੀ ਜ਼ਮੀਨ ਕੁਰਕ ਕਰ ਲਈ ਸੀ। ਬਾਅਦ ਵਿਚ ਇਹ ਪਰਿਵਾਰ ਖੇਮਕਰਨ ਨੇੜੇ ਮਹਿੰਦੀਪੁਰ ਪਿੰਡ ਆ ਵਸਿਆ, ਤੇ ਖੇਤੀ ਕਰਨ ਲੱਗਿਆ। ਪਰਿਵਾਰ ਦੇ ਕੁਝ ਮੈਂਬਰ ਅਜੇ ਵੀ ਉਥੇ ਹੀ ਖੇਤੀ ਕਰਦੇ ਹਨ।

ਇਸ ਪਰਿਵਾਰ ਨੇ 1980 ਵਿਚ ਬਠਿੰਡਾ ਜ਼ਿਲ੍ਹੇ ਦੇ ਪਿੰਡ ਦਿਆਲਪੁਰਾ ਭਾਈਕਾ ਵਿਖੇ ਬਰਾਨੀ ਜ਼ਮੀਨ ਸਸਤੀ ਕੀਮਤ 'ਤੇ ਲੈ ਕੇ ਖੇਤੀ ਸ਼ੁਰੂ ਕੀਤੀ। ਪਰਿਵਾਰ ਦੇ ਦੱਸਣ ਮੁਤਾਬਕ ਪ੍ਰੋਫੈਸਰ ਦਵਿੰਦਰਪਾਲ ਸਿੰਘ ਭੁੱਲਰ ਦੇ ਤਾਏ ਜਥੇਦਾਰ ਜੰਗੀਰ ਸਿੰਘ ਨੇ ਜੈਤੋ ਦੇ ਮੋਰਚੇ, ਗੁਰਦੁਆਰਾ ਸੁਧਾਰ ਲਹਿਰ ਅਤੇ ਪੰਜਾਬੀ ਸੂਬੇ ਦੇ ਮੋਰਚੇ ਵਿਚ ਵੀ ਹਿੱਸਾ ਲੈ ਕੇ ਢਾਈ ਸਾਲ ਦੀ ਕੈਦ ਹਿਸਾਰ ਜੇਲ੍ਹ ਵਿਚ ਕੱਟੀ ਸੀ। ਉਸ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਨਮਾਨਿਤ ਵੀ ਕੀਤਾ ਗਿਆ ਸੀ। ਜਥੇਦਾਰ ਜੰਗੀਰ ਸਿੰਘ ਦੇ ਕੁਰਬਾਨੀ ਭਰੇ ਜੀਵਨ ਦਾ ਭੁੱਲਰ 'ਤੇ ਡੂੰਘਾ ਅਸਰ ਹੋਇਆ। ਪੜ੍ਹਾਈ ਵਿਚ ਹੁਸ਼ਿਆਰ ਭੁੱਲਰ ਨੇ ਬੀ.ਐਸ.ਸੀ.ਡੀ.ਏ.ਵੀ. ਕਾਲਜ ਜਲੰਧਰ ਤੋਂ ਕੀਤੀ, ਤੇ ਫਿਰ ਗੁਰੂ ਨਾਨਕ ਇੰਜਨੀਅਰਿੰਗ ਕਾਲਜ ਤੋਂ ਐਮ.ਐਸ.ਸੀ. ਕਰਨ ਤੋਂ ਬਾਅਦ ਉਥੇ ਹੀ ਪੜ੍ਹਾਉਣ ਲੱਗ ਪਿਆ। ਸਤੰਬਰ 1991 ਨੂੰ ਉਸ ਦਾ ਆਨੰਦ ਕਾਰਜ ਨਵਨੀਤ ਕੌਰ ਨਾਲ ਹੋਇਆ। ਵਿਆਹ ਦੇ ਤਿੰਨ ਮਹੀਨਿਆਂ ਮਗਰੋਂ ਹੀ ਉਸ ਦੇ ਪਰਿਵਾਰ 'ਤੇ ਆਫ਼ਤ ਆਣ ਪਈ। 23 ਅਗਸਤ 1991 ਨੂੰ ਚੰਡੀਗੜ੍ਹ ਵਿਖੇ ਪੰਜਾਬ ਪੁਲਿਸ ਦੇ ਸੀਨੀਅਰ ਆਈ.ਪੀ.ਐਸ. ਅਧਿਕਾਰੀ ਸੁਮੇਧ ਸੈਣੀ ਦੀਆਂ ਗੱਡੀਆਂ ਦੇ ਕਾਫ਼ਲੇ 'ਤੇ ਬੱਬਰ ਖਾਲਸਾ ਨਾਲ ਸਬੰਧਿਤ ਖਾੜਕੂਆਂ ਵੱਲੋਂ ਬੰਬ ਧਮਾਕਾ ਕੀਤਾ ਗਿਆ ਜਿਸ ਵਿਚ ਸ੍ਰੀ ਸੈਣੀ ਦੇ ਸੁਰੱਖਿਆ ਗਾਰਦ ਮਾਰੇ ਗਏ ਸਨ, ਪਰ ਖੁਦ ਉਹ ਵਾਲ-ਵਾਲ ਬਚ ਗਏ ਸਨ। ਪੁਲਿਸ ਨੇ ਇਸ ਕੇਸ ਵਿਚ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਨੂੰ ਇਹ ਸਾਜ਼ਿਸ਼ ਘੜਨ ਵਾਲੇ ਦੋਸ਼ੀ ਵਜੋਂ ਸ਼ਾਮਿਲ ਕਰ ਲਿਆ ਜਿਸ ਕਰਕੇ ਉਹ ਘਰੋਂ ਰੂਪੋਸ਼ ਹੋ ਗਿਆ। ਪੁਲਿਸ ਨੇ ਉਸ ਨੂੰ ਗ੍ਰਿਫ਼ਤਾਰ ਕਰਨ ਲਈ ਇਨ੍ਹਾਂ ਦੇ ਪਰਿਵਾਰ ਦੇ ਮੈਂਬਰਾਂ ਅਤੇ ਰਿਸ਼ਤੇਦਾਰਾਂ ਨੂੰ ਗ਼ੈਰ-ਮਨੁੱਖੀ ਜਬਰ-ਜ਼ੁਲਮ ਦਾ ਸ਼ਿਕਾਰ ਬਣਾਇਆ। ਇਸ ਦੌਰਾਨ 1993 ਵਿਚ ਨਵੀਂ ਦਿੱਲੀ ਵਿਖੇ ਆਲ ਇੰਡੀਆ ਕਾਂਗਰਸ ਕਮੇਟੀ ਦੇ ਦਫ਼ਤਰ ਦੇ ਸਾਹਮਣੇ ਸਰਬ ਹਿੰਦ ਯੂਥ ਕਾਂਗਰਸ ਦੇ ਪ੍ਰਧਾਨ ਮਨਿੰਦਰਜੀਤ ਸਿੰਘ ਬਿੱਟਾ ਜੋ ਹੁਣ ਅੱਤਵਾਦ ਵਿਰੋਧੀ ਫਰੰਟ ਦੇ ਚੇਅਰਮੈਨ ਵੀ ਹਨ, ਦੀਆਂ ਗੱਡੀਆਂ ਦੇ ਕਾਫ਼ਲੇ 'ਤੇ ਖਾੜਕੂਆਂ ਨੇ ਹਮਲਾ ਕੀਤਾ ਜਿਸ ਵਿਚ ਉਨ੍ਹਾਂ ਦੇ ਸੁਰੱਖਿਆ ਗਾਰਦਾਂ ਸਮੇਤ ਕਈ ਲੋਕ ਮਾਰੇ ਗਏ ਸਨ। ਬਿੱਟਾ ਗੰਭੀਰ ਜ਼ਖਮੀ ਹੋ ਗਿਆ। ਦਿੱਲੀ ਪੁਲਿਸ ਨੇ ਇਸ ਕੇਸ ਵਿਚ ਬੱਬਰ ਖਾਲਸਾ ਨਾਲ ਸਬੰਧਿਤ ਦਇਆ ਸਿੰਘ ਲਾਹੌਰੀਆ ਤੇ ਹਰਨੇਕ ਸਿੰਘ ਭੱਪ ਨੂੰ ਜਿਥੇ ਦੋਸ਼ੀਆਂ ਵਿਚ ਸ਼ਾਮਿਲ ਕੀਤਾ, ਉਥੇ ਦਵਿੰਦਰਪਾਲ ਸਿੰਘ ਭੁੱਲਰ ਨੂੰ ਵੀ ਇਸ ਕੇਸ ਦੀ ਸਾਜ਼ਿਸ਼ ਰਚਣ ਵਾਲੇ ਦੋਸ਼ੀ ਵਜੋਂ ਸ਼ਾਮਿਲ ਕਰ ਲਿਆ।

ਭੁੱਲਰ ਤਾਂ ਕਿਉਂਕਿ ਪਹਿਲਾਂ ਹੀ ਰੂਪੋਸ਼ ਹੋ ਗਿਆ ਸੀ ਪਰ ਉਸ ਦੇ ਪਰਿਵਾਰ ਅਤੇ ਹੋਰ ਰਿਸ਼ਤੇਦਾਰਾਂ ਉੱਪਰ ਪੁਲਿਸ ਦੇ ਜਬਰ ਦਾ ਕਹਿਰ ਟੁੱਟ ਪਿਆ। ਪੁਲਿਸ ਨੇ ਪਿੰਡ ਦਿਆਲਪੁਰਾ (ਜ਼ਿਲ੍ਹਾ ਬਠਿੰਡਾ) ਵਿਖੇ ਘਰ ਛਾਪਾ ਮਾਰਿਆ, ਘਰ ਦੇ ਸਾਮਾਨ ਦੀ ਭੰਨ-ਤੋੜ ਕੀਤੀ। ਪੁਲਿਸ ਨੇ ਪਰਿਵਾਰ ਦੇ ਮੈਂਬਰਾਂ 'ਤੇ ਤਸ਼ੱਦਦ ਕੀਤਾ। ਔਰਤਾਂ ਤੇ ਬੱਚੇ, ਇਥੋਂ ਤੱਕ ਕਿ ਉਨ੍ਹਾਂ ਦੇ ਗੁਆਂਢੀ ਵੀ ਪੁਲਿਸ ਜਬਰ ਦਾ ਸ਼ਿਕਾਰ ਬਣੇ। 1993 ਵਿਚ ਪੁਲਿਸ ਉਨ੍ਹਾਂ ਦੇ ਪਿਤਾ ਸ. ਬਲਵੰਤ ਸਿੰਘ ਜੋ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਵਿਚ ਕਰਮਚਾਰੀ ਸਨ, ਅਤੇ ਮਾਸੜ ਸ. ਮਨਜੀਤ ਸਿੰਘ ਨੂੰ ਚੁੱਕ ਕੇ ਲੈ ਗਈ। ਉਨ੍ਹਾਂ 'ਤੇ ਵੀ ਜਬਰ ਕੀਤਾ ਗਿਆ। ਉਸ ਸਮੇਂ ਤੋਂ ਬਾਅਦ ਅੱਜ ਤੱਕ ਦੋਵਾਂ ਦੀ ਕੋਈ ਉੱਘ-ਸੁੱਘ ਨਹੀਂ ਮਿਲੀ, ਤੇ ਸਮਝਿਆ ਜਾਂਦਾ ਹੈ ਕਿ ਉਹ ਪੁਲਿਸ ਨੇ ਤਸੀਹੇ ਦੇ ਕੇ ਸ਼ਹੀਦ ਕਰ ਦਿੱਤੇ। ਭੁੱਲਰ ਦੀ ਭੂਆ ਦਾ ਲੜਕਾ ਦਵਿੰਦਰਪਾਲ ਸਿੰਘ ਵੀ ਪੁਲਿਸ ਜਬਰ ਨਾਲ ਮਾਨਸਿਕ ਤੌਰ 'ਤੇ ਰੋਗੀ ਹੋ ਗਿਆ, ਤੇ ਪਰਿਵਾਰ ਦੇ ਇਕ ਹੋਰ ਮੈਂਬਰ ਮੁਖ਼ਤਿਆਰ ਸਿੰਘ ਦੀ ਲੱਤ ਪੁਲਿਸ ਤਸ਼ੱਦਦ ਨਾਲ ਨਕਾਰਾ ਹੋ ਗਈ। ਭੁੱਲਰ ਪਰਿਵਾਰ ਦੇ 42 ਮੈਂਬਰਾਂ ਅਤੇ ਰਿਸ਼ਤੇਦਾਰਾਂ ਨੂੰ ਪੁਲਿਸ ਜਬਰ ਦਾ ਸ਼ਿਕਾਰ ਹੋਣਾ ਪਿਆ; ਘਰ ਨੂੰ ਜਿੰਦਰਾ ਲੱਗ ਗਿਆ ਤੇ ਜ਼ਮੀਨ ਖੇਤੀ ਤੋਂ ਵਿਰਵੀ ਰਹੀ। ਪਰਿਵਾਰ ਦੇ ਮੈਂਬਰਾਂ ਨੇ ਲੁੱਕ-ਛਿਪ ਕੇ ਦਿਨ ਕੱਟੇ।

> ***1993 ਵਿਚ ਪੁਲਿਸ ਉਨ੍ਹਾਂ ਦੇ ਪਿਤਾ ਸ. ਬਲਵੰਤ ਸਿੰਘ ਜੋ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਵਿਚ ਕਰਮਚਾਰੀ ਸਨ, ਅਤੇ ਮਾਸੜ ਸ. ਮਨਜੀਤ ਸਿੰਘ ਨੂੰ ਚੁੱਕ ਕੇ ਲੈ ਗਈ। ਉਨ੍ਹਾਂ 'ਤੇ ਵੀ ਜਬਰ ਕੀਤਾ ਗਿਆ। ਉਸ ਸਮੇਂ ਤੋਂ ਬਾਅਦ ਅੱਜ ਤੱਕ ਦੋਵਾਂ ਦੀ ਕੋਈ ਉੱਘ-ਸੁੱਘ ਨਹੀਂ ਮਿਲੀ, ਤੇ ਸਮਝਿਆ ਜਾਂਦਾ ਹੈ ਕਿ ਉਹ ਪੁਲਿਸ ਨੇ ਤਸੀਹੇ ਦੇ ਕੇ ਸ਼ਹੀਦ ਕਰ ਦਿੱਤੇ। ਭੁੱਲਰ ਦੀ ਭੂਆ ਦਾ ਲੜਕਾ ਦਵਿੰਦਰਪਾਲ ਸਿੰਘ ਵੀ ਪੁਲਿਸ ਜਬਰ ਨਾਲ ਮਾਨਸਿਕ ਤੌਰ 'ਤੇ ਰੋਗੀ ਹੋ ਗਿਆ, ਤੇ ਪਰਿਵਾਰ ਦੇ ਇਕ ਹੋਰ ਮੈਂਬਰ ਮੁਖ਼ਤਿਆਰ ਸਿੰਘ ਦੀ ਲੱਤ ਪੁਲਿਸ ਤਸ਼ੱਦਦ ਨਾਲ ਨਕਾਰਾ ਹੋ ਗਈ। ਭੁੱਲਰ ਪਰਿਵਾਰ ਦੇ 42 ਮੈਂਬਰਾਂ ਅਤੇ ਰਿਸ਼ਤੇਦਾਰਾਂ ਨੂੰ ਪੁਲਿਸ ਜਬਰ ਦਾ ਸ਼ਿਕਾਰ ਹੋਣਾ ਪਿਆ; ਘਰ ਨੂੰ ਜਿੰਦਰਾ ਲੱਗ ਗਿਆ ਤੇ ਜ਼ਮੀਨ ਖੇਤੀ ਤੋਂ ਵਿਰਵੀ ਰਹੀ।***

ਇਸ ਦੌਰਾਨ ਭੁੱਲਰ ਦੇ ਛੋਟੇ ਭਰਾ ਸ. ਤੇਜਿੰਦਰ ਸਿੰਘ ਨੂੰ, ਉਸ ਦੇ ਅਮਰੀਕਾ ਵਿਚ ਰਹਿੰਦੇ ਮਾਮੇ ਆਪਣੇ ਪਾਸ ਲੈ ਗਏ ਅਤੇ ਭੁੱਲਰ ਦੀ ਪਤਨੀ ਬੀਬੀ ਨਵਨੀਤ ਕੌਰ 1994 ਵਿਚ ਬ੍ਰਿਟਿਸ਼ ਕੋਲੰਬੀਆ (ਕੈਨੇਡਾ) ਚਲੀ ਗਈ। ਉਹ ਉਹ ਉਥੇ ਹੀ ਰਹਿੰਦੀ ਹੈ। ਇਸ ਦੌਰਾਨ ਭੁੱਲਰ ਵੀ ਭਾਰਤ ਤੋਂ ਕੈਨੇਡਾ ਜਾਣ ਲਈ ਜਰਮਨੀ ਪਹੁੰਚ ਗਿਆ ਪਰ ਉਥੋਂ ਕਿਸੇ ਵਿਸ਼ੇਸ਼ ਸੂਹ 'ਤੇ ਜਰਮਨ ਪੁਲਿਸ ਨੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ। ਉਥੋਂ ਦੀ ਸਰਕਾਰ ਨੇ ਭਾਰਤ ਸਰਕਾਰ ਦੀ ਬੇਨਤੀ 'ਤੇ ਉਸ ਨੂੰ 19 ਜਨਵਰੀ 1995 ਨੂੰ ਭਾਰਤ ਸਰਕਾਰ ਦੇ ਇਸ ਵਾਅਦੇ ਮੁਤਾਬਿਕ ਵਾਪਸ ਭੇਜ ਦਿੱਤਾ ਕਿ ਉਸ ਨੂੰ ਕੋਈ ਸਰੀਰਕ ਨੁਕਸਾਨ ਨਹੀਂ ਪਹੁੰਚਾਇਆ ਜਾਵੇਗਾ ਅਤੇ ਮਨੁੱਖੀ ਅਧਿਕਾਰਾਂ ਦੀ ਪਾਲਣਾ ਕੀਤੀ ਜਾਵੇਗੀ। ਉਸ ਨੂੰ ਦਿੱਲੀ ਦੇ ਇੰਦਰਾ ਗਾਂਧੀ ਹਵਾਈ ਅੱਡੇ 'ਤੇ ਉਤਰਨ ਸਾਰ ਦਿੱਲੀ ਪੁਲਿਸ ਨੇ ਆਪਣੀ ਹਿਰਾਸਤ ਵਿਚ ਲੈ ਕੇ ਉਪਰ ਦੱਸੇ ਕੇਸਾਂ ਵਿਚ ਸਾਜਿਸ਼ ਰਚਣ ਦਾ ਦੋਸ਼ੀ ਮੰਨ ਕੇ ਉਨ੍ਹਾਂ ਦੇ ਖਿਲਾਫ਼ ਅਦਾਲਤ ਵਿਚ ਚਲਾਣ ਪੇਸ਼ ਕਰ ਦਿੱਤਾ।

ਮਨਿੰਦਰਜੀਤ ਸਿੰਘ ਬਿੱਟਾ 'ਤੇ ਹੋਏ ਹਮਲੇ ਵਾਲੇ ਕੇਸ ਵਿਚ ਦਿੱਲੀ ਹਾਈਕੋਰਟ ਨੇ ਭੁੱਲਰ ਨੂੰ 25 ਅਗਸਤ 2001 ਨੂੰ ਮੌਤ ਦੀ ਸਜ਼ਾ ਸੁਣਾਈ; ਤੇ 22 ਮਾਰਚ 2002 ਨੂੰ ਸੁਪਰੀਮ ਕੋਰਟ ਦੇ 3 ਜੱਜਾਂ ਦੇ ਬੈਂਚ ਨੇ ਇਸ ਨੂੰ ਬਹੁਮਤ ਨਾਲ ਬਹਾਲ ਰੱਖਿਆ। ਕੁਝ ਦਿਨ ਪਹਿਲਾਂ ਰਾਸ਼ਟਰਪਤੀ ਵੱਲੋਂ ਇਨ੍ਹਾਂ ਦੀ ਸਜ਼ਾ ਮੁਆਫ਼ੀ ਲਈ ਦਾਇਰ ਪਟੀਸ਼ਨ ਵੀ ਰੱਦ ਕਰ ਦਿੱਤੀ। ਉਸ ਦਿਨ ਤੋਂ ਬਾਅਦ ਉਸ ਦੇ ਬਚਾਅ ਲਈ ਥਾਂ-ਥਾਂ ਅਰਦਾਸਾਂ ਹੋ ਰਹੀਆਂ ਹਨ ਅਤੇ ਉਨ੍ਹਾਂ ਦੇ ਹੱਕ ਵਿਚ ਲੋਕ ਲਹਿਰ ਬਣ ਰਹੀ ਹੈ।

ਸੁਪਰੀਮ ਕੋਰਟ ਦੇ ਮਸ਼ਹੂਰ ਵਕੀਲ ਐਚ. ਐਸ. ਫੂਲਕਾ ਜੋ ਜੂਨ 1984 ਵਿਚ ਦਿੱਲੀ ਵਿਚ ਨਿਰਦੋਸ਼ ਸਿੱਖਾਂ ਦੇ ਕਾਤਲਾਂ ਨੂੰ ਸਜ਼ਾ ਦਿਵਾਉਣ ਲਈ ਕਾਨੂੰਨੀ ਚਾਰਾਜੋਈ ਵਿਚ ਲੱਗੇ ਹੋਏ ਹਨ, ਵੱਲੋਂ ਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਰਾਸ਼ਟਰਪਤੀ ਦੇ ਪਾਸ ਮੁੜ ਵਿਚਾਰਨਯੋਗ ਪਟੀਸ਼ਨ ਦਾਖ਼ਲ ਕੀਤੀ ਜਾ ਰਹੀ ਹੈ। ਸ. ਫੂਲਕਾ ਜੋ ਆਪਣੀ ਮਾਤਾ ਬੀਬੀ ਹਰਸੁਰਿੰਦਰ ਕੌਰ ਦਾ ਦੇਹਾਂਤ ਹੋਣ ਕਰਕੇ ਬਠਿੰਡਾ ਇਲਾਕੇ ਵਿਚ ਆਏ ਸਨ, ਨੇ ਦੱਸਿਆ ਕਿ ਕਈ ਅਜਿਹੇ ਕਾਨੂੰਨੀ ਨੁਕਤੇ ਹਨ ਜਿਨ੍ਹਾਂ ਦੇ ਆਧਾਰ 'ਤੇ ਪ੍ਰੋ. ਭੁੱਲਰ ਨੂੰ ਫਾਂਸੀ ਨਹੀਂ ਦਿੱਤੀ ਜਾ ਸਕਦੀ। ਪਹਿਲੀ ਗੱਲ ਤਾਂ ਇਹ ਕਿ ਭਾਰਤ ਸਰਕਾਰ ਨੇ ਜਰਮਨੀ ਸਰਕਾਰ ਨੂੰ ਇਹ ਭਰੋਸਾ ਦਿੱਤਾ ਸੀ ਕਿ ਪ੍ਰੋ. ਭੁੱਲਰ ਨੂੰ ਭਾਰਤ ਦੇ ਸਪੁਰਦ ਕਰਨ ਨਾਲ ਉਸ ਨੂੰ ਸਰੀਰਿਕ ਨੁਕਸਾਨ ਨਹੀਂ ਪਹੁੰਚਾਇਆ ਜਾਵੇਗਾ।

ਦੂਸਰੀ ਗੱਲ, ਸੁਪਰੀਮ ਕੋਰਟ ਦੇ ਤਿੰਨ ਜੱਜਾਂ 'ਤੇ ਆਧਾਰਿਤ ਬੈਂਚ ਵਿਚੋਂ ਇਕ ਜੱਜ ਨੇ ਉਸ ਨੂੰ ਮੌਤ ਦੀ ਸਜ਼ਾ ਦੇਣ ਨਾਲ ਸਹਿਮਤੀ ਪ੍ਰਗਟ ਨਹੀਂ ਸੀ ਕੀਤੀ। ਇਸ ਕੇਸ ਵਿਚ ਕੋਈ ਗਵਾਹ ਭੁੱਲਰ ਦੇ ਖਿਲਾਫ਼ ਨਹੀਂ ਭੁਗਤਿਆ। ਅਦਾਲਤ ਨੇ ਵਾਰਦਾਤ ਵਿਚ ਸ਼ਾਮਿਲ ਦਇਆ ਸਿੰਘ ਲਾਹੌਰੀਆ ਅਤੇ ਹਰਨੇਕ ਸਿੰਘ ਭੱਪ ਨੂੰ ਮੌਤ ਦੀ ਸਜ਼ਾ ਨਹੀਂ ਸੁਣਾਈ ਤਾਂ ਸਾਜ਼ਿਸ਼ ਰਚਣ ਦੇ ਦੋਸ਼ ਹੇਠ ਗ੍ਰਿਫ਼ਤਾਰ ਕਿਸੇ ਬੰਦੇ ਨੂੰ ਉਸੇ ਕੇਸ ਵਿਚ ਮੌਤ ਦੀ ਸਜ਼ਾ ਕਿਵੇਂ ਦਿੱਤੀ ਜਾ ਸਕਦੀ ਹੈ? ਉਨ੍ਹਾਂ ਦਾ ਕਹਿਣਾ ਸੀ ਕਿ ਦਿੱਲੀ ਵਿਚ ਨਿਰਦੋਸ਼ ਸਿੱਖਾਂ ਦੇ ਕਤਲਾਂ ਲਈ ਜ਼ਿੰਮੇਵਾਰ ਦੋਸ਼ੀ ਕਿਸ਼ੋਰੀ ਲਾਲ ਨੂੰ ਉਮਰ ਕੈਦ ਦੀ ਸਜ਼ਾ ਦਿੱਤੀ ਗਈ ਹੈ। ਇਸੇ ਤਰ੍ਹਾਂ ਉੜੀਸਾ ਵਿਚ 18 ਇਸਾਈਆਂ ਨੂੰ ਅੱਗ ਲਾ ਕੇ ਮਾਰਨ ਵਾਲੇ ਹਿੰਦੂ ਧਾਰਮਿਕ ਸੰਗਠਨਾਂ ਨਾਲ ਸਬੰਧਿਤ ਦਾਰਾ ਸਿੰਘ ਨੂੰ ਵੀ ਮੌਤ ਦੀ ਸਜ਼ਾ ਦੇਣ ਦੀ ਥਾਂ ਉਮਰ ਕੈਦ ਕੀਤੀ ਗਈ, ਤਾਂ ਫਿਰ ਪ੍ਰੋ. ਭੁੱਲਰ ਦੇ ਮਾਮਲੇ ਵਿਚ ਦੋਹਰਾ ਮਾਪਦੰਡ ਕਿਉਂ ਅਪਣਾਇਆ ਜਾ ਰਿਹਾ ਹੈ?

# ਭੁੱਲਰ ਨੂੰ ਫਾਂਸੀ ਦਾ ਫ਼ੈਸਲਾ ਸਿਆਸਤ ਤੋਂ ਪ੍ਰੇਰਿਤ

## ■ ਬੀਬੀ ਨਵਨੀਤ ਕੌਰ ਭੁੱਲਰ ਨਾਲ ਮੁਲਾਕਾਤ

ਪਿਛਲੇ 20 ਸਾਲ ਤੋਂ ਆਪਣੇ ਪਤੀ ਦੀ ਘਰ ਵਾਪਸੀ ਦਾ ਰਾਹ ਤੱਕ ਰਹੀ, ਕੈਨੇਡਾ ਦੀ ਨਾਗਰਿਕ ਬੀਬੀ ਨਵਨੀਤ ਕੌਰ ਭੁੱਲਰ ਨੇ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਨੂੰ ਸਜ਼ਾ-ਏ-ਮੌਤ ਦੇ ਫ਼ੈਸਲੇ 'ਤੇ ਟਿੱਪਣੀ ਕਰਦਿਆਂ ਇਸ ਨੂੰ 'ਸਿਆਸਤ ਤੋਂ ਪ੍ਰੇਰਿਤ' ਫ਼ੈਸਲਾ ਕਰਾਰ ਦਿੱਤਾ ਹੈ। ਭਾਰਤ ਦੀ ਸੁਪਰੀਮ ਕੋਰਟ ਦੇ ਤਿੰਨ ਜੱਜਾਂ ਦੇ ਬੈਂਚ ਵਿਚੋਂ ਇਕ ਜੱਜ ਬੀ. ਐਮ. ਸ਼ਾਹ ਵੱਲੋਂ ਦਿੱਤੇ ਬਿਆਨ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਜਦੋਂ ਬੈਂਚ ਦਾ ਮੁੱਖ ਜੱਜ ਉਨ੍ਹਾਂ ਦੇ ਪਤੀ ਨੂੰ ਬੇਗੁਨਾਹ ਮੰਨ ਕੇ ਉਨ੍ਹਾਂ ਨੂੰ ਤੁਰੰਤ ਰਿਹਾਅ ਕਰਨ ਦਾ ਫ਼ੈਸਲਾ ਦਿੰਦਾ ਹੈ ਤਾਂ ਦੂਜੇ ਸਹਿ-ਜੱਜਾਂ ਦੇ ਕਹਿਣ 'ਤੇ ਉਨ੍ਹਾਂ ਨੂੰ ਮੌਤ ਦੀ ਸਜ਼ਾ ਦੇਣਾ ਘੋਰ ਬੇਇਨਸਾਫ਼ੀ ਹੈ। ਕਾਨੂੰਨ ਕਹਿੰਦਾ ਹੈ ਕਿ ਚਾਹੇ ਦਸ ਦੋਸ਼ੀ ਕਿਉਂ ਨਾ ਬਚ ਜਾਣ ਪਰ ਇਕ ਵੀ ਨਿਰਦੋਸ਼ ਨੂੰ ਸਜ਼ਾ ਨਹੀਂ ਹੋਣੀ ਚਾਹੀਦੀ। ਬੀਬੀ ਨਵਨੀਤ ਕੌਰ ਨੇ ਮੰਗ ਕੀਤੀ ਹੈ ਕਿ ਦੁਨੀਆ ਭਰ ਦੇ ਮਨੁੱਖੀ ਹੱਕਾਂ ਦੇ ਹਮਾਇਤੀ ਲੋਕਾਂ ਦੀਆਂ ਅਪੀਲਾਂ ਨੂੰ ਮੰਨਦਿਆਂ, ਭਾਰਤ ਸਰਕਾਰ ਉਸ ਦੇ ਪਤੀ ਦੀ ਫਾਂਸੀ ਦੀ ਸਜ਼ਾ ਤੋੜਨ ਦਾ ਫ਼ੈਸਲਾ ਕਰੇ।

ਸਰੀ ਸ਼ਹਿਰ ਦੇ ਪੰਜਾਬੀ ਵਸੋਂ ਵਾਲੇ ਇਲਾਕੇ ਵਿਚ ਰਹਿ ਰਹੀ ਬੀਬੀ ਨਵਨੀਤ ਕੌਰ ਭੁੱਲਰ ਦੇ ਦੱਸਣ ਅਨੁਸਾਰ ਉਸ ਦਾ ਪੇਕਾ ਪਰਿਵਾਰ ਅੰਮ੍ਰਿਤਸਰ ਜ਼ਿਲ੍ਹੇ ਵਿਚ ਸਰਹੱਦ ਨੇੜੇ 'ਬੁਰਜ' ਵਿਖੇ ਰਹਿੰਦਾ ਸੀ, ਪਰ ਮਗਰੋਂ ਉਹ ਰਾਮਪੁਰਾ ਫੂਲ (ਜ਼ਿਲ੍ਹਾ ਬਠਿੰਡਾ) ਜਾ ਵਸੇ। ਟਰਾਂਸਪੋਰਟ ਮਹਿਕਮੇ ਨਾਲ ਸਬੰਧਿਤ ਉਨ੍ਹਾਂ ਦੇ ਪਿਤਾ ਸ. ਕੁਲਤਾਰ ਸਿੰਘ ਸੰਧੂ ਵੱਲੋਂ 80ਵਿਆਂ ਵਿਚ ਕਾਨਪੁਰ (ਯੂ.ਪੀ.) ਵਿਚ, ਸਿੱਖ ਵਿਰੋਧੀ ਕਾਰਵਾਈਆਂ ਮਗਰੋਂ ਆਪਣੇ ਬਚਾਅ ਲਈ ਪੰਜਾਬ ਕੂਚ ਕੀਤਾ ਗਿਆ ਪਰ ਇਹ ਪਰਿਵਾਰ ਇਥੇ ਆ ਕੇ ਵੀ ਉਜੜਨੋਂ ਬਚ ਨਾ ਸਕਿਆ।

### ਲੋਕਾਂ ਦੀ ਆਵਾਜ਼ ਮੇਰੇ ਪਤੀ ਨੂੰ ਬਚਾਏਗੀ: ਨਵਨੀਤ ਕੌਰ

ਨਵਨੀਤ ਕੌਰ ਭੁੱਲਰ ਨੇ ਕਿਹਾ ਹੈ ਕਿ ਜਿਸ ਤਰੀਕੇ ਨਾਲ ਸਿੱਖ ਸੰਗਤ ਸੜਕਾਂ 'ਤੇ ਉਤਰੀ ਹੈ, ਉਸ ਨੂੰ ਦੇਖ ਕੇ ਲੱਗਦਾ ਹੈ ਕਿ ਪ੍ਰੋ. ਭੁੱਲਰ ਦੀ ਫਾਂਸੀ ਦੀ ਸਜ਼ਾ ਮੁਆਫ਼ ਹੋ ਜਾਵੇਗੀ। ਭੁੱਲਰ ਦੀ ਮਾਂ ਉਪਕਾਰ ਕੌਰ ਨੇ ਵੀ ਕਿਹਾ ਕਿ ਉਸ ਦੇ ਬੇਟੇ ਨੂੰ ਦੇਸ਼ ਦੇ ਹੁਕਮਰਾਨਾਂ ਤੇ ਪੁਲਿਸ ਦੇ ਉੱਚ ਅਧਿਕਾਰੀਆਂ ਵੱਲੋਂ ਗਿਣੀ ਮਿਥੀ ਸਾਜ਼ਿਸ਼ ਅਧੀਨ ਫਸਾਇਆ ਗਿਆ ਹੈ।



*ਭੁੱਲਰ ਦੀ ਪਤਨੀ ਨਵਨੀਤ ਕੌਰ ਅਤੇ ਅੰਮੜੀ ਉਪਕਾਰ ਕੌਰ।*

ਬੀਬੀ ਨਵਨੀਤ ਕੌਰ ਦਾ ਵਿਆਹ ਸਤੰਬਰ 1991 ਵਿਚ ਦਿਆਲਪੁਰਾ ਭਾਈਕਾ ਪਿੰਡ ਦੇ ਸ. ਬਲਵੰਤ ਸਿੰਘ ਭੁੱਲਰ ਦੇ ਪੁੱਤਰ ਇੰਜਨੀਅਰ ਦਵਿੰਦਰਪਾਲ ਸਿੰਘ ਨਾਲ ਵਿਆਹ ਹੋਇਆ, ਪਰ ਦੋ ਮਹੀਨਿਆਂ ਮਗਰੋਂ ਹੀ ਉਨ੍ਹਾਂ ਦਾ ਘਰ ਵੱਸਣ ਤੋਂ ਪਹਿਲਾਂ ਹੀ ਉੱਜੜ ਗਿਆ, ਜਦ ਉਨ੍ਹਾਂ ਦੇ ਸਹੁਰਾ ਸਾਹਿਬ ਅਤੇ ਪਤੀ ਦੇ ਮਾਸੜ ਸ. ਮਨਜੀਤ ਸਿੰਘ ਸੋਹੀ ਨੂੰ ਪੁਲਿਸ ਨੇ ਪਿੰਡ ਵਾਸੀਆਂ ਦੀ ਮੌਜੂਦਗੀ ਵਿਚ ਘਰੋਂ ਚੁੱਕਿਆ। ਪਿਤਾ ਕੁਲਤਾਰ ਸਿੰਘ ਸੰਧੂ ਨੂੰ ਵੀ ਪੰਜਾਬ ਪੁਲਿਸ ਨੇ ਨਹੀਂ ਬਖਸ਼ਿਆ, ਤੇ ਤਸ਼ੱਦਦ ਮਗਰੋਂ ਹੀ ਉਨ੍ਹਾਂ ਨੂੰ ਛੱਡਿਆ ਗਿਆ। ਦੂਜੇ ਪਾਸੇ ਪ੍ਰੋ. ਭੁੱਲਰ ਆਪਣਾ ਘਰ-ਬਾਰ ਅਤੇ ਕਾਲਜ ਛੱਡ ਕੇ ਅੰਡਰਗਰਾਊਂਡ ਹੋ ਗਏ।

ਬੀਬੀ ਨਵਨੀਤ ਕੌਰ ਦਾ ਮੰਨਣਾ ਹੈ ਕਿ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਵਰਗੇ ਬੇਕਸੂਰ ਸਿੱਖ ਨੂੰ ਸਜ਼ਾ-ਏ-ਮੌਤ ਦੇਣਾ, ਸਿੱਖ ਕੌਮ ਨਾਲ ਬੇਇਨਸਾਫ਼ੀ ਦਾ ਪ੍ਰਤੱਖ ਸਬੂਤ ਹੈ ਕਿਉਂਕਿ ਇਸ ਮਾਮਲੇ ਵਿਚ ਭੁਗਤੇ 133 ਗਵਾਹਾਂ ਵਿਚੋਂ ਕੋਈ ਵੀ ਉਸ ਦੇ ਪਤੀ ਖਿਲਾਫ਼ ਗਵਾਹੀ ਨਹੀਂ ਦਿੱਤੀ। ਦੂਜੇ ਪਾਸੇ 1984 ਦੇ ਸਿੱਖ ਕਤਲੇਆਮ ਦੇ ਖਿਲਾਫ਼ ਹਜ਼ਾਰਾਂ ਲੋਕ ਗਵਾਹ ਹਨ, ਪਰ ਕਿਸੇ ਕਾਤਲ ਨੂੰ ਸਜ਼ਾ ਨਹੀਂ ਮਿਲ ਰਹੀ।

ਬੀਬੀ ਭੁੱਲਰ ਦਾ ਮੰਨਣਾ ਹੈ ਕਿ ਉਨ੍ਹਾਂ ਦੇ ਪਤੀ ਨੂੰ ਜਰਮਨ ਦੇ ਫਰੈਂਕਫਰਟ ਹਵਾਈ ਅੱਡੇ 'ਤੇ ਦਸੰਬਰ 1994 ਵਿਚ ਗ੍ਰਿਫ਼ਤਾਰ ਕਰਨ ਮਗਰੋਂ ਜਨਵਰੀ 1995 ਵਿਚ ਭਾਰਤ ਇਸ ਸ਼ਰਤ ਤਹਿਤ ਲਿਆਂਦਾ ਗਿਆ ਸੀ ਕਿ ਉਨ੍ਹਾਂ ਨੂੰ ਫਾਂਸੀ ਕਿਸੇ ਹਾਲਤ ਵਿਚ ਨਹੀਂ ਹੋਵੇਗੀ, ਪਰ ਕਾਂਗਰਸੀ ਆਗੂ ਮਨਿੰਦਰਜੀਤ ਸਿੰਘ ਬਿੱਟਾ 'ਤੇ ਹਮਲੇ ਦਾ ਝੂਠਾ ਕੇਸ ਪਾ ਕੇ ਅਤੇ ਪੁਲਿਸ ਤਸ਼ੱਦਦ ਰਾਹੀਂ ਉਨ੍ਹਾਂ ਦਾ ਇਕਬਾਲੀਆ ਬਿਆਨ ਲੈ ਕੇ ਸਜ਼ਾ-ਏ-ਮੌਤ ਸੁਣਾ ਦਿੱਤੀ ਗਈ ਜੋ ਜਰਮਨ ਸਰਕਾਰ ਨਾਲ ਵਾਅਦੇ ਦੀ ਅਵੱਗਿਆ ਹੈ।

ਪ੍ਰੋ. ਭੁੱਲਰ ਦੀ ਪਤਨੀ ਨੂੰ ਅਫ਼ਸੋਸ ਹੈ ਕਿ ਬੰਬ ਧਮਾਕੇ ਦੀ ਸਾਜ਼ਿਸ਼ ਰਚਣ ਦੇ ਸਹਿ-ਦੋਸ਼ ਵਿਚੋਂ ਇਕੋ ਫ਼ੈਸਲੇ ਤੇ ਇਕੋ ਜਿਹੇ ਸਬੂਤਾਂ ਤੇ ਗਵਾਹਾਂ ਦੇ ਆਧਾਰ 'ਤੇ ਭਾਈ ਦਇਆ ਸਿੰਘ ਲਾਹੌਰੀਆ ਨੂੰ ਬਰੀ ਕੀਤਾ ਗਿਆ ਪਰ ਦਵਿੰਦਰਪਾਲ ਸਿੰਘ ਭੁੱਲਰ ਨੂੰ ਫਾਂਸੀ ਸੁਣਾ ਦਿੱਤੀ ਗਈ।

***(ਮੁਲਾਕਾਤੀ ਗੁਰਵਿੰਦਰ ਸਿੰਘ)***

# ਭੁੱਲਰ ਦੀ ਸਜ਼ਾ ਤੁੜਵਾਉਣ ਲਈ ਲੋਕ ਲਹਿਰ ਉਸਰੀ

**ਚੰਡੀਗੜ੍ਹ:** ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਸਜ਼ਾ ਮੁਆਫੀ ਲਈ ਦੇਸ਼ ਵਿਦੇਸ਼ 'ਚ ਲੋਕਾਂ ਨੇ ਆਵਾਜ਼ਾ ਬੁਲੰਦ ਕਰਦਿਆਂ ਲੋਕ ਲਹਿਰ ਉਸਾਰ ਦਿੱਤੀ ਹੈ। 20 ਜੂਨ ਨੂੰ ਮੁਹਾਲੀ ਵਿਖੇ ਪ੍ਰੋ. ਭੁੱਲਰ ਦੀ ਫਾਂਸੀ ਦੀ ਸਜ਼ਾ ਮੁਆਫ਼ੀ ਲਈ ਰਾਜਪਾਲ ਨੂੰ ਮੰਗ ਪੱਤਰ ਸੌਂਪਣ ਲਈ ਪ੍ਰੋਗਰਾਮ ਉਲੀਕਿਆ ਗਿਆ ਸੀ। ਇਸ ਮੌਕੇ ਪੰਜਾਬ ਦੇ ਕੋਨੇ-ਕੋਨੇ ਤੋਂ ਪਹੁੰਚੀ ਸਿੱਖ ਸੰਗਤ ਨੇ ਆਸ ਜਗਾ ਦਿੱਤੀ ਹੈ ਕਿ ਸਰਕਾਰ ਨੂੰ ਲੋਕ ਰੋਹ ਅੱਗੇ ਝੁਕਣਾ ਹੀ ਪਵੇਗਾ। ਪੰਜਾਬ ਦੇ ਕੋਨੇ-ਕੋਨੇ ਵਿਚੋਂ ਲੋਕ ਸਵੇਰੇ ਹੀ ਇਤਿਹਾਸਕ ਗੁਰਦੁਆਰਾ ਅੰਬ ਸਾਹਿਬ ਫੇਜ਼-8 ਵਿਚ ਇਕੱਤਰ ਹੋਣੇ ਸ਼ੁਰੂ ਹੋ ਗਏ ਸਨ ਤੇ ਦੁਪਹਿਰ 12 ਵਜੇ ਤੱਕ ਸੰਗਤ ਨੇ ਜਨ ਸੈਲਾਬ ਦਾ ਰੂਪ ਧਾਰਨ ਕਰ ਲਿਆ। ਇਸ ਕਾਰਨ ਸ਼੍ਰੋਮਣੀ ਕਮੇਟੀ ਵੱਲੋਂ ਕੀਤੇ ਪ੍ਰਬੰਧ ਵੀ ਥੋੜ੍ਹੇ ਪੈ ਗਏ।

ਇਸ ਮੌਕੇ ਪੰਥਕ ਆਗੂਆਂ ਨੇ ਚੰਡੀਗੜ੍ਹ ਵਿਖੇ ਪੰਜਾਬ ਦੇ ਰਾਜਪਾਲ ਸ਼ਿਵਰਾਜ ਪਾਟਿਲ ਨੂੰ ਮੰਗ ਪੱਤਰ ਸੌਂਪਿਆ। ਜੈਕਾਰਿਆਂ ਦੀ ਗੂੰਜ ਵਿਚ ਪ੍ਰੋ. ਭੁੱਲਰ ਦੀ ਫਾਂਸੀ ਦੀ ਸਜ਼ਾ ਮੁਆਫ਼ੀ ਲਈ ਆਰ-ਪਾਰ ਦੀ ਲੜਾਈ ਲੜਨ ਦਾ ਫੈਸਲਾ ਲਿਆ ਗਿਆ। ਅਰਦਾਸ ਮਗਰੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਦੀ ਅਗਵਾਈ ਹੇਠ ਸੰਗਤਾਂ ਮੁਹਾਲੀ ਤੋਂ ਮਾਰਚ ਕਰਦੀਆਂ ਚੰਡੀਗੜ੍ਹ ਦੀ ਹੱਦ ਵੱਲ ਵਧਣ ਲੱਗੀਆਂ ਤਾਂ ਉਨ੍ਹਾਂ ਨੂੰ ਰੋਕ ਲਿਆ ਗਿਆ। ਇਸ ਕਾਰਨ ਸੰਗਤਾਂ ਨੇ ਉਥੇ ਸੜਕ 'ਤੇ ਹੀ ਧਰਨਾ ਲਾ ਦਿੱਤਾ। ਰਾਜਪਾਲ ਨੂੰ ਮੰਗ ਪੱਤਰ ਦੇਣ ਲਈ ਸਿੱਖ ਸੰਸਥਾਵਾਂ ਤੇ ਪੰਥਕ ਆਗੂਆਂ ਦਾ 21 ਮੈਂਬਰੀ ਜਥਾ ਜਥੇਦਾਰ ਮੱਕੜ ਦੀ ਅਗਵਾਈ ਵਿਚ ਚੰਡੀਗੜ੍ਹ ਲਈ ਰਵਾਨਾ ਹੋਇਆ। ਇਸ ਵਫ਼ਦ ਵਿਚ ਸੁਖਦੇਵ ਸਿੰਘ ਢੀਂਡਸਾ, ਅਮਰੀਕ ਸਿੰਘ, ਗਿਆਨੀ ਹਰਨਾਮ ਸਿੰਘ ਖਾਲਸਾ, ਬਾਬਾ ਬਲਬੀਰ ਸਿੰਘ, ਅਜਮੇਰ ਸਿੰਘ ਲੱਖੋਵਾਲ, ਸੁਖਦੇਵ ਸਿੰਘ ਭੌਰ, ਸੁਰਜੀਤ ਸਿੰਘ ਗੜ੍ਹੀ, ਕਰਨੈਲ ਸਿੰਘ ਪੰਜੋਲੀ, ਨਿਰਮਲ ਸਿੰਘ ਜੌਲਾ, ਜਰਨੈਲ ਸਿੰਘ, ਰਜਿੰਦਰ ਸਿੰਘ ਮਹਿਤਾ, ਦਿਆਲ ਸਿੰਘ ਕੋਲਾਂਵਾਲੀ, ਕਰਨੈਲ ਸਿੰਘ ਪੀਰ ਮੁਹੰਮਦ, ਪ੍ਰੋ. ਭੁੱਲਰ ਦੀ ਮਾਂ ਉਪਕਾਰ ਕੌਰ, ਪਤਨੀ ਨਵਨੀਤ ਕੌਰ ਵੀ ਸ਼ਾਮਲ ਸਨ।

### ਸਜ਼ਾ ਮੁਆਫ਼ੀ ਲਈ ਮੰਗ ਪੱਤਰ ਰਾਜਪਾਲ ਨੂੰ ਸੌਂਪਿਆ



*ਮੰਗ ਪੱਤਰ ਦੇਣ ਤੋਂ ਪਹਿਲਾਂ ਮੁਹਾਲੀ ਵਿਚ ਸੰਬੋਧਨ ਕਰ ਰਹੇ ਅਵਤਾਰ ਸਿੰਘ ਮੱਕੜ*

ਇਸ ਤੋਂ ਪਹਿਲਾਂ ਗੁਰਦੁਆਰਾ ਅੰਬ ਸਾਹਿਬ ਵਿਖੇ ਜਥੇਦਾਰ ਮੱਕੜ ਨੇ ਕਿਹਾ ਕਿ ਪ੍ਰੋ. ਭੁੱਲਰ ਨੂੰ ਫਾਂਸੀ ਦੀ ਸਜ਼ਾ ਦੇਣਾ ਸਿੱਖਾਂ ਦੇ ਜ਼ਖ਼ਮਾਂ 'ਤੇ ਲੂਣ ਛਿੜਕਣ ਦੇ ਬਰਾਬਰ ਹੈ ਕਿਉਂਕਿ ਪ੍ਰੋ. ਭੁੱਲਰ ਨੂੰ ਇਹ ਸਜ਼ਾ ਸਿਰਫ਼ ਸਿੱਖ ਹੋਣ ਦੇ ਨਾਤੇ ਦਿੱਤੀ ਜਾ ਰਹੀ ਹੈ ਜਦੋਂਕਿ ਜਿਸ ਗੁਨਾਹ ਨੂੰ ਆਧਾਰ ਬਣਾ ਕੇ ਇਸ ਨੌਜਵਾਨ ਨੂੰ ਸਜ਼ਾ ਸੁਣਾਈ ਗਈ ਹੈ, ਉਸ ਕੇਸ ਦੇ ਮੁੱਖ ਮੁਲਜ਼ਮਾਂ ਨੂੰ ਦੋਸ਼ ਮੁਕਤ ਕਰਾਰ ਦੇ ਕੇ ਰਿਹਾਅ ਕੀਤਾ ਗਿਆ ਹੈ। ਇਸ ਤੋਂ ਸਪਸ਼ਟ ਹੁੰਦਾ ਹੈ ਕਿ ਕੇਂਦਰ ਦੀ ਕਾਂਗਰਸ ਸਰਕਾਰ ਨੇ ਆਪਣਿਆਂ ਤੇ ਸਿੱਖਾਂ ਲਈ ਵੱਖਰੇ-ਵੱਖਰੇ ਕਾਨੂੰਨ ਬਣਾਏ ਹੋਏ ਹਨ। ਜਥੇਦਾਰ ਮੱਕੜ ਨੇ ਐਲਾਨ ਕੀਤਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਪ੍ਰੋ. ਭੁੱਲਰ ਨੂੰ ਇਨਸਾਫ਼ ਦਿਵਾਉਣ ਲਈ ਪੂਰੀ ਵਾਹ ਲਾਈ ਜਾਵੇਗੀ ਤੇ ਹਰ ਤਰ੍ਹਾਂ ਦੀ ਕਾਨੂੰਨੀ ਚਾਰਾਜੋਈ ਲਈ ਸੁਪਰੀਮ ਕੋਰਟ ਦੇ ਸੀਨੀਅਰ ਵਕੀਲਾਂ ਦਾ ਪੈਨਲ ਤਿਆਰ ਕੀਤਾ ਜਾਵੇਗਾ।

## ਕੇਂਦਰ ਵੱਲੋਂ ਦੇਸ਼ 'ਚ ਸਿੱਖਾਂ ਲਈ ਨਾਲ ਸਰਾਸਰ ਧੱਕਾ: ਮੱਕੜ

**ਚੰਡੀਗੜ੍ਹ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇ. ਅਵਤਾਰ ਸਿੰਘ ਮੱਕੜ ਨੇ ਕਿਹਾ ਹੈ ਕਿ ਵਿਸ਼ਵ ਪੱਧਰ 'ਤੇ ਲੋਕਤੰਤਰ ਦਾ ਢੰਡੋਰਾ ਪਿੱਟਣ ਵਾਲੇ ਭਾਰਤ ਨੂੰ ਕਿਸੇ ਵੀ ਅਜਿਹੇ ਕੇਸ ਵਿਚ ਫਾਂਸੀ ਦੇਣਾ ਸ਼ੋਭਾ ਨਹੀਂ ਦਿੰਦਾ ਜਿਸ ਵਿਚ ਜੱਜਾਂ ਦਾ ਬੈਂਚ ਇਕਮੱਤ ਨਾ ਹੋਵੇ ਤੇ ਕੇਸ ਦੇ ਮੁੱਖ ਮੁਲਜ਼ਮ ਨੂੰ ਵੀ ਬਰੀ ਕਰ ਦਿੱਤਾ ਗਿਆ ਹੋਵੇ। ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੇ ਕੇਸ ਵਿਚ ਵੱਡੀ ਗਿਣਤੀ ਵਿਚ ਭੁਗਤੇ ਗਵਾਹਾਂ ਵਿਚੋਂ ਕਿਸੇ ਇਕ ਨੇ ਵੀ ਉਸ ਖਿਲਾਫ਼ ਗਵਾਹੀ ਨਹੀਂ ਦਿੱਤੀ ਪਰ ਪੁਲਿਸ ਤੇ ਹੋਰ ਜਾਂਚ ਏਜੰਸੀਆਂ ਵੱਲੋਂ 'ਥਰਡ ਡਿਗਰੀ' ਦੀ ਵਰਤੋਂ ਕਰਕੇ ਲਏ ਉਸ ਦੇ ਇਕਬਾਲੀਆ ਬਿਆਨਾਂ ਦੇ ਆਧਾਰ 'ਤੇ ਹੀ ਫ਼ਾਂਸੀ ਦੀ ਸਜ਼ਾ ਦਿੱਤੀ ਗਈ ਹੈ ਜਿਸ ਨੂੰ ਸਿੱਖ ਕੌਮ ਆਪਣੇ ਨਾਲ ਸਰਾਸਰ ਬੇਇਨਸਾਫੀ ਤੇ ਧੱਕੇਸ਼ਾਹੀ ਮਹਿਸੂਸ ਕਰਦੀ ਹੈ।

ਉਨ੍ਹਾਂ ਕਿਹਾ ਕਿ ਸਮੁੱਚੇ ਸੰਸਾਰ 'ਚ ਫਾਂਸੀ ਦੀ ਸਜ਼ਾ ਨੂੰ ਖ਼ਤਮ ਕੀਤੇ ਜਾਣ ਦੀਆਂ ਵਿਚਾਰਾਂ ਹੋ ਰਹੀਆਂ ਹਨ ਪਰ ਦੂਜੇ ਪਾਸੇ ਜਿਸ ਸਿੱਖ ਕੌਮ ਨੇ ਦੇਸ਼ ਦੀ ਆਜ਼ਾਦੀ, ਰੱਖਿਆ ਤੇ ਵਿਕਾਸ ਲਈ ਵੱਡਾ ਯੋਗਦਾਨ ਪਾਇਆ ਹੈ, ਉਸ ਦੀ ਨੁਮਾਇੰਦਾ ਜਥੇਬੰਦੀ ਸ਼੍ਰੋਮਣੀ ਕਮੇਟੀ ਵੱਲੋਂ ਅਪੀਲਾਂ ਦੇ ਬਾਵਜੂਦ ਫਾਂਸੀ ਦੀ ਸਜ਼ਾ ਬਰਕਰਾਰ ਰੱਖਣੀ ਇਹ ਸਾਬਤ ਕਰਦੀ ਹੈ ਕਿ ਸਿੱਖਾਂ ਨਾਲ ਇਨਸਾਫ ਦੇ ਦੋਹਰੇ ਮਾਪਦੰਡ ਅਪਣਾਏ ਜਾ ਰਹੇ ਹਨ। ਪ੍ਰੋ. ਭੁੱਲਰ ਦੇ ਕੇਸ 'ਚ ਜੁਡੀਸ਼ਰੀ ਵੀ ਸਜ਼ਾ ਦੇਣ ਲਈ ਇਕਮੱਤ ਨਹੀਂ ਸੀ ਤੇ ਆਮ ਤੌਰ 'ਤੇ ਸ਼ੱਕ ਦੀ ਗੁੰਜਾਇਸ਼ ਦਾ ਲਾਭ ਵੀ ਮੁਲਜ਼ਮ ਨੂੰ ਮਿਲਦਾ ਹੈ ਪਰ ਇਸ ਕੇਸ ਵਿਚ ਅਜਿਹਾ ਵੀ ਨਹੀਂ ਹੋਇਆ।

ਉਨ੍ਹਾਂ ਕਿਹਾ ਕਿ ਕਾਨੂੰਨੀ ਪੱਖਾਂ ਤੇ ਸਿੱਖ ਜਗਤ ਦੀਆਂ ਭਾਵਨਾਵਾਂ ਨੂੰ ਅੱਖੋਂ ਪਰੋਖੇ ਕਰ ਕੇ ਪ੍ਰੋ. ਭੁੱਲਰ ਨੂੰ ਫਾਂਸੀ ਦੇਣੀ ਜਿਥੇ ਸੰਸਾਰ 'ਚ ਦੇਸ਼ ਦੀ ਵੱਡੀ ਬਦਨਾਮੀ ਦਾ ਸਬੱਬ ਬਣੇਗੀ ਉਥੇ ਨਿਆਂਪਾਲਿਕਾ ਪ੍ਰਤੀ ਲੋਕਾਂ ਦਾ ਵਿਸ਼ਵਾਸ ਡਗਮਗਾ ਜਾਵੇਗਾ। ਉਨ੍ਹਾਂ ਕਿਹਾ ਕਿ ਇਕ ਪਾਸੇ ਤਾਂ ਕੇਂਦਰ ਸਰਕਾਰ ਸਿੱਖਾਂ ਦੀਆਂ ਕਾਲੀਆਂ ਸੂਚੀਆਂ ਸੋਧ ਕੇ ਸਿੱਖਾਂ ਨਾਲ ਹਮਦਰਦੀ ਦਾ ਡਰਾਮਾ ਕਰ ਰਹੀ ਹੈ ਪਰ ਦੂਜੇ ਪਾਸੇ ਸਮੁੱਚੀ ਸਿੱਖ ਕੌਮ ਦੀਆਂ ਭਾਵਨਾਵਾਂ ਨੂੰ ਨਜ਼ਰਅੰਦਾਜ਼ ਕਰ ਰਹੀ ਹੈ।

# ਜਰਮਨੀ 'ਚ ਭਾਰਤੀ ਦੂਤਘਰ ਦੇ ਬਾਹਰ ਮੁਜ਼ਾਹਰਾ

ਬਰਲਿਨ: ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਫਾਂਸੀ ਦੀ ਸਜ਼ਾ ਉਮਰ ਕੈਦ 'ਚ ਤਬਦੀਲ ਕਰਵਾਉਣ ਦੀ ਮੰਗ ਨੂੰ ਲੈ ਕੇ ਯੂਰਪੀ ਯੂਨੀਅਨ ਦੇਸ਼ਾਂ ਦੇ ਤਕਰੀਬਨ 400 ਸਿੱਖਾਂ ਨੇ ਬਰਲਿਨ ਸਥਿਤ ਭਾਰਤੀ ਸਫ਼ਾਰਤਖ਼ਾਨੇ ਦੇ ਬਾਹਰ ਸ਼ਾਂਤਮਈ ਰੋਸ ਮੁਜ਼ਾਹਰਾ ਕੀਤਾ। ਟੀਅਰ ਗਾਰਟਨ ਸਟਰਾਸੇ ਵਿਖੇ ਇਕੱਤਰ ਹੋਏ ਸਿੱਖਾਂ ਨੇ ਤਕਰੀਬਨ ਦੋ ਘੰਟੇ ਮੁਜ਼ਾਹਰਾ ਕੀਤਾ ਤੇ ਬਾਅਦ 'ਚ ਭਾਰਤੀ ਰਾਜਦੂਤ ਸੁਧੀਰ ਵਿਆਸ ਨੂੰ ਪ੍ਰੋ. ਭੁੱਲਰ ਦੀ ਸਜ਼ਾ ਘੱਟ ਕਰਵਾਉਣ ਬਾਰੇ ਮੰਗ ਪੱਤਰ ਦਿੱਤਾ।

ਇਸ ਮੌਕੇ ਪੁਲਿਸ ਨੇ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਹੋਏ ਸਨ। ਮੁਜ਼ਾਹਰੇ 'ਚ ਸ਼ਾਮਲ ਹੋਣ ਆਏ ਅੰਮ੍ਰਿਤਧਾਰੀ ਸਿੰਘਾਂ ਨੂੰ ਪੁਲਿਸ ਨੇ ਗਾਤਰੇ ਵਾਲੀਆਂ ਕਿਰਪਾਨਾਂ ਲਾਹ ਕੇ ਮੁਜ਼ਾਹਰੇ 'ਚ ਸ਼ਾਮਲ ਹੋਣ ਲਈ ਕਿਹਾ ਪਰ ਸਿੰਘਾਂ ਨੇ ਅਜਿਹਾ ਕਰਨ ਤੋਂ ਨਾ ਕਰ ਦਿੱਤੀ। ਪੁਲਿਸ ਨੇ ਕਈ ਸਿੰਘਾਂ ਦੀਆਂ ਦਸਤਾਰਾਂ ਨੂੰ ਵੀ ਹੱਥਾਂ ਨਾਲ ਟੋਹ ਕੇ ਵੇਖਿਆ।

ਪੁਲਿਸ ਦੀ ਇਸ ਕਾਰਵਾਈ ਦੀ ਸਿੱਖ ਫੈਡਰੇਸ਼ਨ ਜਰਮਨੀ ਦੇ ਪ੍ਰਧਾਨ ਭਾਈ ਗੁਰਮੀਤ ਸਿੰਘ ਖਨਿਆਣਾ ਨੇ ਸਖ਼ਤ ਨਿੰਦਾ ਕੀਤੀ ਤੇ ਗਾਤਰੇ ਲਾਹੁਣ ਤੋਂ ਇਨਕਾਰ ਕਰ ਦਿੱਤਾ। ਭਾਈ ਗੁਰਮੀਤ ਸਿੰਘ ਖਨਿਆਣਾ ਅਨੁਸਾਰ ਭਾਰਤੀ ਦੂਤਘਰ ਵਾਲਿਆਂ ਨੇ ਮੰਗ ਪੱਤਰ ਲੈਣ ਤੋਂ ਇਨਕਾਰ ਕਰ ਦਿੱਤਾ ਤੇ ਕਿਹਾ ਕਿ ਪੁਲਿਸ ਨੂੰ ਇਹ ਮੰਗ ਪੱਤਰ ਦੇ ਦਿੱਤਾ ਜਾਵੇ। ਇਸ ਤੋਂ ਬਾਅਦ ਸਿੱਖਾਂ ਦੇ ਵਫ਼ਦ ਨੇ ਜਰਮਨੀ ਦੇ ਵਿਦੇਸ਼ ਮੰਤਰਾਲੇ ਨੂੰ ਵੀ ਪ੍ਰੋ. ਭੁੱਲਰ ਦੀ ਰਿਹਾਈ ਲਈ ਯਾਦ ਪੱਤਰ ਦਿੱਤਾ।


ਇਸ ਧਰਨੇ ਵਿਚ ਸ਼ਾਮਲ ਹੋਣ ਲਈ ਜਰਮਨੀ ਤੋਂ ਇਲਾਵਾ ਇੰਗਲੈਂਡ, ਹਾਲੈਂਡ ਅਤੇ ਹੋਰ ਦੇਸ਼ਾਂ ਦੇ ਸਿੱਖ ਵੀ ਪੁੱਜੇ ਹੋਏ ਸਨ। ਵਿਖਾਵਾਕਾਰੀਆਂ ਨੂੰ ਇਹ ਦੁੱਖ ਵੀ ਸੀ ਕਿ ਉਹ ਤਾਂ ਪ੍ਰੋ. ਭੁੱਲਰ ਦੀ ਫਾਂਸੀ ਤੁੜਵਾਉਣ ਲਈ ਕੀਤੇ ਜਾ ਰਹੇ ਯਤਨਾਂ ਵਿਚ ਹਿੱਸਾ ਪਾ ਰਹੇ ਹਨ ਪਰ ਉਨ੍ਹਾਂ ਦੀ ਆਵਾਜ਼ ਨੂੰ ਵੱਖ-ਵੱਖ ਢੰਗ-ਤਰੀਕਿਆਂ ਨਾਲ ਦਬਾਉਣ ਦੇ ਲਗਾਤਾਰ ਯਤਨ ਕੀਤੇ ਜਾ ਰਹੇ ਹਨ। ਹਰ ਪਾਸੇ ਜਮਹੂਰੀਅਤ ਦਾ ਅਕਸਰ ਹੀ ਢੰਡੋਰਾ ਪਿੱਟਿਆ ਜਾਂਦਾ ਹੈ ਪਰ ਸਰਕਾਰ ਉਨ੍ਹਾਂ ਨੂੰ ਜਮਹੂਰੀ ਹੱਕ ਵੀ ਨਹੀਂ ਵਰਤਣ ਦੇ ਰਹੀ।

ਵੱਖ-ਵੱਖ ਬੁਲਾਰਿਆਂ ਨੇ ਕਿਹਾ ਕਿ ਦੁਨੀਆ ਭਰ ਵਿਚ ਭੁੱਲਰ ਦੇ ਹੱਕ ਵਿਚ ਬੇਮਿਸਾਲ ਹੁੰਗਾਰਾ ਮਿਲਿਆ ਹੈ। ਹੁਣ ਭਾਰਤ ਸਰਕਾਰ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਿੱਖਾਂ ਉਤੇ ਜ਼ੁਲਮ ਢਾਹੁਣ ਵਾਲੇ ਤਾਂ ਖੁੱਲ੍ਹੇ ਘੁੰਮ ਰਹੇ ਹਨ ਪਰ ਜ਼ੁਲਮਾਂ ਕਾਰਨ ਘਰ-ਬਾਰ ਛੱਡਣ ਲਈ ਮਜਬੂਰ ਹੋਣ ਵਾਲੇ ਭੁੱਲਰ ਵਰਗੇ ਨੌਜਵਾਨਾਂ ਨੂੰ ਕਾਲ-ਕੋਠੜੀਆਂ ਵਿਚ ਡੱਕਿਆ ਹੋਇਆ ਹੈ। ਇਨ੍ਹਾਂ ਨੌਜਵਾਨਾਂ ਦਾ ਭਵਿੱਖ ਤਾਂ ਮਲੀਆਮੇਟ ਕੀਤਾ ਹੀ ਗਿਆ ਹੈ, ਹੁਣ ਸਰਕਾਰ ਜਾਨ ਦੀ ਵੀ ਦੁਸ਼ਮਣ ਬਣ ਗਈ ਹੈ।

ਉਨ੍ਹਾਂ ਕਿਹਾ ਕਿ ਭੁੱਲਰ ਦੀ ਸਜ਼ਾ ਤੁੜਵਾਉਣ ਲਈ ਹਰ ਹੀਲਾ ਕੀਤਾ ਜਾਵੇਗਾ। ਉਨ੍ਹਾਂ ਯੂਰਪੀ ਯੂਨੀਅਨ ਦੇ ਦੇਸ਼ਾਂ ਅਤੇ ਜਰਮਨੀ ਦੀਆਂ ਸਰਕਾਰਾਂ ਦਾ ਉਚੇਚਾ ਧੰਨਵਾਦ ਕੀਤਾ ਜਿਨ੍ਹਾਂ ਨੇ ਭੁੱਲਰ ਦੀ ਪਤਨੀ ਬੀਬੀ ਨਵਨੀਤ ਕੌਰ ਅਤੇ ਮਾਂ ਬੀਬੀ ਉਪਕਾਰ ਕੌਰ ਦੀ ਅਪੀਲ 'ਤੇ ਭਾਰਤ ਸਰਕਾਰ ਨੂੰ ਕਿਹਾ ਹੈ ਕਿ ਭੁੱਲਰ ਬਾਰੇ ਫੈਸਲੇ 'ਤੇ ਨਜ਼ਰਸਾਨੀ ਹੋਣੀ ਚਾਹੀਦੀ ਹੈ। ਉਨ੍ਹਾਂ ਇਨ੍ਹਾਂ ਦੇਸ਼ਾਂ ਦੀਆਂ ਨੂੰ ਫਿਰ ਅਪੀਲ ਕੀਤੀ ਕਿ ਉਹ ਇਹ ਮਾਮਲਾ ਭਾਰਤ ਸਰਕਾਰ ਕੋਲ ਲਗਾਤਾਰ ਉਠਾਉਣ ਤਾਂ ਕਿ ਭੁੱਲਰ ਦੀ ਜਾਨ ਬਚਾਈ ਜਾ ਸਕੇ। ਉਨ੍ਹਾਂ ਭਾਈਚਾਰੇ ਨਾਲ ਸਬੰਧਤ ਲੀਡਰਾਂ ਨੂੰ ਵੀ ਕਿਹਾ ਕਿ ਭੁੱਲਰ ਦੇ ਹੱਕ ਵਿਚ ਹਮਾਇਤ ਜੁਟਾਉਣ ਲਈ ਹਰ ਪੱਧਰ 'ਤੇ ਯਤਨ ਜਾਰੀ ਰੱਖੇ ਜਾਣ। ਵੱਖ-ਵੱਖ ਭਾਈਚਾਰਿਆਂ ਨਾਲ ਵੀ ਰਾਬਤਾ ਬਣਾਇਆ ਜਾਵੇ ਤਾਂ ਕਿ ਸੰਘਰਸ਼ ਦਾ ਘੇਰਾ ਮੋਕਲਾ ਹੋ ਸਕੇ।

# ਪ੍ਰੋ. ਭੁੱਲਰ ਸਿੱਖ ਕੌਮ ਦਾ ਮਹਾਨ ਯੋਧਾ: ਲੱਖੋਵਾਲ

**ਮੁਹਾਲੀ:** ਭਾਰਤੀ ਕਿਸਾਨ ਯੂਨੀਅਨ ਪੰਜਾਬ ਦੇ ਪ੍ਰਧਾਨ ਅਜਮੇਰ ਸਿੰਘ ਲੱਖੋਵਾਲ ਨੇ ਕਿਹਾ ਕਿ ਪ੍ਰੋ. ਭੁੱਲਰ ਸਿੱਖ ਕੌਮ ਦਾ ਉਹ ਮਹਾਨ ਯੋਧਾ ਹੈ ਜਿਹੜਾ ਕਿਸੇ ਹਕੂਮਤ ਦੀ ਈਨ ਮੰਨਣ ਦੀ ਬਜਾਏ ਬਿਨਾਂ ਕਿਸੇ ਡਰ ਤੇ ਲਾਲਚ ਤੋਂ ਉਪਰ ਉਠ ਕੇ ਪਿਛਲੇ 20 ਸਾਲਾਂ ਤੋਂ ਸਿੱਖ ਕੌਮ ਦੀ ਆਨ ਤੇ ਸ਼ਾਨ ਲਈ ਸੰਘਰਸ਼ ਦੇ ਰਾਹ 'ਤੇ ਅਡੋਲ ਡਟਿਆ ਆ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਪਿਛਲੇ 17 ਸਾਲ ਤੋਂ ਪ੍ਰੋ. ਭੁੱਲਰ ਨੂੰ ਵੱਖ-ਵੱਖ ਝੂਠੇ ਕੇਸਾਂ ਵਿਚ ਜੇਲ੍ਹਾਂ ਵਿਚ ਬੰਦ ਕਰਨ ਤੋਂ ਇਲਾਵਾ ਸਮੇਂ ਦੇ ਹੁਕਮਰਾਨਾਂ ਨੇ ਉਸ ਦੇ ਪਰਿਵਾਰ 'ਤੇ ਜੋ ਕਹਿਰ ਵਰਤਾਇਆ ਹੈ, ਉਸ ਨੂੰ ਸਿੱਖ ਕੌਮ ਕਦੇ ਵੀ ਭੁੱਲੇਗੀ ਨਹੀਂ ਤੇ ਉਸ ਦੀ ਰਿਹਾਈ ਤੱਕ ਸੰਘਰਸ਼ ਜਾਰੀ ਰੱਖੇਗੀ।



## ਪ੍ਰੋ. ਭੁੱਲਰ ਦੇ ਹੱਕ 'ਚ ਸੈਂਕੜੇ ਪੰਚਾਇਤਾਂ ਵੱਲੋਂ ਮਤੇ ਪਾਸ

**ਚੰਡੀਗੜ੍ਹ:** ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਪਤਨੀ ਦੇ ਚਾਚਾ ਗੁਲਜ਼ਾਰ ਸਿੰਘ ਮੁਹਾਲੀ ਦੇ ਗੁਰਦੁਆਰਾ ਅੰਬ ਸਾਹਿਬ ਵਿਖੇ ਆਪਣੇ ਪਰਿਵਾਰਕ ਮੈਂਬਰਾਂ ਨਾਲ ਪਹੁੰਚੇ। ਉਨ੍ਹਾਂ ਦੱਸਿਆ ਕਿ ਉਹ ਸ੍ਰੀ ਅੰਮ੍ਰਿਤਸਰ ਤੇ ਤਰਨਤਾਰਨ ਜ਼ਿਲ੍ਹਿਆਂ ਦੀਆਂ ਤਕਰੀਬਨ 100 ਪੰਚਾਇਤਾਂ ਦੇ ਪਾਸ ਕੀਤੇ ਮਤੇ ਲੈ ਕੇ ਆਏ ਹਨ ਜਿਨ੍ਹਾਂ ਵਿਚ ਸਮੂਹ ਪੰਚਾਇਤਾਂ ਨੇ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਫ਼ਾਂਸੀ ਦੀ ਸਜ਼ਾ ਖਤਮ ਕਰਨ ਦੀ ਮੰਗ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਪ੍ਰੋ. ਭੁੱਲਰ ਦੀ ਫਾਂਸੀ ਦੀ ਸਜ਼ਾ ਮੁਆਫ਼ੀ ਲਈ ਪੰਜਾਬ ਦੀਆਂ ਹੋਰ ਭਾਰੀ ਗਿਣਤੀ ਵਿਚ ਪੰਚਾਇਤਾਂ ਵੀ ਮਤੇ ਪਾਸ ਕਰਕੇ ਉਨ੍ਹਾਂ ਨੂੰ ਸੌਂਪਣ ਜਾ ਰਹੀਆਂ ਹਨ।

# ਭੁੱਲਰ ਦੀ ਸਜ਼ਾ ਮੁਆਫ਼ੀ ਦੀ ਮੰਗ ਜਾਇਜ਼: ਵਿਰਕ

**ਚੰਡੀਗੜ੍ਹ:** ਪੰਜਾਬ ਤੇ ਮਹਾਰਾਸ਼ਟਰ ਦੇ ਪੁਲਿਸ ਮੁਖੀ ਰਹਿ ਚੁੱਕੇ ਐਸ.ਐਸ. ਵਿਰਕ ਨੇ ਵੀ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਹਮਾਇਤ ਕਰਦਿਆਂ ਕਿਹਾ ਹੈ ਕਿ ਉਨ੍ਹਾਂ ਨੂੰ ਫਾਂਸੀ ਦੀ ਸਜ਼ਾ ਦੇਣਾ ਇਨਸਾਫ਼ ਦੇ ਅਸੂਲਾਂ ਦੇ ਵਿਰੁੱਧ ਹੈ। ਸਿੱਖਾਂ ਦੀ ਇਹ ਮੰਗ ਜਾਇਜ਼ ਹੈ ਕਿ ਪ੍ਰੋ. ਭੁੱਲਰ ਨੂੰ ਸੁਪਰੀਮ ਕੋਰਟ ਵੱਲੋਂ ਸੁਣਾਈ ਗਈ ਮੌਤ ਦੀ ਸਜ਼ਾ ਉਮਰ ਕੈਦ ਵਿਚ ਬਦਲ ਦਿੱਤੀ ਜਾਵੇ।

ਸੇਵਾਮੁਕਤ ਸੀਨੀਅਰ ਆਈ.ਪੀ.ਐਸ. ਅਧਿਕਾਰੀ ਪਹਿਲੀ ਵਾਰ ਖੁੱਲ੍ਹ ਕੇ ਪ੍ਰੋ. ਭੁੱਲਰ ਦੇ ਹੱਕ 'ਚ ਆਇਆ ਹੈ। ਸ. ਵਿਰਕ ਨੇ ਕਿਹਾ ਕਿ ਇਹ ਗੱਲ ਨਹੀਂ ਭੁੱਲਣੀ ਚਾਹੀਦੀ ਕਿ ਸੁਪਰੀਮ ਕੋਰਟ ਦੇ ਤਿੰਨ ਜੱਜ ਵੀ ਪ੍ਰੋ. ਭੁੱਲਰ ਨੂੰ ਫਾਂਸੀ ਦੀ ਸਜ਼ਾ ਸੁਣਾਉਣ ਸਮੇਂ ਆਪਸ 'ਚ ਸਹਿਮਤ ਨਹੀਂ ਸਨ ਤੇ ਬੈਂਚ ਦੇ ਮੁਖੀ ਜਸਟਿਸ ਐਚ.ਡੀ. ਸ਼ਾਹ ਨੇ ਤਾਂ ਇਥੋਂ ਤੱਕ ਫੈਸਲਾ ਸੁਣਾਉਣ ਸਮੇਂ ਕਿਹਾ ਸੀ ਕਿ ਪ੍ਰੋ. ਭੁੱਲਰ ਦੇ ਕੇਸ ਵਿਚ ਜੋ ਤੱਥ ਸਾਹਮਣੇ ਆਏ ਹਨ, ਉਨ੍ਹਾਂ ਦੇ ਆਧਾਰ 'ਤੇ ਉਹ ਬੇਕਸੂਰ ਲੱਗਦਾ ਹੈ। ਉਸ ਨੂੰ ਫਾਂਸੀ ਦੀ ਸਜ਼ਾ ਦੇਣਾ ਇਨਸਾਫ ਦੇ ਆਧਾਰ 'ਤੇ ਉਚਿਤ ਨਹੀਂ।



ਸ. ਵਿਰਕ ਨੇ ਕਿਹਾ ਕਿ ਪ੍ਰੋ. ਭੁੱਲਰ ਇੰਜੀਨੀਅਰ ਬਣਨਾ ਚਾਹੁੰਦਾ ਸੀ ਤੇ ਉਸ ਨੇ ਇਸ ਦੀ ਡਿਗਰੀ ਵੀ ਪ੍ਰਾਪਤ ਕੀਤੀ। ਕੇਂਦਰ ਤੇ ਪੰਜਾਬ ਦੀਆਂ ਸਰਕਾਰਾਂ ਨੇ ਪ੍ਰੋ. ਭੁੱਲਰ ਦੇ ਪਿਤਾ ਦੇ ਕੇਸ ਵਿਚ ਇਮਾਨਦਾਰੀ ਨਾਲ ਕਾਰਵਾਈ ਨਹੀਂ ਕੀਤੀ। ਇਹ ਨਹੀਂ ਭੁੱਲਣਾ ਚਾਹੀਦਾ ਕਿ ਪ੍ਰੋ. ਭੁੱਲਰ ਦਾ ਪਰਿਵਾਰ ਪੜ੍ਹਿਆ ਲਿਖਿਆ ਸੀ। ਪ੍ਰੋ. ਭੁੱਲਰ ਦੇ ਪਿਤਾ ਤੇ ਮਾਸੜ ਨੂੰ ਪੁਲਿਸ ਹਿਰਾਸਤ ਦੌਰਾਨ ਤਸ਼ੱਦਦ ਢਾਹ ਕੇ ਮਾਰ ਦਿੱਤਾ ਗਿਆ ਸੀ। ਇਹੀ ਦੁੱਖ ਉਸ ਨੂੰ ਹਥਿਆਰ ਚੁੱਕਣ ਦੇ ਰਸਤੇ ਲੈ ਗਿਆ। ਉਨ੍ਹਾਂ ਕਿਹਾ ਕਿ ਮੇਰੀ ਰਾਏ ਵਿਚ ਸਿੱਖ ਜਗਤ ਤੇ ਮਨੁੱਖੀ ਅਧਿਕਾਰਾਂ ਨਾਲ ਪਿਆਰ ਕਰਨ ਵਾਲੀਆਂ ਸੰਸਥਾਵਾਂ ਦੀ ਇਹ ਮੰਗ ਜਾਇਜ਼ ਹੈ ਕਿ ਪ੍ਰੋ. ਭੁੱਲਰ ਨੂੰ ਸੁਣਾਈ ਗਈ ਮੌਤ ਦੀ ਸਜ਼ਾ ਉਮਰ ਕੈਦ ਵਿਚ ਬਦਲ ਦਿੱਤੀ ਜਾਵੇ।

ਸ. ਵਿਰਕ ਨੇ ਦਲੀਲ ਦਿੱਤੀ ਕਿ ਜੇ ਉੜੀਸਾ ਵਿਚ ਈਸਾਈ ਮਿਸ਼ਨਰੀਆਂ ਦੀ ਹੱਤਿਆ ਕਰਨ ਵਾਲੇ ਦਾਰਾ ਸਿੰਘ ਦੀ ਫਾਂਸੀ ਦੀ ਸਜ਼ਾ ਉਮਰ ਕੈਦ ਵਿਚ ਬਦਲ ਸਕਦੀ ਹੈ ਤਾਂ ਇਸੇ ਤਰ੍ਹਾਂ ਪ੍ਰੋ. ਭੁੱਲਰ ਦੀ ਸੁਣਾਈ ਗਈ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿਚ ਕਿਉਂ ਨਹੀਂ ਬਦਲਿਆ ਜਾ ਰਿਹਾ? ਉਨ੍ਹਾਂ ਕਿਹਾ ਪ੍ਰੋ. ਭੁੱਲਰ ਦੇ ਕੇਸ ਨੂੰ ਲੈ ਕੇ ਸ਼੍ਰੋਮਣੀ ਕਮੇਟੀ ਵੱਲੋਂ ਕੀਤਾ ਜਾ ਰਿਹਾ ਸੰਘਰਸ਼ ਤਾਂ ਸਿਆਸੀ ਡਰਾਮੇ ਤੋਂ ਵੱਧ ਨਹੀਂ ਲੱਗਦਾ ਕਿਉਂਕਿ ਪੰਜਾਬ ਸਰਕਾਰ ਨੇ ਪ੍ਰੋ. ਭੁੱਲਰ ਦੇ ਪਿਤਾ ਦੇ ਕੇਸ ਸਬੰਧੀ ਸੁਪਰੀਮ ਕੋਰਟ ਵਿਚ ਜੋ ਹਲਫੀਆ ਬਿਆਨ ਦਿੱਤਾ ਹੈ, ਉਸ ਵਿਚ ਪ੍ਰੋ. ਭੁੱਲਰ ਨੂੰ ਅਤਿਵਾਦੀ ਦੱਸਿਆ ਗਿਆ ਹੈ।

# ਯੂਰਪੀ ਯੂਨੀਅਨ ਵੀ ਭੁੱਲਰ ਦੇ ਹੱਕ ਵਿਚ ਡਟੀ

ਨਵੀਂ ਦਿੱਲੀ: ਯੂਰਪੀਨ ਯੂਨੀਅਨ ਨੇ ਵੀ ਸਿੱਖਾਂ ਦੇ ਸ਼ੰਘਰਸ਼ ਦਾ ਹਮਾਇਤ ਕਰਦਿਆਂ ਭਾਰਤ ਸਰਕਾਰ ਨੂੰ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਫਾਂਸੀ ਦੀ ਸਜ਼ਾ ਮੁਆਫ ਕਰਨ ਦੀ ਅਪੀਲ ਕੀਤੀ ਹੈ। ਭਾਰਤ ਵਿਚ ਜਰਮਨੀ ਦੇ ਰਾਜਦੂਤ ਥਾਮਸ ਮਤੂਸਕ ਨੇ ਦੱਸਿਆ ਕਿ ਉਹ ਮੌਤ ਦੀ ਸਜ਼ਾ ਵਿਚ ਵਿਸ਼ਵਾਸ ਨਹੀਂ ਰੱਖਦੇ ਕਿਉਂਕਿ ਇਹ ਜਿਊਣ ਦੇ ਅਧਿਕਾਰ ਦੀ ਉਲੰਘਣਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਯੂਰਪੀਨ ਯੂਨੀਅਨ ਨਾਲ ਮਿਲ ਕੇ ਭਾਰਤ ਸਰਕਾਰ ਨੂੰ ਅਪੀਲ ਕਰ ਰਹੀ ਹੈ ਕਿ ਉਹ ਪ੍ਰੋ. ਭੁੱਲਰ ਨੂੰ ਫਾਂਸੀ ਦੀ ਸਜ਼ਾ ਨਾ ਦੇਵੇ। ਇਸ ਮੁੱਦੇ 'ਤੇ ਯੂਰਪੀਨ ਯੂਨੀਅਨ ਨੇ ਗ੍ਰਹਿ ਮੰਤਰੀ ਪੀ. ਚਿਦੰਬਰਮ ਨੂੰ ਪੱਤਰ ਲਿਖਿਆ ਹੈ।

1995 ਵਿਚ ਜਰਮਨੀ ਦੇ ਅਧਿਕਾਰੀਆਂ ਵੱਲੋਂ ਰਾਜਸੀ ਸ਼ਰਨ ਦੀ ਅਰਜ਼ੀ ਰੱਦ ਕਰਨ ਦੇਣ ਪਿੱਛੋਂ ਮਕੈਨੀਕਲ ਇੰਜੀਨੀਅਰ ਪ੍ਰੋ. ਭੁੱਲਰ ਨੂੰ ਫਰੈਂਕਫਰਟ ਤੋਂ ਵਾਪਸ ਭੇਜ ਦਿੱਤਾ ਸੀ ਪਰ ਉਸ ਨੂੰ ਭਾਰਤ ਵਾਪਸ ਭੇਜਣ ਦੇ ਫ਼ੈਸਲੇ ਤੋਂ ਦੋ ਸਾਲ ਪਿੱਛੋਂ ਫਰੈਂਕਫਰਟ ਅਦਾਲਤ ਨੇ ਉਸ ਨੂੰ ਵਾਪਸ ਭੇਜਣ ਦੀ ਕਾਰਵਾਈ ਨੂੰ ਗੈਰ-ਕਾਨੂੰਨੀ ਕਰਾਰ ਦਿੱਤਾ ਸੀ। ਭਾਰਤ ਦੀ ਰਾਸ਼ਟਰਪਤੀ ਵੱਲੋਂ ਭਾਈ ਭੁੱਲਰ ਦੀ ਰਹਿਮ ਦੀ ਅਪੀਲ ਰੱਦ ਕਰਨ ਪਿੱਛੋਂ ਜਰਮਨੀ ਵਿਚ ਮਨੁੱਖੀ ਅਧਿਕਾਰ ਸੰਗਠਨਾਂ ਨੇ ਉਸ ਨੂੰ ਫਾਂਸੀ ਦੀ ਸਜ਼ਾ ਦੇਣ ਦਾ ਮੁੱਦਾ ਉਠਾਉਂਦਿਆਂ ਸਰਕਾਰ ਦੇ ਉਸ ਨੂੰ ਭਾਰਤ ਵਾਪਸ ਭੇਜਣ ਦੇ ਫ਼ੈਸਲੇ 'ਤੇ ਸਵਾਲ ਖੜ੍ਹਾ ਕੀਤਾ ਹੈ। ਜਰਮਨੀ ਦੇ ਕਾਨੂੰਨ ਤਹਿਤ ਕਿਸੇ ਵਿਅਕਤੀ ਨੂੰ ਉਸ ਦੇਸ਼ 'ਚ ਵਾਪਸ ਭੇਜਿਆ ਜਾਂ ਉਸ ਦੇਸ਼ ਦੇ ਹਵਾਲੇ ਨਹੀਂ ਕੀਤਾ ਜਾ ਸਕਦਾ ਜਿਥੇ ਉਸ ਨੂੰ ਮੌਤ ਦੀ ਸਜ਼ਾ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਪ੍ਰੋ. ਭੁੱਲਰ ਨੂੰ ਸੁਮੇਧ ਸਿੰਘ ਸੈਣੀ ਅਤੇ ਪੰਜਾਬ ਯੂਥ ਕਾਂਗਰਸ ਦੇ ਪ੍ਰਧਾਨ ਮਨਿੰਦਰਜੀਤ ਸਿੰਘ ਬਿੱਟਾ 'ਤੇ ਹਮਲਾ ਕਰਨ ਦੇ ਦੋਸ਼ ਵਿਚ 2001 ਵਿਚ ਅਦਾਲਤ ਨੇ ਮੌਤ ਦੀ ਸਜ਼ਾ ਸੁਣਾਈ ਸੀ।

## ਗੁਰਮਤਿ ਚਿੰਤਨ

# ਭਗਤ ਕਬੀਰ ਦੀ ਬਾਣੀ ਵਿਚ ਸਮਾਜਿਕ ਚੇਤਨਤਾ

**ਡਾ. ਗੁਰਨਾਮ ਕੌਰ**

ਪਿਛਲੇ ਲੇਖਾਂ ਵਿਚ ਅਸੀਂ ਡਾ. ਜੋਧ ਸਿੰਘ ਵੱਲੋਂ 'ਰਿਗ ਵੇਦ ਤੋਂ ਦਸਮ ਗ੍ਰੰਥ ਤੱਕ' ਲੇਖ-ਲੜੀ ਵਿਚ ਉਠਾਏ ਨੁਕਤਿਆਂ ਦੀ ਲੋਅ ਵਿਚ ਦਸਮ ਗ੍ਰੰਥ ਵਿਚ ਸ਼ਾਮਲ ਕੁੱਝ ਉਨ੍ਹਾਂ ਰਚਨਾਵਾਂ ਦਾ ਬਹੁਤ ਹੀ ਸੰਖੇਪ ਜਿਹਾ ਅਧਿਐਨ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀ ਲੋਅ ਵਿਚ ਕੀਤਾ ਸੀ, ਜਿਨ੍ਹਾਂ ਨੂੰ ਸਿੱਖ ਜਗਤ ਵਿਚ ਕਿੰਤੂ-ਮੁਕਤ ਨਹੀਂ ਮੰਨਿਆ ਜਾਂਦਾ। ਦੂਸਰਾ ਨੁਕਤਾ ਡਾ. ਜੋਧ ਸਿੰਘ ਨੇ ਤੁਲਸੀ ਦਾਸ ਅਤੇ ਭਗਤ ਕਬੀਰ ਦਾ ਖਾਸ ਨਾਮ ਲੈਂਦਿਆਂ ਇਹ ਉਠਾਇਆ ਹੈ ਕਿ ਭਗਤਾਂ ਵਿਚ ਸਮਾਜਿਕ ਚੇਤਨਤਾ ਦੀ ਘਾਟ ਸੀ ਇਸ ਕਰਕੇ ਉਹ ਇੱਕ ਲਹਿਰ ਨਹੀਂ ਬਣ ਸਕੇ। ਇਥੇ ਮੈਂ ਤੁਲਸੀ ਦਾਸ ਨੂੰ ਪਾਸੇ ਛੱਡਦਿਆਂ ਭਗਤ ਕਬੀਰ ਦਾ ਜ਼ਿਕਰ ਕਰਨਾ ਚਾਹਾਂਗੀ। ਇਸ ਦਾ ਕਾਰਨ ਇਹ ਹੈ ਕਿ ਭਗਤ ਕਬੀਰ ਇੱਕ ਨਿਰੰਕਾਰ ਦੇ ਉਪਾਸ਼ਕ ਸਨ ਅਤੇ ਉਨ੍ਹਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਹੈ ਅਤੇ ਸ਼ਬਦ-ਗੁਰੂ ਦਾ ਹਿੱਸਾ ਹੈ।



ਡਾ. ਗੁਰਨਾਮ ਕੌਰ

ਤੁਲਸੀ ਦਾਸ ਵਿਸ਼ਨੂੰ ਦੇ ਅਵਤਾਰ ਰਾਮ ਚੰਦਰ ਦਾ ਉਪਾਸ਼ਕ ਸੀ ਅਤੇ ਉਸਨੇ 'ਤੁਲਸੀ ਰਮਾਇਣ' ਦੀ ਰਚਨਾ ਕੀਤੀ। ਗੁਰਬਾਣੀ ਵਿਚ ਪਰਮਾਤਮਾ ਦੇ ਕਿਸੇ ਵਿਅਕਤੀਗਤ ਰੂਪ ਵਿਚ ਧਰਤੀ 'ਤੇ ਜਨਮ ਲੈਣ ਨੂੰ ਪ੍ਰਵਾਨ ਨਹੀਂ ਕੀਤਾ ਗਿਆ ਕਿਉਂਕਿ ਉਹ 'ਅਜੂਨੀ' ਅਤੇ 'ਅਕਾਲ' ਹੈ। ਭਗਤ ਕਬੀਰ ਦੀ ਵੀ ਉਹੀ ਬਾਣੀ ਸਾਡੇ ਲਈ ਪ੍ਰਮਾਣਿਕ ਹੈ ਜੋ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਹੈ। ਗੁਰੂ ਗ੍ਰੰਥ ਸਾਹਿਬ ਵਿਚ 6 ਗੁਰੂਆਂ ਦੀ ਬਾਣੀ ਤੋਂ ਇਲਾਵਾ 30 ਭਗਤਾਂ, ਸੰਤਾਂ ਅਤੇ ਭੱਟਾਂ ਦੀ ਬਾਣੀ ਵੀ ਸ਼ਾਮਲ ਹੈ। ਇਹ ਪ੍ਰਵਾਨ ਕੀਤਾ ਹੋਇਆ ਹੈ ਕਿ ਸੰਤਾਂ ਭਗਤਾਂ ਦੀ ਬਾਣੀ ਗੁਰੂ ਨਾਨਕ ਦੇਵ ਤੋਂ ਅਰੰਭ ਹੋ ਕੇ ਗੁਰੂ ਸਾਹਿਬਾਨ ਨੇ ਆਪ ਇਕੱਤਰ ਕੀਤੀ ਅਤੇ ਪੰਚਮ ਪਾਤਿਸ਼ਾਹ ਨੇ ਆਪ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਕੀਤੀ। ਇਥੇ ਅਸੀਂ ਭਗਤ ਕਬੀਰ ਦੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਬਾਣੀ ਵਿਚ ਸਮਾਜਿਕ ਚੇਤਨਤਾ ਦਾ ਗੁਰਮਤਿ ਪਰਿਪੇਖ ਵਿਚ ਸੰਖੇਪ ਅਧਿਐਨ ਕਰਨਾ ਹੈ। ਸਿਧਾਂਤਕ ਪੱਖ ਵਿਚਾਰਨ ਤੋਂ ਪਹਿਲਾਂ ਇਹ ਦੱਸ ਦੇਣਾ ਜ਼ਰੂਰੀ ਹੈ ਕਿ ਭਗਤ ਕਬੀਰ ਨੇ ਜੋ ਅਧਿਆਤਮਕ ਪ੍ਰਾਪਤੀਆਂ ਕੀਤੀਆਂ ਉਹ ਕਿਸੇ ਤਰ੍ਹਾਂ ਵੀ ਅਵਤਾਰ-ਪਰੰਪਰਾ ਦੀਆਂ ਅਨੁਸਾਰੀ ਨਹੀਂ ਹਨ:

ਕਬੀਰ ਰਾਮ ਕਹਨ ਮਹਿ ਭੇਦੁ ਹੈ
ਤਾ ਮਹਿ ਏਕੁ ਬਿਚਾਰੁ॥
ਸੋਈ ਰਾਮੁ ਸਭੈ ਕਹਹਿ
ਸੋਈ ਕਉਤਕਹਾਰ॥ (190)
ਕਬੀਰ ਰਾਮੈ ਰਾਮ ਕਹੁ
ਕਹਿਬੇ ਮਾਹਿ ਬਿਬੇਕ॥
ਏਕੁ ਅਨੇਕਹਿ ਮਿਲਿ ਗਇਆ
ਏਕ ਸਮਾਨਾ ਏਕ॥ (191)
(ਸਲੋਕ ਭਗਤ ਕਬੀਰ, ਪੰਨਾ 1374)

ਇਥੇ ਭਗਤ ਕਬੀਰ ਨੇ ਸਪਸ਼ਟ ਕੀਤਾ ਹੈ ਕਿ ਉਹੀ ਲਫ਼ਜ ਰਾਮ ਵਿਸ਼ਨੂੰ ਦੇ ਅਵਤਾਰ ਰਾਮ ਚੰਦਰ ਲਈ ਸਾਰੇ ਬੋਲਦੇ ਹਨ ਅਤੇ ਉਹੀ ਲਫ਼ਜ 'ਰਾਮ' ਜਗਤ ਦੇ ਚੋਜ ਕਰਨ ਵਾਲੇ ਹਰੀ ਲਈ ਵਰਤਿਆ ਜਾਂਦਾ ਹੈ। ਇਸੇ ਤਰ੍ਹਾਂ ਇੱਕ ਰਾਮ (ਹਰੀ) ਉਹ ਹੈ ਜੋ ਅਨੇਕਾਂ ਵਿਚ ਸਮਾਇਆ ਹੋਇਆ ਹੈ ਅਤੇ ਇੱਕ ਉਹ ਰਾਮ (ਦਸਰਥ ਦਾ ਪੁੱਤਰ) ਹੈ ਜੋ ਇੱਕ ਆਪਣੇ ਸਰੀਰ ਵਿਚ ਹੀ ਰਹਿੰਦਾ ਹੈ। ਭਗਤ ਕਬੀਰ ਨੇ ਇੱਕ ਆਮ ਕਿਰਤੀ ਪਰਿਵਾਰ ਵਿਚ ਜਨਮ ਲਿਆ ਅਤੇ ਇੱਕ ਆਮ ਵਿਅਕਤੀ ਵਾਲਾ ਜੀਵਨ ਜੀਵਿਆ। ਜਨਮ ਨਾਲ ਉਹ ਸਮਾਜਿਕ-ਅੰਧੇਰੇ ਵੱਲ ਧੱਕੇ ਗਏ ਅਤੇ ਆਪਣੀ ਚੇਤਨਾ ਦੇ ਬਲ ਨਾਲ ਇਸ ਅੰਧੇਰੇ ਵਿਚੋਂ ਨਿਕਲਣ ਵਾਸਤੇ ਅਧਿਆਤਮਕ ਰਸਤੇ ਦੇ ਪਾਂਧੀ ਬਣੇ। ਭਗਤ ਜੀ ਨੇ ਪ੍ਰਾਪਤ ਧਰਮ-ਪਰੰਪਰਾਵਾਂ ਦਾ ਨੇੜਿਉਂ ਅਧਿਐਨ ਕੀਤਾ ਅਤੇ ਕਰਾਮਾਤੀ ਅਧਿਆਤਮਕ ਮਾਡਲ ਦੀ ਥਾਂ ਆਤਮ ਮਾਡਲ ਦੀ ਚੋਣ ਕੀਤੀ। ਭਗਤ ਜੀ ਨੇ ਜ਼ਾਤ-ਵਰਣ-ਵੰਡ ਦਾ ਸੰਤਾਪ ਵੀ ਭੋਗਿਆ ਅਤੇ ਇਸੇ ਵਿਚੋਂ ਸਮਾਜਕ ਚੇਤਨਤਾ ਪ੍ਰਾਪਤ ਕੀਤੀ। ਹਿੰਦੂ ਅਤੇ ਮੁਸਲਮਾਨ ਦੀ ਧਾਰਮਿਕ ਵੰਡ ਨੂੰ ਵੀ ਝੱਲਿਆ ਜਿਸ ਨਾਲ ਅਨੁਭਵ ਤੇ ਆਧਾਰਤ ਆਤਮ-ਮਾਡਲ ਵਿਚ ਉਨ੍ਹਾਂ ਦਾ ਵਿਸ਼ਵਾਸ ਪੱਕਾ ਹੁੰਦਾ ਗਿਆ। ਉਨ੍ਹਾਂ ਨੇ ਆਪਣੀਆਂ ਸਥਾਪਨਾਵਾਂ 'ਚ ਸਰੀਰੀ ਮਾਧਿਅਮ ਨੂੰ ਕਲਿਆਣਕਾਰੀ ਵਿਚੋਲਾ ਮੰਨਣ ਤੋਂ ਇਨਕਾਰ ਕੀਤਾ। ਬੰਦੇ ਅਤੇ ਬੰਦੇ ਦੀ ਜਨਮ ਤੋਂ ਵੰਡ ਨੂੰ ਵੀ ਅਸਵੀਕਾਰ ਕੀਤਾ। ਇਸ ਤਰ੍ਹਾਂ ਭਗਤ ਕਬੀਰ ਅਧਿਆਤਮਕਤਾ ਦੇ ਸਿਧਾਂਤਕ ਪਰਿਪੇਖ ਵਿਚ ਉਨ੍ਹਾਂ ਮੂਲ ਧਾਰਨਾਵਾਂ ਤੋਂ ਭਲੀਭਾਂਤ ਜਾਣੂ ਹੋ ਗਏ, ਜਿਸ ਨੂੰ ਭਗਤੀ ਲਹਿਰ ਨੇ ਮਾਨਤਾ ਦਿਵਾਉਣ ਵਿਚ ਭਰਪੂਰ ਹਿੱਸਾ ਪਾਇਆ। ਭਗਤ ਕਬੀਰ ਦੇ ਇਸ ਪੱਖ ਨੂੰ ਗੁਰੂ ਨਾਨਕ ਦੇਵ ਨੇ ਮਾਨਤਾ ਦਿੰਦਿਆਂ, ਉਨ੍ਹਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਕਰਨ ਦਾ ਰਾਹ ਪੱਧਰਾ ਕਰ ਦਿੱਤਾ।

ਇਹ ਇਥੇ ਇਸ ਲਈ ਕਿਹਾ ਹੈ ਕਿ ਇਹ ਸਪਸ਼ਟ ਹੋ ਜਾਵੇ ਕਿ ਭਗਤ ਕਬੀਰ ਦੀ ਬਾਣੀ ਦੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਮੂਲੀਅਤ ਕਿਸੇ ਤਰ੍ਹਾਂ ਵੀ ਵਕਤੀ ਲੋੜ ਨਹੀਂ ਸੀ। ਇਸ ਕਰਕੇ ਗੁਰਮਤਿ ਚਿੰਤਨ ਨੂੰ ਕਬੀਰ ਜੀ ਦੀ ਨਿਰੰਤਰਤਾ ਵਿਚ ਦੇਖੇ ਜਾਣ ਦੀ ਵੀ ਲੋੜ ਨਹੀਂ ਹੈ। ਇਸ ਦੇ ਨਾਲ ਹੀ ਭਗਤ ਕਬੀਰ ਨੂੰ ਗੁਰੂ ਨਾਨਕ ਦੇਵ ਦੇ ਅੱਗੇ ਜਾਂ ਪਿੱਛੇ ਲਾ ਕੇ ਦੇਖੇ ਜਾਣ ਦੀ ਵੀ ਲੋੜ ਨਹੀਂ ਹੈ। ਭਗਤ ਕਬੀਰ ਭਗਤੀ ਲਹਿਰ ਦੇ ਸੁਤੰਤਰ ਚਿੰਤਕ ਹਨ ਅਤੇ ਇਸ ਚਿੰਤਨ ਦੀਆਂ ਗੁਰਮਤਿ ਨਾਲ ਸਾਂਝਾਂ ਉਚੇ ਪੱਧਰ ਦੀਆਂ ਹਨ। ਇਨ੍ਹਾਂ ਸਾਂਝਾਂ ਨੂੰ ਅਧਿਆਤਮਕ ਅਤੇ ਅਨੁਭਵੀ ਪਰਿਪੇਖ ਵਿਚ ਹੀ ਸਮਝਿਆ-ਸਮਝਾਇਆ ਜਾਣਾ ਚਾਹੀਦਾ ਹੈ। ਇਥੇ ਭਗਤ ਕਬੀਰ ਦੇ ਚਿੰਤਨਾਤਮਕ ਆਧਾਰਾਂ ਦਾ ਸੰਖੇਪ ਲੇਖਾ-ਜੋਖਾ ਕਰਦਿਆਂ ਉਨ੍ਹਾਂ ਦੀ ਬਾਣੀ ਵਿਚ ਪ੍ਰਾਪਤ ਸਮਾਜਿਕ ਚੇਤਨਤਾ ਦਾ ਅਧਿਐਨ ਕਰਨ ਦੀ ਕੋਸ਼ਿਸ਼ ਕਰਾਂਗੇ।

ਭਗਤ ਕਬੀਰ ਇੱਕ ਸਿਰਜਣਹਾਰ ਅਕਾਲ ਪੁਰਖ ਜਾਂ ਪਰਮਾਤਮਾ ਦੀ ਭਗਤੀ ਕਰਨ ਦੀ ਪ੍ਰੇਰਨਾ ਕਰਦੇ ਹਨ। ਉਨ੍ਹਾਂ ਅਨੁਸਾਰ ਇੱਕ ਉਹ ਪਰਮਾਤਮ-ਸ਼ਕਤੀ ਹੀ ਸਾਰੇ ਵਿਆਪਕ ਹੈ ਅਤੇ ਮਨੁੱਖ ਦੀ ਇਜ਼ਤ ਜਾਂ ਪਤ ਉਸ ਇੱਕ ਪਰਮਾਤਮਾ ਨਾਲ ਸਾਂਝ ਪਾਉਣ ਵਿਚ ਹੀ ਹੈ। ਮਨੁੱਖਾ ਜੀਵਨ ਦਾ ਮਕਸਦ ਸਿਰਜਣਹਾਰ ਪਰਮਾਤਮਾ ਦੇ ਦਰ 'ਤੇ ਪ੍ਰਵਾਨ ਹੋਣਾ ਹੀ ਹੈ ਅਤੇ ਇਹੀ ਅਸਲੀ ਇਜ਼ਤ ਦੀ ਪ੍ਰਾਪਤੀ ਹੈ:

ਜਬ ਹਮ ਏਕੋ ਏਕੁ ਕਰਿ ਜਾਨਿਆ॥
ਤਬ ਲੋਗਹ ਕਾਹੇ ਦੁਖੁ ਮਾਨਿਆ॥1॥
ਕਹੁ ਕਬੀਰ ਪਤਿ ਹਰਿ ਪਰਵਾਨੁ॥
ਸਰਬ ਤਿਆਗਿ ਭਜੁ
ਕੇਵਲ ਰਾਮੁ॥4॥3॥ (ਪੰਨਾ 324)

ਭਗਤ ਕਬੀਰ ਨੇ ਵੀ ਸ਼ਬਦ ਦੇ ਲੜ ਲੱਗਣ ਦੀ ਪ੍ਰੇਰਨਾ ਕੀਤੀ ਹੋਈ ਹੈ। ਪਰਮਾਤਮਾ ਨੂੰ, ਉਸ ਦੇ ਨਾਮ-ਮਾਰਗ 'ਤੇ ਚੱਲਦਿਆਂ, ਉਸ ਦੇ ਨਾਮ ਦਾ ਜਾਪ ਕਰਦਿਆਂ ਆਪਣੇ ਹਿਰਦੇ ਵਿਚ ਵਸਾ ਸਕੀਦਾ ਹੈ, ਉਸ ਨੂੰ ਪਾ ਸਕੀਦਾ ਹੈ:

ਲੋਗੁ ਜਾਨੈ ਇਹੁ ਗੀਤੁ ਹੈ
ਇਹੁ ਤਉ ਬ੍ਰਹਮ ਬੀਚਾਰ॥
ਜਿਉ ਕਾਸੀ ਉਪਦੇਸੁ ਹੋਇ
ਮਾਨਸ ਮਰਤੀ ਬਾਰ॥3॥
ਕੋਈ ਗਾਵੈ ਕੋ ਸੁਣੈ
ਹਰਿ ਨਾਮ ਚਿਤੁ ਲਾਇ॥
ਕਹੁ ਕਬੀਰ ਸੰਸਾ ਨਹੀ
ਅੰਤਿ ਪਰਮ ਗਤਿ ਪਾਇ॥ (ਪੰਨਾ 335)

ਗੁਰੂ ਨਾਨਕ ਦੇਵ ਦੀ ਦੱਸੀ ਅਤੇ ਬਾਕੀ ਗੁਰੂ ਸਾਹਿਬਾਨ ਰਾਹੀਂ ਅੱਗੇ ਤੋਰੀ ਗੁਰਮਤਿ ਜੁਗਤਿ ਵਿਚ ਗ੍ਰਿਹਿਸਥ ਨੂੰ ਪ੍ਰਧਾਨਤਾ ਪ੍ਰਾਪਤ ਹੈ। ਗ੍ਰਿਹਿਸਥ ਤਿਆਗ ਕੇ ਜੰਗਲਾਂ ਵਿਚ ਕਠਿਨ ਤਪੱਸਿਆ ਰਾਹੀਂ ਪ੍ਰਭੂ ਪ੍ਰਾਪਤੀ ਸੰਭਵ ਤਾਂ ਹੈ ਪਰ ਇਸ ਨਾਲ ਵਿਅਕਤੀਗਤ ਪ੍ਰਾਪਤੀਆਂ ਹੀ ਸਾਹਮਣੇ ਆਉਂਦੀਆਂ ਹਨ, ਸਮਾਜਿਕ ਨਹੀਂ। ਇਹ ਸਮਾਂ ਪਾ ਕੇ ਕਰਾਮਾਤੀ ਪਰਿਪੇਖ ਧਾਰਨ ਕਰ ਜਾਂਦੀਆਂ ਹਨ। ਇਸ ਲਈ ਗੁਰੂ ਚਿੰਤਨ ਵਿਚ ਪ੍ਰਵਾਨ ਕੀਤਾ ਗਿਆ ਹੈ ਕਿ ਪਰਮਾਤਮਾ ਦੀ ਪ੍ਰਾਪਤੀ ਸੰਸਾਰਕ ਜੀਵਨ ਜਿਉਂਦਿਆਂ ਸ਼ਬਦ-ਗੁਰੂ ਦੇ ਲੜ ਲੱਗ ਕੇ, ਸਿਰਜਣਹਾਰ ਵਾਹਿਗੁਰੂ ਦਾ ਨਾਮ ਜਪਦਿਆਂ ਗੁਰੂ ਦੇ ਦਰਸਾਏ ਰਸਤੇ ਤੇ ਚੱਲ ਕੇ ਸੰਭਵ ਹੈ। ਇਸੇ ਅਧਾਰ ਤੇ ਗੁਰਮਤਿ ਵਿਚ ਮਨੁੱਖ ਦੀਆਂ ਦੋ ਹੀ ਕੋਟੀਆਂ ਪ੍ਰਵਾਨ ਕੀਤੀਆਂ ਹਨ: ਗੁਰਮੁਖਿ ਅਤੇ ਮਨਮੁਖਿ। ਗੁਰਮੁਖਿ ਉਹ ਹਨ ਜੋ ਗੁਰੂ ਦੇ ਦੱਸੇ ਰਸਤੇ ਤੇ ਚੱਲਦੇ ਹਨ, ਉਨ੍ਹਾਂ ਨੂੰ ਸਚਿਆਰ, ਗਿਆਨੀ ਅਤੇ ਬ੍ਰਹਮਗਿਆਨੀ ਵੀ ਕਿਹਾ ਹੈ। ਮਨਮੁਖਿ ਉਹ ਹਨ ਜੋ ਆਪਣੇ ਮਨ ਦੀ ਮੱਤ ਦੇ ਪਿੱਛੇ ਲੱਗ ਕੇ ਕਾਮ, ਕ੍ਰੋਧ, ਲੋਭ, ਮੋਹ, ਅਤੇ ਅਹੰਕਾਰ ਆਦਿ ਵਿਕਾਰਾਂ ਦੇ ਵੱਸ ਪੈ ਜਾਂਦੇ ਹਨ। ਅਜਿਹੇ ਮਨੁੱਖਾਂ ਨੂੰ ਅਗਿਆਨੀ ਅਤੇ ਮੂਰਖ ਵੀ ਕਿਹਾ ਹੈ। ਗੁਰੂ ਨਾਨਕ ਸਾਹਿਬ ਨੇ ਸਥਾਪਤ ਕਰਮ ਕਾਂਡ ਦੀ ਨਿਖੇਧੀ ਕੀਤੀ ਹੈ। ਭਗਤ ਕਬੀਰ ਨੇ ਵੀ ਵੇਲੇ ਦੇ ਕਰਮ ਕਾਂਡ ਦੀ ਬਹੁਤ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਭਗਤ ਕਬੀਰ ਅਨੁਸਾਰ ਕਿਸੇ ਕਿਸਮ ਦੇ ਵੀ ਕਰਮ ਕਾਂਡ ਨਾਲ ਪਰਮਾਤਮਾ ਨੂੰ ਨਹੀਂ ਪਾ ਸਕੀਦਾ। ਜੇ ਨੰਗੇ ਪੈਰੀਂ ਫਿਰਨ ਨਾਲ ਮੁਕਤੀ ਪ੍ਰਾਪਤ ਹੋ ਸਕਦੀ ਹੈ ਤਾਂ ਹਿਰਨ ਜੋ ਸਾਰਾ ਦਿਨ ਨੰਗੇ ਪੈਰੀਂ ਜੰਗਲਾਂ ਵਿਚ ਘੁੰਮਦੇ ਹਨ, ਮੁਕਤ ਹੋ ਜਾਣ। ਜੇ ਮਨੁੱਖ ਪਰਮਾਤਮਾ ਦਾ ਨਾਮ ਸਿਮਰਨ ਨਹੀਂ ਕਰਦਾ ਤਾਂ ਭਾਵੇਂ ਉਹ ਨੰਗਾ ਰਹੇ ਭਾਵੇਂ ਢਕਿਆ ਕੋਈ ਫਰਕ ਨਹੀਂ ਪੈਂਦਾ। ਇਸੇ ਤਰ੍ਹਾਂ ਜੇ ਸਿਰ ਮੂੰਹ ਮੁੰਡਵਾ ਕੇ ਹੀ ਮਨੁੱਖ ਸਿੱਧੀ ਪ੍ਰਾਪਤ ਕਰ ਸਕਦਾ ਹੋਵੇ, ਫਿਰ ਤਾਂ ਭੇਡਾਂ ਜਿਨ੍ਹਾਂ ਨੂੰ ਹਮੇਸ਼ਾ ਮੁੰਨਿਆ ਜਾਂਦਾ ਹੈ, ਮੁਕਤੀ ਪ੍ਰਾਪਤ ਕਰ ਲੈਣ। ਜੇ ਗ੍ਰਿਹਿਸਥ ਤਿਆਗ ਕੇ, ਸੰਨਿਆਸ ਧਾਰਨ ਕਰਨ ਨਾਲ ਮਨੁੱਖ ਦਾ ਉਧਾਰ ਹੋ ਸਕਦਾ ਤਾਂ ਸਾਰੇ ਖੁਸਰੇ ਪਰਮ ਗਤਿ ਨੂੰ ਪ੍ਰਾਪਤ ਕਰ ਲੈਂਦੇ। ਇਸੇ ਤਰ੍ਹਾਂ ਜੇ ਸਵੇਰੇ-ਸ਼ਾਮ ਇਸ਼ਨਾਨ ਕਰਨ ਨਾਲ ਹੀ ਗਤੀ ਪ੍ਰਾਪਤ ਹੁੰਦੀ ਹੈ ਤਾਂ ਡੱਡੂ ਤਾਂ ਹਮੇਸ਼ਾ ਹੀ ਪਾਣੀ ਵਿਚ ਰਹਿੰਦਾ ਹੈ, ਉਸ ਨੂੰ ਪਰਮਗਤੀ ਪ੍ਰਾਪਤ ਹੋ ਜਾਣੀ ਚਾਹੀਦੀ ਹੈ। ਭਗਤ ਕਬੀਰ ਅਨੁਸਾਰ ਮੁਕਤੀ ਦਾ ਇੱਕੋ-ਇੱਕ ਸਾਧਨ ਵਾਹਿਗੁਰੂ ਨਾਮ ਸਿਮਰਨ ਹੈ ਅਤੇ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਦਾ ਤਿਆਗ ਕਰਨਾ ਹੈ:

ਨਗਨ ਫਿਰਤ ਜੌ ਪਾਈਐ ਜੋਗੁ॥
ਬਨ ਕਾ ਮਿਰਗੁ ਮੁਕਤਿ ਸਭੁ ਹੋਗੁ॥
ਕਿਆ ਨਾਗੇ ਕਿਆ ਬਾਧੇ ਚਾਮ॥
ਜਬ ਨਹੀ ਚੀਨਸਿ ਆਤਮ ਰਾਮ॥1॥ ਰਹਾਉ॥
ਮੂਡ ਮੁਡਾਏ ਜੌ ਸਿਧ ਪਾਈ॥
ਮੁਕਤੀ ਭੇਡ ਨ ਗਈਆ ਕਾਈ॥
(ਪੰਨਾ 324)

ਕਰਮ ਕਾਂਡ ਤਾਂ ਮਨੁੱਖ ਦੇ ਅਹੰਕਾਰ ਨੂੰ ਵਧਾਉਂਦੇ ਹਨ। ਕਰਮ ਕਾਂਡ ਰਾਹੀਂ ਪੱਥਰ ਪੂਜਾ ਤਾਂ ਹੋ ਸਕਦੀ ਹੈ ਪਰ ਸਰਬ-ਵਿਆਪਕ ਪਰਮਾਤਮਾ ਦੀ ਪ੍ਰਾਪਤੀ ਨਹੀਂ। ਜੇ ਮਨੁੱਖ ਦੇ ਅੰਦਰੋਂ ਦਵੈਤ-ਭਾਵ ਖਤਮ ਨਹੀਂ ਹੁੰਦਾ ਤਾਂ ਜਪ, ਤਪ, ਵਰਤ, ਨੇਮ ਅਤੇ ਪੂਜਾ ਸਭ ਵਿਅਰਥ ਹਨ:

ਕਿਆ ਜਪੁ ਕਿਆ ਤਪੁ ਕਿਆ ਬ੍ਰਤ ਪੂਜਾ॥
ਜਾ ਕੈ ਰਿਦੈ ਭਾਉ ਹੈ ਦੂਜਾ॥1॥
ਕਰਮ ਕਰਤ ਬਧੇ ਅਹੰਮੇਵ॥
ਮਿਲਿ ਪਾਥਰ ਕੀ ਕਰਹੀ ਸੇਵ॥3॥
(ਪੰਨਾ 324)

ਗੁਰਮਤਿ ਦੇ ਪ੍ਰਕਾਸ਼ ਤੋਂ ਪਹਿਲਾਂ ਮਨੁੱਖ ਨੂੰ ਵੰਡ ਕੇ ਦੇਖਿਆ ਜਾਂਦਾ ਸੀ। ਗੁਰੂ ਨਾਨਕ ਸਾਹਿਬ ਨੇ ਇਸ ਸਤਿ ਦਾ ਪ੍ਰਗਟਾਵਾ ਆਪਣੀ ਬਾਣੀ ਵਿਚ ਕੀਤਾ ਹੈ ਅਤੇ 'ਵੇਈਂ ਨਦੀ ਪ੍ਰਵੇਸ਼' ਤੋਂ ਬਾਅਦ ਅਪਣਾ ਪਹਿਲਾ ਐਲਾਨਨਾਮਾ 'ਨ ਕੋ ਹਿੰਦੂ, ਨ ਮੁਸਲਮਾਨ' ਕੀਤਾ। ਉਨ੍ਹਾਂ ਨੇ ਇਸ ਸਤਿ ਦਾ ਪ੍ਰਗਟਾਵਾ ਕੀਤਾ ਕਿ ਮਨੁੱਖ ਨੂੰ ਵੰਡਿਆ ਨਹੀਂ ਜਾ ਸਕਦਾ, ਨਾ ਹੀ ਧਾਰਮਿਕ ਕਾਰਨਾਂ ਕਰਕੇ, ਨਾ ਹੀ ਸਮਾਜਿਕ ਅਤੇ ਦਾਰਸ਼ਨਿਕ ਤੌਰ ਤੇ। ਮਨੁੱਖ ਨੂੰ ਇੱਕ ਇੱਕਾਈ ਵਜੋਂ ਹੀ ਦੇਖਣਾ ਚਾਹੀਦਾ ਹੈ। ਗੁਰੂ ਸਾਹਿਬ ਮਨੁੱਖ ਨੂੰ ਆਪਣਾ ਨਜ਼ਰੀਆਂ ਵਿਸ਼ਾਲ ਕਰਨ, ਹੱਦ-ਬੰਦੀਆਂ, ਜੋ ਮਨੁੱਖੀ ਸੋਚ ਦਾ ਘੇਰਾ ਸੌੜ੍ਹਾ ਕਰਦੀਆਂ ਹਨ, ਤੋਂ ਉਤੇ ਉਠ ਕੇ, ਇੱਕ ਵਾਹਿਗੁਰੂ ਨਾਲ ਜੁੜਨ ਦੀ ਪ੍ਰੇਰਨਾ ਕਰਦੇ ਹਨ, ਕਿਉਂਕਿ ਮਨੁੱਖ ਦੀ ਹੋਂਦ ਦਾ ਸੋਮਾ ਉਹ ਪਰਮ-ਪੁਰਖ ਇੱਕੋ ਹੀ ਹੈ।

ਭਗਤ ਕਬੀਰ ਵੀ ਇਸ ਦੀ ਗਵਾਹੀ ਆਪਣੀ ਬਾਣੀ ਵਿਚ ਭਰਦੇ ਹਨ। ਉਹ ਤਰਕ ਕਰਦੇ ਹਨ ਕਿ ਹਿੰਦੂ-ਮੁਸਲਮਾਨ ਦੋਵੇਂ ਕਿੱਥੋਂ ਆਏ ਅਤੇ ਇਹ ਦੋ ਵੱਖੋ-ਵੱਖਰੇ ਰਸਤੇ ਕਿਸ ਨੇ ਚਲਾਏ ਹਨ? ਉਹ ਵਾਦ-ਵਿਵਾਦ ਕਰਨ ਵਾਲੇ ਨੂੰ ਸਮਝਾਉਂਦੇ ਹਨ ਕਿ ਦੱਸੋ ਬਹਿਸ਼ਤ ਜਾਂ ਦੋਜ਼ਖ ਦਾ ਅਸਲੀ ਅਧਿਕਾਰੀ ਕੌਣ ਹੈ? ਕਾਜ਼ੀ ਨੂੰ ਪੁੱਛਦੇ ਹਨ ਕਿ ਤੂੰ ਕਿਹੜੀ ਕਿਤਾਬ ਵਿਚਾਰ ਕੇ ਦੱਸ ਰਿਹਾ ਹੈਂ? ਸੁੰਨਤ ਆਦਿ ਰਸਮਾਂ ਦਾ ਖ਼ੁਦਾ ਦੀ ਪ੍ਰਾਪਤੀ ਨਾਲ ਕੋਈ ਸਰੋਕਾਰ ਨਹੀਂ ਹੈ:

ਹਿੰਦੂ ਤੁਰਕ ਕਹਾ ਤੇ ਆਏ
ਕਿਨਿ ਏਹ ਰਾਹ ਚਲਾਈ॥
ਦਿਲ ਮਹਿ ਸੋਚਿ ਬਿਚਾਰਿ ਕਵਾਦੇ
ਭਿਸਤ ਦੋਜਕ ਕਿਨਿ ਪਾਈ॥1॥
ਕਾਜੀ ਤੈ ਕਵਨ ਕਤੇਬ ਬਖਾਨੀ॥
ਪੜ੍ਹਤ ਗੁਨਤ ਐਸੇ ਸਭ ਮਾਰੇ
ਕਿਨਹੂੰ ਖਬਰਿ ਨ ਜਾਨੀ॥1॥ਰਹਾਉ॥
(ਪੰਨਾ 477)

ਭਗਤ ਕਬੀਰ ਹਿੰਦੂ ਅਤੇ ਮੁਸਲਮਾਨ ਦੋਹਾਂ ਨੂੰ ਵੰਡੀਆਂ ਪਾਉਣ ਵਾਲੇ ਕਰਮ-ਕਾਂਡ ਛੱਡ ਕੇ ਇੱਕੋ ਪਰਵਦਗਾਰ ਦੀ ਭਗਤੀ ਵਿਚ ਲੱਗਣ ਦੀ ਪ੍ਰੇਰਨਾ ਕਰਦੇ ਹਨ। ਉਸ ਪਰਮਾਤਮਾ ਦੇ ਨਾਮ ਦੀ ਵਡਿਆਈ ਹੀ ਸਭ ਤੋਂ ਵੱਡੀ ਭਗਤੀ ਹੈ ਅਤੇ ਉਸ ਦਾ ਨਾਮ ਹਜਾਰਾਂ ਹੀ ਨਾਂਵਾਂ ਰਾਹੀਂ ਜਪਿਆ ਜਾ ਸਕਦਾ ਹੈ। ਏਸੇ ਲਈ ਇੱਕੋ ਹੀ ਸਰਬ-ਸ਼ਕਤੀਮਾਨ ਪਰਮਾਤਮਾ ਅੱਗੇ ਦੁਆ ਕਰਨ ਲਈ ਕਿਹਾ ਹੈ:

ਕੰਠੇ ਮਾਲਾ ਜਿਹਵਾ ਰਾਮੁ॥
ਸਹੰਸ ਨਾਮੁ ਲੈ ਲੈ ਕਰਉ ਸਲਾਮੁ॥3॥
ਕਹਤ ਕਬੀਰ ਰਾਮ ਗੁਨ ਗਾਵਉ॥
ਹਿੰਦੂ ਤੁਰਕ ਦੋਊ ਸਮਝਾਵਉ॥
(ਪੰਨਾ 478-79)

ਗੁਰਮਤਿ ਅਨੁਸਾਰ ਸਾਰੇ ਪਸਾਰੇ ਦਾ ਸੋਮਾ ਇੱਕ ਵਾਹਿਗੁਰੂ ਹੈ। ਇਹ ਸਾਰੀ ਸ੍ਰਿਸ਼ਟੀ ਉਸ ਅਕਾਲਪੁਰਖ ਦੀ ਰਚਨਾ ਹੈ ਅਤੇ ਹਰ ਜੀਵ ਵਿਚ ਉਸ ਇੱਕ ਦੀ ਜੋਤਿ ਵਿਆਪਕ ਹੈ। ਗੁਰੂ ਨਾਨਕ ਆਗਮਨ ਤੋਂ ਪਹਿਲਾਂ ਹਿੰਦੁਸਤਾਨ ਵਿਚ ਸਮਾਜ ਸਿਰਫ ਧਾਰਮਿਕ ਤੌਰ ਤੇ ਹੀ ਵੰਡਿਆ ਹੋਇਆ ਨਹੀਂ ਸੀ, ਬਲਕਿ ਇਹ ਸਮਾਜਿਕ ਤੌਰ ਤੇ ਵੀ ਵੰਡਿਆ ਹੋਇਆ ਸੀ। ਵੇਦ ਜਿਨ੍ਹਾਂ ਨੂੰ ਈਸ਼ਵਰੀ ਰਚਨਾ ਮੰਨਿਆ ਗਿਆ ਹੈ, ਵਿਚ ਪ੍ਰਾਪਤ ਵਰਣ-ਆਸ਼ਰਮ ਧਰਮ ਦੇ ਸਿਧਾਂਤ ਅਨੁਸਾਰ ਭਾਰਤੀ ਸਮਾਜ ਵੱਖ ਵੱਖ ਸ਼੍ਰੇਣੀਆਂ ਅਤੇ ਜ਼ਾਤਾਂ ਵਿਚ ਵੰਡਿਆ ਹੋਇਆ ਹੈ। ਵਰਣ-ਆਸ਼ਰਮ ਧਰਮ ਹਿੰਦੂ ਸਮਾਜ ਦਾ ਧੁਰਾ ਹੈ, ਜਿਸ ਦੇ ਦੁਆਲੇ ਸਾਰਾ ਤਾਣਾ-ਬਾਣਾ ਉਣਿਆ ਹੋਇਆ ਹੈ । ਗੁਰੂ ਸਾਹਿਬ ਨੇ ਵਰਣ-ਵੰਡ ਦੇ ਸਿਧਾਂਤ ਨੂੰ ਨਕਾਰਦਿਆਂ ਦੱਸਿਆ ਕਿ ਇਹ ਵੰਡ ਪਰਮਾਤਮਾ ਨੇ ਨਹੀਂ ਬਣਾਈ ਸਗੋਂ ਮਨੁੱਖ ਨੇ ਆਪ ਅਜਿਹੀਆਂ ਤਰਕਹੀਣ ਵੰਡੀਆਂ ਪਾਈਆਂ ਹਨ। ਮਨੁੱਖ ਆਪਣੀ ਜਾਤ ਜਾਂ ਜਨਮ ਕਰਕੇ ਉਚਾ-ਨੀਵਾਂ ਨਹੀਂ ਹੈ। ਜਨਮ ਕਰਕੇ ਸਾਰੇ ਮਨੁੱਖ ਬਰਾਬਰ ਹਨ ਕਿਉਂਕਿ ਸਾਰਿਆਂ ਵਿਚ ਇੱਕ ਵਾਹਿਗੁਰੂ ਦੀ ਜੋਤਿ ਵਿਆਪਕ ਹੈ। ਮਨੁੱਖ ਆਪਣੇ ਕੀਤੇ ਚੰਗੇ ਜਾਂ ਮਾੜੇ ਕਰਮਾਂ ਕਰਕੇ ਉਚਾ ਜਾਂ ਨੀਵਾਂ ਹੁੰਦਾ ਹੈ। ਬ੍ਰਾਹਮਣ ਉਹ ਨਹੀਂ ਜੋ ਬ੍ਰਾਹਮਣ ਜਾਤ ਜਾਂ ਕੁਲ ਵਿਚ ਪੈਦਾ ਹੋਇਆ ਹੈ, ਸਗੋਂ ਬ੍ਰਾਹਮਣ ਉਹ ਹੈ ਜੋ ਬ੍ਰਹਮ ਨੂੰ ਜਾਣ ਲੈਂਦਾ ਹੈ। ਭਗਤ ਕਬੀਰ ਨੇ ਵਰਣ-ਆਸ਼ਰਮ ਧਰਮ ਦੇ ਇਸ ਸਿਧਾਂਤ ਅਨੁਸਾਰ ਮਨੁੱਖ ਨੂੰ ਵਰਗਾਂ ਵਿਚ ਵੰਡ ਕੇ ਦੇਖਣ ਦੀ ਦ੍ਰਿਸ਼ਟੀ ਦੀ ਬਹੁਤ ਹੀ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਭਗਤ ਕਬੀਰ ਅਨੁਸਾਰ ਜਨਮ ਤੋਂ ਪਹਿਲਾਂ ਮਨੁੱਖ ਦੀ ਕੋਈ ਜਾਤ ਨਹੀਂ ਹੁੰਦੀ ਕਿਉਂਕਿ ਸਭ ਦੀ ਉਤਪਤੀ ਦਾ ਸੋਮਾ ਉਹ ਪਰਮ-ਸਤਿ ਆਪ ਹੈ। ਉਹ ਵਿਚਾਰ ਦੀ ਪੱਧਰ ਤੇ ਮਨੁੱਖ ਨੂੰ ਇਸ ਸਿਧਾਂਤ ਤੇ ਲਿਆ ਕੇ ਖੜ੍ਹਾ ਕਰਦੇ ਹਨ ਕਿ ਜੇ ਕਰ ਮਨੁੱਖ ਜ਼ਾਤ ਅਤੇ ਜਨਮ ਕਰਕੇ ਬ੍ਰਾਹਮਣ ਹੁੰਦਾ ਹੈ ਤਾਂ ਉਸ ਦਾ ਜਨਮ, ਬਾਕੀ ਮਨੁੱਖਾਂ ਵਾਲੇ ਕੁਦਰਤੀ ਢੰਗ ਨਾਲ ਨਾ ਹੋ ਕੇ ਕਿਸੇ ਹੋਰ ਢੰਗ ਨਾਲ ਕਿਉਂ ਨਹੀਂ ਹੋਇਆ? ਬ੍ਰਾਹਮਣ ਅਖਵਾਉਣ ਵਾਲੇ ਨਾਲ ਹੀ ਉਹ ਤਰਕ ਕਰਦੇ ਹਨ ਕਿ ਇਸ ਦਾ ਕੀ ਅਧਾਰ ਹੈ ਕਿ ਉਹ ਬ੍ਰਾਹਮਣ (ਉਚੀ ਕੁਲ ਅਤੇ ਜਾਤ) ਹੈ ਅਤੇ ਉਹ ਸ਼ੂਦਰ (ਨੀਵਾਂ ਵਰਗ) ਹਨ? ਕੀ ਬ੍ਰਾਹਮਣ ਦੀਆਂ ਨਾੜੀਆਂ ਵਿਚ ਦੁੱਧ ਦਾ ਸੰਚਾਰ ਹੁੰਦਾ ਹੈ ਅਤੇ ਸ਼ੂਦਰ ਆਖੇ ਜਾਣ ਵਾਲੇ ਦੀਆਂ ਨਾੜਾਂ ਵਿਚ ਸਿਰਫ ਲਹੂ ਸੰਚਾਰ ਕਰਦਾ ਹੈ? ਬ੍ਰਾਹਮਣ ਅਖਵਾਉਣ ਦਾ ਹੱਕਦਾਰ ਉਹੀ ਹੈ ਜੋ ਬ੍ਰਹਮ (ਨਿਰੰਕਾਰ) ਦੀ ਵਿਚਾਰ ਕਰਦਾ ਹੈ। ਸੋ ਸਪਸ਼ਟ ਹੈ ਕਿ ਮਨੁੱਖ ਦੀ ਜਨਮ-ਅਧਾਰਤ ਵਰਣਾਂ ਵਿਚ ਵੰਡ ਤਰਕ-ਸੰਗਤਿ ਨਹੀਂ ਹੈ:

ਗਰਭ ਵਾਸ ਮਹਿ ਕੁਲੁ ਨਹੀ ਜਾਤੀ॥
ਬ੍ਰਹਮ ਬਿੰਦੁ ਤੇ ਸਭ ਉਤਪਾਤੀ॥1॥
ਕਹੁ ਰੇ ਪੰਡਿਤ ਬਾਮਨ ਕਬ ਕੇ ਹੋਏ॥
ਬਾਮਨ ਕਹਿ ਕਹਿ ਜਨਮੁ ਮਤ ਖੋਏ॥1॥ਰਹਾਉ॥
ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ॥
ਤਉ ਆਨ ਬਾਟ ਕਾਹੇ ਨਹੀ ਆਇਆ॥2॥
ਤੁਮ ਕਤ ਬ੍ਰਾਹਮਣ ਹਮ ਕਤ ਸੂਦ॥
ਹਮ ਕਤ ਲੋਹੂ ਤੁਮ ਕਤ ਦੂਧ॥3॥
ਕਹੁ ਕਬੀਰ ਜੋ ਬ੍ਰਹਮ ਬੀਚਾਰੈ॥
ਸੋ ਬ੍ਰਾਹਮਣ ਕਹੀਅਤੁ ਹੈ ਹਮਾਰੈ॥4॥
(ਪੰਨਾ 324)

*(ਚਲਦਾ)*

## ਸਿਆਣਿਆਂ ਦਾ ਕਿਹਾ

(1) ਸਾਡੇ ਅਹਿਸਾਸ ਨੂੰ ਪਹਿਲੀ ਸਟੇਜ ਦੀ ਤਪਦਿਕ ਚੁੰਬੜ ਚੁੱਕੀ ਹੈ।

(2) ਜਿੰਨਾ ਚਿਰ ਅਹਿਸਾਸ ਵਾਲੇ ਮਹਾਂਪੁਰਖ ਕੌਮ ਦੀ ਵਾਗਡੋਰ ਆਪਣੇ ਹੱਥ ਨਹੀਂ ਲੈਂਦੇ, ਭੰਵਰ 'ਚ ਫਸਿਆ ਬੇੜਾ ਕਦੇ ਵੀ ਡੁੱਬ ਸਕਦਾ ਹੈ।

(3) ਚੜ੍ਹਦੀ ਕਲਾ ਲਈ ਸੁੱਚੇ ਅਮਲਾਂ 'ਤੇ ਚੱਲਣਾ ਪਹਿਲੀ ਸ਼ਰਤ ਹੈ।

(4) ਪੰਜਾਬ ਦੇ ਵੱਧ ਅਧਿਕਾਰਾਂ ਦੀ ਗੱਲ ਅੱਜ ਅਸਲੋਂ ਹਾਸੋਹੀਣੀ ਹੈ। ਜੇ ਚਪੜਾਸੀ ਵੀ ਰੱਖਣਾ ਹੋਵੇ, ਕੇਂਦਰ ਦੀ ਮਨਜ਼ੂਰੀ ਵੱਲ ਮੂੰਹ ਚੁੱਕ ਕੇ ਵੇਖਣਾ ਪੈਂਦਾ ਹੈ।

(5) ਅਕਾਲੀਆਂ ਨੂੰ ਅਕਲ ਤੋਂ ਖਾਲੀ ਭਾਈ ਜਾਣੀਏ। ਇਨ੍ਹਾਂ ਕਿੰਨੇ ਮੋਰਚੇ ਲਾਏ, ਲੋਕਾਂ ਦੇ ਹੱਡ ਤੁੜਵਾਏ, ਬਠਿੰਡਾ ਜੇਲ੍ਹ ਵਿਚ ਗੋਲੀਆਂ ਨਾਲ ਕੈਦੀ ਮਰਵਾਏ, ਡਾਂਗਾਂ ਨਾਲ ਪੁੜੇ ਭੰਨਾਏ, ਸੋਚੋ ਪੰਥਕ ਦਰਦੀਓ! ਇਨ੍ਹਾਂ ਹਾਸਲ ਕੀ ਕੀਤਾ? (ਹਾਸਲ ਕੀਤੀ ਭਾਰਤੀ ਗੁਲਾਮੀ)

(6) ਕਾਂਗਰਸ ਤੇ ਭਾਜਪਾ ਦੋਵੇਂ ਤਾਰੀਖੀ ਤੌਰ 'ਤੇ ਘਟ ਗਿਣਤੀਆਂ ਦੀਆਂ ਕਾਤਲ ਜਮਾਤਾਂ ਹਨ, ਇੱਕ ਨੇ ਅਕਾਲ ਤਖਤ ਢਾਹ ਕੇ ਕਤਲੇਆਮ ਕਰਵਾਈ। ਦੂਜੀ ਨੇ ਦਿਨ ਦਿਹਾੜੇ ਬਾਬਰੀ ਮਸਜਿਦ ਢਾਹ ਕੇ ਫਿਰਕੂ ਦੰਗੇ ਕਰਾਏ।

(7) ਦਿੱਲੀ ਵਿਚ ਕਾਂਗਰਸ ਸਰਕਾਰ ਨੇ ਤਿੰਨ ਦਿਨ ਨਾਦਰਸ਼ਾਹੀ ਕਤਲੇਆਮ ਕਰਵਾ ਕੇ ਸਾਰੀ ਦੁਨੀਆਂ ਨੂੰ ਦੱਸ ਦਿੱਤਾ ਸੀ ਕਿ ਹਿੰਦੂ ਰਾਜ ਇਸ ਤਰ੍ਹਾਂ ਦਾ ਹੁੰਦਾ ਹੈ। ਤਾਕਤ ਦੇ ਸਾਹਮਣੇ, ਵਿਧਾਨ, ਸੁਪਰੀਮ ਕੋਰਟ ਤੇ ਹਿਫਾਜ਼ਤੀ ਦਸਤੇ ਸਭ ਹੀਜੜੇ ਹੋ ਗਏ ਸਨ।

(8) ਸੂਰਮੇ ਸਿੱਖਾਂ ਦੀ ਕੌਮ ਦੇ ਲੀਡਰ ਐਨੇ ਨਿਘਰ ਗਏ ਕਿ ਘਟਗਿਣਤੀਆਂ ਤੇ ਗਰੀਬਾਂ ਦੇ ਕਾਤਲਾਂ ਦੀ ਬਾਂਹ ਬਣ ਖਲੋਤੇ। ਗੁਰੂ ਦੀ ਲਾਹਨਤ ਇਨ੍ਹਾਂ ਨੂੰ, ਫਿੱਟੇ ਮੂੰਹ ਇਨ੍ਹਾਂ ਨੂੰ, ਜਿਨ੍ਹਾਂ ਸ਼ਰਮ ਵੀ ਕੜਾਹ ਸਮਝ ਕੇ ਛਕ ਲਈ।

(9) ਹਵਾ ਦਾ ਰੁੱਖ ਪਛਾਨਣ ਅਤੇ ਉਸ ਮੁਤਾਬਿਕ ਗਿਰਗਿਟ ਵਾਂਗ ਰੰਗ ਬਦਲਣ ਵਿਚ ਜੋ ਮੁਹਾਰਤ ਬ੍ਰਾਹਮਣ ਨੂੰ ਹਾਸਲ ਹੈ, ਉਹ ਦੁਨੀਆਂ ਵਿਚ ਹੋਰ ਕਿਸੇ ਦੇ ਹਿੱਸੇ ਨਹੀਂ ਆਈ।

(10) ਪੰਡਿਤ ਜਵਾਹਰ ਲਾਲ ਨਹਿਰੂ ਸਿੱਖਾਂ ਵਿਰੁਧ ਨਫਰਤ ਆਪਣੇ ਸੀਨੇ ਵਿਚ ਲੈ ਕੇ ਹੀ ਮਰਿਆ ਪਰ ਉਸ ਦੇ ਪੈਰੋਕਾਰਾਂ ਨੂੰ ਪੰਜਾਬੀ ਸੂਬੇ ਦੀ ਮੰਗ ਮੰਨਣੀ ਹੀ ਪਈ।

(11) ਜਦੋਂ ਦਾ ਸਿੱਖ ਧਰਮ ਹੋਂਦ 'ਚ ਆਇਆ ਹੈ, ਇਸ ਨੂੰ ਪੁਜਾਰੀਵਾਦ ਨੇ ਦੁਸ਼ਮਣ ਨਿਗਾਹ ਨਾਲ ਘੂਰੀਆਂ ਵਟਣੀਆਂ ਸ਼ੁਰੂ ਕਰ ਦਿੱਤੀਆਂ।

(12) ਦੁਨੀਆਂ ਦਾ ਸਭ ਤੋਂ ਵੱਧ ਖਤਰਨਾਕ ਅਤਿਵਾਦੀ ਸੰਗਠਨ ਬ੍ਰਾਹਮਣਵਾਦ ਦਾ ਨਵਾਂ ਰੂਪ ਆਰ ਐਸ ਐਸ ਹੈ।

(13) ਗੁਰੂ ਨਾਨਕ ਸਾਹਿਬ ਨੇ ਜਦ ਬ੍ਰਾਹਮਣ ਦਾ ਹੱਥ ਫੜ ਕੇ ਜਨੇਊ ਪਹਿਨਣ ਵਰਗੀ ਥੋਥੀ ਰਸਮ ਤੋਂ ਇਨਕਾਰ ਕੀਤਾ ਅਤੇ "ਨਾ ਹਮ ਹਿੰਦੂ ਨਾ ਮੁਸਲਮਾਨ" ਦਾ ਨਾਹਰਾ ਲਾਇਆ, ਬ੍ਰਾਹਮਣ ਪੈਰਾਂ ਤੋਂ ਬੋਦੀ ਤੱਕ ਕੰਬ ਉਠਿਆ।

(14) ਜੋ ਕੱਲ ਕਰਦ ਫੜਨ ਤੋਂ ਡਰਦੇ ਸਨ, ਅੱਜ ਤ੍ਰਿਸੂਲ ਵੰਡਦੇ ਫਿਰਦੇ ਹਨ।

(15) ਸਿੱਖ ਲੀਡਰੋ, ਜਦੋਂ ਤੁਸੀਂ ਸਿੱਖ ਕੌਮ ਨੂੰ ਹਿੰਦੂ ਮਤ ਦੇ ਖਾਰੇ ਸਾਗਰ ਵਿਚ ਡੁਬਣੋਂ ਬਚਾ ਲਿਆ ਤਾਂ ਉਸੇ ਵਕਤ ਦੁਨੀਆਂ ਤੁਹਾਡੇ ਗਲਾਂ 'ਚ ਜਿੱਤ ਦੇ ਹਾਰ ਪਾਉਣ ਲਈ ਤਿਆਰ ਹੋਵੇਗੀ।

(16) ਅਕਾਲੀ ਦਲਾਂ ਨੇ ਨਾ ਵਫਾਦਾਰ ਜਰਨੈਲ ਸਾਂਭੇ, ਨਾ ਸਕਾਲਰ, ਨਾ ਹੱਕ ਸੱਚ ਦੀ ਗੱਲ ਕਰਨ ਵਾਲੀਆਂ ਕਲਮਾਂ, ਨਾ ਸ਼ਮਸ਼ੀਰਾਂ ਵਾਲੇ ਯੋਧੇ।

(17) ਇੰਨੀਆਂ ਮੁਨਿਆਰੀ ਦੀ ਦੁਕਾਨ 'ਤੇ ਵਸਤੂਆਂ ਨਹੀਂ ਹੋਣੀਆਂ ਜਿੰਨੀਆਂ ਕਿ ਸਿੱਖ ਮਰਿਯਾਦਾਵਾਂ ਦਾ ਖਿਲਾਰਾ ਪੈ ਗਿਆ ਹੈ।

(18) ਸਾਥੀਆਂ ਨੂੰ ਖੁਸ਼ ਕਰਨ ਤੋਂ ਪਹਿਲਾਂ, ਆਪ ਖੁਸ਼ ਰਹਿਣ ਦਾ ਯਤਨ ਕਰ।

(19) ਜੇ ਪਾਸ ਚੰਗੇ ਗੁਣ ਨਹੀਂ ਤਾਂ ਧਰਮ ਵਿਸਰ ਗਿਆ ਸਮਝੋ।

(20) ਅਣਜੰਮੀ ਧੀ ਦੀ ਪੁਕਾਰ, ਮੈਨੂੰ ਸਮਾਜਿਕ ਕੁਰੀਤੀਆਂ ਵਿਰੁਧ ਸੰਘਰਸ਼ ਕਰਨ ਦਾ ਮੌਕਾ ਦਿਉ।

(21) ਸਕੂਲਾਂ, ਕਾਲਜਾਂ, 'ਵਰਸਿਟੀਆਂ 'ਚ ਹਿੰਦੂਤਵ ਦਾ ਉਭਾਰ ਤੇ ਮੀਡੀਏ 'ਚ ਸਿੱਖਾਂ ਦਾ ਹਾਸੋਹੀਣਾ ਰੂਪ ਪੇਸ਼ ਕਰਕੇ ਸਿੱਖ ਸਰੂਪ ਪ੍ਰਤੀ ਹੀਣ ਭਾਵਨਾ ਦਾ ਪਸਾਰ ਕੀਤਾ ਜਾ ਰਿਹਾ ਹੈ।

***ਪੇਸ਼ਕਾਰ-ਪਰਮਜੀਤ ਸਿੰਘ ਦਾਖਾ***

ISBN # 978-0-9781624-9-8

ਸਤਿਨਾਮੁ ੧ੴ ਵਾਹਿਗੁਰੂ

ਵਾਹਿਗੁਰੂ ਜੀ ਦਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

# ਪਿੰਡ ਬਿਲਗਾ ਅਤੇ ਇਲਾਕਾ ਨਿਵਾਸੀਆਂ ਵਲੋਂ

**ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਪੰਜਵੇਂ ਪਾਤਿਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਵਿਆਹ ਪੁਰਬ ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਬੜੇ ਧੂਮ ਧਾਮ ਨਾਲ ਮਨਾਇਆ ਜਾ ਰਿਹਾ ਹੈ। ਜਿਸ ਵਿਚ ਪੰਥ ਦੇ ਮਹਾਨ ਰਾਗੀ, ਢਾਡੀ ਅਤੇ ਕਥਾ ਵਾਚਕ ਪਹੁੰਚ ਰਹੇ ਹਨ**

## ਸਾਧ ਸੰਗਤ ਜੀ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਹੁੰਮ ਹੁੰਮਾ ਕੇ ਦਰਸ਼ਨ ਦੇਣ ਦੀ ਕਿਰਪਾਲਤਾ ਕਰਨਾ ਜੀ



ਪੰਜਵੇਂ ਪਾਤਿਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ



ਬਿਲਗਾ ਪਿੰਡ ਵਿਖੇ ਪੰਜਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸੰਭਾਲ ਕੇ ਰੱਖੇ ਹੋਏ ਬਸਤਰ



ਇਤਿਹਾਸਕ ਗੁਰਦੁਆਰਾ ਪਿੰਡ ਬਿਲਗਾ (ਜਲੰਧਰ)

## ਪ੍ਰੋਗਰਾਮ ਇਸ ਪ੍ਰਕਾਰ ਹਨ:

| | | |
|---|---|---|
| **ਆਰੰਭ ਸ੍ਰੀ ਅਖੰਡ ਪਾਠ ਸਾਹਿਬ** | ਸ਼ੁਕਰਵਾਰ | ਜੂਲਾਈ 1, 2011 |
| **ਢਾਡੀ ਦਰਬਾਰ** | ਸ਼ਨਿਚਰਵਾਰ | ਜੂਲਾਈ 2, 2011 |
| **ਭੋਗ ਸ੍ਰੀ ਅਖੰਡ ਪਾਠ ਸਾਹਿਬ** | ਐਤਵਾਰ | ਜੂਲਾਈ 3, 2011 |

**ਵਧੇਰੇ ਜਾਣਕਾਰੀ ਵਾਸਤੇ ਇਨ੍ਹਾਂ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ**

**ਜਸਪਾਲ ਸਿੰਘ ਔਜਲਾ: 510-376-3277 • ਚਮਕੌਰ ਸਿੰਘ ਸੋਨੀ: 559-217-8054**
**ਸੁਰਿੰਦਰਪਾਲ ਸਿੰਘ ਬਿਲਗਾ: 510-714-6710 • ਦਲਜੀਤ ਸਿੰਘ ਮਨਟੀਕਾ: 209-612-2295**
**ਹਰੀ ਸਿੰਘ ਬੱਬੀ: 408-425-1459**

ਹੋਰ ਜਾਣਕਾਰੀ ਵਾਸਤੇ ਫਰੀਮਾਂਟ ਗੁਰਦੁਆਰਾ ਸਾਹਿਬ ਨੂੰ ਵੀ ਕਾਲ ਕਰ ਸਕਦੇ ਹੋ।

**website: www.bilga.org**

# 1947 ਤੋਂ ਪਹਿਲਾਂ ਅਤੇ ਬਾਅਦ ਦੀ ਸਿੱਖ ਸਿਆਸਤ

ਵਿਚਾਰ ਚਰਚਾ

*ਸ. ਸੁਰੈਣ ਸਿੰਘ ਧਨੋਆ ਆਈ.ਏ.ਐਸ. ਦੇ ਬਿਹਾਰ ਕੇਡਰ ਦੇ ਅਫ਼ਸਰ ਸਨ ਅਤੇ ਉਹ ਆਪਣੇ ਕਾਰਜਕਾਲ ਦੌਰਾਨ ਚੋਣ ਕਮਿਸ਼ਨ ਦੀ ਮੈਂਬਰੀ ਸਮੇਤ ਬਹੁਤ ਸਾਰੇ ਹੋਰ ਅਹਿਮ ਪ੍ਰਬੰਧਕੀ/ਪ੍ਰਸ਼ਾਸਕੀ ਅਹੁਦਿਆਂ 'ਤੇ ਰਹੇ। ਉਹ ਸਿੱਖ ਭਾਈਚਾਰੇ ਦੀ ਹਸਤੀ-ਹੋਣੀ ਬਾਰੇ ਸਦਾ ਫ਼ਿਕਰਮੰਦ ਰਹਿਣ ਵਾਲੇ ਅਤੇ ਸਦਾ ਹੀ ਗੁਰਬਾਣੀ 'ਚ ਅਟੁੱਟ ਆਸਥਾ ਰੱਖਣ ਵਾਲੇ ਸ਼ਰਧਾਵਾਨ ਸਿੱਖ ਹਨ। 'ਪੰਜਾਬ ਟਾਈਮਜ਼' ਅਦਾਰੇ ਦੇ ਉਹ ਆਰੰਭ ਤੋਂ ਹੀ ਸ਼ੁੱਭਚਿੰਤਕ ਰਹੇ ਹਨ ਅਤੇ ਸਮੇਂ-ਸਮੇਂ ਉਤੇ ਫੋਨ 'ਤੇ ਗੱਲਬਾਤ ਰਾਹੀਂ ਪ੍ਰਬੰਧਕਾਂ ਨੂੰ ਹੱਲਾਸ਼ੇਰੀ ਦਿੰਦੇ ਰਹਿੰਦੇ ਹਨ। ਗੁਰਦਿਆਲ ਸਿੰਘ ਬੱਲ ਵੱਲੋਂ ਕਈ ਵਰ੍ਹੇ ਪਹਿਲਾਂ ਗੁਰਬਾਣੀ ਸੰਦੇਸ਼ ਅਤੇ ਹੋਰ ਵਿਸ਼ਿਆਂ ਬਾਰੇ ਉਨ੍ਹਾਂ ਨਾਲ ਗੁਫ਼ਤਗੂ ਕੀਤੀ ਗਈ ਸੀ। ਇਹ ਗੁਫ਼ਤਗੂ ਡੇਢ ਕੁ ਸਾਲ ਪਹਿਲਾਂ 'ਪੰਜਾਬ ਟਾਈਮਜ਼' ਵਿਚ ਛਾਪੀ ਗਈ ਸੀ, ਪਰ ਸਿੱਖ ਭਾਈਚਾਰੇ ਦੀ ਹੋਣੀ-ਹਸਤੀ ਬਾਰੇ ਚੱਲ ਰਹੀ ਬਹਿਸ ਦੇ ਮੱਦੇਨਜ਼ਰ ਕੁਝ ਸੁਜੱਗ ਪਾਠਕਾਂ ਨੇ ਇਸ ਗੁਫ਼ਤਗੂ ਦੀ ਸਾਰਥਿਕਤਾ ਕਾਰਨ ਇਸ ਨੂੰ ਨਵੇਂ ਸਿਰਿਓਂ ਛਾਪਣ ਦੇ ਸੁਝਾਅ ਦਿੱਤੇ ਹਨ। ਪਾਠਕਾਂ ਦੇ ਇਸਰਾਰ 'ਤੇ ਇਥੇ ਪੇਸ਼ ਹਨ ਉਸ ਗੁਫ਼ਤਗੂ ਦੇ ਕੁਝ ਅਹਿਮ ਅੰਸ਼। -ਸੰਪਾਦਕ*

**ਸਵਾਲ: ਕੰਮਾਂ ਦੇ ਰੁਝੇਵਿਆਂ ਦੇ ਬਾਵਜੂਦ ਤੁਹਾਨੂੰ ਸਿੱਖ ਧਰਮ ਦਰਸ਼ਨ ਦਾ ਗਹਿਨ ਅਧਿਐਨ ਕਰਨ ਦੀ ਲਗਨ ਕਿਵੇਂ ਲੱਗੀ ਅਤੇ ਉਸਦਾ ਪਿਛੋਕੜ ਕੀ ਸੀ?**

**ਜਵਾਬ:** ਵੇਖੋ ਪਹਿਲੀ ਗੱਲ ਸਿੱਖਾਂ ਦੇ ਘਰ ਜਨਮ ਲੈਣ ਵਾਲੇ ਕਿਸੇ ਵੀ ਵਿਅਕਤੀ ਦੇ ਮਨ ਵਿਚ ਮੋਰੀ ਜਾਚੇ ਗੁਰੂ ਸਾਹਿਬਾਨ ਦੀ ਬਾਣੀ ਤੇ ਸੰਦੇਸ਼ ਨੂੰ ਜਾਣਨ ਦੀ ਰੁਚੀ ਤਾਂ ਸਹਿਜ ਰੂਪ ਵਿਚ ਹੀ ਹੋਣੀ ਚਾਹੀਦੀ ਹੈ। ਮੈਨੂੰ ਵੀ ਸੀ। ਪ੍ਰੰਤੂ ਅਸੀਂ ਜਦੋਂ ਕਾਲਜ ਵਿਚ ਪੜ੍ਹ ਰਹੇ ਸਾਂ ਤਾਂ ਸੁਤੰਤਰਤਾ ਪ੍ਰਾਪਤੀ ਦੇ ਆਸ-ਪਾਸ ਦੇ ਵਰ੍ਹਿਆਂ ਵਿਚ ਸਮਾਜਵਾਦੀ ਜਾਂ ਕਹੋ ਕਿ ਮਾਰਕਸੀ ਵਿਚਾਰਧਾਰਾ ਦਾ ਵੀ ਕਾਫੀ ਅਸਰ ਹਵਾ ਵਿਚ ਸੀ। ਸ਼ੁਰੂ ਸ਼ੁਰੂ ਵਿਚ ਮੈਂ ਵੀ ਇਸ ਵਿਚਾਰਧਾਰਾ ਤੋਂ ਪ੍ਰਭਾਵਿਤ ਰਿਹਾ ਪ੍ਰੰਤੂ ਧਾਰਮਿਕ ਲਗਨ ਕਿਉਂਕਿ ਜ਼ਿਆਦਾ ਗਹਿਰੀ ਸੀ, ਇਸ ਲਈ ਉਹ ਵਿਚਾਰਧਾਰਾ ਮੇਰੀ ਕਲਪਨਾ ਜਾਂ ਸੋਚ ਨੂੰ ਆਪਣੀ ਜਕੜ ਵਿਚ ਨਾ ਲੈ ਸਕੀ। ਹਾਂ ਏਨਾ ਜ਼ਰੂਰ ਹੋਇਆ ਕਿ ਮੈਂ ਗੁਰੂ ਸਾਹਿਬ ਦੇ ਸਰਬ ਸਾਂਝੀਵਾਲਤਾ ਦੇ ਸੰਦੇਸ਼ ਅਤੇ ਖਾਲਸਾ ਪੰਥ ਜਾਂ ਸਮਾਜ ਵਿਚ ਕਿਸੇ ਵੀ ਭਲੇ ਬਾਰੇ ਗੁਰਸਿੱਖ ਦੀ ਭੂਮਿਕਾ ਕੀ ਹੋਵੇ, ਆਦਿ ਸਵਾਲਾਂ ਬਾਰੇ ਹੋਰ ਵੀ ਵਧੇਰੇ ਸੰਜੀਦਗੀ ਨਾਲ ਸੋਚਣਾ ਸ਼ੁਰੂ ਕਰ ਦਿਤਾ। ਇਸ ਕਿਸਮ ਦੀ ਸੋਚ ਵਿਚਾਰ ਅਜੇ ਵੀ ਜਾਰੀ ਹੈ।

**ਸਵਾਲ: ਆਪਣੀ ਸੋਚ ਤਹਿਤ ਤੁਸੀਂ ਸੁਤੰਤਰਤਾ ਪ੍ਰਾਪਤੀ ਤੋਂ ਬਾਅਦ ਦੇ ਸਿੱਖ ਰਾਜਨੀਤਕ ਪ੍ਰਵਚਨ ਜਾਂ ਬਹਿਸ-ਮੁਬਾਹਸੇ 'ਚ ਪਹਿਲੀ ਵਾਰੀ ਨਿੱਠ ਕੇ ਅਮਲੀ ਰੂਪ ਵਿਚ ਹਿੱਸਾ ਕਦੋਂ ਲਿਆ?**

**ਜਵਾਬ:** ਮੈਂ ਸਾਰੀ ਜ਼ਿੰਦਗੀ ਆਪਣੇ ਵਿੱਤ ਅਤੇ ਸਮਝ ਅਨੁਸਾਰ ਸਿੱਖ ਧਾਰਮਿਕ ਗ੍ਰੰਥਾਂ ਅਤੇ ਸਿੱਖ ਇਤਿਹਾਸ ਨੂੰ ਪੜ੍ਹਦਾ-ਸੁਣਦਾ ਰਿਹਾ ਹਾਂ। ਮੇਰੀ ਲਗਾਤਾਰ ਇਹ ਸਮਝ ਬਣਦੀ ਰਹੀ ਹੈ ਕਿ ਹੋਰ ਸਭ ਧਰਮਾਂ ਵਾਂਗ ਹੀ ਸਿੱਖ ਧਰਮ ਨੂੰ ਵੀ ਗੁਰੂ ਨਾਨਕ ਦੇਵ ਨੇ ਕਿਸੇ ਵੱਡੇ ਦੈਵੀ ਆਸ਼ੇ ਤਹਿਤ ਹੀ ਚਲਾਇਆ ਸੀ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਸੰਸਾਰ ਪੱਧਰ 'ਤੇ ਉਨ੍ਹਾਂ ਹੀ ਆਸ਼ਿਆਂ ਦੀ ਪੂਰਤੀ ਵਾਸਤੇ ਸਾਲ 1699 'ਚ ਆ ਕੇ ਖਾਲਸਾ ਪੰਥ ਨੂੰ ਸੰਗਠਤ ਰੂਪ ਦੇ ਦਿਤਾ ਸੀ। ਮੇਰੀ ਨਿਗੂਣੀ ਜਿਹੀ ਸਮਝ ਅਨੁਸਾਰ ਗੁਰੂ ਸਾਹਿਬਾਨ ਨੇ ਸਿੱਖਾਂ ਨੂੰ ਜਾਂ ਸਿੱਖੀ ਨੂੰ ਜਿਸ ਰੂਪ ਵਿਚ ਚਿਤਵਿਆ ਸੀ, ਉਥੇ ਕਿਸੇ ਕਿਸਮ ਦੀ ਤਾਕਤ ਜਾਂ ਧੌਂਸ ਨੂੰ ਕਿਧਰੇ ਵੀ ਥਾਂ ਪ੍ਰਾਪਤ ਨਹੀਂ ਸੀ। ਗੁਰੂ ਦੇ ਸਿੱਖਾਂ ਲਈ ਮੂਲ ਪ੍ਰੇਰਣਾ ਇਹ ਮਿੱਥੀ ਗਈ ਸੀ ਕਿ ਉਨ੍ਹਾਂ ਨੇ ਰੱਬ ਸੱਚੇ ਦਾ ਨਾਮ ਜਪਣਾ ਹੈ ਉਸ ਨੂੰ ਸਵਾਸ ਸਵਾਸ ਯਾਦ ਰੱਖਣਾ ਹੈ, ਕਿਰਤ ਕਰਨੀ ਹੈ ਅਤੇ ਵੰਡ ਕੇ ਛਕਣਾ ਹੈ, ਸਿੱਖ ਨੇ ਨਾ ਕਿਸੇ ਤੋਂ ਡਰਨਾ ਹੈ ਅਤੇ ਨਾ ਹੀ ਕਿਸੇ ਨਾਲ ਵੀ ਮਹਿਜ਼ ਜਾਤੀ, ਧਾਰਮਿਕ ਜਾਂ ਕਿਸੇ ਹੋਰ ਵਖਰੇਵੇਂ ਤਹਿਤ ਵੈਰ ਭਾਵਨਾ ਹੀ ਰਖਣੀ ਹੈ। ਸਿੱਖ ਨੇ ਕਿਸੇ ਉਪਰ ਵੀ ਹੋਣ ਵਾਲੇ ਜ਼ੁਲਮ ਤਸ਼ੱਦਦ ਵਿਰੁਧ ਆਵਾਜ਼ ਉਠਾਉਣੀ ਹੈ ਅਤੇ ਹੱਕ ਸੱਚ ਖ਼ਾਤਰ ਖੜੇ ਹੋਣਾ ਹੈ। ਇਹ ਗੁਰਬਾਣੀ ਦੀਆਂ ਉਹ ਮੂਲ ਕਦਰਾਂ ਹਨ ਜਿਨ੍ਹਾਂ 'ਤੇ ਅਮਲ ਕਰਦਿਆਂ ਉਸ ਨੇ ਆਮ ਲੋਕਾਈ ਦੇ ਸਾਹਮਣੇ ਇਕ ਮਿਸਾਲ ਪ੍ਰਸਤੁਤ ਕਰਨੀ ਹੈ ਅਤੇ ਇਹ ਲੋਕ ਹਨ ਜਿਨ੍ਹਾਂ ਨੇ ਖਾਲਸੇ ਦੇ ਅਮਲਾਂ ਨੂੰ ਵੇਖਦਿਆਂ ਖੁਦ ਉਸ ਨੂੰ ਆਗੂ ਦੇ ਰੂਪ ਵਿਚ ਸਵੀਕਾਰ ਕਰਨਾ ਹੈ। ਅਜਿਹਾ ਕਰਦਿਆਂ ਰਾਜਨੀਤਕ ਤਾਕਤ ਆ ਜਾਵੇ ਤਦ ਠੀਕ ਹੈ ਅਤੇ ਨਹੀਂ ਆਉਂਦੀ ਤਦ ਕੋਈ ਹਰਜ ਨਹੀਂ।

ਫਿਰ ਗੁਰੂ ਕਾਲ ਤੋਂ ਤੁਰੰਤ ਬਾਅਦ ਦੇ ਸਿੱਖ ਇਤਿਹਾਸ ਬਾਰੇ ਵੀ ਮੇਰੀ ਪੜ੍ਹਤ ਇਹ ਹੈ ਕਿ ਪੰਜਾਬ ਦੇ ਦਬੇ-ਕੁਚਲੇ, ਗਰੀਬ ਲੋਕ, ਬਾਬਾ ਬੰਦਾ ਸਿੰਘ ਬਹਾਦਰ ਨੂੰ ਆਗੂ ਮੰਨਦੇ ਹਨ, ਉਦੋਂ ਤਕ ਉਸ ਦਾ ਪੂਰੀ ਤਰ੍ਹਾਂ ਸਾਥ ਦਿੰਦੇ ਹਨ, ਜਦੋਂ ਤੱਕ ਉਹ ਮਹਾਨ ਗੁਰੂ ਸਾਹਿਬਾਨ ਵਲੋਂ ਦਰਸਾਈਆਂ ਕਦਰਾਂ ਦੀ ਰੋਸ਼ਨੀ ਵਿਚ ਖੰਡਾ ਖੜਕਾਉਂਦਾ ਹੈ, ਪਰ ਉਸ ਵਕਤ ਉਸ ਨੂੰ ਹੁੰਗਾਰਾ ਅਤੇ ਸਹਿਯੋਗ ਮਿਲਣਾ ਬੰਦ ਹੋ ਜਾਂਦਾ ਹੈ ਜਦੋਂ ਉਹ ਸਿੱਖਾਂ ਦੀਆਂ ਨਜ਼ਰਾਂ ਵਿਚ ਉਨ੍ਹਾਂ ਮਹਾਨ ਕਦਰਾਂ ਦੇ ਉਲਟ ਜਾਂਦਾ ਨਜ਼ਰ ਆਉਣ ਲੱਗ ਜਾਂਦਾ ਹੈ। ਬਾਬੇ ਬੰਦੇ ਤੋਂ ਬਾਅਦ ਲੋਕ ਮੁੜ ਖਾਲਸਾ ਪੰਥ ਦਾ ਆਗੂ ਰੋਲ ਸਵੀਕਾਰ ਕਰਨ ਲਗਦੇ ਹਨ, ਜਦੋਂ ਨਵਾਬ ਕਪੂਰ ਸਿੰਘ ਦੀ ਅਗਵਾਈ ਹੇਠ ਖਾਲਸਾ ਪੰਥ ਉਨ੍ਹਾਂ ਨੂੰ ਮੁੜ ਗੁਰਬਾਣੀ ਦੀਆਂ ਮੂਲ ਮਾਨਵਵਾਦੀ ਕਦਰਾਂ ਲਈ ਤੇਗ ਚੁਕਦਾ ਨਜ਼ਰ ਆਉਂਦਾ ਹੈ। ਗੱਲ ਨੂੰ ਸਪਸ਼ਟ ਕਰਨ ਲਈ ਜੇਕਰ ਮੈਂ ਆਧੁਨਿਕ ਪੱਛਮੀ ਰਾਜਨੀਤਕ ਪ੍ਰਵਚਨ 'ਚੋਂ ਇਤਾਲਵੀ ਮਾਰਕਸਵਾਦੀ ਮਾਨਵਵਾਦੀ ਚਿੰਤਕ ਅਨਤੋਨੀਓ ਗਰਾਮਸ਼ੀ ਦੇ ਸ਼ਬਦਾਂ ਵਿਚ ਕਹਾਂ ਤਾਂ ਇਹ ਉਹ ਦੌਰ ਹੈ, ਜਿਸ ਵਿਚ ਚਿੰਤਨ ਅਤੇ ਕਰਮ ਦੇ ਸੰਜੋਗ ਦੇ ਪੱਧਰ 'ਤੇ ਖਾਲਸਾ ਪੰਥ ਮੈਨੂੰ ਹੋਰਨਾਂ ਸਭ ਸਮਕਾਲੀ ਸੰਗਠਨਾਂ ਅਤੇ ਸੰਸਥਾਵਾਂ ਦੇ ਮੁਕਾਬਲੇ ਤੇ ਆਪਣੀ ਸਪਸ਼ਟ ਸ੍ਰੇਸ਼ਠਤਾ ਕਰਦਾ ਨਜ਼ਰ ਆਉਂਦਾ ਹੈ। ਖਾਲਸਾ ਪੰਥ ਦੀ ਹਰ ਮੈਦਾਨ ਫਤਿਹ ਹੁੰਦੀ ਹੈ। ਮਹਾਰਾਜਾ ਰਣਜੀਤ ਸਿੰਘ ਦੇ ਵਕਤ ਖਾਲਸਾ ਪੰਥ ਦਾ ਡੰਕਾ ਜਮਰੌਦ ਅਤੇ ਦੱਰਾ ਖੈਬਰ ਦੇ ਪਹਾੜਾਂ ਵਲ ਜਾਂਦਾ ਹੈ ਪ੍ਰੰਤੂ ਇਸੇ ਦੌਰ ਵਿਚ ਮੁੜ ਕਿਧਰੇ ਸੂਖਮ ਅਤੇ ਕਿਧਰੇ ਸਪਸ਼ਟ ਰੂਪ ਚਿੰਤਨ ਅਤੇ ਕਰਮ ਦੇ ਪੱਧਰ 'ਤੇ ਵਿਗਾੜ ਸਾਹਮਣੇ ਆਉਣ ਲਗਦੇ ਹਨ। ਗੁਰਬਾਣੀ ਦੀਆਂ ਕਦਰਾਂ ਪਿੱਛੇ ਜਾਣ ਲਗਦੀਆਂ ਹਨ। ਖਾਲਸਾ ਪੰਥ ਭਟਕਣ ਲਗਦਾ ਹੈ ਅਤੇ ਵੇਂਹਦਿਆਂ ਹੀ ਵੇਂਹਦਿਆਂ ਬਰਬਾਦੀ ਹੋ ਜਾਂਦੀ ਹੈ।

**ਸਵਾਲ: ਕੀ ਇਸ ਬਰਬਾਦੀ ਦੇ ਕਾਰਨ ਅੰਗਰੇਜ਼ਾਂ ਦੀਆਂ ਸਾਜ਼ਿਸ਼ਾਂ ਜਾਂ ਡੋਗਰਿਆਂ ਦੀਆਂ ਚਾਲਾਂ ਨਹੀਂ ਸਨ?**

**ਜਵਾਬ:** ਵੇਖੋ! ਇਹ ਸਮਝ ਬਹੁਤ ਜ਼ਿਆਦਾ ਪੁੱਠੀ ਹੈ। ਸਾਡੇ ਰਾਗੀਆਂ ਢਾਡੀਆਂ ਨੇ ਸਾਨੂੰ ਅਜਿਹੀਆਂ ਪੁੱਠੀਆਂ ਪੱਟੀਆਂ ਪੜ੍ਹਾ-ਪੜ੍ਹਾ ਕੇ ਸਾਡੀਆਂ ਕਈ ਪੀੜ੍ਹੀਆਂ ਨੂੰ ਗੁੰਮਰਾਹ ਕਰੀ ਰਖਿਆ ਹੈ। ਡੋਗਰਿਆਂ ਵਾਲਾ ਕਾਰਨ ਸਭ ਦੂਸਰੇ ਜਾਂ ਤੀਸਰੇ ਦਰਜੇ ਦੇ ਕਾਰਨ ਸਨ। ਸਾਡੀ ਬਰਬਾਦੀ ਦਾ ਮੁਢਲਾ ਕਾਰਨ ਸਾਨੂੰ ਸਪਸ਼ਟ ਰੂਪ ਵਿਚ ਤੁਰੰਤ ਸਵੀਕਾਰ ਕਰਨਾ ਚਾਹੀਦਾ ਹੈ ਕਿ ਮਹਾਰਾਜੇ ਦੇ ਸਮੇਂ ਵਿਚ ਹੀ ਹੱਕ-ਸੱਚ ਦੀ ਰਾਖੀ ਦੀਆਂ ਕਦਰਾਂ ਪਿਛੇ ਜਾ ਚੁਕੀਆਂ ਸਨ। ਰਾਜਸੀ ਤਾਕਤ ਬਰਕਰਾਰ ਰੱਖਣ ਅਤੇ ਇਸਨੂੰ ਵਧਾਉਣ ਲਈ ਕੀਤੇ ਜਾਣ ਵਾਲੇ ਰਾਜਨੀਤਕ ਜੋੜ-ਤੋੜ ਪਹਿਲ ਹਾਸਲ ਕਰ ਚੁਕੇ ਸਨ ਤੇ ਜਦੋਂ ਕਦਰਾਂ ਹੀ ਬਦਲ ਗਈਆਂ ਹੋਣ ਤਾਂ ਫੇਰ ਤੂੰ ਕੌਣ ਤੇ ਮੈਂ ਕੌਣ। ਮਹਾਰਾਜੇ ਦੇ ਅੱਖਾਂ ਮੀਟਦੇ ਸਾਰ ਹੀ ਖਾਲਸਾ ਰਾਜ ਵਿਚ ਜੋ ਛਿੰਜ ਪੈਣੀ ਸ਼ੁਰੂ ਹੋਈ ਸੀ, ਉਸ ਦੇ ਨਤੀਜੇ ਆਪਾਂ ਸਾਰਿਆਂ ਨੂੰ ਪਤਾ ਹੀ ਹਨ।

**ਸਵਾਲ: ਮਹਾਰਾਜਾ ਕਾਲ ਅਤੇ ਪਿਛੋਂ ਸਿੱਖ ਸਮਾਜ ਜਾਂ ਖਾਲਸਾ ਪੰਥ ਵਿਚ ਜਾਗ੍ਰਿਤੀ ਕਿਵੇਂ ਸ਼ੁਰੂ ਹੋਈ। ਇਸ ਜਾਗ੍ਰਿਤੀ ਦੀ ਪ੍ਰੇਰਨਾ ਦਾ ਆਧਾਰ ਕੀ ਸੀ?**

**ਜਵਾਬ:** ਵੇਖੋ! ਵਿਚਾਰ ਕੋਈ ਮਰਦਾ ਨਹੀਂ ਹੁੰਦਾ। ਬਕੌਲ ਪ੍ਰੋ. ਹਰਿੰਦਰ ਸਿੰਘ ਮਹਿਬੂਬ ਕਿਸੇ ਵੀ ਵਿਚਾਰ ਦੀ ਪਹਿਲ-ਤਾਜ਼ਗੀ ਉਪਰ ਸਮੇਂ ਦੀ ਚਾਲ ਨਾਲ ਗਰਦੋ-ਗੁਬਾਰ ਜ਼ਰੂਰ ਚੜ੍ਹ ਸਕਦਾ ਹੈ, ਪ੍ਰੰਤੂ ਕੁਝ ਗੁਰਮੁਖ ਕਿਸਮ ਦੇ ਲੋਕ ਰਹਿੰਦੇ ਹੀ ਹਨ ਜੋ ਕਾਲੇ-ਬੋਲੇ ਸਮਿਆਂ ਵਿਚ ਵੀ ਸ਼ਬਦ ਦੀ, ਸੋਚ ਦੀ ਚੰਗਿਆੜੀ ਨੂੰ ਮਘਾਈ ਰਖਦੇ ਹਨ ਅਤੇ ਵਕਤ ਆਉਂਦਿਆਂ ਹੀ ਉਹ ਵਿਚਾਰਧਾਰਾ ਦੀ ਪਹਿਲ-ਤਾਜ਼ਗੀ ਨੂੰ ਮੁੜ ਸਥਾਪਤ ਕਰਨ ਲਈ ਇਤਿਹਾਸ ਦੀ ਸਟੇਜ 'ਤੇ ਆ ਧਮਕਦੇ ਹਨ। ਸਾਡੇ ਸਮਿਆਂ ਵਿਚ ਅਨਤੋਨੀਓ ਗਰਾਮਸ਼ੀ ਨੇ ਬੁੱਧੀਜੀਵੀਆਂ ਦਾ ਰੋਲ ਸ਼ਾਇਦ ਕੁਝ ਇਸੇ ਤਰ੍ਹਾਂ ਹੀ ਚਿਤਵਿਆ ਹੋਇਆ ਹੈ। ਸੋ ਇਹ ਸੀ ਉਹ ਭੂਮਿਕਾ ਜੋ ਸਾਡੇ ਸਿੱਖ ਸਮਾਜ ਵਿਚ ਸਿੰਘ ਸਭਾ ਲਹਿਰ ਦੇ ਚਿੰਤਕਾਂ ਨੇ ਨਿਭਾਈ ਸੀ। ਸਿੱਖ ਸਮਾਜ ਵਿਚ ਮਹਾਨ ਪੁਨਰ-ਜਾਗ੍ਰਿਤੀ ਦਾ ਦੌਰ ਸ਼ੁਰੂ ਹੋਇਆ ਅਤੇ ਪੁਨਰ-ਉਥਾਨ ਦਾ ਮੰਤਵੀ ਸਿੱਟਾ ਗੁਰਦੁਆਰਾ ਸੁਧਾਰ ਲਹਿਰ ਦੇ ਰੂਪ ਵਿਚ ਸਾਹਮਣੇ ਆਇਆ। ਖਾਲਸਾ ਪੰਥ ਨੇ ਹੱਕ-ਸੱਚ, ਇਨਸਾਫ ਲਈ ਵਕਤ ਦੇ ਤਕਾਜ਼ਿਆਂ ਨੂੰ ਧਿਆਨ ਵਿਚ ਰੱਖਦਿਆਂ ਅਤੇ ਗੁਰਬਾਣੀ ਦੀਆਂ ਕਦਰਾਂ ਅਤੇ ਆਸ਼ਿਆਂ ਦੇ ਅਨੁਸਾਰ ਅਜਿਹਾ ਸ਼ਾਂਤਮਈ ਸੰਗਰਾਮ ਕੀਤਾ ਸੀ ਕਿ ਸਮੁੱਚਾ ਭਾਰਤ ਤਾਂ ਕੀ



ਸ. ਸੁਰੈਣ ਸਿੰਘ ਧਨੋਆ ਕੈਲਗਰੀ, ਕੈਨੇਡਾ ਵਿਚ ਆਪਣੇ ਪੁੱਤਰ ਦੇ ਪਰਿਵਰ ਨਾਲ

ਸਾਰੀ ਦੁਨੀਆਂ ਕੇਰਾਂ ਮੂੰਹ ਵਿਚ ਉਂਗਲਾਂ ਪਾ ਉਠੀ ਸੀ। 18ਵੀਂ ਸਦੀ ਤੋਂ ਬਾਅਦ ਇਕ ਵਾਰ ਮੁੜ ਸਾਰੇ ਦੇਸ਼ ਨੇ ਖਾਲਸਾ ਪੰਥ ਦਾ ਆਗੂ ਰੋਲ ਸਵੀਕਾਰ ਕਰਨਾ ਸ਼ੁਰੂ ਕਰ ਦਿੱਤਾ ਸੀ।

**ਸਵਾਲ: ਜੇਕਰ ਸੱਚ-ਮੁੱਚ ਹੀ ਸਥਿਤੀ ਇਹ ਬਣ ਗਈ ਸੀ ਤਾਂ ਗੁਰਦੁਆਰਾ ਲਹਿਰ ਤੋਂ ਬਾਅਦ ਦੇ ਵਰ੍ਹਿਆਂ ਵਿਚ ਗੜਬੜ ਦੁਬਾਰਾ ਕਿਥੋਂ ਅਤੇ ਕਿਵੇਂ ਸ਼ੁਰੂ ਹੋ ਗਈ?**

**ਜਵਾਬ:** ਮੇਰਾ ਨੁਕਤਾ ਉਹ ਹੀ ਹੈ ਅਤੇ ਉਹੋ ਹੀ ਮੇਰੀ ਪੱਕੀ ਆਸਥਾ ਵੀ ਹੈ। ਖਾਲਸਾ ਪੰਥ ਦੀ ਚੜ੍ਹਦੀ ਕਲਾ ਜਦੋਂ ਵੀ ਹੋਈ, ਉਹ ਗੁਰਬਾਣੀ ਦੀਆਂ ਮੂਲ ਕੀਮਤਾਂ 'ਤੇ ਚਲਦਿਆਂ ਹੀ ਹੋਈ ਹੈ ਪਰ ਮੈਨੂੰ ਦੁੱਖ ਇਸ ਗੱਲ ਦਾ ਹੈ ਕਿ ਗੁਰਦੁਆਰਾ ਲਹਿਰ ਤੋਂ ਬਾਅਦ ਦੇ ਵਰ੍ਹਿਆਂ ਵਿਚ ਖਾਲਸਾ ਪੰਥ ਦੇ ਆਗੂ ਉਨ੍ਹਾਂ ਸਮਿਆਂ ਵਿਚ ਕੌਮੀ ਪੱਧਰ 'ਤੇ ਚਲ ਰਹੇ ਰਾਜਨੀਤਕ-ਸਮਾਜਕ ਪ੍ਰਵਚਨ ਦੇ ਚੌਖਟੇ ਦੀ ਕੈਦ ਅੱਗੇ ਹਥਿਆਰ ਸੁੱਟ ਬੈਠੇ ਅਤੇ ਉਨ੍ਹਾਂ ਨੇ ਆਪਣੀ ਕੌਮ ਦੀ, ਭਵਿੱਖ ਦੀ ਹੋਣੀ ਲਈ ਗੁਰੂ ਵਰੋਸਾਈਆਂ ਕੀਮਤਾਂ ਤੋਂ ਰਹਿਨੁਮਾਈ ਲੈਣੀ ਛੱਡ ਕੇ ਆਪਣੇ ਸਰੋਕਾਰ ਪ੍ਰਚਲਤ ਦੁਨਿਆਵੀ ਚਲਣ ਅਨੁਸਾਰ ਮਿੱਥ ਕੇ ਗਲਤ ਲੜਾਈ ਲੜਨੀ ਸ਼ੁਰੂ ਕਰ ਦਿਤੀ। ਖਾਲਸਾ ਵਿਦੇਸ਼ੀ ਹਾਕਮਾਂ ਵਲੋਂ ਪਾੜੋ ਤੇ ਰਾਜ ਕਰੋ ਦੀ ਨੀਤੀ ਅਨੁਸਾਰ ਉਨ੍ਹਾਂ ਵਲੋਂ ਨਿਰਧਾਰਤ ਕੀਤੇ ਜਾ ਰਹੇ ਰਾਜਨੀਤਕ ਚਲਣ ਦੀ ਫੇਟ ਵਿਚ ਆ ਗਿਆ। ਸੱਚ ਮੰਨਿਓ, ਮੇਰੀ ਹੈਰਾਨੀ ਦੀ ਉਸ ਵਕਤ ਕੋਈ ਹੱਦ ਨਾ ਰਹੀ ਜਦੋਂ ਪੂਰਨ ਸਿੰਘ ਵਰਗਾ ਮਹਾਨ ਚਿੰਤਕ, ਜਿਸ ਨੂੰ ਮੂਲ ਸਿੱਖ ਕਦਰਾਂ ਦੀ ਬਿਨਾ 'ਤੇ ਵਾਲਟ ਵਿਟਮੈਨ ਵਰਗਾ ਅਮਰੀਕਨ ਕਵੀ ਵੀ ਗੁਰੂ ਦਾ ਮਹਾਨ ਸਿੱਖ ਹੀ ਨਜ਼ਰੀਂ ਆਉਂਦਾ ਸੀ, ਪ੍ਰਚਲਤ ਰਾਜਨੀਤਕ ਪ੍ਰਵਚਨ ਤਹਿਤ ਜਦੋਂ ਸਿੱਖ ਹੱਕਾਂ ਨੂੰ ਸੁਰੱਖਿਅਤ ਕਰਨ ਲਈ ਸੇਂਟ ਸਾਈਮਨ ਦੇ ਨਾਮ ਖੁੱਲ੍ਹਾ ਪੱਤਰ ਲਿਖਦਾ ਹੈ ਤਾਂ ਸਿੱਖ ਭਾਈਚਾਰੇ ਲਈ ਵਧ ਸੀਟਾਂ ਦੀ ਵਕਾਲਤ ਕਰਦਿਆਂ ਸਾਰੇ ਉਹੋ ਹੀ ਦਾਅਵੇ ਪ੍ਰਸਤੁਤ ਕਰ ਦੇਂਦਾ ਹੈ, ਜੋ ਕਿ ਨਾ ਕੇਵਲ ਗੁਰਬਾਣੀ ਦੀਆਂ ਕਦਰਾਂ ਦੇ ਅਨੁਸਾਰੀ ਹੀ ਨਹੀਂ ਸਨ ਸਗੋਂ ਉੱਕਾ ਹੀ ਵਿਪਰੀਤ ਸਨ। ਬੱਸ ਮੇਰੀ ਜਾਚੇ ਉਨ੍ਹਾਂ ਵਕਤਾਂ ਦੇ ਰਾਜਨੀਤਕ ਪ੍ਰਵਚਨ ਦਾ ਚੌਖਟਾ ਗੋਰਿਆਂ ਵਲੋਂ ਜਾਣੇ-ਅਣਜਾਣੇ ਮਿੱਥ ਦਿਤਾ ਗਿਆ। ਇਹੀ ਚੌਖਟਾ ਹੈ ਜਿਸ ਵਿਚ ਖਾਲਸਾ ਪੰਥ ਰੂਪੀ ਬੱਬਰ ਸ਼ੇਰ ਗ੍ਰਿਫਤਾਰ ਹੋ ਜਾਂਦਾ ਹੈ। ਸੁਤੰਤਰਤਾ ਪ੍ਰਾਪਤੀ ਤੋਂ ਪਿੱਛੋਂ ਤਾਂ ਸਿੱਖ ਰਾਜਨੀਤੀ ਇਸ ਚੌਖਟੇ ਤੋਂ ਸੁਰਖ਼ਰੂ ਹੋਣੀ ਚਾਹੀਦੀ ਸੀ। ਪ੍ਰੰਤੂ ਗੁਰਬਾਣੀ ਦੀਆਂ ਮੂਲ ਕੀਮਤਾਂ ਵਲ ਪਰਤਣਾ ਤਾਂ ਕੀ ਸੀ ਸੰਨ 1947 ਤੋਂ ਪਹਿਲਾਂ ਵਾਲੇ ਉਸੇ ਵਿਨਾਸ਼ਕਾਰੀ ਰਾਜਨੀਤਕ ਪ੍ਰਵਚਨ ਦਾ ਸ਼ਿਕਾਰ ਅਸੀਂ ਹੋਰ ਵੀ ਕਿਤੇ ਵਧ ਹੁੰਦੇ ਚਲੇ ਜਾਂਦੇ ਹਾਂ। ਖਾਹਮਖਾਹ ਪੰਥ ਨੂੰ ਖ਼ਤਰਾ, ਪੰਥ ਨੂੰ ਖਤਰਾ ਦੀ ਦੁਹਾਈ ਤੇਜ਼ ਹੁੰਦੀ ਜਾਂਦੀ ਹੈ। ਅਸੀਂ ਮੰਨੀਏ ਜਾਂ ਨਾ ਮੰਨੀਏ, ਸੱਚੀ ਗੱਲ ਤਾਂ ਇਹ ਹੈ ਕਿ ਪੰਜਾਬੀ ਸੂਬੇ ਦਾ ਮੋਰਚਾ ਅਸੀਂ ਬਿਲਕੁਲ ਹੀ ਗਲਤ ਪੈਂਤੜੇ 'ਤੇ ਲੜਿਆ। ਅਸੀਂ ਪੰਜਾਬ ਦੇ ਹਿੰਦੂ ਭਾਈਚਾਰੇ ਨੂੰ ਕਰੋੜ ਤਾਅਨੇ ਮਾਰੀ ਜਾਈਏ-ਪ੍ਰੰਤੂ ਢਿੱਡੋਂ ਹਰੇਕ ਦਿਆਨਤਦਾਰ ਸਿੱਖ ਨੂੰ ਪਤਾ ਹੈ ਕਿ ਪੈਂਤੜਾ ਅਤੇ ਤਰੀਕਾ ਮੁੱਢ ਤੋਂ ਹੀ ਸਾਡਾ ਆਪਣਾ ਵੀ ਸਹੀ ਨਹੀਂ ਸੀ। ਸਾਡੇ ਪੰਥਕ ਆਗੂ ਅੰਦਰੋਂ ਸਿੱਖ ਬਹੁਗਿਣਤੀ ਵਾਲਾ ਸੂਬਾ ਚਾਹੁੰਦੇ ਸਨ, ਉਹ ਬਣ ਗਿਆ ਫਿਰ ਸਾਡੀ ਸਭ ਤੋਂ ਮਾੜੀ ਗੱਲ ਸੀ ਅਕਾਲ ਤਖਤ ਸਾਹਿਬ ਤੋਂ ਮਰਨ ਵਰਤ ਰਖੇ ਰਖਵਾਏ ਜਾਣ ਦੀ। ਮੈਨੂੰ ਇਹ ਸਾਰਾ ਕੁਝ ਬੇਹੱਦ ਅਫਸੋਸਨਾਕ ਲਗਦਾ ਹੈ। ਸਾਲ 1966 ਦੇ ਉਸ ਵਰ੍ਹੇ ਮੈਂ ਆਪਣੇ ਜਜ਼ਬਾਤ ਨੂੰ ਲਿਖਤੀ ਰੂਪ ਦੇਣ ਲਈ ਮਜਬੂਰ ਹੋਇਆ ਸਾਂ। ਗੁਰੂ ਗੋਬਿੰਦ ਸਿੰਘ ਜੀ ਦੀ ਤੀਸਰੀ ਜਨਮ ਸ਼ਤਾਬਦੀ 'ਤੇ ਮੈਂ ਆਪਣੇ ਪਿਆਰੇ ਭਾਈਚਾਰੇ ਦੇ ਨਾਂ ਖੁੱਲ੍ਹਾ ਸੰਦੇਸ਼ ਜਾਰੀ ਕਰਦਿਆਂ ਮਜਮੂਨ ਲਿਖਿਆ ਸੀ ਅਤੇ ਕਿਹਾ ਸੀ ਕਿ ਇਹ ਗੱਲ ਗੁਰੂ ਸਾਹਿਬਾਨ ਦੇ ਮੁਢਲੇ ਸਿਧਾਂਤ ਦੇ ਵਿਪਰੀਤ ਹੈ ਕਿ ਕਿਸੇ ਇਕ ਸਮਾਜੀ ਵਰਗ ਨੂੰ ਤਾਂ ਕੀ ਕਿਸੇ ਵਿਅਕਤੀ ਨੂੰ ਵੈਰ ਭਾਵਨਾ ਦੀਆਂ ਨਿਗਾਹਾਂ ਨਾਲ ਵੇਖਿਆ ਜਾਵੇ। ਕਿਸੇ ਵੀ ਰਾਜ ਵਲੋਂ ਪ੍ਰਦਾਨ ਕੀਤੇ ਗਏ ਤਰਜੀਹੀ ਸਲੂਕ ਅਤੇ ਦਰਜੇ ਨੂੰ ਮੰਨਣਾ ਜਾਂ ਸਵੀਕਾਰ ਕਰਨਾ ਸਿੱਖੀ ਵਿਚ ਮੁਰਦਾਰ ਖਾਣ ਦੇ ਬਰਾਬਰ ਹੈ। ਇਕ ਸਿੱਖ ਆਪਣੀ ਫਤਿਹ ਦਾ ਫਲ ਹੀ ਮਾਣ ਸਕਦਾ ਹੈ ਤੇ ਯੋਗ ਪ੍ਰਾਪਤੀ ਦਾ ਰਾਜ ਵੀ ਚੱਖ ਸਕਦਾ ਹੈ। ਸਿੱਖ ਕਿਸੇ ਦੇ ਵੀ ਡਰ ਹੇਠਾਂ ਨਹੀਂ ਰਹਿ ਸਕਦਾ ਅਤੇ ਨਾ ਸੱਚਾਈ ਦਾ ਰਸਤਾ ਹੀ ਤੱਜ ਸਕਦਾ ਹੈ। ਜੇ ਸਿੱਖ ਇਨ੍ਹਾਂ ਕਦਰਾਂ-ਕੀਮਤਾਂ ਨੂੰ ਅੰਗੀਕਾਰ ਕਰੀ ਰਖਦੇ ਤਾਂ ਪੰਜਾਬ ਤੋਂ ਉਠਦੀ ਆਵਾਜ਼ ਭਾਰਤੀ ਆਤਮਾ ਦੀ ਆਵਾਜ਼ ਹੋ ਨਿਬੜਦੀ। ਇਸੇ ਮਜ਼ਮੂਨ ਵਿਚ ਪੰਥ ਨੂੰ ਖ਼ਤਰੇ ਵਾਲੇ ਪ੍ਰਵਚਨ ਨੂੰ ਕਟਦਿਆਂ ਮੈਂ ਲਿਖਿਆ ਸੀ ਕਿ ਯਾਰੋ! ਉਹ ਸਿੱਖ ਜਿਨ੍ਹਾਂ ਨੇ ਮੌਤ ਨੂੰ ਹੱਸ ਕੇ ਕਬੂਲਿਆ ਅਤੇ ਜ਼ੁਲਮ ਦੀਆਂ ਹਨੇਰੀਆਂ ਵਿਚ ਵੀ ਆਪਣੀ ਹੋਂਦ ਦਾ ਦੀਵਾ ਬਾਲੀ ਰਖਿਆ, ਉਹ ਇਤਨੇ ਨਿਰਜਿੰਦ ਅਤੇ ਨਿਰਬਲ ਕਿਵੇਂ ਹੋ ਗਏ ਕਿ ਉਹ ਅੱਜ ਦੇ ਖੁਲ੍ਹੇ ਮੁਕਾਬਲੇ ਅੰਦਰ ਚੁਣੌਤੀਆਂ ਤੋਂ ਭੈਭੀਤ ਹੋ ਉਠੇ ਹਨ? ਤੇ ਭੈਭੀਤ ਵੀ ਇਤਨੇ ਕਿ ਉਨ੍ਹਾਂ ਨੂੰ ਆਪਣੀ ਹਸਤੀ ਹੀ ਖ਼ਤਰੇ ਵਿਚ ਪਈ ਮਹਿਸੂਸ ਹੋਣ ਲਗ ਪਈ ਹੋਵੇ। ਮਜਮੂਨ ਦੇ ਅਖੀਰ ਵਿਚ ਪੂਰੀ ਨਿਮਰਤਾ ਨਾਲ ਇਹ ਕਾਮਨਾ ਕੀਤੀ ਗਈ ਸੀ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਤਿੰਨ ਸੋ ਸਾਲਾ ਸ਼ਤਾਬਦੀ ਮਨਾਉਣ ਦਾ ਸਹੀ ਤੇ ਉਚਿਤ ਢੰਗ ਇਹ ਹੀ ਹੋਵੇਗਾ ਕਿ ਖਾਲਸਾ ਮੁੜ ਆਪਣੇ ਗੌਰਵ ਨੂੰ, ਆਪਣੀ ਪਰੰਪਰਾ ਨੂੰ ਗ੍ਰਹਿਣ ਕਰੇ ਅਤੇ ਨਵੇਂ ਸਿਰਿਓਂ ਮੁੜ ਗੁਰਬਾਣੀ ਵਿਚ ਨਿਸ਼ਚਿਤ ਕੀਤੀਆਂ ਕਦਰਾਂ-ਕੀਮਤਾਂ ਨੂੰ ਅਪਨਾਇਆ ਜਾਵੇ।

**ਸਵਾਲ: ਸਿੱਖ ਭਾਈਚਾਰੇ ਦੇ ਪਿਛਲੇ ਵਰ੍ਹਿਆਂ ਦੇ ਦੁਖਾਂਤ ਦਾ ਮੁੱਢ ਕਿੱਥੇ ਬੱਝਾ?**

**ਜਵਾਬ:** ਭਾਈ ਸਾਹਿਬ, ਜੋ ਸੇਂਟ ਸਾਈਮਨ ਨੂੰ ਲਿਖੇ ਪੱਤਰ ਵਾਲੀ ਗੱਲ ਮੈਂ ਦੱਸੀ ਹੈ, ਸੋ ਮੁੱਢ ਤਾਂ ਉਦੋਂ ਦਾ ਹੀ ਬੱਝਾ ਹੋਇਆ ਹੈ। ਫਿਰ ਵੀ ਜੇਕਰ ਪਿਛਲੇ ਵਰ੍ਹਿਆਂ ਦੀ ਗੱਲ ਹੀ ਕਰਨੀ ਹੈ ਤਾਂ ਸ਼੍ਰੋਮਣੀ ਅਕਾਲੀ ਦਲ ਨੇ ਬੱਜਰ ਗਲਤੀ ਸੰਨ 1982 ਵਿਚ ਕੁਝ ਸੰਸਾਰਿਕ ਜਾਂ ਕਹੋ ਕਿ ਵਿਹਾਰਕ ਮੰਗਾਂ ਦੀ ਪੂਰਤੀ ਲਈ ਸ੍ਰੀ ਅਕਾਲ ਤਖਤ ਤੋਂ ਮੋਰਚਾ ਲਗਾ ਕੇ ਅਤੇ ਫਿਰ ਉਸੇ ਮੋਰਚੇ ਨੂੰ ਧਾਰਮਿਕ ਮੋਰਚੇ ਦਾ ਨਾਂ ਦੇ ਕੇ ਕਰ ਦਿਤੀ ਸੀ। ਮੈਂ ਆਪਣੀ ਜ਼ਿੰਦਗੀ ਵਿਚ ਏਨਾ ਉਦਾਸ ਕਦੀ ਵੀ ਨਹੀਂ ਹੋਇਆ, ਜਿਸ ਕਿਸਮ ਦੀ ਉਦਾਸੀ ਮੈਨੂੰ ਉਸ ਸਮੇਂ ਮਹਿਸੂਸ ਹੋਈ ਸੀ।

ਅਕਾਲੀ ਮੋਰਚੇ ਦੇ ਸੰਚਾਲਕ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਮੋਰਚੇ ਬਾਰੇ ਵਿਚਾਰਾਂ ਕਰਨ ਲਈ ਸਿੱਖ ਬੁਧੀਜੀਵੀਆਂ ਨੂੰ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਪਹੁੰਚਣ ਲਈ ਸੱਦਾ ਦਿਤਾ ਹੋਇਆ ਸੀ, ਮੈਂ ਉਸ ਸਮੇਂ ਹੈਦਰਾਬਾਦ ਵਿਖੇ ਇੰਟਰਨੈਸ਼ਨਲ ਕਾਰਪਸ ਰੀਸਰਚ ਇੰਸਟੀਚਿਊਟ ਵਿਚ ਕੰਮ ਕਰ ਰਿਹਾ ਸਾਂ। ਸ. ਸੁਰਜੀਤ ਸਿੰਘ ਬਰਨਾਲਾ ਦੇ ਕੇਂਦਰੀ ਖੇਤੀ ਮੰਤਰੀ ਹੋਣ ਸਮੇਂ ਮੈਂ ਇਨ੍ਹਾਂ ਨਾਲ ਕੰਮ ਕਰ ਚੁਕਿਆ ਹੋਣ ਕਰਕੇ ਮੇਰੀ ਉਨ੍ਹਾਂ ਨਾਲ ਕਾਫੀ ਵਾਕਫੀਅਤ ਸੀ ਅਤੇ ਮੈਂ 31 ਦਸੰਬਰ 1982 ਨੂੰ ਧਰਮ ਯੁੱਧ ਮੋਰਚੇ ਬਾਰੇ ਗੰਭੀਰ ਖਦਸ਼ੇ ਪ੍ਰਗਟਾਉਂਦਿਆਂ ਉਨ੍ਹਾਂ ਨੂੰ ਲੰਮਾ ਪੱਤਰ ਲਿਖਿਆ ਸੀ, ਜਿਸ ਦੀ ਕਾਪੀ ਮੈਂ ਸੰਤਾਂ ਨੂੰ ਵੀ ਭੇਜੀ ਸੀ। ਮੈਂ ਪੂਰੇ ਜ਼ੋਰ ਨਾਲ ਕਿਹਾ ਸੀ ਕਿ ਗੁਰਬਾਣੀ ਅਤੇ ਸਾਚੀ ਸਿੱਖ ਰਵਾਇਤ ਨੂੰ ਵਾਰ ਵਾਰ ਵਾਚਣ ਦੇ ਬਾਵਜੂਦ ਸ਼੍ਰੋਮਣੀ ਅਕਾਲੀ ਦਲ ਵਲੋਂ ਲਗਾਏ ਧਰਮ ਯੁੱਧ ਮੋਰਚੇ ਦਾ ਤਰਕ ਮੇਰੀ ਸਮਝ ਤੋਂ ਬਾਹਰ ਹੈ। ਮੇਰਾ ਵਿਸ਼ਵਾਸ ਸੀ ਕਿ ਦਸਵੇਂ ਪਾਤਸ਼ਾਹ ਨੇ ਖਾਲਸਾ ਪੰਥ ਦੀ ਸਾਜਨਾ ਸਦੀਆਂ ਤੋਂ ਲਿਤਾੜੇ ਆ ਰਹੇ ਸਮਾਜ ਦੇ ਆਗੂ ਦਸਤੇ ਵਜੋਂ ਕੀਤੀ ਸੀ। ਉਨ੍ਹਾਂ ਨੇ ਤਾਂ ਹੱਕ ਸੱਚ ਲਈ ਖੜੇ ਹੋਣਾ ਸੀ ਅਤੇ ਸੱਚੇ ਮਾਰਗ ਚਲਦਿਆਂ ਸਭ ਸਮਾਜਕ ਵਰਗਾਂ ਤੋਂ ਸਵੀਕ੍ਰਿਤੀ ਤਾਂ ਖੁਦ-ਬ-ਖੁਦ ਹੀ ਚਲੀ ਆਉਣੀ ਸੀ। ਜੇਕਰ ਖਾਲਸੇ ਨੇ ਬਾਕੀ ਲੋਕਾਂ ਨੂੰ ਆਪਣੇ ਵੈਰੀ ਹੀ ਮੰਨ ਕੇ ਮੋਰਚਾ ਲਗਾ ਦੇਣਾ ਹੈ ਤੇ ਅਜਿਹਾ ਮੋਰਚਾ ਲਗਾ ਕੇ ਬਾਕੀ ਲੋਕਾਂ ਯਾਨਿ ਆਪਣੇ ਸੰਭਾਵੀ ਪੈਰੋਕਾਰਾਂ ਨੂੰ ਆਪਣੇ ਦੁਸ਼ਮਣ ਹੀ ਤਸੱਵਰ ਕਰਕੇ ਤੁਰ ਪੈਣਾ ਹੈ ਤਾਂ ਫਿਰ ਖਾਲਸੇ ਨੇ ਅਗਵਾਈ ਕਿਸ ਨੂੰ ਦੇਣੀ ਹੈ? ਮੇਰਾ ਦੂਸਰਾ ਦੁੱਖ ਇਹ ਸੀ ਕਿ ਜੇ ਮੋਰਚੇ ਦੇ ਤਕਾਜ਼ੇ ਸੌੜੇ ਰਾਜਨੀਤਕ ਆਰਥਿਕ ਹਿੱਤਾਂ ਵਾਲੇ ਹੀ ਹਨ ਅਤੇ ਮੰਨੀ ਗਈ ਵਿਰੋਧੀ ਧਿਰ ਵਿਰੁਧ 'ਝੂਠ ਤੂਫਾਨ' ਬੋਲਣਾ ਹੀ ਪੈਣਾ ਹੈ ਤਾਂ ਘੱਟੋ ਘੱਟ ਅਜਿਹੀ ਰਾਜਨੀਤੀ ਸ੍ਰੀ ਅਕਾਲ ਤਖਤ ਉਪਰੋਂ ਪਵਿੱਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਨਾ ਕੀਤੀ ਜਾਵੇ। ਪੱਤਰ ਦੇ ਅਖੀਰ ਵਿਚ ਮੈਂ ਦੁਹਾਈ ਦਿਤੀ ਸੀ ਕਿ ਸੰਨ 1947 ਤੋਂ ਪ੍ਰਚਲਤ ਹੋਏ ਰਾਜਸੀ ਢਾਂਚੇ ਵਿਚ ਜੋ ਖਾਮੀਆਂ ਰਹਿ ਗਈਆਂ ਹਨ, ਉਹ ਦੂਰ ਹੋਣੀਆਂ ਚਾਹੀਦੀਆਂ ਹਨ, ਸਿੱਖਾਂ ਦਾ ਜਾਂ ਖਾਲਸਾ ਪੰਥ ਦਾ ਬੋਲਬਾਲਾ ਹੋਣਾ ਚਾਹੀਦਾ ਹੈ ਪਰ ਇਹ ਇਸ ਰਸਤੇ ਚਲ ਕੇ ਨਹੀਂ ਹੋਣਾ ਜਿਹੜਾ ਰਸਤਾ ਅਸੀਂ ਅਪਨਾ ਲਿਆ ਹੈ। ਪ੍ਰੰਤੂ ਜ਼ਾਹਰ ਹੈ ਕਿ ਖਾਲਸਾ ਪੰਥ ਅਜਿਹੀ ਸਲਾਹ ਸੁਣਨ ਲਈ ਤਿਆਰ ਨਹੀਂ ਸੀ।

**ਸਵਾਲ: ਪਰ ਕੀ ਅਕਾਲੀ ਦਲ ਦੀਆਂ ਮੰਗਾਂ ਸਾਰੇ ਪੰਜਾਬ ਨਾਲ ਸਬੰਧਤ ਨਹੀਂ ਸਨ? ਕੀ ਇੰਦਰਾ ਗਾਂਧੀ ਨੇ ਅਕਾਲੀ ਦਲ ਨੂੰ ਸਖਤ ਪੁਜੀਸ਼ਨਾਂ ਲੈਣ ਵਾਸਤੇ ਮਜਬੂਰ ਨਹੀਂ ਕੀ ਕੀਤਾ?**

**ਜਵਾਬ:** ਮੈਂ ਇੰਦਰਾ ਸਮੇਂ ਜਾਂ ਉਸ ਤੋਂ ਪਹਿਲਾਂ ਦੀ ਕਾਂਗਰਸ ਪਾਰਟੀ ਦੀ ਰਾਜਨੀਤੀ ਦੀ

*(ਅਗਲੇ ਸਫੇ 'ਤੇ ਜਾਰੀ)*

ਪ੍ਰੋੜ੍ਹਤਾ ਕਦੋਂ ਕੀਤੀ ਹੈ? ਬਿਨਾ ਸ਼ੱਕ ਉਸ ਵਿਚ ਸੈਂਕੜੇ ਖਾਮੀਆਂ ਸਨ ਪਰ ਮੇਰਾ ਕਹਿਣਾ ਤਾਂ ਇਹ ਹੈ ਕਿ ਜਿਸ ਕਿਸਮ ਦੀ ਰਾਜਨੀਤੀ ਅਸੀਂ ਕੀਤੀ ਉਸ ਵਿਚ ਸੈਂਕੜੇ ਨਹੀਂ ਬਲਕਿ ਹਜਾਰਾਂ ਖਾਮੀਆਂ ਸਨ। ਬਲਿਊ ਸਟਾਰ ਹੋਇਆ ਤਾਂ ਮੈਨੂੰ ਬੇਹੱਦ ਦੁੱਖ ਹੋਇਆ। ਜਲਦੀ ਹੀ ਬਾਅਦ ਕੇਂਦਰ ਸਰਕਾਰ ਨੇ ਮੈਨੂੰ ਪੰਜਾਬ ਵਿਚ ਚੀਫ ਸਕੱਤਰ ਨਿਯੁਕਤ ਕੀਤਾ ਅਤੇ ਬਾਅਦ ਵਿਚ ਰਾਜਪਾਲ ਸ੍ਰੀ ਅਰਜਨ ਸਿੰਘ ਦਾ ਸਲਾਹਕਾਰ ਵੀ ਬਣਾਇਆ। ਸੰਤ ਹਰਚੰਦ ਸਿੰਘ ਲੌਂਗੋਵਾਲ ਬਾਹਰ ਆਏ ਤਾਂ ਕੇਂਦਰ ਨਾਲ ਗੱਲਬਾਤ ਦਾ ਰਸਤਾ ਅਖਤਿਆਰ ਕਰਨ ਲਈ ਉਨ੍ਹਾਂ ਨੂੰ ਆਪਣੇ ਵਿੱਤ ਅਨੁਸਾਰ ਮੈਂ ਵੀ ਪ੍ਰੇਰਿਆ ਸੀ। ਸਮਝੌਤਾ ਹੋਇਆ ਉਹ ਜਿਸ ਕਿਸਮ ਦਾ ਵੀ ਸੀ, ਪਰ ਉਨ੍ਹਾਂ ਦਿਨਾਂ 'ਚ ਸੰਤਾਂ ਦੀ ਅਚਾਨਕ ਹੱਤਿਆ ਪੰਜਾਬ ਦੇ ਲੋਕਾਂ ਲਈ ਬੜੇ ਵੱਡੇ ਦੁਰਭਾਗ ਦੀ ਗੱਲ ਸੀ। ਇਹ ਸਮਾਂ ਸੀ ਜਦੋਂ ਪੰਜਾਬ ਵਿਚ ਕਾਲਖ ਦੇ ਇਕ ਨਵੇਂ ਦੌਰ ਦੀ ਸ਼ੁਰੂਆਤ ਹੋਈ। ਬਰਨਾਲਾ ਸਰਕਾਰ ਦੇ ਸਹੁੰ ਚੁਕਣ ਪਿੱਛੋਂ ਮੈਂ ਤਾਂ ਕੇਂਦਰ ਵਿਚ ਸਿਹਤ ਮੰਤਰਾਲੇ ਵਿਚ ਸਕੱਤਰ ਬਣ ਕੇ ਚਲਿਆ ਗਿਆ ਸਾਂ। ਪਿੱਛੋਂ ਮੇਰੀ ਨਿਯੁਕਤੀ ਬਿਹਾਰ ਸਰਕਾਰ ਨੇ ਬਿਹਾਰ ਪਬਲਿਕ ਸਰਵਿਸ ਕਮਿਸ਼ਨ ਦੇ ਚੇਅਰਮੈਨ ਵਜੋਂ ਕਰ ਦਿਤੀ। ਬੇਸ਼ੱਕ ਉਥੇ ਜਾਣ ਤੋਂ ਤੁਰੰਤ ਪਿਛੋਂ ਮੈਨੂੰ ਚੋਣ ਕਮਿਸ਼ਨ ਦੇ ਮੈਂਬਰ ਵਜੋਂ ਲੈ ਆਂਦਾ ਗਿਆ। ਉਥੇ ਕੀ ਹੋਇਆ ਤੇ ਕੀ ਨਾ ਹੋਇਆ? ਪੰਜਾਬ ਸਥਿਤੀ ਤੇ ਮੇਰੀ ਨਿਗਾਹ ਨਿਰੰਤਰ ਟਿਕੀ ਰਹੀ। ਰਿਟਾਇਰ ਹੋ ਕੇ ਮੈਂ ਸ਼ਿਮਲੇ ਚਲਿਆ ਗਿਆ। ਸਾਲ 1991 ਵਿਚ ਖਾਲਿਸਤਾਨੀ ਲਹਿਰ ਜਦੋਂ ਆਪਣੇ ਪੂਰੇ ਪ੍ਰਚੰਡ ਰੂਪ ਵਿਚ ਸੀ ਤਾਂ ਮੈਂ ਫਿਰ ਖਾਲਿਸਤਾਨ ਦੀ ਮੰਗ ਨੂੰ ਸਿੱਖ ਭਾਈਚਾਰੇ ਦੀ ਭਵਿੱਖਮੁਖੀ ਹੋਣੀ ਦੇ ਵਿਪਰੀਤ ਦਸਦਿਆਂ ਇਕ ਹੋਰ ਮਜਮੂਨ ਲਿਖ ਕੇ ਸਾਥੀ ਸਿੱਖ ਬੁੱਧੀਜੀਵੀਆਂ ਨਾਲ ਸੰਵਾਦ ਰਚਾਉਣ ਦਾ ਯਤਨ ਕੀਤਾ ਪਰ ਉਸ ਸਮੇਂ ਅਜਿਹੇ ਮਾੜੇ ਦਿਨ ਚਲ ਰਹੇ ਸਨ ਕਿ 'ਟ੍ਰਿਬਿਊਨ' ਦੇ ਐਡੀਟਰ ਨੇ ਭਲੇ ਦਿਨਾਂ ਦੀ ਉਡੀਕ ਕਰਦਿਆਂ ਉਹ ਮਜਮੂਨ ਆਪਣੇ ਦਰਾਜ ਵਿਚ ਹੀ ਰਖੀ ਰੱਖਿਆ ਸੀ ਫੇਰ ਗੱਲ ਆਈ ਗਈ ਕਰ ਦਿਤੀ ਗਈ। ਬਾਅਦ ਵਿਚ ਉਹੋ ਹੀ ਲੇਖ ਸਾਲ 1993 'ਚ ਡਾ. ਕਿਹਰ ਸਿੰਘ ਦੁਆਰਾ ਸੰਪਾਦਤ ਪੁਸਤਕ 'ਸਿੱਖ ਪਾਲਿਟੀ' ਵਿਚ ਸ਼ਾਮਲ ਕੀਤਾ ਗਿਆ। ਮੈਂ ਉਸ ਲੇਖ ਦੇ ਅਖੀਰ ਵਿਚ ਸਿੱਖ ਬੁੱਧੀਜੀਵੀਆਂ ਨੂੰ ਤਕੜੇ ਹੋ ਕੇ ਸਪੱਸ਼ਟ ਸਟੈਂਡ ਲੈਣ ਦਾ ਸੱਦਾ ਦਿਤਾ ਸੀ ਕਿ ਖਾਲਿਸਤਾਨ ਦੀ ਮੰਗ ਕਿਸੇ ਤਰ੍ਹਾਂ ਨਾਲ ਵੀ ਸਿੱਖਾਂ ਦੇ ਹੱਕ ਵਿਚ ਨਹੀਂ ਹੈ ਅਤੇ ਇਹ ਖਾਲਸਾ ਪੰਥ ਦੇ ਗੁਰੂ ਸਾਹਿਬਾਨ ਵਲੋਂ ਕਿਆਸੇ ਆਸ਼ਿਆਂ ਦੇ ਅਨੁਕੂਲ ਵੀ ਨਹੀਂ ਹੈ।

**ਸਵਾਲ: ਪੰਜਾਬ ਦੀ ਮੌਜੂਦਾ ਸਥਿਤੀ ਅਤੇ ਅਕਾਲੀ ਦਲ-ਭਾਜਪਾ ਸਾਂਝਿਆਲੀ ਬਾਰੇ ਤੁਹਾਡੇ ਕੀ ਵਿਚਾਰ ਹੈ?**

**ਜਵਾਬ:** ਇਹ ਸ਼ੁਰੂਆਤ ਚੰਗੀ ਹੈ ਪਰ ਸਾਨੂੰ ਨਹੀਂ ਭੁਲਣਾ ਚਾਹੀਦਾ ਕਿ ਇਹ ਅਜੇ ਸ਼ੁਰੂਆਤ ਹੀ ਹੈ। ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ ਵਾਲੀ ਇਸ ਸਰਕਾਰ ਦੀ ਅਸਲ ਪਰਖ ਇਹ ਹੋਵੇਗੀ ਕਿ ਕੀ ਆਉਣ ਵਾਲੇ ਸਮੇਂ ਵਿਚ ਇਹ ਸਮਾਜਕ-ਰਾਜਨੀਤਕ ਜੀਵਨ ਵਿਚ ਭ੍ਰਿਸ਼ਟਾਚਾਰ ਵਿਰੁਧ ਸਟੈਂਡ ਲੈ ਕੇ ਗੁਰੂ ਆਸ਼ਿਆਂ ਵਾਲਾ ਇਨਸਾਫ ਆਧਾਰਤ ਸਮਾਜ ਉਸਾਰਨ ਵਲ ਯਤਨਸ਼ੀਲ ਹੁੰਦੀ ਹੈ ਕਿ ਨਹੀਂ। ਇਹ ਵੀ ਵੇਖਣਾ ਹੋਵੇਗਾ ਕਿ ਸਿੱਖ ਪੰਥ ਦੀ ਨੁਮਾਇੰਦਗੀ ਦੀ ਦਾਅਵੇਦਾਰ ਅਕਾਲੀ ਪਾਰਟੀ ਉਸ ਬਦਕਿਸਮਤ ਰਾਜਨੀਤਕ ਪ੍ਰਵਚਨ ਦੇ 'ਪਿੰਜਰੇ' ਵਿਚੋਂ ਬਾਹਰ ਨਿਕਲਣ ਵਿਚ ਸਫਲ ਹੁੰਦੀ ਹੈ ਕਿ ਨਹੀਂ ਜਿਹੜਾ ਕਿਸੇ ਸਮੇਂ ਅੰਗਰੇਜ਼ ਹਾਕਮਾਂ ਨਾਲ ਲੜਾਈ ਦੇ ਦੌਰ ਵਿਚ ਹਿੰਦੂਆਂ ਦੇ, ਮੁਸਲਮਾਨਾਂ ਦੇ ਅਤੇ ਸਿੱਖਾਂ ਦੇ ਹਿੱਤਾਂ-ਹੱਕਾਂ ਨੂੰ ਵੱਖ-ਵੱਖ ਕਰਕੇ ਵੇਖਣ ਦੇ ਰੂਪ ਵਿਚ ਸਾਡੇ ਪੱਲੇ ਪੈ ਗਿਆ ਸੀ।

*-ਗੁਰਦਿਆਲ ਸਿੰਘ ਬੱਲ*
*ਫੋਨ:91-175-2280953*

## ਪ੍ਰਤੀਕਰਮ

# ਡਾ. ਗੁਰਨਾਮ ਕੌਰ ਦਾ ਲੇਖ ਇਕਪਾਸੜ ਖੋਜ

ਡਾ. ਗੁਰਨਾਮ ਕੌਰ ਦਾ ਲੇਖ 11 ਜੂਨ 2011 ਦੇ ਅੰਕ 'ਚ ਪੜ੍ਹਿਆ। ਪਿਛਲੇ ਲੇਖ ਵਾਂਗ ਇਹ ਲੇਖ ਵੀ ਕਾਫੀ ਗਲਤਫਹਿਮੀ ਵਿਚ ਲਿਖਿਆ ਗਿਆ ਹੈ। ਸ਼ੁਰੂ ਵਿਚ ਹੀ ਡਾ. ਸਾਹਿਬ ਚਰਿਤ੍ਰੋਪਾਖਿਆਨ ਨੂੰ ਤ੍ਰਿਆ ਚਰਿਤਰ ਲਿਖਦੇ ਹਨ। ਦੋਨਾਂ ਵਿਚ ਸਿਧਾਂਤਕ ਫਰਕ ਹੈ "ਚਰਿਤ੍ਰੋਪਾਖਿਆਨ" ਦਾ ਅਰਥ ਹੈ- ਪਹਿਲਾਂ ਕਹੀਆਂ ਜਾ ਚੁਕੀਆਂ ਕਹਾਣੀਆ ਅਤੇ "ਤ੍ਰਿਆ ਚਰਿਤਰ" ਦਾ ਅਰਥ ਹੈ-ਔਰਤਾਂ ਦੇ ਚਰਿਤਰ। ਡਾ. ਸਾਹਿਬ ਨੇ ਪੂਰੇ ਸ਼ਬਦ ਦੀ ਇੱਕ ਲਾਈਨ ਲਿੱਖ ਕੇ ਕਾਫੀ ਤਰਕਾਂ ਨਾਲ ਇਸ ਨੂੰ ਗਲਤ ਸਾਬਿਤ ਕਰਨ ਦੀ ਕੋਸ਼ਿਸ਼ ਕੀਤੀ ਹੈ।

ਪ੍ਰਥਮ ਮਾਨਿ ਤੁਮ ਕੋ ਕਹੋ
ਜਥਾ ਬੁਧਿ ਬਲੁ ਹੋਇ॥
ਘਟਿ ਕਬਿਤਾ ਲਖਿ ਕੈ
ਕਬਹਿ ਹਾਸ ਨ ਕਰਿਯਹੁ ਕੋਇ॥45॥

ਇਹ ਪੰਗਤੀ ਅਧੂਰੀ ਹੈ ਅਤੇ ਠੀਕ ਉਸੇ ਹੀ ਤਰ੍ਹਾਂ ਭੁਲੇਖਾ ਪਾਉਂਦੀ ਹੈ ਜਿਵੇਂ ਗੁਰੂ ਗ੍ਰੰਥ ਸਾਹਿਬ ਦੀ ਇਹ ਤੁੱਕ:

ਤੀਰਥਿ ਨਾਈਐ ਸੁਖੁ ਫਲੁ ਪਾਈਐ
ਮੈਲੁ ਨ ਲਾਗੈ ਕਾਈ॥

ਹੁਣ ਇਹ ਪੰਗਤੀ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤ ਦੇ ਉਲਟ ਹੈ। ਗੁਰਬਾਣੀ ਤੀਰਥ ਨਹਾਉਣ ਨੂੰ ਮੰਨਦੀ ਨਹੀਂ ਪਰ ਇਹ ਪੰਗਤੀ ਉਸ ਦੀ ਪ੍ਰੋੜਤਾ ਕਰਦੀ ਹੈ। ਪਰ ਪੂਰਾ ਸ਼ਬਦ ਦੇਖਾਂਗੇ ਤਾਂ ਸਮਝ ਆਵੇਗਾ ਕਿ ਇਹ ਪੰਗਤੀ ਸਿਧਾਂ ਨੇ (ਸਿਧਿ ਗੋਸ਼ਟਿ) ਵਿਚ ਗੁਰੂ ਸਾਹਿਬ ਨੂੰ ਆਖੀ ਸੀ। ਇਸੇ ਤਰ੍ਹਾਂ ਹੀ ਦਸਮ ਗ੍ਰੰਥ ਸਾਹਿਬ ਵਿਚੋਂ ਦਿਤੀ ਹੋਈ ਤੁੱਕ ਪੂਰੀ ਨਹੀਂ ਹੈ। ਇਸ ਦੀਆਂ ਉਪਰਲੀਆਂ ਅਤੇ ਹੇਠਲੀਆਂ ਪੰਗਤੀਆਂ ਪੜਾਂਗੇ ਤਾਂ ਸਮਝ ਆਵੇਗੀ ਕਿ ਸੱਚਾਈ ਕੀ ਹੈ?

ਅਨਤਰਯਾ ਜਯੋ ਸਿੰਧੁ ਕੋ ਚਹਤ
ਤਰਨ ਕਰਿ ਜਾਉ॥
ਬਿਨੁ ਨੌਕਾ ਕੈਸੇ ਤਰੈ
ਲਏ ਤਿਹਾਰੋ ਨਾਉ॥42॥
ਮੂਕ ਉਚਰੈ ਸਾਸਤ੍ਰ ਖਟ
ਪਿੰਗ ਗਿਰਨ ਚੜਿ ਜਾਇ॥
ਅੰਧ ਲਖੈ ਬਦਰੋ ਸੁਨੈ
ਜੋ ਤੁਮ ਕਰੌ ਸਹਾਇ॥43॥
ਅਰਘ ਗਰਭ ਨ੍ਰਿਪ ਤ੍ਰਿਯਨ ਕੋ
ਭੇਦ ਨ ਪਾਯੋ ਜਾਇ॥
ਤਊ ਤਿਹਾਰੀ ਕ੍ਰਿਪਾ ਤੇ
ਕਛੁ ਕਛੁ ਕਹੋ ਬਨਾਇ॥44॥
ਪ੍ਰਥਮ ਮਾਨਿ ਤੁਮ ਕੋ ਕਹੋ
ਜਥਾ ਬੁਧਿ ਬਲੁ ਹੋਇ॥
ਘਟਿ ਕਬਿਤਾ ਲਖਿ ਕੈ ਕਬਹਿ
ਹਾਸ ਨ ਕਰਿਯਹੁ ਕੋਇ॥45॥

ਭਾਵ ਜਿਵੇਂ ਜਿਸ ਨੂੰ ਤਰਨ ਦੀ ਜਾਚ ਨਾ ਹੋਵੇ ਤੇ ਉਹ ਕਿਵੇਂ ਸਮੁੰਦਰ ਤਰ ਸਕਦਾ ਹੈ, ਬਿਨਾ ਬੇੜੀ ਦੇ। ਪਰ ਅਜਿਹੀ ਹਾਲਤ ਵਿਚ ਤੇਰਾ ਨਾਮ ਸਹਾਈ ਹੋਵੇਗਾ। ਤੇਰੀ ਕਿਰਪਾ ਹੋਵੇ ਤਾਂ ਗੂੰਗਾ ਛੇ ਦੇ ਛੇ ਸ਼ਾਸਤਰ ਸੁਣਾ ਸਕਦਾ ਹੈ ਅਤੇ ਪਿੰਗਲਾ ਪਹਾੜ ਚੜ੍ਹ ਸਕਦਾ ਹੈ। ਅੰਨਾ ਲਿਖ ਸਕਦਾ ਅਤੇ ਬੋਲਾ ਸੁਣ ਸਕਦਾ ਹੈ। ਉਪਰੋਕਤ ਸ਼ਬਦ ਦਾ ਸਰੋਤ ਸੁਖਮਨੀ ਸਾਹਿਬ ਹੈ।

ਕਹਾ ਬਿਸਨਪਦ ਗਾਵੈ ਗੁੰਗ॥
ਜਤਨ ਕਰੈ ਤਉ ਭੀ ਸੁਰ ਭੰਗ॥
ਕਹ ਪਿੰਗੁਲ ਪਰਬਤ ਪਰ ਭਵਨ॥
ਨਹੀ ਹੋਤ ਊਹਾ ਉਸੁ ਗਵਨ॥
ਕਰਤਾਰ ਕਰੁਣਾ ਮੈ ਦੀਨੁ ਬੇਨਤੀ ਕਰੈ॥
ਨਾਨਕ ਤੁਮਰੀ ਕਿਰਪਾ ਤਰੈ॥6॥(ਪੰਨਾ 267)

ਗੁਰੂ ਸਾਹਿਬ ਕੋਈ ਧੁਰ ਕੀ ਬਾਣੀ ਨਹੀਂ ਉਚਾਰਨ ਲੱਗੇ, ਕਾਵਿ ਰੂਪ ਵਿਚ ਰਚਨਾ ਕਹਿਣ ਲੱਗੇ ਹਨ ਅਤੇ ਬਾਕੀ ਦਰਬਾਰੀ ਕਵੀਆਂ ਨੂੰ ਸਤਿਕਾਰ ਦੇਣ ਦੇ ਭਾਵ ਵਿਚ ਅਗਲੀ ਤੁੱਕ ਉਚਾਰੀ ਹੈ। ਇਸ ਤੋਂ ਗਿਆਨ ਦੇ ਅਥਾਹ ਸਾਗਰ ਹੁੰਦੇ ਹੋਏ ਵੀ ਗੁਰੂ ਸਾਹਿਬ ਦੀ ਨਿਮਰਤਾ ਅਤੇ ਬਾਕੀ ਦਰਬਾਰੀ ਕਵੀਆਂ ਪ੍ਰਤੀ ਪ੍ਰੇਮ ਆਦਰ ਦਾ ਭਾਵ ਬੇ-ਮਿਸਾਲ ਹੈ। ਡਾ. ਗੁਰਨਾਮ ਕੌਰ ਦਾ ਸਵਾਲ ਹੈ ਕਿ ਗੁਰੂ ਸਾਹਿਬ ਨੂੰ ਕੀ ਲੋੜ ਸੀ ਕਾਮ-ਸੂਤਰ ਵਰਗੀ ਰਚਨਾ ਲਿਖਣ ਦੀ? ਗੁਰੂ ਸਾਹਿਬ ਨੂੰ ਇਹ ਲਿਖਣ ਦੀ ਲੋੜ ਇਸ ਲਈ ਪਈ ਕਿ ਉਹ ਜਾਣਦੇ ਸਨ ਕਿ ਉਨ੍ਹਾਂ ਨੇ ਸੰਸਾਰ 'ਤੇ ਦੇਹ ਰੂਪ ਵਿਚ ਜਿਆਦਾ ਨਹੀਂ ਵਿਚਰਨਾ। ਪੈਸਾ, ਤਾਕਤ, ਰਾਜ ਆਉਂਦਿਆਂ ਹੀ ਜੋ ਅਲਾਮਤਾਂ ਆਣ ਘੇਰਦੀਆਂ ਹਨ ਉਸ ਦਾ ਚਿੰਤਨ ਸਾਹਿਬ ਆਪਣੇ ਪੁੱਤਰਾਂ ਨੂੰ ਕਰਵਾਉਣਾ ਚਾਹੁੰਦੇ ਸਨ। ਚਰਿਤ੍ਰੋਪਾਖਿਆਨ ਵਿਚ ਜਿਆਦਾਤਰ ਮੱਤਾਂ ਦਾ ਜ਼ਿਕਰ ਹੈ। ਪਹਿਲਾ ਚਰਿਤਰ ਗੁਰਮਤਿ ਦਾ ਹੈ ਮਾਤਾ ਰੂਪ ਵਿਚ ਤੇ ਅਖੀਰਲਾ ਮਹਾਕਾਲ ਦਾ, ਪਿਤਾ ਰੂਪ ਵਿਚ। ਗੁਰਮਤਿ ਤੋਂ ਪ੍ਰਮੇਸ਼ਰ ਦੇ ਵਿਚਕਾਰ ਆਈ ਮੱਤਾਂ ਵਿਚ ਗਿਰਾਵਟ ਦਾ ਰੂਪ ਵੀ ਵਰਣਨ ਕੀਤਾ ਗਿਆ ਹੈ। ਹਰ ਸਿੱਕੇ ਦੇ ਦੋ ਪਹਿਲੂ ਹੁੰਦੇ ਹਨ। ਅਗਰ ਸੰਖੀਆ ਜਾਨ ਬਚਾਉਂਦਾ ਹੈ ਤਾਂ ਜਾਨ ਲੈ ਵੀ ਸਕਦਾ ਹੈ।

ਚਰਿਤ੍ਰੋਪਾਖਿਆਨ ਵਿਚ ਆਏ ਹੋਏ ਪ੍ਰਸੰਗਾਂ ਦੀ ਸੂਖਮ ਵਿਚਾਰ ਗੁਰੂ ਗ੍ਰੰਥ ਸਾਹਿਬ ਵਿਚ ਵੀ ਹੈ।

ਜੋਰ ਕਾ ਆਖਿਆ ਪੁਰਖ ਕਮਾਵਦੇ
ਸੇ ਅਪਵਿਤ ਅਮੇਧ ਖਲਾ॥
ਕਾਮਿ ਵਿਆਪੇ ਕੁਸੁਧ
ਨਰ ਸੇ ਜੋਰਾ ਪੁਛਿ ਚਲਾ॥

ਇਨ੍ਹਾਂ ਪੰਗਤੀਆਂ ਨੂੰ ਬਹੁਤ ਗੌਰ ਨਾਲ ਸਮਝਣ ਦੀ ਲੋੜ ਹੈ। ਜਿਵੇਂ ਭਾਈ ਕਾਨ੍ਹ ਸਿੰਘ ਨਾਭਾ ਚਰਿਤ੍ਰੋਪਾਖਿਆਨ ਬਾਰੇ ਲਿਖਦੇ ਹਨ ਕਿ ਚਰਿਤਰਾਂ ਨੂੰ ਪੜ੍ਹਨ ਸਮੇਂ ਐਸਾ ਵਿਚਾਰ ਨਹੀਂ ਕਰਨਾ ਚਾਹੀਦਾ ਕਿ ਆਪਣੀ ਨਿਜ ਨਾਰ 'ਤੇ ਯਕੀਨ ਨਹੀਂ ਕਰਨਾ। ਇਥੇ ਪਰਾਈਆਂ ਔਰਤਾਂ ਦੀ ਗੱਲ ਹੈ। ਉਪਰ ਲਿਖੇ ਸ਼ਬਦ ਵਿਚ ਵੀ ਉਹੀ ਸੰਕੇਤ ਹੈ। ਕੋਈ ਵੀ ਵਿਅਕਤੀ ਕਾਮ ਵਸ ਹੋ ਕੇ ਆਪਣੀ ਨਿਜ ਨਾਰ ਮਗਰ ਨਹੀਂ ਚਲਦਾ ਸਗੋਂ ਉਥੇ ਪਿਆਰ ਸਤਿਕਾਰ ਦੀ ਭਾਵਨਾ ਹੈ। ਇਥੇ ਸਾਹਿਬ ਕਿਰਪਾ ਕਰਦੇ ਹਨ ਕਿ ਉਹ ਨਰ ਅਪਵਿਤਰ, ਮੂਰਖ ਖੋਤੇ ਦੀ ਨਿਆਈਂ ਹਨ ਜੋ ਕਾਮ ਵੱਸ ਹੋ ਕੇ ਪਰ ਇਸਤਰੀਆਂ ਦੇ ਕਹੇ ਮਗਰ ਚਲਦੇ ਹਨ। ਇਨ੍ਹਾਂ ਬਚਨਾਂ ਵੱਲ ਡਾ. ਸਾਹਿਬ ਦਾ ਧਿਆਨ ਕਿਉਂ ਨਹੀ ਗਿਆ?

ਗੁਰੂ ਗ੍ਰੰਥ ਸਾਹਿਬ ਵਿਚ ਪਿਤਾ (ਹਾਕਮ) ਪ੍ਰਧਾਨ ਹੈ ਅਤੇ ਦਸਮ ਗ੍ਰੰਥ ਸਾਹਿਬ ਵਿਚ ਮਾਤਾ (ਹੁਕਮ)। ਗੁਰੂ ਗ੍ਰੰਥ ਸਾਹਿਬ ਵਿਚ ਉਸ ਅਕਾਲ ਪੁਰਖ ਦੇ ਅੱਠਾਂ ਗੁਣਾਂ ਦਾ ਗੁਣ-ਗਾਨ ਹੈ- ੴ, ਸਤਿਨਾਮ, ਕਰਤਾਪੁਰਖ, ਨਿਰਭਓ, ਨਿਰਵੈਰ, ਅਕਾਲ ਪੁਰਖ, ਅਜੂਨੀ, ਸ੍ਵੈ ਭੰਗ। ਦਸਮ ਗ੍ਰੰਥ ਵਿਚ ਮਾਤਾ ਦੇ ਅੱਠਾਂ ਗੁਣਾਂ ਦਾ ਵਰਣਨ ਹੈ- ਆਦਿ, ਅਪਾਰ, ਅਲੇਖ, ਅਨੰਤ, ਅਕਾਲ, ਅਭੇਸ, ਅਲਖ, ਅਨਾਸਾ।

ਪਾਠਕਾਂ ਨੂੰ ਬੇਨਤੀ ਹੈ ਕਿ ਸਿਰਫ ਕਿਸੇ ਮਗਰ ਲੱਗ ਕੇ ਫੈਸਲਾ ਲੈਣ ਦੀ ਲੋੜ ਨਹੀ। ਖੋਜ ਆਪ ਕਰੋ। ਹਰ ਸਿੱਖ ਦਾ ਫਰਜ਼ ਹੈ, ਗੁਰਬਾਣੀ ਦੀ ਖੋਜ ਕਰਨੀ। ਗੁਰਬਾਣੀ ਦਾ ਫੈਸਲਾ ਹੈ, ਖੋਜੀ ਉਪਜੈ ਬਾਦੀ ਬਿਨਸੈ ਹਉ ਬਲਿ ਬਲਿ ਗੁਰ ਕਰਤਾਰਾ॥

*-ਗੁਰਪ੍ਰੀਤ ਸਿੰਘ ਕੈਲੀਫੋਰਨੀਆ*
*ਫੋਨ:510-589-2124*

# ਡਾ. ਗੁਰਨਾਮ ਕੌਰ ਬਾਰੇ ਇਤਰਾਜ਼ਯੋਗ ਟਿੱਪਣੀ

ਪੰਜਾਬ ਟਾਈਮਜ਼ ਵਿਚ ਡਾ. ਗੁਰਨਾਮ ਕੌਰ ਦੇ ਲਿਖੇ 'ਦਸਮ ਗ੍ਰੰਥ' ਬਾਰੇ ਕੁਝ ਲੜੀਦਾਰ ਲੇਖ ਛਪੇ ਹਨ ਜਿਨ੍ਹਾਂ ਦੇ ਪੱਖ ਅਤੇ ਵਿਰੋਧ ਵਿਚ ਇਕਾ ਦੁੱਕਾ ਟਿਪਣੀਆਂ ਵੀ ਛਪੀਆਂ ਹਨ। ਵਿਰੋਧ ਵਿਚ ਲਿਖੀ ਗਈ ਇਕ ਟਿਪਣੀ ਵਿਚ ਕਿਸੇ ਗੁਰਪ੍ਰੀਤ ਸਿੰਘ ਨਾਂ ਦੇ ਵਿਅਕਤੀ ਨੇ ਡਾ. ਗੁਰਨਾਮ ਕੌਰ ਬਾਰੇ ਅਪਮਾਨਜਨਕ ਸ਼ਬਦ ਵਰਤਦਿਆਂ ਕਿਹਾ ਹੈ ਕਿ "ਗੁਰੂ ਗ੍ਰੰਥ ਸਾਹਿਬ ਦੀ ਮੁਖਾਲਫਤ ਕਰਨ ਵਾਲਿਆਂ ਨੂੰ ਗੁਰਬਾਣੀ ਦੇ ਅਰਥਾਂ ਦੇ ਸੁਭਾਅ ਅਤੇ ਪ੍ਰਕਰਣ ਦਾ ਗਿਆਨ ਨਹੀਂ। ਦੂਸਰਾ ਜਾਂ ਤਾਂ ਉਨ੍ਹਾਂ ਦਸਮ ਗ੍ਰੰਥ ਪੜ੍ਹਿਆ ਹੀ ਨਹੀਂ, ਜੇ ਪੜ੍ਹਿਆ ਤਾਂ ਸਮਝਿਆ ਨਹੀਂ।" ਅੱਗੇ ਜਾ ਕੇ ਲਿਖਿਆ ਹੈ ਕਿ, "ਡਾ. ਗੁਰਨਾਮ ਕੌਰ ਨੇ ਸ਼ਾਇਦ ਦਸਮ ਗ੍ਰੰਥ ਦੇ ਦਰਸ਼ਨ ਤੱਕ ਨਹੀਂ ਕੀਤੇ। ਸਿਰਫ ਸੁਣੇ ਸੁਣਾਏ ਸਵਾਲ ਹੀ ਉਠਾ ਦਿੱਤੇ ਹਨ।"

ਡਾ. ਗੁਰਨਾਮ ਕੌਰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਚ "ਗੁਰੂ ਗ੍ਰੰਥ ਸਾਹਿਬ ਸਟੱਡੀਜ਼" ਵਿਭਾਗ ਦੇ ਮੁਖੀ ਅਤੇ ਪ੍ਰੋਫੈਸਰ ਰਹੇ ਹਨ। ਉਨ੍ਹਾਂ ਗੁਰੂ ਗ੍ਰੰਥ ਸਾਹਿਬ ਅਤੇ ਕਥਿਤ ਦਸਮ ਗ੍ਰੰਥ ਦਾ ਅਧਿਐਨ ਵੀ ਕੀਤਾ ਹੈ ਅਤੇ ਇਨ੍ਹਾਂ ਬਾਰੇ ਕਈ ਖੋਜ ਭਰਪੂਰ ਲੇਖ ਵੀ ਲਿਖੇ ਹਨ, ਸਿੱਖ ਧਰਮ ਬਾਰੇ ਦਰਜਨ ਤੋਂ ਵੱਧ ਪੁਸਤਕਾਂ ਲਿਖੀਆਂ ਜਾਂ ਸੰਪਾਦਿਤ ਕੀਤੀਆਂ ਹਨ। ਕੁਝ ਵਿਦਿਆਰਥੀਆਂ ਨੇ ਉਨ੍ਹਾਂ ਦੀ ਸੇਧ ਹੇਠ ਪੀਐਚ.ਡੀ. ਦੇ ਥੀਸਿਸ ਵੀ ਲਿਖੇ ਹਨ। ਕੌਮਾਂਤਰੀ ਕਾਨਫਰੰਸਾਂ ਵਿਚ ਸੱਦੇ 'ਤੇ ਸਿੱਖ ਧਰਮ ਅਤੇ ਫਲਸਫੇ ਬਾਰੇ ਖੋਜ ਪੇਪਰ ਵੀ ਪੜ੍ਹੇ ਹਨ, ਸਿੱਖ ਦਰਸ਼ਨ ਅਤੇ ਅਧਿਐਨ ਦੇ ਖੇਤਰ ਵਿਚ ਸਥਾਪਤ ਵਿਦਵਾਨ ਹਨ। ਕਿਸੇ ਦੀ ਲਿਖਤ ਬਾਰੇ ਜੀ ਸਦਕੇ ਟੀਕਾ ਟਿਪਣੀ ਕੀਤੀ ਜਾ ਸਕਦੀ ਹੈ ਪਰ ਅਜਿਹਾ ਕਰਦਿਆਂ ਸੱਚਾਈ ਅਤੇ ਨੈਤਿਕਤਾ ਦੇ ਦਾਇਰੇ ਵਿਚ ਰਹਿਣਾ ਚਾਹੀਦਾ ਹੈ।

ਬਾਕੀ ਰਹੀ ਕਥਿਤ ਦਸਮ ਗ੍ਰੰਥ ਦੀ ਪ੍ਰਮਾਣਿਕਤਾ ਦੀ ਗੱਲ, ਇਸ ਬਾਰੇ ਮੈਂ ਏਨਾ ਹੀ ਕਹਿਣਾ ਚਾਹਾਂਗਾ ਕਿ ਕਿਸੇ ਗ੍ਰੰਥ ਦੀ ਪ੍ਰਮਾਣਿਕਤਾ ਤਿੰਨ ਤੱਥਾਂ 'ਤੇ ਨਿਰਭਰ ਹੈ, ਪਹਿਲਾ, ਉਸ ਦਾ ਲੇਖਕ/ਕਾਤਿਬ ਕੌਣ ਹੈ, ਦੂਜਾ ਉਸ ਦੀ ਲਿਖਣ ਤਾਰੀਖ ਕੀ ਹੈ ਅਤੇ ਤੀਜਾ ਇਹ ਕਿੱਥੇ ਲਿਖਿਆ ਗਿਆ? ਕਥਿਤ ਦਸਮ ਗ੍ਰੰਥ ਜੋ ਸੋਧਕ ਕਮੇਟੀ ਨੇ 1998 ਵਿਚ ਸੰਪਾਦਿਤ ਕੀਤਾ ਅਤੇ ਜੋ ਅੱਜਕਲ ਛਪੇ ਹੋਏ ਰੂਪ ਵਿਚ ਮਿਲਦਾ ਹੈ, ਇਹ ਤਿੰਨ ਸ਼ਰਤਾਂ ਪੂਰੀਆਂ ਨਹੀਂ ਕਰਦਾ। ਇਸ ਵਿਚ ਜੋ ਬਾਣੀਆਂ ਗੁਰੂ ਗੋਬਿੰਦ ਸਿੰਘ ਦੀਆਂ ਹਨ (ਜਾਪੁ ਸਾਹਿਬ, ਅਕਾਲ ਉਸਤਤਿ (ਚੰਡੀ ਵਾਲੇ ਕਬਿੱਤਾਂ ਤੋਂ ਬਗੈਰ), ਸਵੈਯੇ 33, ਸ਼ਬਦ ਹਜ਼ਾਰੇ ਅਤੇ ਜ਼ਫਰਨਾਮਾ), ਉਨ੍ਹਾਂ ਬਾਰੇ ਕੋਈ ਕਿੰਤੂ ਪ੍ਰੰਤੂ ਨਹੀਂ ਅਤੇ ਨਾ ਹੀ ਕੋਈ ਵਾਦ-ਵਿਵਾਦ ਹੈ। ਇਹ ਵੀ ਲਿਖਤੀ ਰੂਪ ਵਿਚ ਸਾਡੇ ਤੱਕ ਨਹੀਂ ਪਹੁੰਚੀਆਂ ਪਰ ਕਿਉਂਕਿ ਇਹ ਖਾਲਸਾ ਦੀ ਸਾਜਨਾ ਵੇਲੇ ਅਤੇ ਨਿੱਤਨੇਮ ਵਿਚ ਪੜ੍ਹੀਆਂ ਜਾਂਦੀਆਂ ਸਨ ਇਸ ਲਈ ਸੱਭ ਸਿੱਖਾਂ ਨੂੰ ਮੂੰਹ ਜ਼ੁਬਾਨੀ ਯਾਦ ਸਨ ਜਿਸ ਕਰਕੇ ਇਹ ਸੀਨਾ-ਬ-ਸੀਨਾ ਸਾਡੇ ਤੱਕ ਪਹੁੰਚੀਆਂ ਹਨ। ਇਹ ਸਿੱਖ ਧਰਮ ਮਰਯਾਦਾ ਅਤੇ ਫਲਸਫੇ ਨਾਲ ਮੇਲ ਵੀ ਖਾਂਦੀਆਂ ਹਨ। ਕਥਿਤ ਦਸਮ ਗ੍ਰੰਥ ਦੇ ਬਾਕੀ ਦੇ ਹਿੱਸੇ "ਨਾਨਕ ਦਰਸ਼ਨ" ਨਾਲ ਮੇਲ ਨਹੀਂ ਖਾਂਦੇ ਜੋ ਸਿੱਖ ਧਰਮ ਦੀ ਆਧਾਰਸ਼ਿਲਾ ਹੈ।

*-ਡਾ. ਗੁਰੂਮੇਲ ਸਿੰਘ ਸਿੱਧੂ (ਪ੍ਰੋਫੈਸਰ)*

# ਡਾ. ਨਾਹਲ ਨਹੀਂ ਸੀ ਮੋਢੀ ਲੰਗਰ ਹਾਲ ਵਿਚ ਬੈਂਚ ਵੱਢਣ ਵਾਲਿਆਂ ਦਾ

ਪੰਜਾਬ ਟਾਈਮਜ਼ ਦੇ 18 ਜੂਨ ਦੇ ਅੰਕ ਵਿਚ ਸਿੱਖ ਗੁਰਦੁਆਰਾ ਸੈਨ ਹੋਜ਼ੇ ਦੀ ਪ੍ਰਬੰਧਕ ਕਮੇਟੀ ਨੇ ਇਕ ਪੂਰੇ ਸਫੇ ਦਾ ਇਸ਼ਤਿਹਾਰ ਦੇ ਕੇ ਪੰਥਕ ਵਿਦਵਾਨ, ਨਿਧੜਕ ਸੇਵਾਦਾਰ ਅਤੇ ਸਿੱਖ ਗੁਰਦੁਆਰਾ ਸੈਨ ਹੋਜ਼ੇ ਦੇ ਮੋਢੀ ਡਾ. ਤਰਲੋਚਨ ਸਿੰਘ ਨਾਹਲ ਦੇ ਖਿਲਾਫ ਝੂਠਾ ਪ੍ਰਚਾਰ ਨਿੰਦਣਯੋਗ ਹੈ। ਇਸ ਕਮੇਟੀ ਵਲੋਂ ਸੰਵਿਧਾਨ ਵਿਚ ਜਨਰਲ ਬਾਡੀ ਨੂੰ ਪੁਛੇ ਦੱਸੇ ਬਿਨਾ ਸੋਧਾਂ ਕਰਨ ਅਤੇ ਆਪਣੇ ਆਪ ਨੂੰ 4 ਸਾਲ ਲਈ ਚੁਣਨ ਦੀਆਂ ਕਰਤੂਤਾਂ ਨੂੰ ਗੁਰਦੁਆਰਾ ਸੁਧਾਰ ਕਮੇਟੀ ਦੇ ਡਾ. ਤਰਲੋਚਨ ਸਿੰਘ ਨਾਹਲ ਨੇ ਹੀ ਜੱਗ ਜਾਹਰ ਕੀਤਾ ਹੈ। ਇਸ ਲਈ ਸੰਗਤਾਂ ਡਾ. ਨਾਹਲ ਦੀਆਂ ਅਤੀ ਧੰਨਵਾਦੀ ਹਨ।

ਇਹੀ ਵਜ੍ਹਾ ਹੈ ਕਿ ਕਮੇਟੀ ਨੇ ਡਾ. ਨਾਹਲ ਅਤੇ ਗੁਰਦੁਆਰਾ ਸੁਧਾਰ ਕਮੇਟੀ ਦੇ ਹੋਰ ਸੇਵਾਦਾਰਾਂ ਨੂੰ ਆਪਣੇ ਝੂਠੇ ਪ੍ਰਚਾਰ ਦਾ ਨਿਸ਼ਾਨਾ ਬਣਾਇਆ ਹੈ। ਮੈਂ ਚਾਹੁੰਦਾ ਹਾਂ ਕਿ ਇਤਿਹਾਸਿਕ ਅਸਲੀਅਤ ਸੰਗਤ ਦੇ ਸਾਹਮਣੇ ਰੱਖੀ ਜਾਏ। ਅਪਰੈਲ 1998 ਵਿਚ ਸ੍ਰੀ ਅਕਾਲ ਤਖਤ ਸਾਹਿਬ ਵਲੋਂ ਲੰਗਰ ਸਬੰਧੀ ਹੁਕਮਨਾਮਾ ਜਾਰੀ ਹੋਇਆ ਸੀ ਜਿਸ ਵਿਚ ਸਪਸ਼ਟ ਆਦੇਸ਼ ਸੀ ਕਿ ਗੁਰੂ ਕਾ ਲੰਗਰ ਪੰਥਕ ਮਰਯਾਦਾ ਅਨੁਸਾਰ ਭੁੰਜੇ ਬੈਠ ਕੇ ਹੀ ਛਕਿਆ ਜਾਵੇ, ਕੁਰਸੀਆਂ ਤੇ ਬੈਠ ਕੇ ਨਹੀਂ। ਇਸ ਹੁਕਮਨਾਮੇ ਉਪਰ ਕਮੇਟੀ ਵਲੋਂ ਅਮਲ ਨਾ ਕਰਨ ਤੇ ਕੁਇੰਬੀ ਰੋਡ ਵਾਲੇ ਪੁਰਾਣੇ ਗੁਰਦੁਆਰਾ ਸਾਹਿਬ ਦੇ ਬਹੁਤ ਸਾਰੇ ਬੈਂਚ ਅਤੇ ਮੇਜ਼ ਦਾਸ ਅਤੇ ਹੋਰ ਕੁਝ ਸਿੰਘਾਂ ਨੇ ਵੱਢ ਦਿੱਤੇ ਸਨ ਅਤੇ ਵੱਢਣ ਵਾਲਿਆਂ ਦਾ ਮੋਢੀ ਸੁਖਦੇਵ ਸਿੰਘ ਬੈਨੀਵਾਲ ਸੀ ਜੋ ਕਿ ਮੌਜੂਦਾ ਕਮੇਟੀ ਵਿਚ ਮੈਂਬਰ ਹੈ ਅਤੇ ਭੁਪਿੰਦਰ ਸਿੰਘ ਢਿੱਲੋਂ ਦਾ ਭਾਣਜਾ ਹੈ। ਹੁਕਮਨਾਮੇ ਦਾ ਸਭ ਤੋਂ ਵੱਧ ਵਿਰੋਧ ਭੁਪਿੰਦਰ ਸਿੰਘ ਢਿੱਲੋਂ ਨੇ ਕੀਤਾ ਸੀ ਅਤੇ ਦੁਬਾਰਾ ਬੈਂਚ ਅਤੇ ਮੇਜ਼ ਵੀ ਉਸ ਨੇ ਹੀ ਲੁਆ ਕੇ ਪੰਥ ਦੇ ਹਿਰਦੇ ਨੂੰ ਵਲੂੰਧਰਿਆ ਸੀ ਅਤੇ ਅਕਾਲ ਤਖਤ ਦੇ ਹੁਕਮਨਾਮੇ ਦੀਆਂ ਧੱਜੀਆਂ ਉਡਾਈਆਂ ਸਨ ਜੋ ਕਿ ਅਜੇ ਵੀ ਜਾਰੀ ਹਨ। ਭਾਈ ਸੁਖਦੇਵ ਸਿੰਘ ਉਸ ਵੇਲੇ ਪੰਥਕ ਸੋਚ ਰੱਖਦਾ ਸੀ ਅਤੇ ਉਸ ਉਪਰ ਆਪਣੇ ਮਾਮੇ ਦੀ ਮਨ ਮੱਤ ਅਜੇ ਭਾਰੂ ਨਹੀਂ ਸੀ ਹੋਈ।

ਬਾਦ ਵਿਚ ਸੁਖਦੇਵ ਸਿੰਘ ਬੈਨੀਵਾਲ ਗੁਰਦੁਆਰਾ ਫਰੀਮਾਂਟ ਵਿਚ ਸੁਪਰੀਮ ਕੌਂਸਲ ਦਾ ਮੈਂਬਰ ਵੀ ਰਹਿ ਚੁੱਕਾ ਹੈ। ਮੇਰੇ ਤੋਂ ਇਲਾਵਾ ਬੈਂਚ ਅਤੇ ਮੇਜ਼ ਵੱਢਣ ਵਾਲੇ ਭਾਈ ਸੁਖਦੇਵ ਸਿੰਘ ਬੈਨੀਵਾਲ ਦੇ ਨਾਲ ਹੋਰ ਵੀ ਕਈ ਸਾਥੀ ਸਨ ਜਿਨ੍ਹਾਂ ਦੇ ਨਾਂ ਲੋੜ ਪੈਣ ਤੇ ਦੱਸੇ ਜਾ ਸਕਦੇ ਹਨ। ਇਸ ਕਾਰਜ ਵਾਸਤੇ ਬਿਜਲੀ ਵਾਲੇ ਆਰੇ ਵੀ ਸੁਖਦੇਵ ਸਿੰਘ ਬੈਨੀਵਾਲ ਨੇ ਹੋਮ ਡੀਪੋ ਤੋਂ ਆਪ ਹੀ ਖਰੀਦੇ ਸਨ।

ਡਾ. ਤਰਲੋਚਨ ਸਿੰਘ ਨਾਹਲ ਨਾ ਤਾਂ ਇਸ ਘਟਨਾ ਵਿਚ ਉਥੇ ਸ਼ਾਮਲ ਸੀ, ਨਾ ਉਸ ਦਾ ਇਸ ਘਟਨਾ ਨਾਲ ਕੋਈ ਸਬੰਧ ਸੀ ਅਤੇ ਨਾ ਹੀ ਉਸ ਨੂੰ ਇਸ ਬਾਰੇ ਕੋਈ ਅਗਾਊਂ ਜਾਣਕਾਰੀ ਸੀ ਕਿਉਂਕਿ ਅਸੀਂ ਆਪਣੀ ਯੋਜਨਾ ਬਾਰੇ ਕਿਸੇ ਨੂੰ ਦੱਸਿਆ ਹੀ ਨਹੀਂ ਸੀ। ਡਾ. ਨਾਹਲ ਨੂੰ ਇਸ ਘਟਨਾ ਬਾਰੇ ਭੁਪਿੰਦਰ ਸਿੰਘ ਢਿੱਲੋਂ ਨੇ ਹੀ ਸਵੇਰ ਨੂੰ ਫੋਨ ਕਰ ਕੇ ਦੱਸਿਆ ਸੀ ਜਦੋਂ ਉਹ ਆਪਣੇ ਘਰ ਅਜੇ ਸੁੱਤਾ ਹੀ ਪਿਆ ਸੀ। ਡਾ. ਨਾਹਲ ਹਮੇਸ਼ਾਂ ਹੀ ਪੰਥ ਅਤੇ ਗੁਰਦੁਆਰਾ ਸਾਹਿਬ ਦੀ ਚੜ੍ਹਦੀ ਕਲਾ ਲਈ ਯਤਨਸ਼ੀਲ ਰਹੇ ਹਨ। 25 ਸਾਲ ਤੋਂ ਤਨ, ਮਨ, ਅਤੇ ਧਨ ਨਾਲ ਸੇਵਾ ਕਰਦੇ ਆ ਰਹੇ ਹਨ। ਗੁਰਦੁਆਰਾ ਸਾਹਿਬ ਦੀ ਕਮੇਟੀ ਵਲੋਂ ਡਾ. ਨਾਹਲ ਦੇ ਖਿਲਾਫ ਲਾਏ ਸਾਰੇ ਦੇ ਸਾਰੇ ਦੋਸ਼ ਝੂਠੇ ਹਨ। ਅਜੇ ਦੋ ਕੁ ਮਹੀਨੇ ਪਹਿਲਾਂ ਇਸੇ ਹੀ ਕਮੇਟੀ ਨੇ 10 ਅਪਰੈਲ 2011 ਨੂੰ ਗੁਰਦੁਆਰਾ ਸਾਹਿਬ ਦੀ ਗਰੈਂਡ ਓਪਨਿੰਗ ਵਾਲੇ ਦਿਨ ਡਾ. ਨਾਹਲ ਨੂੰ ਗੁਰਦੁਆਰਾ ਸੈਨ ਹੋਜ਼ੇ ਦੀ ਸੇਵਾ ਕਰਨ ਲਈ "ਸਿਰਕੱਢਵੀਂ ਸੇਵਾ ਦਾ ਪੁਰਸਕਾਰ" ਦਿੱਤਾ ਸੀ ਅਤੇ ਨਾਲ ਹੀ ਸਿਰੋਪੇ ਦੀ ਬਖਸ਼ਿਸ ਵੀ ਕੀਤੀ ਸੀ। ਅੱਜ ਉਹੀ ਕਮੇਟੀ ਡਾ. ਨਾਹਲ ਦੇ ਖਿਲਾਫ ਕੂੜ ਦਾ ਪ੍ਰਚਾਰ ਕਰ ਰਹੀ ਹੈ। ਭਲਕ ਨੂੰ ਪਤਾ ਨਹੀਂ ਕਿਸ ਦੀ ਵਾਰੀ ਆ ਜਾਏ। ਮੇਰੀ ਕਮੇਟੀ ਤੋਂ ਮੰਗ ਹੈ ਕਿ ਇਸ ਕੋਝੀ ਹਰਕਤ ਦੀ ਜਨਤਕ ਤੌਰ ਤੇ ਡਾ. ਨਾਹਲ ਤੋਂ ਮਾਫੀ ਮੰਗੇ। ਮੇਰਾ ਭਾਈ ਸੁਖਦੇਵ ਸਿੰਘ ਬੈਨੀਵਾਲ ਅਤੇ ਕਮੇਟੀ ਨੂੰ ਖੁੱਲਾ ਚੈਲੇਂਜ ਹੈ ਕਿ ਸੰਗਤਾਂ ਨੂੰ ਲੰਗਰ ਦੀ ਮਰਯਾਦਾ ਦੀ 13 ਸਾਲ ਤੋਂ ਲਗਾਤਾਰ ਹੋ ਰਹੀ ਉਲੰਘਣਾ ਅਤੇ ਬੈਂਚ ਅਤੇ ਮੇਜ਼ ਵੱਢਣ ਬਾਰੇ ਸਪਸ਼ਟੀਕਰਨ ਦੇਵੇ।

*ਦਾਸ ਦਵਿੰਦਰ ਸਿੰਘ ਟਰਲਕ*
*ਫੋਨ: 209-564-8899*

## ਮੇਰੀ ਮੰਮੀ

ਮੈਂ ਮੰਮੀ ਦੀ ਰਾਜ ਦੁਲਾਰੀ
ਮੰਮੀ ਮੈਨੂੰ ਕਰੇ ਪਿਆਰ।
ਰੋਜ਼ ਸਕੂਲੇ ਭੇਜਣ ਦੇ ਲਈ
ਤੜਕੇ ਉਠ ਕੇ ਕਰੇ ਤਿਆਰ।
ਰੀਝਾਂ ਨਾਲ ਕਰਾਏ ਨਾਸ਼ਤਾ
ਨਾਲੇ ਦੁੱਧ ਦਾ ਭਰੇ ਗਲਾਸ।
ਜਿੰਨਾ ਚਿਰ ਮੈਂ ਪੀ ਨਾ ਲੈਂਦੀ
ਬੈਠੀ ਰਹਿੰਦੀ ਮੇਰੇ ਪਾਸ।
ਇਕ ਹੱਥ ਟਿਫਨ ਪਾਣੀ ਦੀ ਬੋਤਲ
ਬਸਤਾ ਦੂਜੇ ਹੱਥ ਉਠਾਵੇ।
ਕਈ ਗੱਲਾਂ ਜਾਂਦੀ ਸਮਝਾਉਂਦੀ
ਛੱਡਣ ਜਦੋਂ ਸਕੂਲੇ ਜਾਵੇ।
ਦਿਲ ਦੇ ਵਿਚ ਕਈ ਸੁਪਨੇ ਸਿਰਜੇ
ਮੈਨੂੰ ਉਚਾ ਚੁੱਕਣ ਲਈ।
ਮੰਮੀ ਦੀਆਂ ਆਸਾਂ ਨੂੰ ਸੱਚਮੁੱਚ
ਮੈਂ ਵੀ ਪੂਰਾ ਕਰਨਾ ਹੈ।
ਜੀਵਨ ਨੂੰ ਰੁਸ਼ਨਾਉਣ ਵਾਸਤੇ
ਦਿਲ ਲਾ ਕੇ ਮੈਂ ਪੜ੍ਹਨਾ ਹੈ।
ਮਾਤਾ ਹੁੰਦੀ ਬੜੀ ਮਹਾਨ
ਸਦਾ ਕਰੋ ਉਸਦਾ ਸਤਿਕਾਰ।
ਮੈਂ ਮੰਮੀ ਤੋਂ ਜਾਂਵਾਂ ਬਲਿਹਾਰ।

*-ਪਰਮਜੀਤ ਸਿੰਘ ਮਿੰਟੂ*

# ਟੈਗੋਰ ਅਤੇ ਪੰਜਾਬ

ਡਾ. ਹਰਪਾਲ ਸਿੰਘ ਪੰਨੂ

ਰਵਿੰਦਰ ਨਾਥ ਟੈਗੋਰ ਦਾ ਪੰਜਾਬ ਨਾਲ ਸਬੰਧ ਭੂਗੋਲਿਕ, ਰਾਜਨੀਤਕ ਅਤੇ ਸਾਹਿਤਕ- ਤਿੰਨਾਂ ਪੱਖਾਂ ਤੋਂ ਰਿਹਾ।

ਗੁਰੂ ਨਾਨਕ ਦੇਵ ਅਤੇ ਗੁਰੂ ਤੇਗ ਬਹਾਦਰ ਸਾਹਿਬ ਨੇ ਬੰਗਾਲ ਦੀ ਧਰਤੀ 'ਤੇ ਚਰਨ ਪਾਏ ਸਨ। ਸਾਹਿਤ ਅਤੇ ਸੰਗੀਤ ਦਾ ਆਦਾਨ ਪ੍ਰਦਾਨ ਪੁਰਾਣੇ ਸਮੇਂ ਤੋਂ ਚਲਦਾ ਆ ਰਿਹਾ ਹੈ। ਵੀਰਤਾ ਵਿਚ ਵੀ ਬੰਗਾਲੀਆਂ ਦਾ ਸੁਭਾਅ ਪੰਜਾਬੀਆਂ ਵਰਗਾ ਹੈ। ਪੰਜਾਬੀਆਂ ਦੇ ਘਰਾਂ ਵਿਚ ਜਿਥੇ ਭਗਤ ਸਿੰਘ ਸ਼ਹੀਦ ਦੀ ਤਸਵੀਰ ਟੰਗੀ ਹੁੰਦੀ ਹੈ ਉਥੇ ਸੁਭਾਸ ਚੰਦਰ ਬੋਸ ਕਦੀ ਬੇਗਾਨਾ ਨਹੀਂ ਲਗਦਾ। ਗੁਰੂ ਸਾਹਿਬਾਨ ਦੇ ਟਿਕਾਣਿਆਂ ਉਤੇ ਜਿਥੇ ਜਿਥੇ ਬੰਗਾਲ ਵਿਚ ਸੰਗਤਾਂ ਕਾਇਮ ਹੋਈਆਂ, ਬੰਗਲਾ ਸ਼ੈਲੀ ਵਿਚ ਗੁਰਬਾਣੀ ਕੀਰਤਨ ਹੋਇਆ।

ਪੰਜਾਬੀ ਯੂਨੀਵਰਸਿਟੀ ਨੇ ਪ੍ਰੋ. ਹਰਬੰਸ ਸਿੰਘ ਦੀ ਸੰਪਾਦਨਾ ਹੇਠ ਕਿਤਾਬ ਛਾਪੀ ਸੀ 'ਪਰਸਪੈਕਟਿਵਜ਼ ਆਨ ਗੁਰੂ ਨਾਨਕ (1975)' ਜਿਸ ਵਿਚ ਅਮਲੇਂਦੂ ਬੋਸ ਦਾ ਲੇਖ ਹੈ-ਟੈਗੋਰ ਆਨ ਦੀ ਸਿਖਸ। ਉਸ ਵਿਚ ਕਵੀ ਦੀਆਂ ਯਾਦਾਂ ਉਕਰਦਿਆਂ ਹਵਾਲਾ ਦਿੱਤਾ ਹੈ, "ਅੰਮ੍ਰਿਤਸਰ ਦਾ ਦਰਬਾਰ ਸਾਹਿਬ ਮੈਨੂੰ ਸੁਫਨਾ ਪ੍ਰਤੀਤ ਹੁੰਦਾ ਹੈ। ਬਹੁਤ ਸਾਰੀਆਂ ਸਵੇਰਾਂ ਨੂੰ ਮੈਂ ਸਰੋਵਰ ਵਿਚਕਾਰ ਬਣੇ ਇਸ ਸਿੱਖ ਮੰਦਰ ਵਿਚ ਹਾਜ਼ਰ ਹੋਇਆ। ਨਿਰੰਤਰ ਕੀਰਤਨ ਹੁੰਦਾ ਰਹਿੰਦਾ। ਮੇਰੇ ਪਿਤਾ ਸਿੱਖ ਸ਼ਰਧਾਲੂਆਂ ਵਿਚਕਾਰ ਬੈਠ ਕੇ ਗਾਇਨ ਵਿਚ ਸ਼ਾਮਲ ਹੁੰਦੇ ਤੇ ਖਿੜੇ ਹੋਠਾਂ ਨਾਲ ਸਿੱਖ ਉਨ੍ਹਾਂ ਦਾ ਸਤਿਕਾਰ ਕਰਦੇ।"

ਰਵੀ ਨੇ ਗੁਰਬਾਣੀ ਦੇ ਜਿੰਨੇ ਸ਼ਬਦ ਬੰਗਲਾ ਵਿਚ ਅਨੁਵਾਦ ਕੀਤੇ, ਉਹ ਬ੍ਰਹਮੋ ਸਮਾਜ ਦੀਆਂ ਸਭਾਵਾਂ ਵਿਚ ਗਾਏ ਜਾਂਦੇ, ਅੱਜ ਵੀ ਗਾਏ ਜਾਂਦੇ ਹਨ। ਗੁਰੂ ਸਾਹਿਬਾਨ ਅਤੇ ਸਿੱਖਾਂ ਬਾਬਤ ਬੰਗਾਲੀ ਬੱਚੇ ਜਾਣਨ, ਇਸ ਵਾਸਤੇ ਕਹਾਣੀਆਂ ਅਤੇ ਲੇਖ ਲਿਖੇ। ਗੁਰੂ ਨਾਨਕ ਦੇਵ ਦੀ ਮੱਕੇ ਅਤੇ ਸੱਚੇ ਸੌਦੇ ਦੀ ਸਾਖੀ ਲਿਖੀ। ਬਾਬਾ ਬੰਦਾ ਸਿੰਘ ਅਤੇ ਭਾਈ ਤਾਰੂ ਸਿੰਘ 'ਤੇ ਇਕ ਇਕ ਅਤੇ ਦਸਮ ਪਾਤਸ਼ਾਹ ਉਪਰ ਤਿੰਨ ਨਜ਼ਮਾਂ ਲਿਖੀਆਂ। ਬੰਗਾਲ ਦੇ ਸੁਤੰਤਰਤਾ ਸੰਗਰਾਮੀ ਯੋਧੇ ਬਾਬਾ ਬੰਦਾ ਸਿੰਘ ਵਾਲੀ ਕਵਿਤਾ ਅਕਸਰ ਗਾਉਂਦੇ ਰਹਿੰਦੇ ਜਿਸ ਦੇ ਬੋਲ ਇਉਂ ਹਨ,

"ਪੰਜ ਦਰਿਆਵਾਂ ਕਿਨਾਰੇ, ਕੇਸ ਧਾਰਨ ਕਰਕੇ ਸਿੱਖ ਜਥੇਬੰਦ ਹੋ ਗਏ। ਉਹ ਨਿਰਭਉ ਤੇ ਨਿਰਵੈਰ ਸਨ। ਹਜ਼ਾਰਾਂ ਜੈਕਾਰੇ ਗੁਰੂ ਉਸਤਤਿ ਵਿਚ ਗੂੰਜਣ ਲੱਗੇ। ਸਿੱਖਾਂ ਦੀ ਨਜ਼ਰ ਨਵੀਂ ਸਵੇਰ ਵੱਲ ਹੋ ਤੁਰੀ। ਜਦੋਂ ਉਹ ਅਲਖ ਨਿਰੰਜਨ ਅਲਾਪਦੇ, ਭਰਮ ਭੁਲੇਖੇ ਟੁੱਟ ਜਾਂਦੇ, ਬੀਰ-ਬਾਜੂਆਂ ਵਿਚ ਫੜੀਆਂ ਕਿਰਪਾਨਾਂ ਦੀ ਗੁੰਜਾਰ ਪੈਂਦੀ। ਪੰਜਾਬ ਅੱਜ ਤੱਕ ਅਲਖ-ਨਿਰੰਜਨ ਗਾ ਰਿਹਾ ਹੈ।"

"ਪੰਜ ਦਰਿਆਵਾਂ ਕਿਨਾਰੇ ਲੱਖਾਂ ਦਿਲ ਭੈਮੁਕਤ ਹੋ ਗਏ ਹਨ। ਉਨ੍ਹਾਂ ਦੇ ਕਦਮਾਂ ਵਿਚ ਜੀਵਨ ਅਤੇ ਮੌਤ ਜੌੜੇ ਗੁਲਾਮਾਂ ਵਾਂਗ ਡਿਗੇ ਪਏ ਹਨ।"

"ਪੰਜ ਦਰਿਆਵਾਂ ਕਿਨਾਰੇ ਲੱਖਾਂ ਮੁਰੀਦਾਂ ਦੀਆਂ ਰਗਾਂ ਅੰਦਰ ਖੂਨ ਸੁਤੰਤਰ ਵਗਣ ਲੱਗਾ ਹੈ, ਆਜ਼ਾਦ ਰੂਹਾਂ ਪੰਛੀਆਂ ਵਾਂਗ ਆਪਣੇ ਆਹਲਣਿਆਂ ਵਿਚ ਜਾ ਬੈਠਦੀਆਂ ਹਨ। ਇਹ ਨਾਇਕ ਆਪਣੀ ਮਾਤਭੂਮੀ ਦੇ ਮੱਥੇ 'ਤੇ ਖੂਨ ਦਾ ਤਿਲਕ ਲਾਉਂਦੇ ਹਨ। ਅੰਤਮ ਸਾਹਾਂ ਤੱਕ ਲੜਨ ਵਾਸਤੇ ਮੁਗਲ ਯੋਧਿਆਂ ਸਾਹਮਣੇ ਖਲੋ ਗਏ ਹਨ। ਜ਼ਖਮੀ ਬਾਜ਼ ਅਜਗਰ ਉਪਰ ਹੱਲਾ ਬੋਲ ਰਿਹਾ ਹੈ। ਘੋਰ ਯੁੱਧ ਵਿਚ ਉਹ ਗੁਰੂ ਦਾ ਜੈਕਾਰਾ ਗੁੰਜਾਉਂਦੇ ਹਨ, ਖੂਨ ਵਿਚ ਭਿੱਜੇ ਮੁਗਲ ਦੀਨ ਦੀਨ ਦਾ ਨਾਅਰਾ ਬੁਲੰਦ ਕਰਦੇ ਹਨ। ਬੰਦਾ ਬੰਦੀ ਬਣਾ ਕੇ ਦਿੱਲੀ ਲਿਜਾਇਆ ਜਾ ਰਿਹਾ ਹੈ।"

"ਧੂੜਾਂ ਲੱਦੇ ਰਾਹਵਾਂ ਵਿਚੋਂ ਮੁਗਲ ਸੈਨਿਕਾਂ ਦਾ ਕਾਫਲਾ ਜਾ ਰਿਹਾ ਹੈ। ਮੁਗਲਾਂ ਨੇ ਸਿੱਖਾਂ ਦੇ ਸਿਰ ਨੇਜ਼ਿਆਂ ਉਪਰ ਟੰਗੇ ਹੋਏ ਹਨ, ਪਿਛੇ ਸੌ-ਸੌ ਸਿੱਖਾਂ ਦਾ ਕਾਰਵਾਂ ਹੈ। ਸੰਗਲਾਂ ਵਿਚ ਬੰਨ੍ਹੇ ਹੋਏ ਹਨ ਪਰ ਉਨ੍ਹਾਂ ਦੇ ਚਿਹਰਿਆਂ ਉਪਰ ਜਲਾਲ ਹੈ ਤੇ ਜੈਕਾਰੇ ਗੁੰਜਾਉਂਦੇ ਜਾ ਰਹੇ ਹਨ।"

"ਦਿੱਲੀ ਪੁਜਣ ਉਪਰੰਤ ਹਰੇਕ ਸਿੱਖ ਪਹਿਲਾਂ ਸ਼ਹੀਦ ਹੋਣ ਲਈ ਕਾਹਲਾ ਹੈ। ਜੈਕਾਰੇ ਛੱਡਦੇ ਸੌ ਸਿੱਖਾਂ ਦੇ ਸਿਰ ਉਡਾ ਦਿਤੇ ਜਾਂਦੇ ਹਨ।"

"ਹਫ਼ਤੇ ਵਿਚ ਸੱਤ ਸੌ ਸਿਰ ਕਲਮ ਕਰਕੇ ਕਾਜ਼ੀ ਬੰਦਾ ਸਿੰਘ ਦੀਆਂ ਬਾਹਵਾਂ ਵਿਚ ਉਸ ਦਾ ਪੁੱਤਰ ਰੱਖ ਕੇ ਆਖਦਾ ਹੈ, ਇਸ ਨੂੰ ਕਤਲ ਕਰ। ਖਾਮੋਸ਼ ਬੰਦਾ ਸਿੰਘ ਆਪਣੇ ਪੁੱਤਰ ਨੂੰ ਛਾਤੀ ਨਾਲ ਲਾਉਂਦਾ ਹੈ ਤੇ ਉਸ ਦੀ ਸੂਹੀ ਪੱਗ ਨੂੰ ਚੁੰਮਦਾ ਹੈ।"

ਭਾਈ ਤਾਰੂ ਸਿੰਘ ਉਪਰ 16 ਪੰਕਤੀਆਂ ਦੀ ਕਵਿਤਾ ਹੈ,

"ਕੈਦੀ ਸਿੱਖਾਂ ਨੂੰ ਜਦੋਂ ਕਤਲ ਕੀਤਾ ਗਿਆ ਤਦ ਸ਼ਹੀਦਗੰਜ ਦੀ ਧਰਤੀ ਲਹੂ ਨਾਲ ਲਾਲ ਹੋ ਗਈ। ਨਵਾਬ ਨੇ ਕਿਹਾ, ਤਾਰੂ ਸਿੰਘ, ਮੈਂ ਤੈਨੂੰ ਖਿਮਾ ਕਰ ਸਕਦਾ ਹਾਂ। ਤਾਰੂ ਸਿੰਘ ਨੇ ਪੁੱਛਿਆ, ਖਿਮਾ? ਕਿਸ ਵਾਸਤੇ? ਕਿਸ ਸ਼ਰਤ 'ਤੇ? ਨਵਾਬ ਨੇ ਕਿਹਾ, ਤੂੰ ਯੋਧਾ ਹੈਂ। ਮੈਂ ਤੇਰੇ ਖਿਲਾਫ਼ ਗੁੱਸੇ ਵਿਚ ਨਹੀਂ ਹਾਂ। ਮੈਂ ਤੇਰੇ ਕੇਸ ਕਤਲ ਕਰਕੇ ਤੈਨੂੰ ਜੀਵਨ ਦਾਨ ਦੇ ਸਕਦਾ ਹਾਂ। ਤਾਰੂ ਸਿੰਘ ਨੇ ਕਿਹਾ, ਮੈਂ ਤੇਰੀ ਕ੍ਰਿਪਾਲਤਾ ਉਪਰ ਏਨਾ ਖੁਸ਼ ਹਾਂ ਕਿ ਕੇਸਾਂ ਸਮੇਤ ਸਿਰ ਅਰਪਣ ਕਰਾਂਗਾ।"

18 ਸਾਲਾਂ ਦੇ ਜੁਆਨ ਨਿਹਾਲ ਸਿੰਘ ਉਪਰ ਕਵਿਤਾ ਲਿਖੀ ਜਿਸ ਦੀ ਮਾਂ ਨੇ ਸੱਯਦ ਅਬਦੁੱਲਾ ਖ਼ਾਨ ਪਾਸ ਫਰਿਆਦ ਕੀਤੀ ਸੀ ਕਿ ਉਸ ਦਾ ਪੁੱਤਰ ਸਿੱਖ ਨਹੀਂ ਹੈ, ਗਲਤੀ ਨਾਲ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਉਸ ਨੂੰ ਆਪਣੀ ਰਿਹਾਈ ਦਾ ਪਤਾ ਲੱਗਾ ਤਾਂ ਇਕ ਦਮ ਐਲਾਨ ਕੀਤਾ, ਮੇਰੀ ਮਾਂ ਝੂਠ ਕਹਿ ਰਹੀ ਹੈ। ਮੈਂ ਸਿੱਖ ਹਾਂ ਤੇ ਸ਼ਹੀਦ ਹੋਣ ਲਈ ਤਿਆਰ ਹਾਂ।


ਸ਼ਸਤਰਧਾਰੀ, ਖੜਗ ਆਦਿਕ ਕਵਿਤਾਵਾਂ ਗੁਰਮਤਿ ਮੰਡਲ ਦੀਆਂ ਸੁਰਾਂ ਪ੍ਰਗਟ ਕਰਦੀਆਂ ਸਾਫ਼ ਦਿਸਦੀਆਂ ਹਨ।

ਹਿਮਾਦਰੀ ਬੈਨਰਜੀ ਨੇ ਅਪਣੀ ਕਿਤਾਬ "ਦ ਅਦਰ ਸਿੱਖਸ" (ਮਨੋਹਰ, ਨਵੀਂ ਦਿੱਲੀ, 2003) ਵਿਚ ਲਿਖਿਆ ਹੈ, "ਬੰਗਾਲੀ ਲੇਖਕ ਆਪਣੇ-ਆਪਣੇ ਢੰਗ ਨਾਲ ਗੁਰੂ ਨਾਨਕ ਦੇਵ ਦੀ ਉਪਮਾ ਲਿਖਦੇ ਆਏ ਹਨ ਪਰ ਗੁਰੂ ਗੋਬਿੰਦ ਸਿੰਘ ਬਾਬਤ ਅਜਿਹਾ ਨਹੀਂ ਹੋਇਆ। ਬੰਗਾਲੀਆਂ ਦਾ ਇਕ ਹਿੱਸਾ ਤਾਂ ਅਜਿਹਾ ਵੀ ਸੀ ਜਿਹੜਾ ਬ੍ਰਿਟਿਸ਼ ਰਾਜ ਤੋਂ ਪ੍ਰਸੰਨ ਸੀ ਕਿਉਂਕਿ ਉਨ੍ਹਾਂ ਦੇ ਖਿਆਲ ਵਿਚ ਮੁਗਲਾਂ ਦੇ ਜ਼ੁਲਮਾਂ ਤੋਂ ਅੰਗਰੇਜ਼ਾਂ ਨੇ ਹੀ ਰਾਹਤ ਦਿਵਾਈ ਸੀ।"

ਬੰਗਾਲ ਦੇ ਆਜ਼ਾਦੀ ਸੰਗਰਾਮੀਏ ਗਰਮਦਲੀਏ ਜੁਆਨਾਂ ਨੇ ਗੁਰੂ ਗੋਬਿੰਦ ਸਿੰਘ ਦੀ ਉਪਮਾ ਗਾਈ। ਬੰਗਾਲ ਦੇ ਬ੍ਰਹਮੋ ਸਮਾਜੀਆਂ ਦਾ ਦ੍ਰਿਸ਼ਟੀਕੋਣ ਵੱਖਰਾ ਸੀ। ਉਨ੍ਹਾਂ ਲਈ ਗੁਰੂ ਨਾਨਕ ਦੇਵ ਵੱਡਾ ਆਦਰਸ਼ ਸਨ ਪਰ ਬਾਦ ਵਿਚ ਖਾਲਸਾ ਪੰਥ ਦਾ ਮੁਗਲਾਂ ਖਿਲਾਫ਼ ਹਥਿਆਰਬੰਦ ਹੋਣਾ, ਟੱਕਰ ਲੈਣੀ ਉਨ੍ਹਾਂ ਨੂੰ ਨਹੀਂ ਭਾਇਆ। ਗੁਰੂ ਗੋਬਿੰਦ ਸਿੰਘ ਦੇ ਇਸ ਸੈਨਿਕ ਰੂਪ ਵਿਚ ਉਨ੍ਹਾਂ ਨੂੰ ਉਚੇਰੀ ਆਤਮਕ ਮੰਜ਼ਲ ਨਹੀਂ ਦਿੱਸੀ। ਗ਼ੈਰ ਬ੍ਰਹਮੋ ਸਮਾਜੀਆਂ ਵਿਚ ਦਸਮ ਪਾਤਸ਼ਾਹ ਬਾਬਤ ਨਿਰੰਤਰ ਚਰਚਾ ਹੁੰਦੀ ਰਹੀ ਤੇ ਉਹ ਗੁਰੂ ਜੀ ਨੂੰ ਹਿੰਦੂਆਂ ਦਾ ਨੇਤਾ ਮੰਨਦੇ ਰਹੇ।

"1886 ਤੋਂ 1910 ਦੇ 25 ਸਾਲਾਂ ਵਿਚ ਟੈਗੋਰ ਨੇ ਗੁਰੂ ਗੋਬਿੰਦ ਸਿੰਘ ਉਪਰ ਕਲਮ ਚਲਾਈ। ਇਕ ਲਿਖਤ ਨੂੰ ਛੱਡ ਕੇ ਬਾਕੀ ਸਾਰੀਆਂ ਦੀ ਸ਼ਲਾਘਾ ਹੋਈ। ਚੜ੍ਹਦੀ ਜਵਾਨੀ ਵਿਚ ਉਨ੍ਹਾਂ ਨੇ ਬੱਚਿਆਂ ਵਾਸਤੇ ਬੀਰ-ਗੁਰੂ ਲੇਖ ਲਿਖਿਆ ਜੋ ਬਾਲਕ ਰਿਸਾਲੇ ਵਿਚ ਛਪਿਆ ਜਿਸ ਵਿਚ ਗੁਰੂ ਜੀ ਦੀ ਕੁਰਬਾਨੀ, ਬੀਰਤਾ, ਅਤੇ ਮਨੁਖਤਾ ਨਾਲ ਪ੍ਰੇਮ ਦਾ ਅਜਿਹਾ ਸੁਹਣਾ ਚਿਤ੍ਰਣ ਕੀਤਾ ਕਿ ਬਾਲ ਮਨਾਂ ਵਿਚ ਡੂੰਘਾ ਉਤਰਦਾ ਹੈ। ਇਸ ਲੇਖ ਨਾਲ ਬੰਗਾਲ ਅਤੇ ਪੰਜਾਬ ਵਿਚਕਾਰਲਾ ਫਾਸਲਾ ਮਿਟਦਾ ਹੈ। 1898 ਤੇ 1899 ਦੋ ਸਾਲਾਂ ਵਿਚ ਗੁਰੂ ਜੀ ਉਪਰ ਤਿੰਨ ਕਵਿਤਾਵਾਂ ਲਿਖੀਆਂ। ਪਹਿਲੀਆਂ ਦੋ ਪੂਰਬ-ਖਾਲਸਾ ਅਵਧੀ ਦੀਆਂ ਹਨ ਜਦੋਂ ਗੁਰੂ ਜੀ ਸਾਲਾਂਬੱਧੀ ਪਹਾੜੀਆਂ ਉਪਰ ਤਪੱਸਿਆ ਕਰ ਰਹੇ ਹਨ, ਤਪ ਸਫ਼ਲ ਹੋਣ ਉਪਰੰਤ ਯੁੱਧ ਲਈ ਤਿਆਰ ਹੁੰਦੇ ਹਨ ਤੇ ਖਾਲਸਾ ਪੰਥ ਪ੍ਰਗਟ ਕਰਦੇ ਹਨ। ਤੀਸਰੀ ਕਵਿਤਾ ਸ਼ੇਸ਼ ਸ਼ਿਖਸ਼ਾ ਹੈ ਜਿਸ ਵਿਚ ਕਵੀ ਨੇ ਲਿਖਿਆ ਹੈ ਕਿ ਗੁੱਸੇ ਵਿਚ ਆ ਕੇ ਗੁਰੂ ਜੀ ਨੇ ਇਕ ਪਠਾਣ ਵਪਾਰੀ ਨੂੰ ਕਤਲ ਕਰ ਦਿੱਤਾ। ਪਿਛੋਂ ਇਸ ਗੱਲ ਦਾ ਪਛਤਾਵਾ ਹੋਣ 'ਤੇ ਉਸ ਦੇ ਬੇਟੇ ਨੂੰ ਪਾਲਿਆ-ਪੋਸਿਆ ਤੇ ਪੜ੍ਹਾਇਆ। ਜਦੋਂ ਉਹ ਜਵਾਨ ਹੋਇਆ ਤਾਂ ਗੁਰੂ ਜੀ ਨੇ ਉਸ ਨੂੰ ਪਿਤਾ ਦਾ ਬਦਲਾ ਲੈਣ ਲਈ ਕਿਹਾ ਤਾਂ ਕਿ ਉਨ੍ਹਾਂ ਦੇ ਸਿਰੋਂ ਪਾਪ ਦਾ ਭਾਰ ਉਤਰ ਸਕੇ। ਪਹਿਲੋਂ ਪਠਾਣ ਨੇ ਇਨਕਾਰ ਕਰ ਦਿਤਾ ਪਰ ਬਾਦ ਵਿਚ ਕ੍ਰੋਧਵਾਨ ਹੋ ਕੇ ਛੁਰਾ ਮਾਰਿਆ ਜਿਸ ਨਾਲ ਗੁਰੂ ਜੀ ਮੁਸਕਾਉਂਦਿਆਂ ਹੋਇਆਂ ਚੋਲਾ ਛੱਡ ਗਏ।" ਟੈਗੋਰ ਦੀ ਮਨਸ਼ਾ ਅਜਿਹੀ ਲਗਦੀ ਹੈ ਜਿਵੇਂ ਗੁਰੂ ਜੀ ਕੁਦਰਤੀ ਨਿਆਂ ਦੇ ਵਿਧੀ-ਵਿਧਾਨ ਵਿਚ ਆਪਣੇ ਆਪ ਨੂੰ ਬਾਕੀਆਂ ਤੋਂ ਵੱਖਰਾ ਨਹੀਂ ਕਰਦੇ। ਇਹ ਟੈਗੋਰ ਦਾ ਆਪਣਾ ਮਨਘੜਤ ਨੈਤਿਕ ਸ਼ਾਸਤਰ ਹੈ ਜੋ ਸਿੱਖਾਂ ਨੂੰ ਪਸੰਦ ਨਹੀਂ ਆਇਆ।

ਪ੍ਰੋ. ਪੂਰਨ ਸਿੰਘ ਨੇ "ਦ ਸਿੱਖ ਐਂਡ ਹਿਜ਼ ਨਿਊ ਕਰਿਟਿਕਸ:ਅਵਰ ਵਿਊ ਪੁਆਇੰਟ" 14 ਪੰਨਿਆਂ ਦਾ ਲੰਮਾ ਲੇਖ ਲਿਖਿਆ ਜੋ ਕਲਕੱਤੇ ਤੋਂ ਛਪਦੇ ਮਾਡਰਨ ਰੀਵਿਊ ਵਿਚ ਨਵੰਬਰ 1916 ਨੂੰ ਪ੍ਰਕਾਸ਼ਿਤ ਹੋਇਆ। ਇਹ ਲੇਖ ਪੰਜਾਬੀ ਯੂਨੀਵਰਸਿਟੀ ਦੇ ਮੈਗਜ਼ੀਨ ਪੂਰਨ ਸਿੰਘ ਸਟੱਡੀਜ਼ ਦੇ ਜਨਵਰੀ-ਅਪਰੈਲ 1981 ਅੰਕ ਵਿਚ ਮੁੜ ਛਪਿਆ ਹੈ। ਇਸ ਵਿਚ ਪੂਰਨ ਸਿੰਘ ਨੇ ਗੁਰੂ ਗੋਬਿੰਦ ਸਿੰਘ ਪ੍ਰਤੀ ਬ੍ਰਹਮੋ ਸਮਾਜੀ ਰੁਝਾਨ ਦੀ ਕਰੜੇ ਲਫ਼ਜਾਂ ਵਿਚ ਆਲੋਚਨਾ ਕੀਤੀ ਹੈ। ਪੂਰਨ ਸਿੰਘ ਦੀ ਕਲਮ ਦੀ ਨੋਕ ਵਧੇਰੇ ਕਰਕੇ ਜਾਦੂ ਨਾਥ ਸਰਕਾਰ ਵਿਰੁਧ ਹੈ ਪਰ ਰਵਿੰਦਰ ਨਾਥ ਟੈਗੋਰ ਬਾਬਤ ਵੀ ਉਨ੍ਹਾਂ ਨੇ ਆਪਣਾ ਗੁੱਸਾ ਪ੍ਰਗਟ ਕੀਤਾ ਹੈ। ਪ੍ਰੋ. ਪੂਰਨ ਸਿੰਘ ਦਾ ਤਰਕ ਹੈ ਕਿ ਸਰਕਾਰ ਅਤੇ ਟੈਗੋਰ ਦੋਵੇਂ ਗੁਰੂ ਗੋਬਿੰਦ ਸਿੰਘ ਨੂੰ ਸਮਝ ਨਹੀਂ ਸਕੇ। ਪੂਰਨ ਸਿੰਘ ਦੇ ਮਨ ਵਿਚ ਟੈਗੋਰ ਪ੍ਰਤੀ ਗੁੱਸਾ ਇੰਨਾ ਪ੍ਰਚੰਡ ਹੈ ਕਿ 'ਸਪਿਰਿਟ ਆਫ਼ ਦੀ



ਓਰੀਐਂਟਲ ਪੋਇਟਰੀ' ਕਿਤਾਬ ਵਿਚ ਉਹ ਟੈਗੋਰ ਵਿਰੁਧ ਹੋਰ ਸਖ਼ਤ ਟਿਪਣੀਆਂ ਦਿੰਦੇ ਹਨ।

ਉਨ੍ਹਾਂ ਦਿਨਾਂ ਵਿਚ ਹਿੰਦੂ, ਮੁਸਲਮਾਨ ਅਤੇ ਸਿੱਖ ਅੰਗਰੇਜ਼ਾਂ ਵਿਰੁਧ ਯੁੱਧ ਵੀ ਲੜ ਰਹੇ ਸਨ ਪਰ ਆਪਸ ਵਿਚ ਵੀ ਇਨ੍ਹਾਂ ਤਿੰਨਾਂ ਧਰਮਾਂ ਦੇ ਮੁਰੀਦਾਂ ਦਾ ਟਕਰਾਅ ਚਲਦਾ ਰਹਿੰਦਾ ਸੀ। ਸਿੰਘ ਸਭਾ ਲਹਿਰ ਦੇ ਸ਼ੁਰੂਆਤੀ ਸਾਲਾਂ ਵਿਚ ਸਿੱਖਾਂ ਦੀ ਟੱਕਰ ਮੁਸਲਮਾਨਾਂ ਨਾਲ ਨਹੀਂ, ਹਿੰਦੂ ਕੱਟੜਪੰਥੀਆਂ ਤੇ ਆਰੀਆ ਸਮਾਜੀਆਂ ਵਿਰੁਧ ਹੋਈ। ਭਾਈ ਕਾਨ੍ਹ ਸਿੰਘ ਨਾਭਾ ਦੀ ਚਰਚਿਤ ਕਿਤਾਬ 'ਹਮ ਹਿੰਦੂ ਨਹੀ' ਇਸੇ ਦੌਰ ਦੀ ਪ੍ਰਤੀਨਿਧ ਰਚਨਾ ਹੈ।

'ਸ਼ੇਸ਼ ਸ਼ਿਖਸ਼ਾ' ਕਵਿਤਾ ਕਾਰਨ ਸਿੱਖ ਨਾਰਾਜ਼ ਹੋ ਗਏ। ਵਾਸਤਵ ਵਿਚ ਇਹ ਘਟਨਾ ਪੁਰਾਣੇ ਸਿੱਖ ਗ੍ਰੰਥਾਂ ਵਿਚ ਮਿਲਦੀ ਹੈ ਜਿਸ ਦਾ ਜ਼ਿਕਰ ਕਨਿੰਘਮ ਨੇ "ਏ ਸ਼ਾਰਟ ਹਿਸਟਰੀ ਆਫ ਦ ਸਿੱਖਸ" ਪੰਨਾ 73 ਉਤੇ ਕੀਤਾ ਹੈ। ਟੈਗੋਰ ਨੇ ਇਹ ਕਥਾ ਇਥੋਂ ਚੁੱਕੀ ਸੀ। ਦੇਰ ਤੱਕ ਸਿੱਖ ਇਸ ਲਿਖਤ ਕਾਰਨ ਕ੍ਰੋਧਿਤ ਰਹੇ। ਇਹ ਕੁੜਿੱਤਣ ਉਦੋਂ ਦੂਰ ਹੋਈ ਜਦੋਂ ਟੈਗੋਰ ਲਾਹੌਰ ਆ ਕੇ ਸੀਨੀਅਰ ਸਿੱਖ ਲੀਡਰਸ਼ਿਪ ਨੂੰ ਮਿਲਿਆ। ਇਸ ਮੀਟਿੰਗ ਵਿਚ ਗੁੱਸੇ ਗਿਲੇ ਦੂਰ ਹੋਏ। ਉਪਰੰਤ ਟੈਗੋਰ ਨੇ ਪ੍ਰੈਸ ਸਟੇਟਮੈਂਟ ਜਾਰੀ ਕੀਤੀ ਜਿਸ ਨਾਲ ਸਿੱਖ ਲੀਡਰਸ਼ਿਪ ਪ੍ਰਸੰਨ ਹੋ ਗਈ। ਟੈਗੋਰ ਦੀ ਇਹ ਸਟੇਟਮੈਂਟ ਲਾਹੌਰ ਦੇ ਅਖਬਾਰ "ਦੀ ਟ੍ਰਿਬਿਊਨ" ਵਿਚ 21 ਫਰਵਰੀ ਨੂੰ, ਅੰਮ੍ਰਿਤਸਰ ਦੇ "ਅਕਾਲੀ ਪੱਤ੍ਰਿਕਾ" ਵਿਚ 20 ਫਰਵਰੀ ਨੂੰ ਅਤੇ ਕਲਕੱਤੇ ਦੇ "ਅਨੰਦ ਬਾਜ਼ਾਰ ਪੱਤ੍ਰਿਕਾ" ਵਿਚ 20 ਫਰਵਰੀ 1935 ਨੂੰ ਛਪੀ। ਟੈਗੋਰ ਦਾ ਸੁਭਾਅ ਵਿਵਾਦ ਖੜੇ ਕਰਨ ਵਾਲਾ ਨਹੀਂ ਸੀ। ਵਿਸਥਾਰ ਵਾਸਤੇ ਪਾਠਕ ਹਿਮਾਦਰੀ ਬੈਨਰਜੀ ਦੀ ਕਿਤਾਬ "ਦੀ ਅਦਰ ਸਿਖਸ" ਪੰਨਾ 150, ਦੇਖਣ।

ਇਸ ਪਿਛੋਂ ਟੈਗੋਰ ਨੇ ਕੋਈ ਅਜਿਹੀ ਟੂਕ ਨਹੀਂ ਲਿਖੀ ਜੋ ਸਿੱਖਾਂ ਲਈ ਵਿਵਾਦਪੂਰਨ ਹੋਵੇ। ਸ਼ਾਂਤੀ ਨਿਕੇਤਨ ਵਿਚ ਪੜ੍ਹਦੇ ਵਿਦਿਆਰਥੀ ਜੋਸ਼ ਵਿਚ ਆ ਕੇ ਕਦੀ 'ਹਿੱਪ ਹਿੱਪ ਹੁਰਰੇ' ਆਖਦੇ ਤਾਂ ਕਵੀ ਆਖਿਆ ਕਰਦੇ, ਇਸ ਨਾਲੋਂ ਤਾਂ ਦੇਸੀ ਜੈਕਾਰਾ 'ਗੁਰੂ ਕੀ ਫਤਿਹ' ਗਜਾਇਆ ਕਰੋ। ਦੋ ਵਾਰ ਲਾਹੌਰ ਆਏ, 1935 ਵਿਚ ਪੰਦਰਾਂ ਦਿਨ ਰਹੇ ਤੇ ਫਿਰ 1936 ਵਿਚ ਨਾਟ ਮੰਡਲੀ ਨਾਲ ਚਾਰ ਦਿਨ ਠਹਿਰੇ।

ਪਹਿਲੋਂ ਅੰਗਰੇਜ਼ਾਂ ਵਿਰੁਧ ਨਰਮ ਸੁਰ ਸੀ ਪਰ ਜਦੋਂ ਅੰਮ੍ਰਿਤਸਰ 1919 ਦੀ ਵਿਸਾਖੀ ਦਾ ਹੱਤਿਆ ਕਾਂਡ ਹੋਇਆ, ਪੂਰੀ ਤਾਕਤ ਨਾਲ ਅੰਗਰੇਜ਼ਾਂ ਵਿਰੁਧ ਲਿਖਣ ਲੱਗੇ। ਸਾਰੀ ਦੁਨੀਆਂ ਵਿਚ ਹਾਹਾਕਾਰ ਮਚ ਗਈ। ਏਨਾ ਵਡਾ ਨਰ-ਸੰਘਾਰ, ਘੋਰ ਪਾਪ। ਕਵੀ ਦਾ ਦਿਲ ਵਿਦ੍ਰੋਹੀ ਹੋ ਗਿਆ। ਉਸ ਦੇ ਹੋਠਾਂ ਵਿਚੋਂ ਇਹ ਗੀਤ ਥਿਰਕਿਆ:

ਡਰੇ ਹੋਏ, ਚੁੱਪ ਚਾਪ
ਜੇ ਉਹ ਕੰਧ ਵਲ ਰੁਖ ਕਰਕੇ ਖਲੋਤੇ ਹਨ
ਤਾਂ ਐ ਬਦਨਸੀਬ ਸ਼ਾਇਰ ਆਪਣਾ ਮੂੰਹ ਖੋਲ੍ਹ।
ਜੋ ਆਖਣਾ ਹੈ ਆਖ ਦੇਹ ਹੁਣ।

ਉਸ ਨੇ ਕਿਸੇ ਨਾਲ ਗੱਲ ਨਹੀਂ ਕੀਤੀ, ਆਪਣੇ ਪੁੱਤਰ ਰਥਿੰਦਰ ਨਾਥ ਨਾਲ ਵੀ ਸਲਾਹ ਨਹੀਂ ਕੀਤੀ। 29 ਮਈ 1919 ਦੀ ਰਾਤ ਨੂੰ ਵਾਇਸਰਾਇ ਲਾਰਡ ਚੈਮਸਫੋਰਡ ਨੂੰ ਪੱਤਰ ਲਿਖਿਆ ਜਿਸ ਵਿਚ ਆਪਣੀ ਨਾਈਟਹੁੱਡ ਦੀ ਉਪਾਧੀ ਵਾਪਸ ਕਰਨ ਦਾ ਐਲਾਨ ਕੀਤਾ ਤੇ ਮਾਨਵ-ਹੱਤਿਆ ਦੀ ਸਖਤ ਨਿੰਦਿਆ ਕੀਤੀ। ਇਸ ਪੱਤਰ ਦੀ ਨਕਲ ਪ੍ਰੈਸ ਨੂੰ ਰਿਲੀਜ਼ ਕਰ ਦਿਤੀ ਜੋ ਅਗਲੇ ਦਿਨ ਅਖਬਾਰਾਂ ਵਿਚ ਛਪੀ। ਉਸ ਨੇ ਲਿਖਿਆ, "ਇਸ ਤਰ੍ਹਾਂ ਦੀ ਕਰੂਰਤਾ, ਸਰਕਾਰੀ ਦਮਨ ਦੀ ਮਿਸਾਲ, ਸਭਿਅਤਾ ਦੇ ਇਤਿਹਾਸ ਵਿਚ ਵਿਰਲੀ ਹੈ। ਆਪਣੇ ਦੇਸ਼ ਵਾਸਤੇ ਜੋ ਕਰ ਸਕਿਆ ਕਰਾਂਗਾ ਤੇ ਇਸ ਦੀ ਜਿੰਮੇਵਾਰੀ ਮੇਰੇ ਆਪਣੇ ਉਪਰ ਹੈ। ਆਤੰਕਿਤ ਭਾਰਤ ਪੀੜ ਨਾਲ ਵਿਆਕੁਲ ਹੈ ਤੇ ਮੈਂ ਕਰੋੜਾਂ ਦੇਸ਼ਵਾਸੀਆਂ ਦੇ ਹੱਕ ਵਿਚ ਅਤੇ ਸਰਕਾਰੀ ਦਮਨ ਦੇ ਵਿਰੋਧ ਵਿਚ ਖਲੋ ਗਿਆ ਹਾਂ। ਸਨਮਾਨ ਦੇ ਇਹ ਚਿੰਨ੍ਹ ਹੁਣ ਸਾਨੂੰ ਸ਼ਰਮਸਾਰ ਕਰ ਰਹੇ ਹਨ ਤੇ ਸਾਬਤ ਕਰ ਰਹੇ ਹਨ ਕਿ ਅਸੀਂ ਕਿੰਨੇ ਸਿਧਰੇ, ਕਿੰਨੇ ਜਾਹਲ ਹਾਂ। ਮੈਂ ਹੁਣ ਉਨ੍ਹਾਂ ਲੋਕਾਂ ਦੇ ਨਾਲ ਹਾਂ ਜਿਨ੍ਹਾਂ ਨੂੰ ਜਿਉਂਦੇ ਮਨੁੱਖ ਵੀ ਨਹੀਂ ਸਮਝਿਆ ਜਾਂਦਾ।"

ਬ੍ਰਿਟਿਸ਼ ਅਧਿਕਾਰੀ ਉਸ ਦੇ ਇਸ ਫੈਸਲੇ ਨੂੰ ਕਦੀ ਹਜ਼ਮ ਨਹੀਂ ਕਰ ਸਕੇ। ਉਨ੍ਹਾਂ ਨੂੰ ਚਿਤ ਚੇਤਾ ਵੀ ਨਹੀਂ ਸੀ ਕਿ ਟੈਗੋਰ ਅਜਿਹਾ ਕਰ ਸਕਦਾ ਹੈ। ਪਰ ਉਨ੍ਹਾਂ ਦੇ ਇਸ ਕਦਮ ਨਾਲ ਭਾਰਤ ਦੀਆਂ ਅੱਖਾਂ ਨੂੰ ਰੋਸ਼ਨੀ ਮਿਲੀ, ਦਿਲ ਨੂੰ ਢਾਰਸ ਮਿਲੀ।

ਰਾਸ਼ਟਰੀ ਗੀਤ ਵਿਚ ਸਾਰੇ ਸੂਬਿਆਂ ਤੋਂ ਪਹਿਲਾਂ ਪੰਜਾਬ ਦਾ ਨਾਮ ਆਉਣਾ ਉਨ੍ਹਾਂ ਅੰਦਰ ਬੈਠੇ ਅਹਿਸਾਸਾਂ ਦੀ ਤਰਜਮਾਨੀ ਹੈ। ਪੰਜਾਬ ਨਾਲ ਉਨ੍ਹਾਂ ਨੇ ਪਰਿਵਾਰਕ ਰਿਸ਼ਤੇਦਾਰੀ ਵੀ ਗੰਢੀ। ਟੈਗੋਰ ਦੀ ਭੈਣ ਸਵਰਨ ਕੁਮਾਰੀ ਦੇਵੀ ਦੀ ਧੀ ਪੰਜਾਬ ਦੇ ਰਾਮਭਜ ਦੱਤ ਚੌਧਰੀ ਨਾਲ ਵਿਆਹੀ ਗਈ। ਦੱਤ, ਲਾਹੌਰ ਹਾਈ ਕੋਰਟ ਦੇ ਨਾਮਵਰ ਵਕੀਲ ਤੇ ਸਮਾਜ ਸੁਧਾਰਕ ਸਨ।

ਪੰਜਾਬੀ ਸਾਹਿਤ ਦਾ ਪਾਠਕ ਹੋਣ ਸਦਕਾ ਇਹ ਵੀ ਮੈਂ ਦੇਖਦਾ ਰਿਹਾ ਹਾਂ ਕਿ ਟੈਗੋਰ ਦਾ ਪ੍ਰਭਾਵ ਪੰਜਾਬੀ ਲੇਖਕਾਂ ਨੇ ਕਿੰਨਾ ਕੁ ਕਬੂਲ ਕੀਤਾ? ਇਹ ਤੱਥ ਹੈਰਾਨੀਜਨਕ ਅਤੇ ਅਫ਼ਸੋਸਨਾਕ ਹੈ ਕਿ ਪੰਜਾਬੀ ਸਾਹਿਤਕਾਰਾਂ ਨੇ ਟੈਗੋਰ ਦਾ ਅਸਰ ਨਹੀਂ ਕਬੂਲਿਆ। ਦੇਵਿੰਦਰ ਸਤਿਆਰਥੀ ਨੇ ਵੀ ਨਹੀਂ। ਜੇ ਕਿਤੇ ਸੰਭਾਵਨਾਵਾਂ ਦਾ ਹਿਸਾਬ ਲਾਇਆ ਜਾਵੇ ਤਾਂ ਕੇਵਲ ਸਤਿਆਰਥੀ ਹੀ ਅਜਿਹਾ ਸ਼ਾਇਰ ਸੀ ਜੋ ਲੰਮਾ ਸਮਾਂ ਸ਼ਾਂਤੀਨਿਕੇਤਨ ਰਿਹਾ ਇਸ ਕਰਕੇ ਉਸ ਦੀ ਲਿਖਤ ਵਿਚੋਂ ਕਿਤੇ ਟੈਗੋਰ ਦੀ ਝਲਕ ਦਿਸਣੀ ਚਾਹੀਦੀ ਸੀ। ਫੇਰ ਵੀ ਉਹ ਕੇਵਲ ਟੈਗੋਰ ਦਾ ਅਨੁਵਾਦਕ ਬਣ ਕੇ ਸਾਹਮਣੇ ਆਇਆ। ਮੇਰੇ ਤੋਂ ਪਹਿਲੀ ਪੀੜ੍ਹੀ ਦੇ ਸਾਰੇ ਲੇਖਕਾਂ ਨੇ ਟੈਗੋਰ ਪੜ੍ਹਿਆ, ਨਿਰੰਤਰ ਆਪਸ ਵਿਚ ਸੰਵਾਦ ਰਚਾਏ ਪਰ ਇਸ ਪੀੜ੍ਹੀ ਦੀ ਲਿਖਤ ਉਪਰ ਉਸ ਦਾ ਕੋਈ ਅਸਰ ਨਹੀਂ। ਤਾਂ ਵੀ, ਮੇਰੇ ਵਾਲੀ ਅਤੇ ਮੇਰੇ ਤੋਂ ਅਗਲੀ ਪੀੜ੍ਹੀ ਨੇ ਤਾਂ ਟੈਗੋਰ ਨੂੰ ਪੜ੍ਹਿਆ ਤੱਕ ਨਹੀਂ।

ਜੇ ਕਿਤੇ ਕਿਸੇ ਪੰਜਾਬੀ ਸ਼ਾਇਰ ਨੂੰ ਟੈਗੋਰ ਦੇ ਰੂਹਾਨੀ ਅਨੁਭਵ ਵਰਗਾ ਕਿਹਾ ਅਤੇ ਮੰਨਿਆ ਜਾ ਸਕਦਾ ਹੈ ਉਹ ਪ੍ਰੋ. ਪੂਰਨ ਸਿੰਘ ਹੈ। ਪ੍ਰੋ. ਪੂਰਨ ਸਿੰਘ ਨੇ ਟੈਗੋਰ ਦੀ ਆਲੋਚਨਾ ਕੀਤੀ, ਟੈਗੋਰ ਉਸ ਵਕਤ ਸਿੱਖੀ ਤੋਂ ਅਨਜਾਣ ਸੀ। ਜਦੋਂ ਉਹ ਜਾਣਕਾਰ ਹੋ ਗਿਆ, ਉਦੋਂ ਉਸ ਨੇ ਕਿਹਾ ਕਿ ਬ੍ਰਹਿਮੰਡ ਦੀ ਆਰਤੀ ਗੁਰੂ ਨਾਨਕ ਦੇਵ ਜੀ ਤੋਂ ਉਤਮ ਕੋਈ ਨਹੀਂ ਕਰ ਸਕਦਾ। ਤਦ ਉਸ ਨੇ ਅਜਿਹੀਆਂ ਕਵਿਤਾਵਾਂ ਦੀ ਰਚਨਾ ਕੀਤੀ ਜਿਨ੍ਹਾਂ ਵਿਚੋਂ ਗੁਰਮਤਿ ਅਗੇ ਕੀਤੀ ਨਮਸਕਾਰ ਸਾਫ਼ ਦਿਸਦੀ ਹੈ। ਮਹਾਤਮਾ ਗਾਂਧੀ ਨੇ ਵੀ ਗੁਰੂ ਗੋਬਿੰਦ ਸਿੰਘ ਬਾਬਤ "ਭੁੱਲੜ ਦੇਸ਼ ਭਗਤ" ਲਫ਼ਜ਼ ਵਰਤਿਆ ਸੀ। ਇਹ ਵੀ ਉਨ੍ਹਾਂ ਦੇ ਅਗਿਆਨ ਦੇ ਸੂਚਕ ਸ਼ਬਦ ਹਨ। ਸ. ਕਪੂਰ ਸਿੰਘ ਨੇ "ਸਾਚੀ ਸਾਖੀ" ਵਿਚ ਲਿਖਿਆ ਹੈ ਕਿ ਜਦੋਂ ਗਾਂਧੀ ਜੀ ਦੇ ਧਿਆਨ ਵਿਚ ਸਹੀ ਤਸਵੀਰ ਲਿਆਂਦੀ ਗਈ ਤਾਂ ਉਨ੍ਹਾਂ ਨੇ ਸਵੀਕਾਰ ਕੀਤਾ ਕਿ ਉਨ੍ਹਾਂ ਪਾਸ ਉਦੋਂ ਸਹੀ ਤੱਥ ਨਹੀਂ ਸਨ। ਪ੍ਰੋ. ਪੂਰਨ ਸਿੰਘ ਦੀ ਕਲਮ ਵਿਚੋਂ ਜੋ ਗੁਸੈਲੇ ਸ਼ਬਦ ਪ੍ਰਗਟ ਹੋਏ ਉਨ੍ਹਾਂ ਦਾ ਪਿਛੋਕੜ ਇਹੋ ਹੈ।

ਪ੍ਰੋ. ਪੂਰਨ ਸਿੰਘ ਨੇ ਟੈਗੋਰ ਬਾਬਤ ਲਿਖਿਆ, "ਟੈਗੋਰ ਦਾ ਧੁੰਦਲਾ ਸੰਸਾਰ ਦੇਖਣ ਨੂੰ ਸੁਹਣਾ ਲਗਦਾ ਹੈ ਤੇ ਰੂਪ ਵਿਧਾਨ ਪੱਖੋਂ, ਸੰਗੀਤਕ ਧੁਨਾਂ ਪੱਖੋਂ ਹਰਮਨ ਪਿਆਰਾ ਹੋਇਆ ਪਰ ਅਸੀਂ ਜਿਹੜੇ ਪੂਰਬ ਦੇ ਵਾਸੀ ਸ਼ਬਦ ਨੂੰ ਜੀਵਨ ਦਾਤਾ ਮੰਨਦੇ ਹਾਂ, ਉਨ੍ਹਾਂ ਲਈ ਇਹ ਸਭ ਬੰਜਰ ਧਰਤੀ ਹੈ। ਐਮਰਸਨ ਵਾਂਗ ਉਹ ਬੌਧਿਕਤਾ ਨੂੰ ਜ਼ਬਾਨ ਦਿੰਦਾ ਹੈ, ਹਿੰਦੂ ਜਗਤ ਦੀ ਪੁਰਾਣੀ ਸਿਆਣਪ ਨੂੰ ਜਦੋਂ ਉਹ ਮੁੜ ਪ੍ਰਗਟ ਕਰਦਾ ਹੈ ਤਾਂ ਉਹ ਲਿਸ਼ਕ ਉਠਦੀ ਹੈ। ਉਹ ਪੁਰਾਣੇ ਖੂੰਢਾਂ ਨੂੰ ਤਰਾਸ਼ਦਾ ਹੈ ਪਰ ਇਸ ਵਿਚੋਂ ਸੱਚ ਦੀ ਪ੍ਰਾਪਤੀ ਕਰਨ ਲਈ ਉਹ ਕਮਜ਼ੋਰ ਪੈ ਜਾਂਦਾ ਹੈ।

"ਉਸ ਵਿਚ ਸਾਰੇ ਧਰਮ ਸਮਾ ਜਾਂਦੇ ਹਨ ਤੇ ਫਿਰ ਸ਼ਾਮ ਦੇ ਰੰਗ, ਨਦੀਆਂ ਦੇ ਪ੍ਰਵਾਹ, ਰਾਤ ਦੀ ਸਰਸਰਾਹਟ, ਤਾਰਿਆਂ ਦੀ ਡਲ੍ਹਕ ਮੈਨੂੰ ਅਜਿਹੀ ਰੰਗ-ਬਰੰਗੀ ਉਜਾੜ ਵਿਚ ਛੱਡ ਆਉਂਦੀ ਹੈ ਜਿਥੇ ਮੇਰਾ ਸਾਹ ਘੁਟਦਾ ਹੈ। ਬਿਨਾ ਪਿਆਰ ਅਤੇ ਇਤਬਾਰ ਦੇ ਮੈਂ ਇਸ ਜੰਗਲ ਵਿਚ ਇਕ ਰਾਤ ਨਹੀਂ ਕੱਟ ਸਕਦਾ। ਨਿਜੀ ਰੱਬ ਦੀ ਗੈਰ-ਹਾਜ਼ਰੀ ਵਿਚ ਸਾਰੇ ਸਦਾਚਾਰ ਵਿਅਰਥ ਹਨ।"

"ਟੈਗੋਰ ਅਨੇਕ ਮਨਾਂ ਦਾ ਸੁੰਦਰ ਭੁਲੇਖਾ ਹੈ ਜਿਹੜਾ ਕਿਸੇ ਇਕ ਮਨ ਨਾਲ ਵੀ ਮੇਲ ਨਹੀਂ ਖਾਂਦਾ। ਉਸ ਦੀ ਮੌਲਿਕਤਾ ਟੈਨੀਸਨ ਵਰਗੀ ਹੈ, ਸ਼ੇਰ ਵਰਗੀ, ਜਿਹੜਾ ਖਾਣ ਤੋਂ ਬਾਦ ਸਾਡੇ ਮਾਸ ਨੂੰ ਆਪਣਾ ਮਾਸ ਬਣਾ ਲੈਂਦਾ ਹੈ। ਉਪਨਿਸ਼ਦ ਉਸ ਦੀ ਖੁਰਾਕ ਹਨ, ਉਪਨਿਸ਼ਦ ਉਸ ਵਿਚੋਂ ਪ੍ਰਗਟ ਹੁੰਦੇ ਹਨ। ਭਾਰਤੀ ਗਲੀਆਂ ਦੀਆਂ ਅਸੰਖ

ਸੁਰਾਂ ਉਸ ਵਿਚ ਸਮਾ ਜਾਂਦੀਆਂ ਹਨ ਤਾਂ ਸਾਰੇ ਸੰਸਾਰ ਲਈ ਅਜੀਬ ਸੰਗੀਤ ਦੀ ਸਿਰਜਣਾ ਹੁੰਦੀ ਹੈ। ਹਿੰਦੂ ਫਲਸਫ਼ੇ ਪਾਸ ਜੋ ਮੌਜੂਦ ਹੈ, ਟੈਗੋਰ ਉਸ ਦਾ ਸਭ ਤੋਂ ਯੋਗ ਤੇ ਸਭ ਤੋਂ ਮਿੱਠਾ ਵਿਆਖਿਆਕਾਰ ਹੈ। ਉਹ ਵਿਲੱਖਣ ਹੈ, ਅਜਿਹੇ ਮਨੁਖ ਨੂੰ ਤਿਆਰ ਕਰਨ ਵਾਸਤੇ ਕਈ ਸਦੀਆਂ ਦੀ ਮਿਹਨਤ ਚਾਹੀਦੀ ਹੁੰਦੀ ਹੈ। ਟੈਗੋਰ ਨਜ਼ਮਾਂ ਰਚਦਾ ਹੈ, ਵਿਵੇਕਾਨੰਦ ਕਵੀਆਂ ਨੂੰ ਜਨਮ ਦਿੰਦਾ ਹੈ।"

ਇਹ ਵਿਚਾਰ ਵਟਾਂਦਰਾ ਹੋ ਰਿਹਾ ਸੀ ਤਾਂ ਡਾ. ਭੀਮਇੰਦਰ ਸਿੰਘ ਨੇ ਕਿਹਾ, "ਮੈਨੂੰ ਲਗਦਾ ਹੈ ਜਿਵੇਂ ਸੁਜਾਨ ਸਿੰਘ ਉਪਰ ਟੈਗੋਰ ਦਾ ਅਸਰ ਹੋਵੇ, ਉਸ ਦੀ ਕਹਾਣੀ ਰਾਸਲੀਲਾ ਇਸ ਪ੍ਰਥਾਇ ਵਿਚਾਰਨੀ ਬਣਦੀ ਹੈ।"

ਸੁਜਾਨ ਸਿੰਘ ਦੇਰ ਤੱਕ ਕਲਕੱਤੇ ਰਿਹਾ, ਉਸ ਉਪਰ ਕਲਕੱਤੇ ਦਾ ਅਸਰ ਤਾਂ ਹੈ, ਟੈਗੋਰ ਦਾ ਅਸਰ ਨਹੀਂ। ਸੁਜਾਨ ਸਿੰਘ ਚੇਤੰਨ ਹੋ ਕੇ ਮਾਰਕਸਵਾਦ ਨੂੰ ਆਪਣੀ ਕਲਾ ਵਿਚ ਸ਼ਾਮਲ ਕਰਦਾ ਹੈ ਤੇ ਇਸ ਉਪਰ ਉਸ ਨੂੰ ਫਖਰ ਹੈ। ਉਨ੍ਹਾਂ ਦਿਨਾਂ ਵਿਚ ਕਲਾ ਕਲਾ ਲਈ ਹੈ ਕਿ ਕਲਾ ਜੀਵਨ ਲਈ, ਨਾਅਰਾ ਬੜਾ ਪ੍ਰਚਲਿਤ ਸੀ। ਸੁਜਾਨ ਸਿੰਘ ਨੂੰ ਵਿਸ਼ਵਾਸ ਹੈ ਕਿ ਉਸ ਦੀ ਲਿਖਤ ਜੀਵਨ ਵਾਸਤੇ ਹੈ। ਪਰ ਟੈਗੋਰ ਦੀ ਲਿਖਤ ਕਿਸ ਵਾਸਤੇ ਹੈ? ਜਿਨ੍ਹਾਂ ਬੰਦਿਆਂ ਦੀ ਪ੍ਰਤੀਬੱਧਤਾ ਮਾਰਕਸਵਾਦ ਨਾਲ ਹੈ, ਉਨ੍ਹਾਂ ਵਾਸਤੇ ਰੱਬ, ਰੂਹਾਨੀਅਤ, ਮੁਕਤੀ ਆਦਿਕ ਲਫਜ਼ ਅਤੇ ਸੰਕਲਪ ਵਿਅਰਥ ਹਨ, ਸੋ ਉਨ੍ਹਾਂ ਲਈ ਇਹ 'ਕਲਾ ਕਲਾ ਲਈ ਹੈ' ਦੇ ਦਾਇਰੇ ਵਿਚ ਆਉਂਦੇ ਹਨ। ਅਣਚਾਹੀ ਵਿਚਾਰਧਾਰਾ ਨੂੰ ਮਨਚਾਹੇ ਹਥੌੜੇ ਦੀ ਸੱਟ ਲਾ ਕੇ ਰੱਦ ਕਰਨ ਦਾ ਇਹੋ ਤਰੀਕਾ ਬਚਦਾ ਹੈ।

ਕੁਝ ਹੋਰ ਪੰਜਾਬੀ ਲੇਖਕ ਬੰਗਾਲ ਵਿਚ ਵਸਦੇ ਰਸਦੇ ਰਹੇ ਹਨ, ਕਿਸੇ ਨੂੰ ਉਸ ਰੂਹਾਨੀ ਸੜਕ ਦਾ ਪਤਾ ਨਹੀਂ ਜਿਸ ਉਪਰ ਟੈਗੋਰ ਉਮਰ ਭਰ ਸੈਰਾਂ ਕਰਦਾ ਰਿਹਾ। ਉਹ ਅਮੀਰ, ਸਤਿਕਾਰਯੋਗ ਘਰ ਵਿਚ ਪੈਦਾ ਹੋਇਆ ਤੇ ਉਸ ਉਪਰ ਸਨਮਾਨਾਂ ਦੀ ਜੋ ਬਾਰਸ਼ ਹੋਈ ਉਹ ਚਕਾਚੌਂਧ ਕਰਨ ਵਾਲੀ ਹੈ ਪਰ ਉਹ ਰਬ ਅੱਗੇ ਅਰਦਾਸਾਂ ਕਰਦਾ ਹੈ ਕਿ ਦੁਨੀਆਂ ਦੇ ਇਸ ਤੰਗ ਘਰ ਵਿਚ ਮੁੜ ਕੇ ਨਾ ਭੇਜੀਂ, ਆਪਣੇ ਕਦਮਾਂ ਵਿਚ ਥਾਂ ਦੇਈਂ। ਇਉਂ ਲਗਦਾ ਹੈ ਜਿਵੇਂ ਸੰਸਾਰ ਦੇ ਸਾਰੇ ਰਹੱਸ ਉਸ ਅੱਗੇ ਇਕ ਇਕ ਕਰਕੇ ਖੁਲ੍ਹਦੇ ਜਾ ਰਹੇ ਹਨ ਪਰ ਉਹ ਆਪਣੀ ਰਚਨਾ ਵਿਚ ਆਖਦਾ ਹੈ ਕਿ ਮੈਨੂੰ ਕਿਸੇ ਗੈਬੀ ਅਨੁਭਵ ਦਾ ਕੋਈ ਪਤਾ ਨਹੀਂ। ਫਰਾਂਜ਼ ਕਾਫ਼ਕਾ ਮੌਤ ਦੇ ਬਿਸਤਰੇ ਤੇ ਪਿਆ ਪਰੀ ਕਹਾਣੀਆਂ ਪੜ੍ਹਨ ਲੱਗ ਪਿਆ। ਪਤਨੀ ਦੋਰਾ ਨੂੰ ਆਖਦਾ, ਮੈਨੂੰ ਬਾਈਬਲ ਦੀਆਂ ਸਾਖੀਆਂ ਸੁਣਾ। ਟੈਗੋਰ ਨੇ ਉਮਰ ਦੇ ਅਖੀਰਲੇ ਸਾਲਾਂ ਵਿਚ ਬਾਲ ਗੀਤ ਲਿਖੇ, ਬਾਲ ਗੀਤ ਜਿਹੜੇ ਲੋਰੀਆਂ ਬਣ ਗਏ। ਉਸ ਦਾ ਕਥਨ ਹੈ, "ਮਹਾਨ ਆਦਮੀ ਸਾਰੀ ਉਮਰ ਬੱਚਾ ਰਹਿੰਦਾ ਹੈ। ਜਦੋਂ ਵਿਦਾ ਹੁੰਦਾ ਹੈ ਤਾਂ ਦੁਨੀਆਂ ਨੂੰ ਵੱਡਾ ਸਾਰਾ ਬਚਪਨ ਦੇ ਜਾਂਦਾ ਹੈ।"

"ਗੋਤਾਖੋਰ ਮੋਤੀਆਂ ਦੀ ਤਲਾਸ਼ ਵਿਚ ਡੂੰਘੇ ਉਤਰ ਗਏ ਹਨ। ਸੁਦਾਗਰਾਂ ਨੇ ਆਪਣੇ ਜਹਾਜ਼ ਵਪਾਰ ਵਾਸਤੇ ਸਾਗਰ ਵਿਚ ਠੇਲ੍ਹ ਦਿਤੇ ਹਨ। ਪੱਤਣ ਉਪਰ ਨਿਕੇ ਬੱਚੇ ਕੰਕਰਾਂ ਨਾਲ ਖੇਡ ਰਹੇ ਹਨ। ਖੇਡ ਖੇਡ ਕੇ ਕੰਕਰ ਉਥੇ ਹੀ ਸੁੱਟ ਕੇ ਬੱਚੇ ਅਪਣੇ ਘਰਾਂ ਨੂੰ ਚਲੇ ਜਾਣਗੇ। ਸਾਗਰ ਕੰਢੇ ਬੱਚਿਆਂ ਦੀ ਖੇਡ ਕਾਇਮ ਰਹੇਗੀ।" ਜਦੋਂ ਮੈਂ ਟੈਗੋਰ ਦਾ ਇਹ ਕਥਨ ਪੜ੍ਹਿਆ ਤਾਂ ਮੈਨੂੰ ਗੁਰੂ ਗੋਬਿੰਦ ਸਿੰਘ ਯਾਦ ਆ ਗਏ।

ਗੁਰੂ ਗੋਬਿੰਦ ਸਿੰਘ ਨੇ ਪਟਨੇ ਦੇ ਪੱਤਣ ਉਪਰ ਖੇਡਦਿਆਂ ਇਕ ਇਕ ਕਰਕੇ ਦੋ ਕੰਗਣ ਦਰਿਆ ਵਿਚ ਸੁੱਟ ਦਿੱਤੇ ਸਨ। ਜਵਾਨ ਉਮਰੇ ਅਪਣੇ ਪਰਿਵਾਰ ਦੇ ਸਾਰੇ ਜੀਅ ਅਤੇ ਬਹੁਤ ਪਿਆਰੇ ਸਿੰਘ, ਕੰਕਰਾਂ ਵਾਂਗ ਤਿਆਗ ਕੇ ਉਹ ਅਪਣੇ ਘਰ ਪਰਤ ਗਏ ਸਨ, ਉਸ ਨਿਜ ਘਰ ਵਿਚ ਜਿਥੇ ਹਰੇਕ ਨੇ ਜਾਣਾ ਹੈ। ਗੁਰੂ ਦਸਮ ਪਾਤਸ਼ਾਹ ਦਾ ਸਾਰਾ ਜੀਵਨ ਬੱਚੇ ਦਾ ਜੀਵਨ ਸੀ। ਅੱਠਵੇਂ ਈਮਾਮ ਦੀ ਭੈਣ ਹਜ਼ਰਤ ਮਾਸੂਮਾ ਫਾਤਿਮਾ ਦੀਆਂ ਸਾਖੀਆਂ ਸੁਣਾ ਕੇ ਈਰਾਨ ਦੇ ਦਾਨਿਸ਼ਵਰਾਂ ਨੇ ਮੈਨੂੰ ਪੁੱਛਿਆ, ਕੀ ਤੁਹਾਡੇ ਪੈਗੰਬਰ ਵੀ ਮਾਸੂਮ ਸਨ? ਮੇਰੀਆਂ ਅੱਖਾਂ ਵਿਚਲੀ ਬੱਦਲਵਾਈ ਨੇ ਮੈਨੂੰ ਕਿਹਾ, ਕੋਈ ਉਤਰ ਨਹੀਂ ਦੇਣਾ।

ਟੈਗੋਰ ਦੀ ਲਿਖਤ ਸਵਾਲਾਂ-ਜਵਾਬਾਂ ਤੋਂ ਮੁਕਤ ਕਰਦੀ ਹੈ। ਉਸ ਨੇ ਸਾਹਿਤ ਦੀ ਹਰ ਵਿਧਾ, ਹਰੇਕ ਰੂਪ 'ਤੇ ਹੱਥ ਅਜ਼ਮਾਇਆ। ਸੰਗੀਤ ਦੀਆਂ ਨਵੀਨ ਸੁਰਾਂ ਈਜਾਦ ਕੀਤੀਆਂ ਤਾਂ ਟੈਗੋਰ ਦੀ ਮੌਲਿਕ ਸੰਗੀਤ ਪੱਧਤੀ ਕਾਇਮ ਹੋ ਗਈ ਜਿਸ ਨੂੰ ਰਵਿੰਦਰ ਸੰਗੀਤ ਕਿਹਾ ਗਿਆ। ਉਸ ਨੇ ਚਿਤਰਕਾਰੀ 'ਤੇ ਹੱਥ ਅਜ਼ਮਾਇਆ ਤਾਂ ਭਰਪੂਰ ਦਾਦ ਮਿਲੀ, ਪੈਰਿਸ ਵਿਚ ਉਸ ਦੇ ਚਿਤਰਾਂ ਦੀ ਨੁਮਾਇਸ਼ ਲੱਗੀ। ਨਾਟਕ ਕੇਵਲ ਲਿਖੇ ਨਹੀਂ, ਉਨ੍ਹਾਂ ਦਾ ਮੰਚਨ ਖੁਦ ਕੀਤਾ। ਨਾਟਕ ਦਾ ਲੇਖਕ, ਡਾਇਰੈਕਟਰ, ਸੰਗੀਤਕਾਰ, ਸਾਰਾ ਕੁਝ ਟੈਗੋਰ।

ਬਾਲਕ (ਗੁਰੂ) ਗੋਬਿੰਦ ਰਾਇ ਉਪਰ ਇਕ ਕਵਿਤਾ ਲਿਖੀ। ਇਹ ਪਟਨੇ ਦੀ ਸਾਖੀ ਉਪਰ ਆਧਾਰਤ ਹੈ। ਗੁਰੂ ਜੀ ਨਦੀ ਕਿਨਾਰੇ ਬੈਠੇ ਸਨ ਤਾਂ ਅਮੀਰ ਸਿੱਖ ਨੇ ਉਨ੍ਹਾਂ ਦੇ ਚਰਨਾਂ ਵਿਚ ਕੰਗਣਾਂ ਦੀ ਜੋੜੀ ਰੱਖ ਕੇ ਮੱਥਾ ਟੇਕਿਆ। ਗੁਰੂ ਜੀ ਨੇ ਇਕ ਕੰਗਣ ਚੁਕਿਆ ਤੇ ਆਪਣੀ ਉਂਗਲ ਵਿਚ ਘੁਮਾਉਣ ਲੱਗੇ। ਕੰਗਣ ਉਂਗਲ ਵਿਚੋਂ ਨਿਕਲ ਕੇ ਨਦੀ ਵਿਚ ਡਿਗ ਪਿਆ। ਸ਼ਰਧਾਲੂ ਨੇ ਨਦੀ ਵਿਚ ਛਾਲ ਮਾਰੀ ਤੇ ਕੰਗਣ ਲੱਭਣ ਲੱਗਾ, ਨਾ ਮਿਲਿਆ ਤਾਂ ਬਾਹਰ ਆ ਕੇ ਪੁਛਿਆ, ਜੀ ਤੁਹਾਨੂੰ ਪਤਾ ਹੈ ਕੰਗਣ ਕਿਥੇ ਡਿਗਿਆ, ਕ੍ਰਿਪਾ ਕਰਕੇ ਦੱਸੋ। ਗੁਰੂ ਜੀ ਨੇ ਦੂਜਾ ਕੰਗਣ ਨਦੀ ਵਿਚ ਸੁਟਦਿਆਂ ਕਿਹਾ, ਉਥੇ।

ਗੁਰੂ ਨਾਨਕ ਦੇਵ ਜੀ ਦੀ ਬਾਣੀ ਆਰਤੀ (ਗਗਨ ਮਹਿ ਥਾਲ) ਦਾ ਬੰਗਲਾ ਕਵਿਤਾ ਵਿਚ ਇਉਂ ਅਨੁਵਾਦ ਕੀਤਾ :

ਆਰਤੀ ਕਰੇ ਚੰਦਰ ਤਪਨ।
ਦੇਵ ਮਾਨਵ ਵੰਦੇ ਚਰਨ।
ਆਸੀਨ ਸੇ ਵਿਸ਼ਵ ਸਰਨ।
ਤਾਰ ਜਗਤ ਮੰਦਿਰੇ।
ਅਨਾਦੀ ਕਾਲ ਅਨੰਤ ਗਗਨ
ਸੇ ਅਸੀਮ ਮਹਿਮਾ ਮਗਨ
ਤੇ ਤਰੰਗ ਉਠੇ ਸਘਨ
ਆਨੰਦ ਨੰਦ ਨੰਦ ਰੇ।

### ਸ਼ਸਤਰਧਾਰੀ

ਤੇਰੇ ਗਲ ਵਿਚ ਲਟਕਦਾ ਫੁਲਾਂ ਦਾ ਹਾਰ ਮੰਗ ਲਵਾਂਗਾ, ਮੈਂ ਸੋਚਿਆ, ਪਰ ਮੇਰਾ ਹੌਸਲਾ ਨਾ ਪਿਆ। ਇਸ ਆਸ ਨਾਲ ਬੈਠਾ ਰਿਹਾ ਸਾਰੀ ਰਾਤ ਕਿ ਜਦੋਂ ਜਾਏਂਗਾ ਤੇਰੀ ਸੇਜ ਉਪਰੋਂ ਇਕ ਦੋ ਫੁੱਲ ਮਿਲ ਜਾਣਗੇ। ਬਹੁਤ ਕੁਝ ਸੋਚਿਆ ਮੈਂ, ਇਕ ਭਿਖਾਰੀ ਵਾਂਗ ਪਰ ਜਦੋਂ ਤਲਾਸ਼ ਕੀਤੀ ਤਾਂ ਮੁਰਝਾਈਆਂ ਪੰਖੜੀਆਂ ਬਿਨਾ ਕੁਝ ਨਾ ਮਿਲਿਆ।

ਇਹ ਮੈਂ ਕੀ ਦੇਖ ਰਿਹਾਂ ਪ੍ਰਭੂ? ਕਿਹੋ ਜਿਹੀ ਪ੍ਰੇਮ ਨਿਸ਼ਾਨੀ ਛੱਡ ਗਿਐਂ? ਨਾ ਟਹਿਕਦਾ ਫੁੱਲ ਨਾ ਫੁੱਲਦਾਨ। ਜਵਾਲਾਮੁਖੀ ਵਾਂਗ ਮਘਦੀ, ਇੰਦਰ ਧਨੁਖ ਵਰਗੀ ਭਾਰੀ ਇਹ ਤਾਂ ਤੇਰੀ ਭਿਆਨਕ ਕਿਰਪਾਨ ਹੈ। ਪ੍ਰਭਾਤ ਦੀ ਨਵੀਂ ਸੁੰਦਰਤਾ ਦੇ ਝਰੋਖੇ ਰਾਹੀਂ ਆਈ ਤੇ ਤੇਰੀ ਸੇਜ ਤੇ ਸੌਂ ਗਈ।

ਕਲੋਲ ਕਰਦੇ ਹੋਏ ਪ੍ਰਭਾਤ ਦੇ ਪੰਛੀ ਪੁਛਦੇ ਹਨ, ਕੀ ਮਿਲਿਆ ਤੈਨੂੰ? ਨਾ ਫੁੱਲ, ਨਾ ਫੁੱਲਦਾਨ, ਇਹ ਤਾਂ ਖੌਫਨਾਕ ਕਿਰਪਾਨ ਹੈ।

ਬੈਠ ਜਾਂਦਾ ਹਾਂ ਤੇ ਹੈਰਾਨ ਹੋਇਆ ਸੋਚਦਾ ਹਾਂ, ਕਿਸ ਤਰ੍ਹਾਂ ਦਾ ਪ੍ਰਸ਼ਾਦ ਭੇਜਿਆ ਤੂੰ ਮੇਰੇ ਲਈ? ਕੋਈ ਥਾਂ ਨਹੀਂ ਲਭਦੀ ਜਿਥੇ ਇਸ ਨੂੰ ਲੁਕੋ ਸਕਾਂ। ਨਿਰਬਲ ਹੋਣ ਕਰਕੇ ਪਹਿਨਣ ਤੋਂ ਸ਼ਰਮਾਉਂਦਾ ਹਾਂ। ਤੇਰੀ ਸੁਗਾਤ ਨੂੰ ਛਾਤੀ ਨਾਲ ਲਾਉਂਦਾ ਹਾਂ ਤਾਂ ਕਾਲਜੇ ਵਿਚ ਚੀਸ ਉਠਦੀ ਹੈ।

ਤਾਂ ਵੀ ਤੇਰੀ ਨਿਸ਼ਾਨੀ, ਤੇਰਾ ਇਹ ਮਾਣ ਮੈਂ ਆਪਣੇ ਦਿਲ ਵਿਚ ਸੰਭਾਲ ਕੇ ਰੱਖਾਂਗਾ। ਅੱਜ ਤੋਂ ਬਾਦ ਡਰ ਨਾਮ ਦੀ ਕੋਈ ਚੀਜ਼ ਨਹੀਂ ਰਹੇਗੀ ਮੇਰੇ ਨੇੜੇ-ਤੇੜੇ। ਸਾਰੇ ਜੀਵਨ ਸੰਗਰਾਮਾਂ ਵਿਚ ਜੈ ਜੈਕਾਰ ਹੋਵੇਗੀ ਤੇਰੀ। ਮੌਤ ਨੂੰ ਤੂੰ ਮੇਰੀ ਜੋਬਨਵੰਤੀ ਬਣਾ ਦਿਤਾ, ਆਪਣੇ ਜੀਵਨ ਦੇ ਤਾਜ ਨਾਲ ਇਸ ਸੱਜਨੀ ਨੂੰ ਸ਼ਿੰਗਾਰਾਂਗਾ। ਸਾਰੇ ਬੰਧਨ ਕੱਟਣ ਲਈ ਤੇਰੀ ਦਿਤੀ ਕਿਰਪਾਨ ਮੇਰੇ ਕੋਲ ਹੈ, ਸੰਸਾਰ ਦਾ ਕੋਈ ਭੁਲੇਖਾ ਮੈਨੂੰ ਡਰਾ ਨਹੀਂ ਸਕੇਗਾ।

ਸਾਰੇ ਹੋਛੇ ਤੇ ਤੁੱਛ ਸ਼ਿੰਗਾਰ ਛੱਡੇ ਹੁਣ। ਹੇ ਮੇਰੇ ਦਿਲ ਦੇ ਮਾਲਕ, ਇਕੱਲਾ ਬਹਿ ਕੇ ਨਾ ਰੋਵਾਂਗਾ ਨਾ ਉਡੀਕਾਂਗਾ। ਲਾਜ ਤੇ ਸੰਕੋਚ ਦਾ ਵੀ ਭੋਗ ਪੈ ਗਿਆ ਹੁਣ। ਆਪਣੀ ਸੁਹਣੀ ਕਿਰਪਾਨ ਤੂੰ ਮੈਨੂੰ ਸ਼ਿੰਗਾਰਨ ਲਈ ਦਿਤੀ ਹੈ। ਗੁੱਡੀਆਂ ਪਟੋਲਿਆਂ ਨਾਲ ਖੇਡਦਾ ਹੁਣ ਮੈਂ ਚੰਗਾ ਨਹੀਂ ਲਗਦਾ।

### ਖੜਗ

ਚੂੜੀ ਕਿੰਨੀ ਸੁਹਣੀ ਹੈ, ਅਨੇਕ ਰੰਗਾਂ ਤੇ ਅਕਲਾਂ ਦੀ ਮੀਨਾਕਾਰੀ ਤਿਤਲੀ ਦੇ ਖੰਭਾਂ ਵਾਂਗ ਹੈ। ਪਰ ਤੇਰੀ ਬਿਜਲੀ ਦੀ ਲਿਸ਼ਕਾਰ ਵਰਗੀ ਦਮਕਦੀ ਖੜਗ, ਚੂੜੀ ਤੋਂ ਕਿਤੇ ਵਧੀਕ ਸੁਹਣੀ ਹੈ, ਗਰੁੜ ਦੇ ਫੈਲੇ ਹੋਏ ਖੰਭ ਵਰਗੀ ਤੇ ਸੂਰਜ ਦੀ ਲਾਲੀ ਨਾਲ ਰੰਗੀ ਸ਼ਿੰਗਾਰੀ ਹੋਈ।

ਕਾਲ ਦੇ ਆਖਰੀ ਪ੍ਰਵਾਹ ਨਾਲ ਉਪਜੀ ਤੀਬਰ ਵੇਦਨਾ ਦੇ ਘੇਰੇ ਵਿਚ ਜੀਵਨ ਦੇ ਛੇਕੜਲੇ ਸਵਾਸ ਵਾਂਗ ਕੰਬਦੀ ਕਿਰਪਾਨ ਉਸ ਆਤਮਾ ਦੀ ਜੋਤ ਵਾਂਗ ਲਰਜ਼ਦੀ ਹੈ ਜਿਸ ਨੇ ਆਪਣੀ ਅੱਗ ਦੀ ਭਿਆਨਕ ਲਾਟ ਨਾਲ ਪੱਥਰ ਹੋਏ ਅਹਿਸਾਸਾਂ ਨੂੰ ਸੁਆਹ ਦਾ ਢੇਰ ਬਣਾ ਦਿੱਤਾ।

ਤੇਰੀ ਚੂੜੀ ਕਿੰਨੀ ਸੁਹਣੀ ਹੈ, ਤਾਰਿਆਂ ਨਾਲ ਮੜ੍ਹੀ ਹੋਈ ਪਰ ਤੇਰੀ ਖੜਗ, ਹੇ ਤੀਰਾਂ ਵਾਲਿਆਂ, ਉਸ ਸੁੰਦਰਤਾ ਨਾਲ ਓਤਪੋਤ ਹੈ ਜਿਸ ਨੂੰ ਦੇਖ ਕੇ, ਜਿਸ ਬਾਰੇ ਸੋਚਕੇ ਡਰ ਆਏ।

---

ਵੇਦ ਵਿਆਸ ਤੋਂ 1500 ਸਾਲ ਬਾਦ ਕਾਲੀਦਾਸ ਪੈਦਾ ਹੋਇਆ ਤੇ ਕਾਲੀਦਾਸ ਤੋਂ 1500 ਸਾਲ ਬਾਦ ਟੈਗੋਰ। ਇਨ੍ਹਾਂ ਵਰਗਾ ਕੋਈ ਚੌਥਾ ਮਹਾਂਕਵੀ ਦੇਖਣ ਲਈ ਕੀ ਦੁਨੀਆਂ ਨੂੰ ਹੁਣ ਡੇਢ ਹਜ਼ਾਰ ਸਾਲ ਦਾ ਇੰਤਜ਼ਾਰ ਕਰਨਾ ਪਏਗਾ?

# ਦਾਣਾ-ਪਾਣੀ ਖਿੱਚ ਕੇ ਲਿਜਾਂਦਾ...

ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaikalan.com

ਅੱਜ ਵੀ ਜਦੋਂ ਜੈਬੇ ਤਾਏ ਨੂੰ ਯਾਦ ਕਰੀਦਾ ਹੈ ਤਾਂ ਅੱਖਾਂ ਵਿਚੋਂ ਹੰਝੂ ਆਪ ਮੁਹਾਰੇ ਵਗ ਤੁਰਦੇ ਹਨ। ਜੈਬਾ ਛੋਟਾ ਜਿਹਾ ਸੀ, ਜਦੋਂ ਉਸ ਦੇ ਪਿਉ ਦਾ ਸਾਇਆ ਉਠ ਗਿਆ ਸੀ। ਜਿਹੜੀ ਜ਼ਮੀਨ ਸੀ ਉਹ ਭੈਣਾਂ ਦੇ ਵਿਆਹ 'ਤੇ ਲੱਗ ਗਈ। ਮਾਂ ਨੇ ਜੈਬਾ ਪਾਲ-ਪਲੋਸ ਕੇ ਜਵਾਨ ਕਰ ਦਿੱਤਾ। ਸਵਾ ਛੇ ਫੁੱਟ ਲੰਮਾ, ਗੋਰਾ, ਨਿਛੋਹ। ਜਿੱਥੋਂ ਦੀ ਲੰਘਦਾ, ਉਸ ਦੇ ਭਰਵੇਂ ਜੁੱਸੇ ਤੇ ਗੋਰੇ ਰੰਗ ਦੀ ਗੱਲ ਜ਼ਰੂਰ ਹੁੰਦੀ। ਗਲੀ ਵਿਚੋਂ ਲੰਘਦੇ ਨੂੰ ਕੁੜੀਆਂ ਦੇਖ ਕੇ ਕਹਿ ਦਿੰਦਿਆਂ, "ਮਾਂ ਮੇਰਾ ਟੁੱਕ ਫੜੀਂ, ਮੈਂ ਭੱਜ ਕੇ ਜੈਬਾ ਦੇਖ ਆਵਾਂ।" ਆਥਣ ਵੇਲੇ ਜੈਬਾ ਜਦੋਂ ਸਿਆਮੋ ਦੀ ਭੱਠੀ 'ਤੇ ਦਾਣੇ ਭੁੰਨਾਉਣ ਵਾਸਤੇ ਆਉਂਦਾ ਤਾਂ ਕੁੜੀਆਂ ਦਾ ਭੱਠੀ 'ਤੇ ਮੇਲਾ ਲੱਗ ਜਾਂਦਾ। ਸਿਆਮੋ ਜੈਬੇ ਦੇ ਦਾਣੇ ਸਾਰਿਆਂ ਨਾਲੋਂ ਪਿੱਛੋਂ ਭੁੰਨਣ ਨੂੰ ਪਹਿਲ ਦਿੰਦੀ। ਕੁੜੀਆਂ ਜੈਬੇ ਕਰਕੇ ਹੀ ਤਾਂ ਭੱਠੀ 'ਤੇ ਆਉਂਦੀਆਂ। ਭੱਠੀ 'ਤੇ ਹੋਰ ਬੈਠੇ ਗੱਭਰੂ ਜੈਬੇ ਤੋਂ ਤੰਗ ਸਨ। ਹਰ ਕੁੜੀ ਜੈਬੇ ਦਾ ਨਾਂ ਜਪਦੀ ਸੀ।

ਮਾਂ ਨੂੰ ਫਿਕਰ ਸੀ ਕਿ ਜੈਬਾ ਕਿਤੇ ਕੰਮ-ਧੰਦੇ ਲੱਗ ਜਾਵੇ। ਜੇ ਕੰਮ ਕਰੂਗਾ ਤਾਂ ਹੀ ਕੋਈ ਸਾਕ ਉਠੂਗਾ। ਵੀਹਵੇਂ ਸਾਲ ਵਿਚ ਪੈਰ ਧਰਿਆ ਸੀ, ਜਦੋਂ ਹੋਰ ਮੁੰਡਿਆਂ ਨੇ ਜੈਬੇ ਨੂੰ ਕਬੱਡੀ ਵਾਸਤੇ ਮੈਦਾਨ ਵਿਚ ਵਾੜ ਲਿਆ। ਕਬੱਡੀ ਤੋਂ ਆਣਜਾਣ ਜੈਬਾ ਕੌਡੀ ਪਾਉਣ ਗਿਆ। ਖੂਹੀ ਵਾਲੇ ਜੱਗੇ ਨੇ ਭੱਜੇ ਜਾਂਦੇ ਜੈਬੇ ਦੇ ਕੈਂਚੀ ਮਾਰ ਦਿੱਤੀ। ਜੈਬੇ ਦੀ ਲੱਤ ਮੋਛੇ ਵਾਂਗ ਟੁੱਟ ਗਈ। ਮੰਜੇ 'ਤੇ ਪਾ ਕੇ ਘਰ ਲਿਆਂਦਾ। ਸੁਧਾਰ ਵਾਲੇ ਸੰਤ ਤੋਂ ਲੱਤ ਬੰਨ੍ਹਵਾ ਦਿੱਤੀ। ਮਾਂ ਵਿਚਾਰੀ ਧਾਹੀਂ ਰੋਵੇ। ਮੁੰਡਿਆਂ ਦੇ ਦਿਲ ਦੀ ਰੀਝ ਪੂਰੀ ਹੋ ਗਈ ਕਿ ਜੈਬਾ ਮੰਜੇ 'ਤੇ ਪਾ ਦਿੱਤਾ। ਕਈ ਕੁੜੀਆਂ ਤਾਂ ਆਨੇ-ਬਹਾਨੇ ਜੈਬੇ ਦਾ ਪਤਾ ਵੀ ਲੈ ਗਈਆਂ ਪਰ ਜੈਬੇ ਨੇ ਇਸ਼ਕ ਦਾ ਓ, ਅ ਪੜ੍ਹਿਆ ਹੀ ਨਹੀਂ ਸੀ। ਜੈਬਾ ਜੱਗੇ ਦੀ ਸਾਰੀ ਚਾਲ ਸਮਝ ਗਿਆ ਸੀ, ਪਰ ਗਰੀਬੀ ਮੂੰਹ ਬੰਦ ਕਰ ਦਿੰਦੀ ਸੀ।

ਮੇਰੇ ਪਿਤਾ ਜੀ ਗੱਲਾਂ ਕਰਦੇ ਅੱਜ ਵੀ ਕਹਿ ਦਿੰਦੇ ਹਨ ਕਿ ਜੈਬੇ ਵਰਗਾ ਬੰਦਾ ਜੱਗ 'ਤੇ ਟਾਵਾਂ-ਟਾਵਾਂ ਹੀ ਮਿਲਦਾ ਹੈ। ਲੱਤ ਠੀਕ ਤਾਂ ਹੋ ਗਈ ਪਰ ਜੈਬਾ ਇਕ ਪਾਸੇ ਨੂੰ ਪੈਰ ਦਬਾ ਕੇ ਤੁਰਨ ਲੱਗਾ, ਜਿਵੇਂ ਕਿਸੇ ਦੀ ਨਜ਼ਰ ਹੀ ਲੱਗ ਗਈ ਹੋਵੇ। ਮਾਂ ਨੇ ਉਚੇ ਚੁਬਾਰੇ ਵਾਲਿਆਂ ਨਾਲ ਜੈਬਾ ਸਾਂਝੀ ਰਲਾ ਦਿੱਤਾ। ਜੈਬੇ ਨੇ ਇਕ ਸਾਲ ਵਿਚ ਖੇਤੀ ਦਾ ਸਾਰਾ ਕੰਮ ਸਿੱਖ ਲਿਆ। ਭਾਰੀ ਮੀਂਹਾਂ ਨੇ ਜੈਬੇ ਦੇ ਸਿਰ ਵਾਲੀ ਛੱਤ ਵੀ ਢਾਹ ਦਿੱਤੀ। ਫਿਰ ਦੋਵੇਂ ਮਾਂ-ਪੁੱਤ ਕਿਸੇ ਕਨੈਡੀਅਨ ਦੇ ਬੰਦ ਪਏ ਘਰ ਵਿਚ ਆ ਗਏ। ਹੁਣ ਜੈਬੇ ਨੇ ਆਪਣੇ ਦੋ ਬਲਦ ਲੈ ਕੇ ਰੇੜ੍ਹੀ ਵੀ ਬਣਾ ਲਈ। ਹਾੜ੍ਹੀ-ਸਾਉਣੀ ਉਹ ਜੱਟਾਂ ਨਾਲ ਕੰਮ ਕਰਵਾ ਦਿੰਦਾ। ਕਿਸੇ ਦਾ ਨਰਮਾ, ਕਪਾਹ ਸੀੜ ਦਿੰਦਾ ਆਪਣੇ ਬਲਦਾਂ ਨਾਲ। ਕਿਸੇ ਦੀ ਮੱਕੀ, ਚਰੀ ਬੀਜ ਦਿੰਦਾ। ਕਣਕ ਦੀਆਂ ਓਲੀਆਂ ਤਾਂ ਜੈਬੇ ਵਰਗੀਆਂ ਕੋਈ ਲਾ ਨਹੀਂ ਸਕਦਾ ਸੀ। ਕਣਕ ਦੀਆਂ ਵੱਟਾਂ ਪਾਉਣ ਸਮੇਂ ਉਹ ਲੋਹੇ ਦੇ ਗਜ਼ ਵਿਚ ਵੀ ਵਿੰਗ ਕੱਢ ਦਿੰਦਾ। ਗਰੀਬ ਮਾਂ ਦੇ ਪੁੱਤ ਨੂੰ ਸਰਾਫ਼ਤ ਦੇ ਫਲ ਲੱਗਣ ਲੱਗੇ। ਲੋਕਾਂ ਦੀ ਜ਼ੁਬਾਨ 'ਤੇ ਜੈਬਾ ਬੈਠ ਗਿਆ।

ਰੱਬ ਦੀ ਕਰਨੀ, ਕਰੰਟ ਲੱਗਣ ਨਾਲ ਜੱਗੇ ਦੀ ਮੌਤ ਹੋ ਗਈ। ਜੱਗੇ ਦੀ ਮਾਂ ਕਹਿੰਦੀ-ਮੇਰੇ ਪੁੱਤ ਨੇ ਗਰੀਬ ਦੀ ਲੱਤ ਤੋੜ ਕੇ ਉਸ ਨੂੰ ਲੰਗੜਾ ਕੀਤਾ ਹੈ। ਪੁੱਤ ਦੇ ਗੁਨਾਹ ਬਦਲੇ ਮਾਂ ਨੇ ਜੈਬੇ ਨੂੰ ਰਿਸ਼ਤਾ ਕਰਵਾ ਦਿੱਤਾ। ਮਾਂ ਨੇ ਟੁੱਟੀ ਗੰਢ ਦਿੱਤੀ। ਜੈਬਾ ਤੇ ਚਰਨੋ ਆਪਣੇ ਗ੍ਰਹਿਸਥ ਦੀ ਗੱਡੀ ਅੱਗੇ ਤੋਰਨ ਲੱਗੇ।

ਜੈਬਾ ਹੁਣ ਮੁੱਲਾਂਪੁਰ ਤੋਂ ਪਿੰਡ ਨੂੰ ਭਾੜਾ ਢੋਣ ਲੱਗ ਪਿਆ। ਸਵੇਰੇ ਚਲਾ ਜਾਂਦਾ ਤੇ ਸ਼ਾਮ ਨੂੰ ਵਾਪਸ ਆ ਜਾਂਦਾ। ਚਰਨੋ ਨੇ ਘਰੇ ਖੱਡੀ ਲਾ ਲਈ ਜਿਸ ਨਾਲ ਉਹ ਲੋਕਾਂ ਦੇ ਖੇਸ, ਦੁਪੱਟੇ ਬੁਣ ਛੱਡਦੀ। ਦੋਵਾਂ ਨੇ ਚਾਰ ਪੈਸੇ ਜੋੜ ਕੇ ਆਪਣਾ ਘਰ ਬਣਾ ਲਿਆ। ਨਵੇਂ ਘਰ ਦਾ ਚਾਅ ਅਜੇ ਬਾਕੀ ਸੀ ਕਿ ਜੈਬੇ ਦਾ ਬਲਦ ਮਰ ਗਿਆ। ਜੈਬੇ ਨੇ ਗਿਆਰਾਂ ਦਿਨ ਅੰਨ ਮੂੰਹ ਵਿਚ ਨਾ ਪਾਇਆ। ਘਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਕੇ ਆਪ ਬਾਣੀ ਪੜ੍ਹ ਕੇ ਸਹਿਜ ਪਾਠ ਕੀਤਾ। ਜੈਬਾ ਬਲਦਾਂ ਨੂੰ ਆਪਣੇ ਭਰਾ ਸਮਝਦਾ ਸੀ, ਕਿਉਂ ਜੋ ਹਰ ਦੁੱਖ-ਸੁੱਖ ਵਿਚ ਉਹ ਜੈਬੇ ਨਾਲ ਹੁੰਦੇ।

ਜੈਬੇ ਨੇ ਨਵਾਂ ਬਲਦ ਲੈ ਆਂਦਾ। ਚਰਨੋ ਨੇ ਧੀ ਨੂੰ ਜਨਮ ਦਿੱਤਾ। ਧੀ ਜੈਬੇ ਵਰਗੀ ਸਨੁੱਖੀ ਤੇ ਸੋਹਣੀ ਲੱਗਦੀ। ਜੈਬੇ ਦੀ ਮਾਂ ਪੋਤਾ ਦੇਖ ਕੇ ਮਰਨਾ ਚਾਹੁੰਦੀ ਸੀ, ਪਰ ਉਸ ਦੀ ਰੀਝ ਪੂਰੀ ਨਾ ਹੋਈ। ਚਰਨੋ ਨੇ ਫਿਰ ਧੀ ਨੂੰ ਜਨਮ ਦਿੱਤਾ। ਮਾਂ ਜੈਬੇ ਨੂੰ ਆਖਰੀ ਅਸੀਸਾਂ ਦਿੰਦੀ ਪੂਰੀ ਹੋ ਗਈ। ਜੈਬੇ ਦੀ ਇਮਾਨਦਾਰੀ ਤੇ ਸਾਊਪੁਣੇ ਦੀਆਂ ਲਾਗਲੇ ਪਿੰਡਾਂ ਵਿਚ ਵੀ ਗੱਲਾਂ ਹੁੰਦੀਆਂ।

ਮੇਰੇ ਦਾਦਾ ਜੀ ਦੇ ਮਰਨ ਤੋਂ ਬਾਅਦ ਅਸੀਂ ਦੋਵੇਂ ਬਲਦ ਵੇਚ ਦਿੱਤੇ। ਕਣਕ ਦੀਆਂ ਵੱਟਾਂ 'ਤੇ ਓਲੀਆਂ ਜੈਬੇ ਤੋਂ ਲਵਾਉਂਦੇ। ਮੈਂ ਛੋਟਾ ਹੁੰਦਾ ਹੋਇਆ ਵੀ ਜੈਬੇ ਦੀਆਂ ਗੱਲਾਂ ਧਿਆਨ ਨਾਲ ਸੁਣਦਾ। ਉਸ ਨੂੰ ਕਹਾਣੀਆਂ, ਕਿੱਸੇ ਤੇ ਸਾਖੀਆਂ ਬਹੁਤ ਯਾਦ ਸਨ। ਇਕ ਵਾਰੀ ਮੈਂ ਜੈਬੇ ਤੇ ਸਾਡੇ ਸੀਰੀ ਨੂੰ ਸੁਹਾਗੇ 'ਤੇ ਖੜ੍ਹਾ ਕੇ ਸੁਹਾਗਾ ਮਾਰਨ ਲੱਗ ਪਿਆ। ਮੈਂ ਜਾਣ ਕੇ ਟਰੈਕਟਰ ਦੇ ਪੋਲੇ ਜਿਹੇ ਬਰੇਕ ਮਾਰ ਦਿੱਤੇ, ਜੈਬਾ ਤੇ ਸੀਰੀ ਹਲਾਂ ਵਿਚ ਆ ਵੱਜੇ। ਮੇਰਾ ਹਾਸਾ ਨਿੱਕਲ ਗਿਆ। ਸੀਰੀ ਤਾਂ ਕੁਝ ਨਾ ਬੋਲਿਆ ਪਰ ਜੈਬੇ ਨੇ ਜੋ ਕਿਹਾ, ਉਹ ਮੈਂ ਅੱਜ ਤੱਕ ਭੁੱਲਿਆ ਨਹੀਂ, "ਕਾਕਾ ਚਲਾਕੀ ਨਾਲ ਸੌ ਕਦਮ ਅੱਗੇ ਨਿਕਲ ਜਾਵੀਂ, ਪਰ ਮੰਜ਼ਿਲ ਸਰ ਨਹੀਂ ਕਰ ਸਕਦਾ। ਨੇਕੀ ਅਤੇ ਹਮਦਰਦੀ ਨਾਲ ਪੁੱਟਿਆ ਇਕ ਕਦਮ ਮੰਜ਼ਿਲ ਨੂੰ ਪੈਰ ਹੇਠ ਲਿਆ ਦਿੰਦਾ ਹੈ।" ਇਹ ਸੁਣ ਕੇ ਮੇਰੇ ਸਿਰ ਜਿਵੇਂ ਸੌ ਘੜਾ ਪਾਣੀ ਦਾ ਪੈ ਗਿਆ ਹੋਵੇ!

ਚਰਨੋ ਨੇ ਹੁਣ ਪੁੱਤਰ ਨੂੰ ਜਨਮ ਦਿੱਤਾ। ਘਰ ਵਿਚ ਖੁਸ਼ੀ ਮਨਾਈ ਗਈ। ਜੈਬੇ ਨੇ ਬਲਦਾਂ ਨਾਲ ਭਾੜਾ ਢੋਣਾ ਬੰਦ ਕਰ ਦਿੱਤਾ। ਉਸ ਦੀ ਟੁੱਟੀ ਹੋਈ ਲੱਤ ਪੇਸ਼ ਨਾ ਜਾਣ ਦਿੰਦੀ। ਉਹ ਮਾੜਾ-ਮੋਟਾ ਕੰਮ ਜੱਟਾਂ ਨਾਲ ਕਰਵਾ ਛੱਡਦਾ। ਜੈਬੇ ਨੂੰ ਸਾਰੇ ਪਿੰਡ ਦੀ ਵੱਟ, ਜ਼ਮੀਨ ਦਾ ਪਤਾ ਸੀ। ਖੇਤ ਵਿਚੋਂ ਕਣਕ ਦੀ ਇਕ ਬੱਲੀ ਤੋੜ ਕੇ ਤਲੀ 'ਤੇ ਦਾਣੇ ਕੱਢ ਕੇ ਦੱਸ ਦਿੰਦਾ ਸੀ ਕਿ ਇਸ ਖੇਤ ਵਿਚੋਂ ਕਿੰਨੇ ਕੁਇੰਟਲ ਕਣਕ ਨਿਕਲੂਗੀ!

ਜੈਬੇ ਦੀਆਂ ਧੀਆਂ ਮੁਟਿਆਰ ਹੋ ਗਈਆਂ। ਜੈਬਾ ਧੀਆਂ ਨੂੰ ਨਾਲ ਲਿਜਾ ਕੇ ਦਾਣਿਆਂ ਵੱਟੇ ਕਣਕ ਵੱਢਦਾ, ਮੱਕੀ ਬਦਲੇ ਛੱਲੀਆਂ ਕੱਢਦਾ। ਦੋਵੇਂ ਧੀਆਂ ਦਸ ਜਮਾਤਾਂ ਪਾਸ ਕਰਕੇ ਹਟ ਗਈਆਂ। ਮਾਂ ਦਾ ਮਸਾਂ ਸੁੱਖਾਂ-ਸੁੱਖ ਕੇ ਲਿਆ ਸੁਰਜੀਤ ਅਜੇ ਪੜ੍ਹਦਾ ਸੀ।

ਚਰਨੋ ਧੀਆਂ ਦੇ ਵਿਆਹ ਨੂੰ ਲੈ ਕੇ ਫਿਕਰ ਕਰਦੀ ਰਹਿੰਦੀ। ਜੈਬਾ ਕੋਈ ਸਾਖੀ ਸੁਣਾ ਕੇ ਚਰਨੋ ਨੂੰ ਚੁੱਪ ਕਰਵਾ ਦਿੰਦਾ। ਚਰਨੋ ਕਹਿੰਦੀ-ਸਾਖੀਆਂ ਨਾਲ ਕੰਮ ਨਹੀਂ ਚੱਲਦੇ, ਪਰ ਜੈਬਾ ਠੰਢੇ ਸੁਭਾਅ ਦਾ ਮਾਲਕ ਸੀ। ਉਹ ਉਸ ਦੇ ਹੁਕਮ ਨਾਲ ਜਿਉਂਦਾ ਸੀ ਜਿਸ ਦੇ ਹੁਕਮ ਤੋਂ ਬਗ਼ੈਰ ਪੱਤਾ ਵੀ ਨਹੀਂ ਹਿਲਦਾ। ਫਿਰ ਇਕ ਦਿਨ ਅਕਾਲ ਪੁਰਖ ਦੇ ਹੁਕਮ ਨਾਲ ਬੂਹੇ ਦਸਤਕ ਹੋਈ। ਅੱਗੇ ਸਰਪੰਚ ਖੜ੍ਹਾ ਸੀ ਜਿਸ ਨੇ ਜੈਬੇ ਦੀ ਵੱਡੀ ਕੁੜੀ ਵਾਸਤੇ ਮੁੰਡੇ ਦੀ ਦੱਸ ਪਾਈ। ਮੁੰਡੇ ਦੀ ਬਾਂਹ ਪੋਲੀਓ ਕਰਕੇ ਸੁੱਕੀ ਹੋਈ ਸੀ, ਤੇ ਉਹ ਜਰਮਨੀ ਵਿਚ ਪੱਕੇ ਤੌਰ 'ਤੇ ਰੈਸਟੋਰੈਂਟ ਚਲਾ ਰਿਹਾ ਸੀ। ਜੈਬੇ ਨੇ ਕੁੜੀ ਦਿਖਾਉਣ ਲਈ ਹਾਂ ਕਰ ਦਿੱਤੀ। ਮੁੰਡੇ ਨੇ ਕੁੜੀ ਦੇਖ ਹਾਂ ਕਰ ਦਿੱਤੀ। ਤਿੰਨ ਦਿਨਾਂ ਵਿਚ ਵਿਆਹ ਹੋ ਗਿਆ। ਜੈਬੇ ਦੀ ਕੁੜੀ ਜਰਮਨੀ ਪੁੱਜ ਗਈ।

ਚਰਨੋ ਨੂੰ ਹੁਣ ਜੈਬੇ ਦੀਆਂ ਸੁਣਾਈਆਂ ਸਾਖੀਆਂ ਚੰਗੀਆਂ ਲੱਗਣ ਲੱਗੀਆਂ। ਜ਼ਿੰਦਗੀ ਦੇ ਦਿਨਾਂ ਨੂੰ ਲੰਘਾਉਂਦਾ ਜੈਬਾ ਅਕਾਲ ਪੁਰਖ ਦਾ ਸ਼ੁਕਰਾਨਾ ਕਰਦਾ ਨਾ ਥੱਕਦਾ। ਵੱਡੀ ਕੁੜੀ ਅਤੇ ਪ੍ਰਾਹੁਣੇ ਨੇ ਸੁਰਜੀਤ ਨੂੰ ਪੜ੍ਹਨ ਲਈ ਬਹੁਤ ਜ਼ੋਰ ਲਾਇਆ ਪਰ ਉਹ ਦਸਵੀਂ ਕਰਕੇ ਹਟ ਗਿਆ। ਫਿਰ ਉਸ ਨੂੰ ਲੁਧਿਆਣੇ 'ਕੁੱਕ' ਦੀ ਸਿਖਲਾਈ ਲਈ ਭੇਜ ਦਿੱਤਾ ਗਿਆ ਜਿੱਥੋਂ ਉਹ ਪੂਰਾ 'ਕੁੱਕ' ਬਣ ਕੇ ਨਿਕਲਿਆ। ਜਰਮਨੀ ਤੋਂ ਪੱਕੇ ਪੇਪਰਾਂ ਰਾਹੀਂ ਸੁਰਜੀਤ ਨੂੰ ਸੱਦ ਲਿਆ। ਵੱਡੀ ਧੀ ਵਾਂਗ ਪੁੱਤ ਵੀ ਜਰਮਨੀ ਵਿਚ ਸੈਟ ਹੋ ਗਿਆ। ਸੁਰਜੀਤ ਨੇ ਜਰਮਨੀ ਜਾ ਕੇ ਜੈਬੇ ਦੀ ਆਰਥਿਕ ਹਾਲਤ ਸੁਧਾਰ ਦਿੱਤੀ।

ਜੇ ਤਕੜੇ ਦਾ ਸੱਤੀ ਵੀਹੀਂ ਸੌ ਹੋ ਸਕਦਾ ਹੈ ਤਾਂ ਮਾੜੇ ਦੀ ਵੀ ਰੱਬ ਨੇੜੇ ਹੋ ਕੇ ਸੁਣ ਲੈਂਦਾ ਹੈ। ਇਕ ਦਿਨ ਸਵੇਰਿਓਂ ਹੀ ਵੱਡੀ ਕੁੜੀ ਦਾ ਜਰਮਨੀ ਤੋਂ ਫੋਨ ਆਇਆ, "ਬਾਪੂ ਜੀ ਸਤਿ ਸ੍ਰੀ ਅਕਾਲ, ਕਹਿ ਕੇ ਅੱਗੇ ਬੋਲੀ-ਬਾਪੂ ਜੀ, ਅਗਲੇ ਮਹੀਨੇ ਜਰਮਨੀ ਤੋਂ ਫਲਾਣੇ ਪਿੰਡ ਦਾ ਮੁੰਡਾ ਆ ਰਿਹਾ ਹੈ। ਅਸੀਂ ਉਸ ਨਾਲ ਆਪਣੀ ਛੋਟੀ ਦੇ ਰਿਸ਼ਤੇ ਦੀ ਗੱਲ ਕਰ ਲਈ ਹੈ। ਬੱਸ, ਮੁੰਡਾ-ਕੁੜੀ ਇਕ ਵਾਰ ਇਕ-ਦੂਜੇ ਨੂੰ ਦੇਖ ਲੈਣ। ਪੱਕ ਹੋਏ ਤੋਂ ਬਾਅਦ ਅਸੀਂ ਸਾਰੇ ਜਾਣੇ ਆ ਕੇ ਛੋਟੀ ਦਾ ਵਿਆਹ ਕਰ ਜਾਵਾਂਗੇ।" "ਚੰਗਾ ਪੁੱਤ", ਕਹਿ ਕੇ ਜੈਬੇ ਨੇ ਫੋਨ ਰੱਖ ਦਿੱਤਾ। ਮੁੰਡਾ ਪਿੰਡ ਆਇਆ ਤੇ ਕੁੜੀ ਪਸੰਦ ਕਰ ਲਈ। ਜਰਮਨੀ ਤੋਂ ਸਾਰੇ ਜਣੇ ਆਏ, ਛੋਟੀ ਦਾ ਵਿਆਹ ਕਰ ਦਿੱਤਾ। ਜੈਬੇ ਨੇ ਫਿਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਕੇ ਸਹਿਜ ਪਾਠ ਕਰਕੇ ਅਕਾਲ ਪੁਰਖ ਦਾ ਸ਼ੁਕਰਾਨਾ ਕੀਤਾ।

ਜਦੋਂ ਮੈਂ ਬਾਹਰ ਦੇ ਚੱਕਰਾਂ ਵਿਚ ਇਧਰ-ਉਧਰ ਘੁੰਮ ਰਿਹਾ ਸੀ, ਉਨ੍ਹਾਂ ਦਿਨਾਂ ਵਿਚ ਮੈਨੂੰ ਜੈਬਾ ਤਾਇਆ ਮਿਲਿਆ ਤੇ ਕਹਿੰਦਾ, "ਕਾਕਾ ਝੂਠ ਬੋਲਣ ਨਾਲੋਂ ਸੱਚ ਸੁਣਨ ਦੀ ਆਦਤ ਪਾਵੋ। ਲੋਕਾਂ ਨੂੰ ਬੁਰਾ-ਭਲਾ ਕਹਿਣ ਨਾਲੋਂ ਆਪਣੇ-ਆਪ ਨੂੰ ਸੁਧਾਰੋ। ਫਿਰ ਸੱਚ ਦਾ ਹਮੇਸ਼ਾ ਸਾਡੇ 'ਤੇ ਪਹਿਰਾ ਰਹੇਗਾ। ਜੋ ਜ਼ਿੰਦਗੀ ਦੀ ਚਾਹਤ ਹੈ, ਉਹ ਤੈਨੂੰ ਮਿਲ ਜਾਊਗੀ; ਪਰ ਮਿਲਣੇ ਨਹੀਂ ਹੁਸਨ, ਜਵਾਨੀ ਤੇ ਮਾਪੇ। ਫਿਰ ਤਾਏ ਨੇ ਹੇਕ ਲਾਈ:

"ਥਲਾਂ ਵਿਚ ਸੱਸੀ ਮੱਚ ਗਈ
ਵਿਚ ਝਨਾਂ ਦੇ ਡੁੱਬ ਗਈ ਸੋਹਣੀ।
ਦਾਣਾ-ਪਾਣੀ ਖਿੱਚ ਕੇ ਲਿਜਾਂਦਾ ਉਥੇ
ਮੌਤ ਆਵੇ ਜਿੱਥੇ ਲਿਖੀ ਹੋਵੇ ਹੋਣੀ।"

ਤਾਇਆ ਅਲਜਬਰੇ ਦੇ ਸਵਾਲ ਜਿਹੇ ਪਾ ਗਿਆ ਪਰ ਉਤਰ ਕੋਈ ਨਾ ਦੇ ਕੇ ਗਿਆ। ਫਿਰ ਮੈਂ ਜ਼ਿੰਦਗੀ ਦੇ ਕੌੜੇ ਅਤੇ ਮਿੱਠੇ ਦਿਨਾਂ ਵਿਚੋਂ ਲੰਘਦਾ ਗਿਆ। ਜਿਵੇਂ ਕੋਈ ਮੁਸੀਬਤ ਆਉਂਦੀ, ਉਹਦਾ ਹੱਲ ਹੋ ਜਾਂਦਾ ਤਾਂ ਮੈਨੂੰ ਤਾਏ ਦੇ ਸਵਾਲ ਦਾ ਉਤਰ ਮਿਲ ਜਾਂਦਾ। ਮੇਰੇ ਇੱਥੇ ਆਉਣ ਤੋਂ ਬਾਅਦ ਦੱਸਦੇ ਨੇ ਸੁਰਜੀਤ ਪਿੰਡ ਗਿਆ। ਦੋ ਮੰਜ਼ਲੀ ਕੋਠੀ ਪਾ ਕੇ ਵਿਆਹ ਕਰਵਾ ਆਇਆ। ਜੈਬੇ ਨੇ ਫਿਰ ਕੋਠੀ ਵੱਲ ਦੇਖ ਕੇ ਮਾਂ ਨੂੰ ਯਾਦ ਕਰਦੇ ਨੇ ਧਾਹ ਮਾਰੀ ਤੇ ਕਹਿੰਦਾ, "ਕਾਸ਼! ਮਾਂ ਜੇ ਤੂੰ ਅੱਜ ਜਿਉਂਦੀ ਹੁੰਦੀ, ਤੇਰੇ ਧਰਤੀ ਪੈਰ ਨਾ ਲੱਗਦੇ।"

ਇਕ ਦਿਨ ਜੈਬਾ ਜੱਤ ਵਾਲੀ ਜੈਕਟ ਪਾਈ ਸੱਥ ਵਿਚ ਬੈਠਾ ਸੀ। ਉਥੋਂ ਲੰਘਦੇ ਨੰਬਰਦਾਰ ਨੇ ਟਿੱਚਰ ਕੀਤੀ। ਕਹਿੰਦਾ, "ਜੈਬਿਆ, ਯਾਰ ਕਣਕ ਦੀਆਂ ਵੱਟਾਂ 'ਤੇ ਸਰੋਂ ਦੀਆਂ ਓਲੀਆਂ ਲਾਉਣੀਆਂ ਸੀ।" ਜੈਬਾ ਬੋਲਿਆ, "ਨੰਬਰਦਾਰ ਜੀ, ਅਜਿਹੀ ਕੋਈ ਗੱਲ ਨਹੀਂ। ਪੰਜਾਲੀ ਤੇ ਮੁੰਨਾ ਸਾਂਭ ਕੇ ਰੱਖੇ ਹੋਏ ਨੇ। ਮੈਂ ਕਿਸੇ ਦੇ ਬਲਦ ਮੰਗ ਕੇ ਲੈ ਆਉਂਦਾ ਹਾਂ ਪਰ ਗੁੱਸਾ ਨਾ ਕਰਨਾ, ਤੁਸੀਂ ਤਾਂ ਆਪਣੀ ਜ਼ਮੀਨ ਮਾਮਲੇ 'ਤੇ ਦਿੱਤੀ ਹੈ।" ਨੰਬਰਦਾਰ ਮੌਕੇ ਦਾ ਜਵਾਬ ਸੁਣ ਕੇ 'ਕੱਠਾ ਜਿਹਾ ਹੋ ਗਿਆ। ਨਾਲ ਹੀ ਜੈਬੇ ਤਾਏ ਨੇ ਨੰਬਰਦਾਰ ਨੂੰ ਸਮਝਾਉਂਦਿਆਂ ਕਿਹਾ, "ਉਸ ਨੂੰ ਅਮੀਰ ਨਹੀਂ ਕਹਿੰਦੇ ਜੋ ਆਪਣੀ ਗਰੀਬੀ ਵਾਲਾ ਅਤੀਤ ਭੁੱਲ ਕੇ ਕਾਰ ਵਿਚ ਘੁੰਮਦਾ ਹੋਵੇ। ਮੈਂ ਅਜਾਇਬ ਸਿਓਂ ਬਣਨ ਦਾ ਚਾਹਵਾਨ ਨਹੀਂ, ਜੈਬਾ ਹੀ ਬਣਿਆ ਰਹਿਣਾ ਚਾਹੁੰਦਾ ਹਾਂ।" ਆਖਿਰ ਦੋ ਕੁ ਸਾਲ ਪਹਿਲਾਂ ਤਾਇਆ, "ਜੈਬਾ" ਬਣਿਆ ਹੀ ਜਹਾਨੋਂ ਉਡਾਰੀ ਮਾਰ ਗਿਆ ਤੇ ਮੈਂ ਤਾਏ ਦੇ ਦਿੱਤੇ ਸਵਾਲ ਹੌਲੀ-ਹੌਲੀ ਹੱਲ ਕਰਨ ਦੀ ਕੋਸ਼ਿਸ਼ ਕਰ ਰਿਹਾ ਹਾਂ।

ਕਹਾਣੀ

# ਬੱਕਰੇ ਦੀ ਜੂਨ

ਚਰਨਜੀਤ ਸਿੰਘ ਪੰਨੂ

ਸਵੇਰੇ ਘਰੋਂ ਬਾਹਰ ਨਿਕਲਦੇ ਇੰਸਪੈਕਟਰ ਜਾਨੀ ਦਾ ਮਨ ਜਰਾ ਕੁ ਘਬਰਾਇਆ। ਅਖ਼ਬਾਰ ਦੀਆਂ ਸੁਰਖ਼ੀਆਂ ਲੁੱਟ-ਮਾਰ, ਬੈਂਕ ਡਾਕੇ, ਕਤਲੇਆਮ, ਪੁਲਿਸ ਮੁਕਾਬਲਾ, ਇਕ ਰੁਟੀਨ ਮਾਮਲਾ ਬਣ ਕੇ ਰਹਿ ਗਈਆਂ ਸਨ। ਘਰੋਂ ਦਫ਼ਤਰ, ਤੇ ਦਫ਼ਤਰੋਂ ਘਰ, ਬੱਸ ਇਹੀ ਦੋ ਚਾਰ ਕਿਲੋਮੀਟਰ ਦਾ ਫਾਸਲਾ ਮਿੰਟ ਗਿਣ-ਗਿਣ ਕੇ ਲੰਘਦਾ ਸੀ। ਜਿਹੜੀ ਘੜੀ ਲੰਘ ਗਈ ਉਹੀ ਸੁਲਖਣੀ, ਅੱਗੇ ਕੀ ਹੋਣ ਵਾਲਾ ਹੈ ਕਿਸੇ ਨੂੰ ਪਤਾ ਨਹੀਂ ਸੀ। ਦਫ਼ਤਰ ਪਹੁੰਚ ਕੇ ਉਸ ਨੂੰ ਖ਼ਬਰ ਮਿਲੀ ਕਿ ਤਰਨਤਾਰਨ ਤੇ ਭਿਖੀਵਿੰਡ ਇਲਾਕਿਆਂ ਵਿਚ ਫਿਰ ਉਸ ਦੀ ਡਿਊਟੀ ਲੱਗੀ ਹੈ। ਥਾਂ ਥਾਂ ਪੁਲਿਸ ਰੋਕਾਂ ਤੇ ਪੈਰ ਪੈਰ 'ਤੇ ਖਾੜਕੂਆਂ ਦੇ ਡੂਮਣੇ ਪਲ ਵਿਚ ਹੀ ਉਸ ਦੀਆਂ ਨਜ਼ਰਾਂ 'ਚੋਂ ਗੁਜਰ ਗਏ। ਖਾੜਕੂ ਉਸ ਨੇ ਸੁਣੇ ਤਾਂ ਸਨ, ਉਨ੍ਹਾਂ ਦੇ ਕਾਰਨਾਮੇ ਤੇ ਕਰਤੂਤਾਂ ਜਾਨੀ ਹਰ ਰੋਜ ਟੀ ਵੀ, ਰੇਡੀਓ ਤੇ ਅਖ਼ਬਾਰਾਂ ਰਾਹੀਂ ਪੜ੍ਹਦਾ-ਸੁਣਦਾ ਸੀ ਪਰ ਖਾੜਕੂਆਂ ਦੀ ਕਦੇ ਸ਼ਕਲ ਨਹੀਂ ਸੀ ਵੇਖੀ ਉਸ ਨੇ। ਕਿਦਾਂ ਦੇ ਹੁੰਦੇ ਨੇ? ਉਹ ਬੇਕਿਰਕ ਜੋ ਬਿਨਾ ਕਿਸੇ ਦਵੈਤ ਦੇ ਏ ਕੇ ਸੰਤਾਲੀ ਦਾ ਘੋੜਾ ਨੱਪ ਕੇ ਵਸਦੇ ਰਸਦੇ ਘਰਾਂ ਵਿਚ ਲਹੂ ਦੀ ਪਰਤ ਵਿਛਾ ਦਿੰਦੇ ਹਨ।

ਜਾਨ ਤਲੀ 'ਤੇ ਧਰ ਕੇ ਮਹਿਕਮੇ ਦੀ ਚੁਣੌਤੀ ਉਸ ਨੇ ਹੱਸ ਕੇ ਸਵੀਕਾਰ ਕਰ ਲਈ। ਹੋਰ ਕੋਈ ਉਧਰ ਜਾਣ ਦਾ ਹੀਆ ਨਹੀਂ ਸੀ ਕਰਦਾ। ਤਰਨਤਾਰਨ ਪਹੁੰਚ ਕੇ ਉਸ ਦੀ ਜਾਨ ਬਿਖੜ ਕੇ ਤੀਲਾ ਤੀਲਾ ਹੋ ਗਈ। ਸੁੰਨਸਾਨ ਗਲੀਆਂ ਬਾਜ਼ਾਰ, ਬੇਰੌਣਕੇ ਚਿਹਰੇ, ਕੁੱਤਿਆਂ ਤੇ ਪੁਲਿਸ ਦੀ ਹਰਲ-ਹਰਲ। ਕਾਗਜ਼ੀ ਕਾਰਵਾਈ ਪਾਉਣ ਲਈ ਉਸ ਨੇ ਘਸੀਟਪੁਰੀਆ ਦੇ ਸ਼ੈਲਰ ਵੱਲ ਸਕੂਟਰ ਮੋੜਿਆ। ਉਸ ਦੀ ਰਹਿੰਦੀ-ਖੂਹੰਦੀ ਕਸਰ ਵੀ ਪੂਰੀ ਹੋ ਗਈ। ਦਫ਼ਤਰ ਦੇ ਗੇਟ ਨੂੰ ਵੱਡਾ ਸਾਰਾ ਤਾਲਾ। ਉਹ ਬਹੁਤ ਚਿੰਤਾਤੁਰ ਹੋਇਆ। ਇਹ ਸ਼ੈਲਰ ਉਸ ਦੀ ਠਾਹਰ ਸੀ, ਉਸ ਦੀ ਹੀ ਨਹੀ, ਹਰ ਚੰਗੇ ਮਾੜੇ ਅਫ਼ਸਰ ਦੀ।

ਕਾਰਖ਼ਾਨੇ ਦਾ ਮਾਲਕ ਜਗਤਾਰ ਸਿੰਘ ਘਸੀਟਪੁਰੀਆ ਹਰ ਉਚੇ ਨੀਵੇਂ ਨੂੰ ਜੀ ਆਇਆ ਕਹਿੰਦਾ ਸੀ। ਸ਼ਹਿਰ ਦੇ ਆਸੇ ਪਾਸੇ ਦੇ ਹਰ ਅਮੀਰ ਵਜੀਰ ਦੀ ਉਸ ਤੱਕ ਪਹੁੰਚ ਸੀ। ਸ਼ੈਲਰ ਐਸੋਸੀਏਸ਼ਨ ਦਾ ਪ੍ਰਧਾਨ ਸੀ ਉਹ, ਤੇ ਘਸੀਟਪੁਰੇ ਪਿੰਡ ਦਾ ਸਰਪੰਚ। ਬੜਾ ਸੁਹਣਾ, ਸੁਨੱਖਾ ਤੇ ਮਿਲਣਸਾਰ, ਹਰ ਛੋਟੇ ਵੱਡੇ ਦੀ ਦੀਦ ਕਰਦਾ ਸੀ। ਭਾਊਆਂ ਨਾਲ ਵੀ ਉਸ ਦਾ ਯਾਰਾਨਾ ਸੀ, ਤੇ ਉਸ ਨੇ ਕਈਆਂ ਦੇ ਕੰਮ ਕਰਾਏ ਸਨ ਉਨ੍ਹਾਂ ਕੋਲੋਂ। ਉਪਰ ਵਾਲੇ 'ਘੜੇ' 'ਚੋਂ ਜਿਸ ਦੀ ਪਰਚੀ ਨਿਕਲਦੀ ਤੇ ਫਿਰ ਉਹ ਜਗਤਾਰ ਸਿੰਘ ਤੱਕ ਪਹੁੰਚ ਕਰਦੇ। ਜੇ ਕਿਸੇ ਦੀ ਵਧੀ ਹੁੰਦੀ ਤਾਂ ਇਸ ਦੇ ਮਾਧਿਅਮ ਨਾਲ ਫੈਸਲਾ ਹੋ ਜਾਂਦਾ। ਉਨ੍ਹਾਂ ਦੀ ਜਾਨ ਬਖਸ਼ੀ ਹੋ ਜਾਂਦੀ। ਜਾਨੀ ਦਾ ਸਕੂਟਰ ਕੰਬ ਕੇ ਰਹਿ ਗਿਆ ਜਦ ਉਸ ਨੇ ਦੇਖਿਆ, ਆਏ ਗਏ ਅਜਨਬੀਆਂ ਦੀ ਠਾਹਰ 'ਤੇ ਅੱਜ ਸੱਥਰ ਵਿਛੇ ਪਏ ਨੇ। ਸੋਚਾਂ ਵਿਚ ਡੁੱਬੇ ਕਾਰਿੰਦੇ ਤੇ ਹੋਰ ਭੈਣ-ਭਾਈ ਰੋ-ਰੋ ਕੇ ਲਾਲ ਹੋਈਆਂ ਅੱਖਾਂ ਨਾਲ ਉਸ ਨੂੰ ਮਿਲੇ। ਉਨ੍ਹਾਂ ਨੂੰ ਪਤਾ ਸੀ, ਜਾਨੀ ਦਾ ਉਸ ਨਾਲ ਕੁਝ ਜਿਆਦਾ ਹੀ ਮੋਹ ਸੀ ਤੇ ਪੱਗ ਵੱਟਵੀ ਯਾਰੀ ਸੀ। ਅਜੇ ਉਸ ਦੀ ਪਿਛਲੀ ਫੇਰੀ ਸਮੇਂ ਹੀ ਜਗਤਾਰ ਨੇ ਸਲਾਹ ਦਿਤੀ ਸੀ।

'ਭਾਅ ਜੀ, ਤੁਸੀਂ ਅਜਿਹੀ ਕਾਲੀ ਬੋਲੀ ਹਨੇਰੀ ਵਿਚ ਇਧਰ ਦੌਰਾ ਨਾ ਕਰਿਆ ਕਰੋ। ਇਥੇ ਤਾਂ ਉਨ੍ਹਾਂ ਦੀ ਸਮਾਨੰਤਰ ਸਰਕਾਰ ਬਣੀ ਹੋਈ ਹੈ।' ਤੇ ਅੱਗੋਂ ਉਸ ਨੇ ਹੱਸ ਕੇ ਟਾਲ ਦਿੱਤਾ ਸੀ।

"ਇਹ ਤਾਂ ਮੇਰਾ ਆਪਣਾ ਹੀ ਇਲਾਕਾ ਹੈ, ਇਨ੍ਹਾਂ ਗਲੀਆਂ ਦੀ ਮੈਂ ਖਾਕ ਛਾਣੀ ਹੈ, ਇਥੇ ਰਿੜ ਖੁੜ ਕੇ ਜਵਾਨੀ ਚੜਿਆ ਹਾਂ। ਮਾਨੋਚਾਹਲ ਦੇ ਮੇਲੇ ਦੇ ਪੰਘੂੜੇ ਮੈਂ ਆਪ ਝੂਟੇ ਹਨ ਤਾਂ ਹੁਣ ਮੈਨੂੰ ਡਰ ਕਾਹਦਾ?"

"ਨਹੀਂ, ਫਿਰ ਵੀ ਬਚਾਅ ਕਰਨਾ ਚਾਹੀਦਾ ਹੈ। ਇਨ੍ਹਾਂ ਨਾਲ ਦੋਸਤੀ ਵੀ ਮਾੜੀ ਤੇ ਦੁਸ਼ਮਣੀ ਵੀ। ਇਹ ਕਿਸੇ ਦੇ ਮਿੱਤ ਨਹੀਂ।" ਤੇ ਅੱਜ ਹੋਰਾਂ ਨੂੰ ਮੱਤਾਂ ਦੇਣ ਵਾਲੇ ਉਸੇ ਨੂੰ ਭਾਊ ਗੱਡੀ ਚੜ੍ਹਾ ਗਏ। ਉਸ ਦਾ ਮਨ ਬੁਝ ਗਿਆ। ਜੇ ਉਸ ਦਾ ਇਹ ਹਾਲ ਹੋਇਆ ਹੈ ਤਾਂ ਆਪਾਂ ਕਿਸ ਦੇ ਪਾਣੀਹਾਰ ਹਾਂ?

"ਚਲੋ ਭਿੱਖੀਵਿੰਡ ਹੀ ਚਲਦੇ ਹਾਂ। ਅਕਸਰ ਤਾਂ ਉਥੇ ਵੀ ਜਾਣਾ ਹੀ ਪੈਣਾ ਹੈ, ਅੱਜ ਨਹੀਂ ਤਾਂ ਕੱਲ।" ਉਹ ਮਨ ਵਿਚ ਬੜਾ ਕਲਪਿਆ।

ਤਰਨਤਾਰਨ ਤੋਂ ਭਿਖੀਵਿੰਡ ਦੀ ਸੜਕ ਹੋਰ ਵੀ ਜਿਆਦਾ ਖਤਰਨਾਕ ਸੀ, ਤੇ 'ਉਨ੍ਹਾਂ' ਦੀ ਹਕੂਮਤ ਸੀ ਉਸ ਸੜਕ 'ਤੇ ਪੂਰੀ ਤਰ੍ਹਾਂ। ਇਹੀ ਉਸ ਨੂੰ ਖਾਸ ਤੌਰ 'ਤੇ ਦੱਸਿਆ ਸੀ ਜਗਤਾਰ ਸਿੰਘ ਨੇ। ਪਰ ਅੰਦਰ ਵੜ ਕੇ ਵੀ ਤਾਂ ਕਿੰਦਾਂ ਦਿਨ ਕਟੀ ਹੋ ਸਕਦੀ ਹੈ? ਕੰਮ ਤੋਂ ਕੰਨੀ ਕਤਰਾਉਣਾ ਤਾਂ ਬੁਜ਼ਦਿਲੀ ਹੈ। ਉਸ ਦੇ ਮਨ ਦੇ ਅੰਦਰ ਤੂਫਾਨ ਉਠਦੇ ਰਹੇ ਤੇ ਆਖਰ ਉਸ ਨੇ ਉਧਰ ਜਾਣ ਦਾ ਫੈਸਲਾ ਕਰ ਲਿਆ।

ਮੂੰਹ ਵਿਚ ਪਾਠ ਕਰਦਾ ਉਹ ਪਿੰਡ ਮਾਨੋਚਾਹਲ ਦੀ ਹਦੂਦ ਵਿਚ ਦਾਖਲ ਹੋਇਆ। ਲੂੰ ਕੰਢੇ ਖੜੇ ਹੋ ਗਏ, ਦੂਰ ਤੱਕ ਸੜਕ 'ਤੇ ਕੋਈ ਬੰਦਾ/ਪਰਿੰਦਾ ਨਹੀਂ ਸੀ। ਸੱਜੇ ਪਾਸੇ ਦੂਰ ਤੱਕ ਲਹਿਲਹਾਉਂਦੇ ਹਰੇ ਭਰੇ ਖੇਤ। ਇਸ ਜਗ੍ਹਾ ਕਿਸੇ ਵੇਲੇ ਦੂਰ ਤੱਕ ਜੀਉ ਬਾਲੇ ਵਾਲੀ ਰੋਹੀ ਨੇ ਆਪਣੀਆਂ ਜ਼ੁਲਫਾਂ ਖਿਲਾਰ ਕੇ ਹਜ਼ਾਰਾਂ ਏਕੜ ਰਕਬਾ ਤਬਾਹ ਕਰ ਦਿੱਤਾ ਸੀ ਤੇ ਫਿਰ ਕੈਰੋਂ ਦੇ ਇਕ ਵਜੀਰ ਨੇ ਨੱਥ ਪਾ ਕੇ ਸੱਪ ਦੀ ਪਟਾਰੀ ਵਾਂਗ ਇਸ ਨੂੰ ਇਕ ਡਰੇਨ ਵਿਚ ਬੰਦ ਕਰ ਦਿੱਤਾ ਸੀ।

ਖੱਬੇ ਪਾਸੇ ਇਕ ਪੱਕਾ ਟੋਟਾ ਸੀ ਸੜਕ ਦਾ, ਸਖੀਰਿਆਂ ਨੂੰ ਜਾਂਦਾ। ਟਾਂਗੇ ਦੇ ਘੋੜੇ ਨੂੰ ਜਿਵੇਂ ਫਨੀਅਰ ਨੇ ਅੱਗੋਂ ਘੇਰ ਲਿਆ ਹੋਵੇ। ਉਸ ਦੇ ਸਕੂਟਰ ਨੂੰ ਇਕ ਦਮ ਬਰੇਕ ਲੱਗ ਗਈ। ਉਸ ਦੇ ਮਨ ਦੇ ਵਹਿਣ ਉਸ ਨੂੰ ਪਿੰਡ ਮਾਨੋਚਾਹਲ ਦੀ ਸੜਕ 'ਤੇ ਬੋਹੜ ਥੱਲੇ ਲੈ ਆਏ। ਮਲੇਸ਼ੀਏ ਦਾ ਕੁੜਤਾ ਪਜਾਮਾ ਪਾਈ ਦੋ ਨੌਜਵਾਨ ਉਸ ਦੇ ਅੱਗੇ ਖੜੇ ਸਨ। ਖੱਬੇ ਪਾਸੇ ਉਸ ਨੇ ਵੇਖਿਆ ਇਹ ਤਾਂ ਬੱਸ ਸਟਾਪ ਸੀ ਤੇ ਸਵਾਰੀਆਂ ਬੱਸ ਉਡੀਕ ਰਹੀਆਂ ਸਨ। ਉਸ ਨੂੰ ਸਮਝਣ ਵਿਚ ਜ਼ਰਾ ਵੀ ਦੇਰ ਨਾ ਲੱਗੀ ਕਿ ਜਿਨ੍ਹਾਂ ਨੂੰ ਵੇਖਣ ਲਈ ਉਹ ਹਰ ਰੋਜ਼ ਤਰਲੋ ਮੱਛੀ ਹੁੰਦਾ ਸੀ, ਉਹ ਉਸ ਦੇ ਸਾਹਮਣੇ ਖੜੇ ਸਨ। ਮਿੰਟ ਦੀ ਮਿੰਟ ਉਸ ਦਾ ਜੀਅ ਕੀਤਾ ਉਹ ਉਚੀ ਉਚੀ ਚੀਕ ਕੇ ਲਾਗੇ ਖੜੀਆਂ ਸਵਾਰੀਆਂ ਨੂੰ ਮਦਦ ਲਈ ਪੁਕਾਰੇ ਪਰ 'ਟੀਂਅ ਕਰਦੀ ਗੋਲੀ' ਦੀ ਤਵੱਕੋ ਨੇ ਉਸ ਦਾ ਮੂੰਹ ਬੰਦ ਕਰ ਦਿੱਤਾ।

"ਕਿਥੇ ਜਾਣਾ ਭਾਅ ਜੀ?" ਇਕ ਨੇ ਸਕੂਟਰ ਦੇ ਹੈਂਡਲ ਤੇ ਹੱਥ ਧਰ ਕੇ ਬੜੇ ਮਿੱਠੇ ਲਹਿਜੇ ਵਿਚ ਪੁਛਿਆ।

"ਮੈਂ ਭਿਖੀਵਿੰਡ ਜਾਣਾ ਬਾਬਿਓ।"

"ਕੀ ਕੰਮ ਕਰਦੇ ਓ?"

"ਜੀ ਮੈਂ ਖੇਤੀ ਕਰਦਾਂ।"

ਉਸ ਨੂੰ ਇਕ ਦਮ ਫੁਰਨਾ ਫੁਰਿਆ ਤੇ ਉਸ ਨੇ ਬੜੀ ਹਾਜ਼ਰ ਜੁਆਬੀ ਨਾਲ ਜੁਆਬ ਦਿੱਤਾ। ਉਸ ਨੂੰ ਪਤਾ ਸੀ, ਉਹ ਸਰਕਾਰੀ ਅਫਸਰ ਨੂੰ ਨਹੀਂ ਬਖ਼ਸ਼ਦੇ ਤੇ ਸਿਧੇ ਹਰੀਕੇ ਵਾਲੇ 'ਮੰਡ' ਵਿਚ ਜਾ ਸੁੱਟਦੇ ਨੇ ਤੇ ਫੇਰ ਮੂੰਹ ਮੰਗੀ ਫਿਰੌਤੀ ਮੰਗਦੇ ਨੇ ਤੇ ਜਾਂ ਫਿਰ ਇਕ ਅੱਧ ਗੋਲੀ ਠੰਢੀ ਕਰ ਸੁੱਟਦੇ ਨੇ।

"ਕਿਥੇ ਰਹਿੰਦੇ ਓ?" ਸੋਨੇ ਦਾ ਮੋਟਾ ਲਿਸ਼ਕਦਾ ਕੜਾ ਦੂਜੇ ਹੱਥ ਨਾਲ ਉਪਰ ਕਲੂੰਜਦਿਆਂ ਉਸ ਨੇ ਅੱਗੇ ਕਿਹਾ।

"ਜੀ ਅੰਮ੍ਰਿਤਸਰ।"

"ਤਾਂ ਫਿਰ ਇਸ ਰਸਤੇ ਕਿਉਂ ਆਏ? ਦੂਸਰੇ ਸਿੱਧੇ ਰਸਤੇ ਕਿਉਂ ਨਹੀ ਗਏ?"

"ਉਥੇ ਜੀ ਇਕ ਬਿਮਾਰ ਆਦਮੀ ਹੈ ਅੰਮ੍ਰਿਤਸਰ, ਉਸ ਦਾ ਸੁਨੇਹਾ ਦੇਣਾ ਸੀ ਤਰਨਤਾਰਨ ਵੀ ਤੇ ਭਿਖੀਵਿੰਡ ਵੀ।"

ਮੌਤ ਨੂੰ ਸਾਹਮਣੇ ਖੜੀ ਦੇਖ ਕੇ ਵੀ ਉਹ ਬੜੇ ਸਵੈਭਰੋਸੇ ਤੇ ਨਿਡਰਤਾ ਨਾਲ ਉਨ੍ਹਾਂ ਦੀ ਹਰ ਗੱਲ ਦਾ ਪੂਰੀ ਤਸੱਲੀ ਨਾਲ ਜੁਆਬ ਦਿੰਦਾ ਰਿਹਾ।

"ਭਾਅ ਜੀ ਸਾਨੂੰ ਤੁਹਾਡੀ ਗੱਡੀ ਚਾਹੀਦੀ ਹੈ।" ਇਕ ਨੇ ਬੜੇ ਪ੍ਰੇਮ ਨਾਲ ਕਿਹਾ।

ਗੱਡੀ ਤੋਂ ਉਨ੍ਹਾਂ ਦਾ ਮਤਲਬ ਸਕੂਟਰ ਸੀ। ਉਹ ਇਕ ਦਮ ਸਮਝ ਗਿਆ। ਇਕੇਰਾਂ ਤੇ ਉਸ ਦੀ ਖ਼ਾਨਿਓਂ ਗਈ ਕਿ ਨਵਾਂ ਸਕੂਟਰ ਅਜੇ ਨੰਬਰ ਵੀ ਨਹੀ ਲੱਗਾ। ਪਿਛੇ 'ਦਿਲ ਜਾਨੀ' ਹੀ ਲਿਖਿਆ ਹੈ ਇਕੱਲਾ ਜਾਂ 'ਉਡੀਕਾਂ ਨੰਬਰ'। ਪਰ ਇਕ ਗੱਲੋਂ ਉਸ ਨੇ ਸੁੱਖ ਦਾ ਸਾਹ ਲਿਆ ਕਿ ਸ਼ੁਕਰ ਹੈ ਸਕੂਟਰ ਦੇ ਕੇ ਜਾਨ ਤਾਂ ਬਚਦੀ ਹੈ।

"ਕੋਈ ਨੀਂ ਲੈ ਜਾਓ, ਮੈਨੂੰ ਪਤੈ ਤੁਸੀਂ ਇਹ ਸ਼ੁਭ ਕੰਮਾਂ ਲਈ ਹੀ ਵਰਤਣਾ ਹੈ। ਸ਼ੁਕਰ ਰੱਬ ਦਾ ਮੇਰਾ ਸਕੂਟਰ ਵੀ ਸ਼ੁਭ ਮਨੋਰਥਾਂ ਲਈ ਕੰਮ ਆਏ।" ਉਸ ਨੇ ਨਿਸੰਗ ਹੋ ਕੇ ਕਹਿ ਦਿੱਤਾ।

"ਤੁਸੀਂ ਬੜੇ ਬਹਾਦਰ ਜੋਧੇ ਹੋ, ਜੋ ਏਨਾ ਕਸ਼ਟ ਝੱਲ ਕੇ ਰਾਤ ਦਿਨ ਪੰਥ ਦੀ ਸੇਵਾ ਕਰਦੇ ਹੋ।" ਜਾਨੀ ਨੇ ਉਨ੍ਹਾਂ ਦਾ ਦਿਲ ਜਿੱਤਣਾ ਚਾਹਿਆ ਪਰ ਇਹ ਬੈਂਕ ਲੁੱਟਣਗੇ, ਡਾਕੇ ਮਾਰਨਗੇ ਤੇ ਕਈ ਬੇਗੁਨਾਹਾਂ ਨੂੰ ਇਕ ਪਾਲ ਵਿਚ ਖੜਾ ਕਰਕੇ ਭੁੰਨ ਦੇਣਗੇ ਤੇ ਫਿਰ ਇਹ ਸਕੂਟਰ ਉਥੇ ਕਿਸੇ ਚੌਰਾਹੇ ਵਿਚ ਖੜਾ ਕਰਕੇ ਹਰਨ ਹੋ ਜਾਣਗੇ। ਉਸ ਦੇ ਸਾਹਮਣੇ ਭਾਵੀ ਘਟਨਾਵਾਂ ਦੀ ਰੀਲ ਘੁੰਮ ਗਈ।

"ਕੋਈ ਫਿਕਰ ਨਾ ਕਰੋ ਭਾਅ ਜੀ! ਸਾਨੂੰ ਆਪਣਾ ਐਡਰੈਸ ਦੱਸ ਜਾਉ, ਅਸੀਂ ਤੁਹਾਡੀ ਗੱਡੀ ਉਥੇ ਪੁੱਜਦੀ ਕਰ ਦਿਆਂਗੇ। ਜੇ ਚਾਹੋ ਤਾਂ ਕਿਸੇ ਨੇੜੇ ਥਾਣੇ ਵਿਚ ਰਪਟ ਲਿਖਾ ਦਿਉ, ਤੁਹਾਡਾ ਵੀ ਬਚਾ ਹੋ ਜਾਵੇਗਾ।"

"ਮੈਨੂੰ ਇਸ ਪੰਗੇ ਵਿਚ ਨਾ ਹੀ ਪਾਉ, ਮੈਂ ਇਕ ਬਿਮਾਰ ਆਦਮੀ ਦਾ ਸੁਨੇਹਾ ਦੇਣਾ ਹੈ।" ਜਾਨੀ ਨੇ ਤਰਲਾ ਕੀਤਾ।

"ਨਹੀ! ਚਲੋ ਤੁਹਾਨੂੰ ਭਿਖੀਵਿੰਡ ਪਹੁੰਚਾ ਦਿਆਂਗੇ।" ਇਕ ਨੇ ਫਿਰ ਬੜੇ ਹਮਦਰਦੀ ਭਰੇ ਲਹਿਜੇ ਨਾਲ ਜਾਨੀ ਦੀਆਂ ਸਾਰੀਆਂ ਚੂਲਾਂ ਢਿੱਲੀਆਂ ਕਰ ਦਿੱਤੀਆਂ।

ਆਪੇ ਫਾਥੜੀਏ ਤੈਨੂੰ ਕੌਣ ਛੁਡਾਏ। ਹੁਣ ਉਹ ਦੋਨਾਂ ਦੇ ਵਿਚਕਾਰ ਸਕੂਟਰ 'ਤੇ ਬੈਠਾ ਪਾਰੇ ਵਾਂਗ ਕੰਬ ਰਿਹਾ ਸੀ। ਹੁਣੇ ਹੁਣੇ ਟੋਕਰੀ ਵਿਚਲੇ ਕਾਗ਼ਜ਼ ਜੋ ਸਰਕਾਰੀ ਦਸਤਾਵੇਜ਼ ਸਨ ਉਸ ਦੀ ਮੌਤ ਦੀ ਸਾਹੇ-ਚਿੱਠੀ ਬਣਨਗੇ, ਤੇ ਉਨ੍ਹਾਂ ਅੱਗੇ ਮਾਰਿਆ ਝੂਠ ਇਨ੍ਹਾਂ ਸਰਕਾਰੀ ਕਾਗਜ਼ਾਂ ਨੇ ਸਾਰਾ ਨੰਗਾ ਕਰ ਦੇਣਾ ਹੈ। ਉਹ ਫੇਰ ਪਾਠ ਕਰਨ ਲੱਗਾ। ਠੀਕ ਉਸੇ ਤਰ੍ਹਾਂ ਜਿਵੇਂ ਕਦੇ ਉਹ ਛੋਟਾ ਹੁੰਦਾ ਆਪਣੇ ਬਾਬੇ ਨਾਲ ਜੀਉ ਬਾਲੇ ਵਾਲੀ ਰੋਹੀ ਪਾਰ ਕਰਦੇ ਸਮੇਂ ਪਾਠ ਕਰਿਆ ਕਰਦਾ ਸੀ। ਉਸ ਨੇ ਆਪਣੇ ਕੰਨ ਚੁਕੰਨੇ ਕਰ ਸੁਣਿਆ, ਉਹ ਵੀ ਦੋਨੋ ਜਣੇ ਪਾਠ ਕਰ ਰਹੇ ਸਨ। ਜਗਤਾਰ ਦੀ ਕਹੀ ਗੱਲ ਉਸ ਨੂੰ ਬਿਲਕੁਲ ਠੀਕ ਹੀ ਜਾਪੀ ਕਿ ਇਹ ਪੰਥ ਦੇ ਹਮਦਰਦ ਸਿਰਫ਼ ਤਿੰਨ ਕੰਮ ਹੀ ਕਰਦੇ ਹਨ। ਬੰਦੇ ਮਾਰਨੇ, ਬੈਂਕ ਲੁੱਟਣੇ ਜਾਂ ਫਿਰ ਵਿਹਲੇ ਸਮੇਂ ਪਾਠ ਕਰਨਾ। ਉਨ੍ਹਾਂ ਦੋਨਾਂ ਦੀਆਂ ਡੱਬਾਂ ਵਿਚ ਲਕੋਏ ਹਥਿਆਰ ਕਦੇ ਕਦੇ ਸਕੂਟਰ ਦਾ ਹੁਝਕਾ ਲੱਗਣ ਕਰਕੇ ਉਸ ਦੀਆਂ ਵੱਖੀਆਂ ਵਿਚ ਚੋਭ ਲਾ ਜਾਂਦੇ ਤੇ ਉਸ ਦੀ 'ਊਈ ਈ..' ਉਸ ਦੇ ਦੰਦਾਂ ਵਿਚ ਹੀ ਦਮ ਤੋੜ ਜਾਂਦੀ।



"ਲਉ ਭਾਅ ਜੀ! ਹੁਣ ਇਸ ਤੋਂ ਅੱਗੇ ਤੁਸੀਂ ਆਪਣਾ ਇੰਤਜ਼ਾਮ ਕਰ ਲਉ। ਅਸੀਂ ਅਜੇ ਬੜੇ ਕੰਮ ਕਰਨੇ ਨੇ, ਅਸੀਂ ਵੀ ਲੇਟ ਹੋ ਰਹੇ ਹਾਂ।" ਇਹ ਥੋੜੇ ਜਿਹੇ ਪਲ ਵਰ੍ਹਿਆਂ ਵਾਂਗ ਲੰਮੇ ਹੋ ਕੇ ਉਸ ਨੂੰ ਪੋਟਾ ਪੋਟਾ ਕੋਹੰਦੇ ਰਹੇ। ਉਹ ਕਿੰਨੀ ਵੇਰਾਂ ਮਰਿਆ ਕਿੰਨੀ ਵਾਰੀ ਜੀਵਿਆ।

ਕਦੇ ਕਿਸੇ ਦੇ ਸਾਈਕਲ ਤੇ, ਕਦੇ ਸਕੂਟਰ ਤੇ, ਪੈਂਡਾ ਮਾਰਦਾ ਉਹ ਭਿਖੀਵਿੰਡ ਪਹੁੰਚਾ। ਉਥੇ ਸਹਿਮ ਤਾਂ ਸੀ ਪਰ ਲੋਕ ਆਪੋ ਆਪਣੇ ਕੰਮੀਂ ਲੱਗੇ ਹੋਏ ਸਨ। ਕਈ ਅਦਾਰਿਆਂ ਦੇ ਨੁਮਾਇੰਦੇ ਇਕੋ ਥਾਂ ਇਕੱਠੇ ਹੋਏ ਸਨ। ਉਸ ਨੂੰ ਵੇਖ ਕੇ ਸਾਰੇ ਹੈਰਾਨ ਹੋ ਗਏ। ਇਕੱਠ ਵੀ ਸਿਰਫ਼ 'ਉਨ੍ਹਾਂ' ਨਾਲ ਮਾਸਕ ਹਿੱਸਾ-ਪੱਤੀ ਬਾਰੇ ਹੀ ਸੀ। "ਆਉ ਜੀ ਜਨਾਬ!" ਇਕ ਨੇ ਉਠ ਕੇ ਉਸ ਦੀ ਟੁੱਟੇ ਹੋਏ ਸ਼ੀਸ਼ੇ ਵਰਗੀ ਸ਼ਕਲ ਵੇਖ ਕੇ ਚਿੰਤਾ ਜ਼ਾਹਰ ਕੀਤੀ।

"ਮੈਨੂੰ ਪਾਣੀ ਪਿਆਉ ਜਲਦੀ।" ਉਹ ਹਫਦਾ ਹਫਦਾ ਕੁਰਸੀ 'ਤੇ ਢਹਿ ਪਿਆ।

"ਕੀ ਹੋਇਆ ਜਾਨੀ ਸਾਹਿਬ। ਤਬੀਅਤ ਠੀਕ ਨਹੀਂ ਸੀ ਤਾਂ ਨਾ ਆਉਂਦੇ।" ਪ੍ਰਧਾਨ ਨੇ ਉਸ ਦੀ ਤਬੀਅਤ ਦੇਖ ਕੇ ਹਮਦਰਦੀ ਪ੍ਰਗਟਾਈ।

ਉਸ ਨੇ ਬੜੀ ਮੁਸ਼ਕਲ ਨਾਲ ਟੋਟੇ ਟੋਟੇ ਜੋੜ ਕੇ ਆਪਣੀ ਹੱਡ ਬੀਤੀ ਸੁਣਾਈ। ਉਹ 'ਉਨ੍ਹਾਂ' ਕੋਲੋਂ ਏਨਾ ਨਹੀਂ ਸੀ ਡਰਿਆ ਜਿੰਨਾ ਉਹ ਆਪਣੀ ਬੀਤੀ ਸੁਣਾਉਂਦਿਆਂ ਡਰਨ ਲੱਗਾ।

"ਕੋਈ ਨਹੀਂ ਸ਼ੁਕਰ ਕਰੋ, ਇਹ ਤਾਂ ਉਚੇ ਲੰਮੇ 'ਆਦਰਸ਼ਕ ਪਲਟਣ' ਦੇ ਸਿਪਾਹੀ ਨੇ, ਇਹ ਕਿਸੇ ਸਰਕਾਰੀ ਅਫ਼ਸਰ ਨੂੰ ਨਹੀ ਛੱਡਦੇ। ਤੁਸੀਂ ਸਮਝੋ ਅੱਜ ਤੋਂ ਬਾਅਦ ਤੁਹਾਡਾ ਜੀਵਨ ਬੋਨਸ ਦਾ ਜੀਵਨ ਹੈ।"

"ਤੁਹਾਨੂੰ ਕਿਹਾ ਸੀ ਨਾ ਜਾਨੀ ਸਾਹਿਬ ਕਿ ਤੁਸੀਂ ਨਾ ਆਇਆ ਕਰੋ ਸਾਡੇ ਕੋਲ। ਅਸੀਂ ਆਪੇ ਬਣਦਾ ਸਰਦਾ ਤੁਹਾਨੂੰ ਪੁੱਜਦਾ ਕਰ ਦਿਆਂ ਕਰਾਂਗੇ।" ਕਹਿੰਦਿਆਂ ਉਹ ਹੱਸੇ ਕਿ ਜਿਵੇਂ ਚਿੜਾ ਰਹੇ ਹੋਣ ਕਿ ਉਹ ਪੈਸੇ ਦੀ ਖਾਤਰ ਆਪਣੀ ਜਾਨ ਗਵਾਉਣ ਲੱਗਾ ਸੀ।

"ਨਹੀਂ ਪ੍ਰਧਾਨ ਸਾਹਿਬ। ਸਰਕਾਰੀ ਨੌਕਰੀ ਦੀ ਮਜਬੂਰੀ ਹੈ, ਕੱਲ ਹੀ ਦਿੱਲੀ ਤੋਂ ਉਚੇਚਾ ਸੁਨੇਹਾ ਆਇਆ ਸੀ, ਹੁਕਮ ਆਇਆ ਸੀ ਪਈ ਤਰਨਤਾਰਨ ਤੇ ਭਿਖੀਵਿੰਡ ਦਾ ਸਪੈਸ਼ਲ ਸਰਵੇ ਕਰਕੇ ਜਲਦੀ ਰੀਪੋਟ ਦਿੱਤੀ ਜਾਵੇ।"

"ਦੇ ਦਿਓ ਰੀਪੋਟ! ਸਭ ਠੀਕ ਠਾਕ ਹੈ, ਅਸੀਂ 'ਉਨ੍ਹਾਂ' ਨੂੰ ਪੱਤੀ-ਮਹੀਨਾ ਭਰਦੇ ਹਾਂ। ਸਾਡੇ ਤੇ 'ਉਹ' ਮਿਹਰਬਾਨ ਹਨ, ਅਸੀਂ ਆਪਣਾ ਕੰਮ ਕਰੀ ਜਾਂਦੇ ਹਾਂ, ਉਹ ਆਪਣੇ।" ਅੰਦਰਲੀ ਕਸਕ ਛੁਪਾਉਂਦੇ ਪ੍ਰਧਾਨ ਨੇ ਸਪਸ਼ਟੀਕਰਨ ਦਿੱਤਾ। ਸਰਸਰੀ ਕਾਰਵਾਈ ਪਿਛੋਂ ਆਪਣਾ ਲਾਗ ਲੈ ਕੇ ਉਹ ਬੱਸ ਵਿਚ ਬੈਠ ਗਿਆ। ਖੜ ਖੜ ਛਣਕਦੀ ਬੱਸ ਜੂੰ ਤੋਰ ਤੁਰਦੀ ਏਦਾਂ ਜਾਪਦੀ ਸੀ ਜਿਵੇਂ ਉਹ ਵੀ ਖਾੜਕੂਆਂ ਤੋਂ ਡਰਦੀ ਤ੍ਰਾਹ ਤ੍ਰਾਹ ਕਰਦੀ ਜਾ ਰਹੀ ਹੋਵੇ। ਚਾਰ ਕੁ ਸਵਾਰੀਆਂ, ਕੰਡਕਟਰ ਤੇ ਡਰਾਈਵਰ ਦੇ ਚਿਹਰਿਆਂ ਉਤੇ ਖੌਫ਼ ਦੀ ਪਰਛਾਈਂ ਡੁਬਦੇ ਸੂਰਜ ਨਾਲ ਡੂੰਘੀ ਹੁੰਦੀ ਜਾ ਰਹੀ ਸੀ। ਘਰ ਪਹੁੰਚਣ ਤੱਕ ਡੂੰਘਾ ਹਨੇਰਾ ਹੋ ਚੁਕਾ ਸੀ। ਅੰਮ੍ਰਿਤਸਰ ਸ਼ਹਿਰ ਵਿਚ ਬਲੈਕ ਆਊਟ ਵਰਗਾ ਮਹੌਲ ਸੀ। ਆਪਣੇ ਦਰਵਾਜ਼ੇ ਮੂਹਰੇ ਸਕੂਟਰ ਖੜਾ ਦੇਖ ਕੇ ਉਹ ਅਸ਼ ਅਸ਼ ਹੋ ਉਠਿਆ।

"ਸ਼ੁਕਰ ਹੈ। ਮੈਂ ਵੀ ਠੀਕ ਠਾਕ ਮੁੜ ਆਇਆ ਤੇ ਮੇਰਾ ਸਕੂਟਰ ਵੀ। ਚੰਗੇ ਹਨ ਇਹ ਸੂਰੇ, ਕਹਿਣੀ ਤੇ ਕਰਨੀ ਦੇ ਪੂਰੇ।" ਉਸ ਨੇ ਦਰਵਾਜ਼ਾ ਖੜਕਾਇਆ ਪਰ ਉਸ ਨੂੰ ਅੰਦਰੋਂ ਇਕ ਡਰ ਫਿਰ ਉਸ ਦੀਆਂ ਮੁੜੀਆਂ ਪਲਕ ਝਲਕ ਦੀਆਂ ਖੁਸ਼ੀਆਂ ਲੀਰੋ ਲੀਰ ਕਰ ਗਿਆ। ਉਸ ਦੀ ਮਾਤਾ ਨੇ ਕੁੰਡਾ ਖੋਲ੍ਹਿਆ ਤੇ ਬਾਹਰ ਨਿਕਲ ਕੇ ਉਸ ਨਾਲ ਚੰਬੜ ਕੇ ਰੋਣ ਲੱਗੀ।

"ਵੇ ਜਾਹ ਪੁੱਤ! ਲੁਕ ਜਾ ਕਿਧਰੇ ਜਾ ਕੇ, ਜਮਦੂਤ ਆਏ ਬੈਠੇ ਨੇ ਤੈਨੂੰ ਲੈਣ ਲਈ।" ਮਾਂ ਨੇ ਪੁੱਤ ਨੂੰ ਫਿਰ ਘਰੋਂ ਬਾਹਰ ਧੱਕਾ ਦੇ ਕੇ ਕੁੰਡਾ ਮਾਰ ਲਿਆ।

"ਬਾਹਰ ਹੁਣ ਆਪਣਾ ਘਰ ਬਾਰ ਛੱਡ ਕੇ ਕਿਥੇ ਜਾਏ? ਉਸ ਦੇ ਘਰ ਬਿਗਾਨੇ ਬੈਠੇ ਨੇ ਤੇ ਉਹ ਉਨ੍ਹਾਂ ਤੋਂ ਡਰ ਕੇ ਬਾਹਰ ਨਿਕਲ ਜਾਏ ਤੇ ਉਥੇ ਪੁਲਿਸੀਆਂ ਦੇ ਟੇਟੇ ਚੜ੍ਹ ਜਾਏ!" ਉਸ ਦਾ ਖੂਨ ਉਬਾਲੇ ਮਾਰਨ ਲੱਗਾ।

ਪਿਛਲੀ ਕੰਧ ਨਾਲ ਪੌੜਾ ਲਾ ਕੇ ਛਾਲ ਮਾਰ ਕੇ ਉਪਰ ਪਹਿਲੇ ਝਟਕੇ ਹੀ ਚੜ ਗਿਆ। ਘਰ ਦਾ ਕੁੱਤਾ ਇਕ ਵੇਰਾਂ ਭੌਂਕਿਆ ਤੇ ਫਿਰ ਪੂਛ ਹਿਲਾਉਂਦਾ ਚੁਪ ਕਰ ਗਿਆ। ਉਸ ਨੇ ਘਰ ਦੇ ਮੈਂਬਰ ਨੂੰ ਜਿਵੇਂ ਪਛਾਣ ਲਿਆ ਸੀ। ਉਹ ਸਾਹ ਰੋਕਦਾ ਹਨੇਰੇ ਦੀ ਓਟ ਵਿਚ ਦਲਾਨ ਦੇ ਨਾਲ ਜਾ ਖੜਾ ਹੋਇਆ। 'ਸਾਡੀ ਤਾਂ ਉਸ ਨਾਲ ਕੋਈ ਦੁਸ਼ਮਣੀ ਨਹੀਂ। ਸਾਡੀ ਤਾਂ ਡਿਊਟੀ ਲੱਗੀ ਹੈ ਉਸ ਨੂੰ ਸੋਧਣ ਦੀ।' ਪਰਸਾਦੇ ਛਕਦੇ ਛਕਦੇ ਉਹ ਬੋਲੀ ਜਾ ਰਹੇ ਸਨ। "ਉਹ ਨਹੀਂ ਹਟਦਾ, ਸਾਡੇ ਮਿਸ਼ਨ ਦੇ ਖ਼ਿਲਾਫ਼ ਲਿਖੀ ਜਾ ਰਿਹਾ ਊਟ ਪਟਾਂਗ।" ਅਜਨਬੀ ਆਵਾਜ਼ ਸੀ।

"ਵੇ ਵੀਰਾ ਇਕ ਵੇਰਾਂ ਮੁਆਫ਼ ਕਰ ਦਿਉ, ਪੁਤ ਅਸੀਂ ਉਹਨੂੰ ਸਮਝਾਵਾਂਗੇ, ਹੁਣ ਕੁਝ ਨੀਂ ਲਿਖਦਾ।" ਮਾਤਾ ਦੀ ਲਿਲ੍ਹਕੜੀ ਸੀ।

"ਅਸੀਂ ਤਾਂ ਪੰਥ ਦੇ ਗੱਦਾਰਾਂ ਨੂੰ ਗੱਡੀ ਚੜ੍ਹਾਉਣਾ ਹੈ। ਜੇ ਅਸੀਂ ਇਹ ਉਪਰਲਾ ਹੁਕਮ ਨਾ ਮੰਨਿਆ ਤਾਂ ਉਹਨੇ ਅਗਲੇ ਨੇ ਸਾਡੇ ਹੱਥ ਖੜੇ ਕਰਵਾ ਲੈਣੇ ਨੇ।" ਉਨ੍ਹਾਂ ਆਪਣੀ ਮਜਬੂਰੀ ਦੱਸੀ।

"ਕੌਣ ਲਗਾਉਂਦਾ ਹੈ ਇਹ ਡਿਊਟੀ?" ਉਸ ਦੇ ਡੈਡੀ ਦੀ ਸਹਿਮੀ ਆਵਾਜ਼ ਸੀ।

"ਉਹੀ ਨੇ ਬਾਬੇ ਵੱਡੇ, ਬਾਬਾ ਸੁੱਖਾ। ਵੱਡੇ ਬਾਬੇ ਤੋਂ ਉਹਨੂੰ ਹੁਣੇ ਮਿਲੀ ਹੈ ਆਸ਼ੀਰਵਾਦ ...ਬਾਬੇ ਭਿੰਡਰਾਂਵਾਲੇ ਤੋਂ।"

"ਕਿਹੜਾ ਸੁੱਖਾ? ਸੁੱਖਾ ਸਖੀਰੀਆ?" ਉਸ ਦੇ ਡੈਡੀ ਨੂੰ ਜਿਵੇਂ ਕੋਈ ਪਾਰਸਮਣੀ ਮਿਲ ਗਈ ਹੋਵੇ।

"ਹਾਂ ਜੀ ਹਾਂ ਉਹੀ। ਸਾਡੇ ਗੁਰੂ ਨੇ, ਬੜੀ ਮਹਾਨ ਸ਼ਖ਼ਸੀਅਤ ਹੈ। ਛੋਟੀ ਜਿਹੀ ਉਮਰ ਵਿਚ ਹੀ ਏਨਾ ਵੱਡਾ ਰੁਤਬਾ ਪਾ ਲਿਆ। ਬੜੀ ਕੁਰਬਾਨੀ ਹੈ ਉਸ ਦੀ, ਬੜੇ ਗੱਦਾਰਾਂ ਨੂੰ ਸੋਧਿਆ ਹੈ ਉਸ ਨੇ।"

ਸਖੀਰਿਆਂ ਦਾ ਨਾਮ ਸੁਣ ਕੇ ਜਾਨੀ ਨੂੰ ਕੁਝ ਹੌਸਲਾ ਹੋਇਆ। ਪਰ ਉਹ ਕਿਸੇ ਦਾ ਲਿਹਾਜ਼ ਨਹੀ ਕਰਦਾ...ਦਾੜੀ ਕੱਟੇ ਸਿੱਖ ਨੂੰ ਨਹੀ ਮੁਆਫ਼ ਕਰਦਾ। ਸ਼ਰਾਬ ਪੀਣ ਵਾਲੇ ਨੂੰ, ਦਾਜ ਲੈਣ ਵਾਲਿਆਂ ਨੂੰ ਉਹ ਇਕ ਲਾਈਨ ਵਿਚ ਖੜੇ ਕਰਾ ਲੈਂਦਾ ਹੈ। ਦਸ ਤੋਂ ਜਿਆਦਾ ਬਰਾਤ ਦੇ ਬੰਦਿਆਂ ਨੂੰ ਏ. ਕੇ. 47 ਤਾਣ ਲੈਂਦਾ ਹੈ। ਪਰ ਹੋ ਸਕਦਾ ਪਿੰਡ ਦਾ ਨਾਮ ਸੁਣ ਕੇ ਉਸ ਦੇ ਮਨ ਮਿਹਰ ਪੈ ਜਾਏ। ਉਸ ਨੇ ਹੌਸਲਾ ਕਰਕੇ ਅੰਦਰ ਜਾ ਕੇ ਫਤਿਹ ਬੁਲਾਈ। ਉਹ ਉਹੀ ਸਨ, ਬਿਲਕੁਲ ਉਹੀ ਸਵੇਰ ਵਾਲੇ। ਉਸ ਨੂੰ ਦੇਖ ਕੇ ਪਛਾਣ ਕੇ ਖੜੇ ਹੋ ਗਏ। ਦੋਹਾਂ ਦੇ ਹੱਥ 'ਚ ਇਕ ਦਮ ਰਿਵਾਲਵਰ ਤਣ ਗਏ। ਉਸ ਦੇ ਡੈਡੀ ਮੰਮੀ ਕੰਬਦੇ-ਕੰਬਦੇ ਬੋਲੇ, "ਲਉ ਜੀ ਆ ਗਿਆ, ਤੁਹਾਡਾ ਸ਼ਿਕਾਰ।"

"ਇਹਨੂੰ ਜੋ ਮਰਜ਼ੀ ਕਰੋ ਪਰ ਛੋਟੇ ਨੂੰ ਛੱਡ ਦਿਉ। ਉਹਨੂੰ ਹੁਣ ਨਾਲ ਨਾ ਲਿਜਾਇਓ।" ਉਸ ਦੀ ਮਾਤਾ ਨੇ ਸੁਬਕਦਿਆਂ ਨਲੀ ਪੂੰਝਦੇ ਹੱਥ ਜੋੜੇ।

ਜਾਨੀ ਵੱਲ ਵੇਖਦਿਆਂ ਉਨ੍ਹਾਂ ਦਾ ਮੂੰਹ ਅੱਡਿਆ ਰਹਿ ਗਿਆ।

"ਸਾਡਾ ਵੀ ਪਿੰਡ ਸਖੀਰਾ ਹੈ, ਜੇ ਉਹ ਸੁੱਖਾ ਇਹ ਡੀਊਟੀ ਲਗਾਉਂਦਾ ਹੈ ਤਾਂ ਮੈ ਮਿਲਾਂਗਾ ਉਸ ਨੂੰ ਜਰੂਰ।" ਸਖੀਰੇ ਦਾ ਨਾਮ ਸੁਣ ਕੇ ਉਨ੍ਹਾਂ ਦੇ ਹੱਥ 'ਚ ਫੜੇ ਰੀਵਾਲਵਰ ਨੀਵੇਂ ਹੋ ਗਏ। ਤੇ ਫਿਰ ਉਨ੍ਹਾਂ ਦੀਆਂ ਡੱਬਾਂ ਵਿਚ ਲੁਕ ਗਏ। ਤੁਰਦੇ ਤੁਰਦੇ ਉਹ ਫਿਰ ਬੈਠ ਗਏ।

"ਮੁਆਫ਼ ਕਰਨਾ ਬਾਪੂ ਜੀ! ਅਸੀਂ ਜਿਸ ਕੰਮ ਵਿਚ ਪੈ ਗਏ ਹਾਂ, ਸਾਨੂੰ ਪਤਾ ਹੈ ਇਹ ਮਾੜਾ ਹੈ ਤੇ ਇਸ ਦਾ ਅੰਜਾਮ ਵੀ ਮਾੜਾ ਹੈ ਪਰ ਅਸੀਂ ਜਿਥੇ ਪਹੁੰਚ ਗਏ ਹਾਂ ਉਥੋਂ ਮੁੜਨਾ ਵੀ ਸਾਡੇ ਲਈ ਸੌਖਾ ਕੰਮ ਨਹੀਂ।" ਇਕ ਨੇ, ਜੋ ਦੋਹਾਂ 'ਚੋਂ ਲੀਡਰ ਜਾਪਦਾ ਸੀ, ਆਪਣੀ ਸਫਾਈ ਪੇਸ਼ ਕੀਤੀ।

"ਅਸੀਂ ਤੁਹਾਡੇ ਕੰਮ ਵਿਚ ਦਖਲਅੰਦਾਜ਼ੀ ਨਹੀਂ ਕਰ ਸਕਦੇ। ਕੀ ਚੰਗਾ ਹੈ ਕੀ ਬੁਰਾ? ਤੁਹਾਨੂੰ ਸਭ ਪਤਾ ਹੈ। ਅਸੀ ਤਾਂ ਜਾਨੀ ਨੂੰ ਵੀ ਰੋਕਦੇ ਰਹੇ ਹਾਂ ਕਿ ਇਨ੍ਹਾਂ ਭੂੰਡਾਂ ਦੀ ਖੱਖਰ ਨੂੰ ਨਾ ਛੇੜੇ ਤੇ ਇਹ ਨਹੀਂ ਟਲਿਆ ਤੇ ਅਖੀਰ ਇਸ ਦਾ ਅੰਜਾਮ ਹੁਣ ਏਹੀ ਨਹੀਂ, ਇਸ ਦਾ ਟੱਬਰ, ਮਾਂ ਪਿਓ ਤੇ ਭੈਣ ਭਰਾ ਸਾਰਿਆਂ ਨੇ ਭੁਗਤਣਾ ਹੈ। ਇਨ੍ਹਾਂ ਗੋਲੀਆਂ ਨੇ ਇਹ ਨਿਰਖ ਨਹੀਂ ਕਰਨਾ, ਇਹ ਤਾਂ ਅੰਨ੍ਹੀਆਂ ਹੁੰਦੀਆਂ ਨੇ, ਜਿਧਰ ਤੋਰ ਦਿਉ ਉਧਰ ਹੀ ਇਨ੍ਹਾਂ ਵਰ ਜਾਣਾ ਹੈ।"

"ਮੇਰੇ ਵੀਰ! ਜੇ ਤੁਸੀਂ ਸਮਝਦੇ ਹੋ ਕਿ ਇਹ ਮਾੜਾ ਕੰਮ ਹੈ ਤਾਂ ਵੀ ਤੁਸੀਂ ਮੇਰੇ ਤੇ ਚੜ੍ਹਾਈ ਕਰਕੇ ਆ ਗਏ ਓ ਕਿ ਮੈਂ ਇਸ ਦੇ ਖ਼ਿਲਾਫ਼ ਲਿਖਿਆ। ਇਹ ਲੜਾਈ ਜਿਸ ਨੂੰ ਲੜਨ ਵਾਲੇ ਵੀ ਮਾੜੀ ਕਹਿੰਦੇ ਨੇ ਕਿਵੇਂ ਤੇ ਕਿਥੇ ਜਾ ਕੇ ਰੁਕੇਗੀ? ਜਾਨੀ ਨੇ ਹੌਸਲਾ ਭਰ ਕੇ ਉਨ੍ਹਾਂ ਨੂੰ ਸੰਬੋਧਨ ਕੀਤਾ।

"ਜੇ ਤੁਹਾਡੀ ਬਾਬੇ ਨਾਲ ਵਾਕਫ਼ੀ ਹੈ ਤਾਂ ਜਾਓ। ਆਪਣਾ ਕੰਮ ਵੀ ਕਰਾਓ ਤੇ ਸਾਡਾ ਵੀ ਖਹਿੜਾ ਛੁੜਾਓ। ਨਹੀਂ ਤੇ ਅਸੀਂ ਤਾਂ ਉਨ੍ਹਾਂ ਦੇ ਸਿਪਾਹੀ ਹਾਂ। ਅੱਖਾਂ ਮੀਟ ਕੇ ਹੁਕਮ ਮੰਨਣਾ ਹੈ, ਜਿੰਨੇ ਬੰਦੇ ਵੱਧ ਮਾਰਾਂਗੇ ਸਾਡੀ ਤਰੱਕੀ ਹੋਈ ਜਾਣੀ ਹੈ। ਇਕ ਸੌ ਬੰਦਾ ਮਾਰਨ ਤੋਂ ਬਾਦ ਸਾਡੀ ਤਰੱਕੀ ਹੋ ਜਾਂਦੀ ਹੈ। ਏਰੀਆ ਕਮਾਂਡਰ ਦੇ ਤੌਰ 'ਤੇ।"

"ਸੁੱਖੇ ਨੂੰ ਤਾਂ ਮੈਂ ਪਹਿਲਾਂ ਵੀ ਮਿਲਿਆ ਸੀ ਤੇ ਹੁਣ ਵੀ ਮਿਲਾਂਗਾ। ਉਹ ਮੈਨੂੰ ਬੜੇ ਪ੍ਰੇਮ ਨਾਲ ਮਿਲਿਆ ਸੀ। ਉਸ ਨੇ ਮੇਰਾ ਇਕ ਬੜਾ ਤਕੜਾ ਹੱਲੇ ਦਾ ਕੰਮ ਕੀਤਾ ਸੀ।"

"ਕੀ! ਕਿਹੜਾ ਕੰਮ?" ਉਹ ਦੋਵੇਂ ਚੇਤੰਨ ਹੋ ਗਏ।

"ਮੈਂ ਤਾਂ ਤੁਹਾਨੂੰ ਸਵੇਰੇ ਹੀ ਦੱਸਣ ਵਾਲਾ ਸੀ ਕਿ ਸੁੱਖਾ ਜਰਨੈਲ ਮੇਰਾ ਭਤੀਜਾ ਹੀ ਹੈ ਪਰ ਤੁਸਾਂ ਮੈਨੂੰ ਏਨਾ ਸਮਾਂ ਹੀ ਨਹੀਂ ਦਿਤਾ। ਮੈਨੂੰ ਕੁਝ ਵੀ ਨਹੀ ਸੁੱਝਿਆ ਅਹੁੜਿਆ।"

"ਕਿਦਾਂ ਮਿਲੇ ਤੁਸੀਂ ਉਨ੍ਹਾਂ ਨੂੰ ਕਿਥੇ ਮਿਲੇ?" ਉਸ ਦੀ ਸਾਂਝ ਨੂੰ ਭਾਂਪਦੇ ਹੋਏ ਉਹ ਕੁਝ ਡਰ ਗਏ।

"ਖਾਸੇ ਵਾਲਾ ਸੀ ਚਰਨ ਸਿੰਘ! ਜੋ ਕਿਸੇ ਗੁਰਦੁਆਰੇ ਦਾ ਮੁਲਾਜ਼ਮ ਸੀ। ਉਸ ਨੇ ਸ਼ਾਮਲਾਟ ਦੀ ਦਸ ਏਕੜ ਜ਼ਮੀਨ ਬੜੀ ਮਿਹਨਤ ਨਾਲ ਆਬਾਦ ਕੀਤੀ ਸੀ, ਮੈਂ ਇਸ ਨੂੰ ਬੜੀ ਚੰਗੀ ਤਰ੍ਹਾਂ ਜਾਣਦਾ ਸਾਂ। ਸਰਕਾਰੀ ਕਾਨੂੰਨਾਂ ਅਨੁਸਾਰ ਇਹ ਜ਼ਮੀਨ ਉਸ ਦੇ ਨਾਮ ਚੜ੍ਹ ਗਈ ਪਰ ਇਕ ਵਜੀਰ ਦੇ ਰਿਸ਼ਤੇਦਾਰ ਨੇ ਸਰਕਾਰੀ ਕਾਗ਼ਜ਼ਾਂ ਵਿਚ ਹੇਰਾਫੇਰੀ ਕਰਾ ਕੇ ਇਹ ਜ਼ਮੀਨ ਉਸ ਦੇ ਨਾਂ ਤੋਂ ਤੁੜਾ ਕੇ ਕਿਸੇ ਹੋਰ ਦੇ ਨਾਂ ਕਰਾ ਦਿੱਤੀ। ਗਰੀਬ ਸੀ ਵਿਚਾਰਾ, ਹਾਈ-ਕੋਰਟ ਤੱਕ ਉਸ ਦਾ ਕੇਸ ਫ਼ੇਲ੍ਹ ਹੋ ਗਿਆ।"

"ਹਾਂ ਜੀ ਇਹ ਕੇਸ ਤਾਂ ਅਸੀ ਜਾਣਦੇ ਹਾਂ, ਇਸ ਦਾ ਫੈਸਲਾ ਫਿਰ ਬਾਬਿਆਂ ਨੇ ਕੀਤਾ ਸੀ।" ਦੋਹਾਂ ਨੇ ਹਾਮੀ ਭਰੀ।

"ਬਾਬੇ ਸੁਖੇ ਕੋਲ ਇਹ ਕੇਸ ਪਹੁੰਚਿਆ। ਉਸ ਦੇ ਦਰਬਾਰ ਵਿਚ ਦੂਸਰੀ ਪਾਰਟੀ ਕਈ ਪਿੰਡਾਂ ਦੀਆਂ ਪੰਚਾਇਤਾਂ ਲੈ ਕੇ ਪਹੁੰਚੀ ਤੇ ਚਰਨ ਦੇ ਖ਼ਿਲਾਫ਼ ਕਈ ਕੂਫਰ ਤੁਫਾਨ ਬੋਲ ਕੇ ਫੈਸਲਾ ਆਪਣੇ ਹੱਕ ਵਿਚ ਕਰਵਾ ਲਿਆ।"

"ਉਹ ਵਿਚਾਰਾ ਧੱਕੇ ਧੌੜੇ ਖਾਂਦਾ ਮੇਰੇ ਕੋਲ ਪਹੁੰਚਾ, ਤੋਰੀ ਵਰਗਾ ਢਿੱਲਾ ਜਿਹਾ ਮੂੰਹ ਲਟਕਾਈ।"

"ਭਾ ਜੀ ਮੈਂ ਲੁਟਿਆ ਗਿਆ, ਮੇਰੇ ਨਾਲ ਬਾਬੇ ਦੇ ਦਰਬਾਰ ਵਿਚ ਵੀ ਬੇਇਨਸਾਫ਼ੀ ਹੋਈ।" ਉਹ ਉਭੇ ਸਾਹ ਲੈ ਰਿਹਾ ਸੀ। ਫਿਰ ਭਾਈ! ਡਰਦਾ ਤਾਂ ਮੈਂ ਵੀ ਸੀ ਪਰ ਪਹੁੰਚ ਗਿਆ ਉਥੇ।

"ਵੇਖ ਜੱਟ ਦਾ ਟੌਹਰ!" ਉਹਦੇ ਮੱਥੇ ਦਾ ਜਲੌ ਵੇਖ ਕੇ ਮੇਰੇ ਨਾਲ ਦੇ ਸਿਫਾਰਸ਼ੀ ਨੇ ਮੈਨੂੰ ਹੁੱਝ ਮਾਰ ਕੇ ਕਿਹਾ।

ਇਹ ਟੌਹਰ ਕਾਹਦਾ? ਬੱਕਰੇ ਦੀ ਮਾਂ ਕਦ ਤੱਕ ਖੈਰ ਮਨਾਊ। ਮੈਂ ਸਹਿਜ ਸੁਭਾ ਪੋਲੇ ਮੂੰਹ ਕਿਹਾ ਸੀ। ਉਸ ਦੇ ਸਿਰ 'ਤੇ ਪੰਜ ਲੱਖ ਦਾ ਇਨਾਮ ਸੀ ਸਰਕਾਰ ਵੱਲੋਂ ਉਸ ਵੇਲੇ। ਉਹ ਫਿਰਦਾ ਸੀ ਉਥੇ ਜੰਗਲ ਦੇ ਸ਼ੇਰ ਵਾਂਗ! ਅਸੀਂ ਆਪਣੀ ਜਾਣ-ਪਛਾਣ ਕਰਾਈ, ਗੁਰੂ ਫਤਿਹ ਬੁਲਾਈ।

"ਦੱਸੋ ਸਿੰਘ ਜੀ! ਕੀ ਹੁਕਮ! ਕੀ ਸੇਵਾ?"

"ਮੈਂ ਬਾਬਾ ਜੀ, ਚਰਨ ਸਿੰਘ ਬਾਰੇ ਗੱਲ ਕਰਨੀ ਹੈ।"

"ਕਿਹੜੇ ਚਰਨ ਸਿੰਘ ਬਾਰੇ? ਖਾਸੇ ਵਾਲੇ?" ਉਸ ਦੀਆਂ ਅੱਖਾਂ 'ਚ ਗੁੱਸਾ ਉਤਰ ਆਇਆ।

"ਹਾਂ ਜੀ, ਉਸ ਦੀ ਜ਼ਮੀਨ ਬਾਰੇ।"

"ਉਹ ਤਾਂ ਪੰਥ ਦਾ ਗੱਦਾਰ ਹੈ! ਮੈਂ ਤਾਂ ਉਸ ਨੂੰ ਗੋਲੀ ਨਾਲ ਉਡਾਉਣਾ ਹੈ।" ਬਾਬੇ ਨੇ ਪੈਰ ਥੱਲੇ ਮਾਰਿਆ।

ਮੈਂ ਝੇਂਪ ਗਿਆ। ਉਸ ਦੇ ਨਾਲ ਖੜੇ ਹਥਿਆਰਬੰਦ ਗੰਨਮੈਨ ਸੇਵਾਦਾਰ ਹੁਸ਼ਿਆਰ ਹੋ ਗਏ।

"ਪਰ ਜ਼ਮੀਨ ਤਾਂ ਉਸ ਨੇ ਬੜੀ ਮਿਹਨਤ ਨਾਲ ਕਰਾਹ ਕੇ, ਪੁੱਟ ਕੇ ਆਬਾਦ ਕੀਤੀ ਹੈ, ਇਹ ਮੈਂ ਆਪ ਆਪਣੀ ਅੱਖੀਂ ਵੇਖਦਾ ਰਿਹਾ ਹਾਂ। ਬਾਕੀ ਜੇ ਉਸ ਨੇ ਪੰਥ ਦਾ ਕੋਈ ਹੋਰ ਗੁਨਾਹ ਕੀਤਾ ਹੈ, ਤਾਂ ਹੋਰ ਜੋ ਮਰਜ਼ੀ ਸਜਾ ਦੇ ਦਿਉ।" ਮੈਂ ਹਥਿਆਰਾਂ ਦੇ ਡਰ ਨੂੰ ਵਿਸਾਰ ਕੇ ਬੇਰੋਕ ਬੋਲਦਾ ਰਿਹਾ।

"ਮੈਂ ਤੁਹਾਡੇ ਬਾਪੂ ਨਾਲ ਖੇਡਦਾ ਰਿਹਾ ਹਾਂ, ਪੜ੍ਹਦਾ ਰਿਹਾ ਹਾਂ। ਇਹ ਗੱਲ ਤਾਂ ਠੀਕ! ਪਰ ਤੁਸੀਂ ਪਹਿਲਾਂ ਕਿਉਂ ਨਹੀਂ ਆਏ?"

"ਪਹਿਲਾਂ ਮੈਨੂੰ ਪਤਾ ਸੀ, ਤੁਹਾਡੇ ਦਰਬਾਰ ਵਿਚ ਇਨਸਾਫ ਹੀ ਹੋਵੇਗਾ।"

"ਜਾਓ! ਪੰਝੀ ਤਰੀਕ ਨੂੰ ਆ ਜਾਣਾ। ਪ੍ਰਸ਼ਾਦਿ ਪਾਣੀ ਛੱਕ ਕੇ ਜਾਇਓ।" ਥੋੜਾ ਜਿਹਾ ਸੋਚੀਂ ਪੇ ਕੇ ਉਹਨੇ ਆਪਣੇ ਨਾਲ ਦੇ ਸੇਵਾਦਾਰਾਂ ਨੂੰ ਇਸ਼ਾਰਾ ਕੀਤਾ।

"ਏਹੀ ਨਹੀ ਜਨਾਬ! ਉਨ੍ਹਾਂ ਕਈ ਹੋਰ ਕੇਸਾਂ ਜੋ ਉਪਰਲੀਆਂ ਕਚਹਿਰੀਆਂ ਵਿਚ ਵੀਹ ਵੀਹ ਸਾਲ ਤੋਂ ਲਟਕੇ ਹੋਏ ਸਨ, ਦੇ ਇਨਸਾਫ ਕੀਤੇ। ਦਾਜ ਦੀਆਂ ਸਤਾਈਆਂ ਸੈਂਕੜੇ ਲੜਕੀਆਂ ਸਹੁਰੇ ਘਰ ਇੱਜਤਾਂ ਨਾਲ ਵਸਾਈਆਂ। ਜਿਹੜੀ ਸ਼ਰਾਬ ਪੁਲਿਸ ਨਹੀਂ ਬੰਦ ਕਰਾ ਸਕੀ ਉਨ੍ਹਾਂ ਦੇ ਇਕ ਦਬਕੇ ਨਾਲ ਬੰਦ ਹੋ ਗਈ।" ਦੋਨੇਂ ਖਾੜਕੂ ਆਪਣਾ ਅਸਲ ਮਨੋਰਥ ਭੁਲ ਕੇ ਉਸ ਟੱਬਰ ਨਾਲ ਦੁਖ ਸੁਖ ਫੋਲਣ ਲੱਗੇ।

ਤੇ ਫਿਰ ਪੰਝੀ ਤਾਰੀਖ਼ ਵੀ ਆ ਗਈ। ਦੂਜੀ ਪਾਰਟੀ ਵੀ ਪਹੁੰਚੀ ਹੋਈ ਵੇਖ ਕੇ ਸਾਨੂੰ ਯਕੀਨ ਆਇਆ ਕਿ ਕੁਝ ਹੋਣ ਵਾਲਾ ਹੈ ਅੱਜ। ਪਰ ਦੁਪਹਿਰੇ ਬਾਰਾਂ ਵਜੇ ਤੱਕ ਬਾਬਾ ਸੁੱਖਾ ਨਾ ਆਇਆ, ਪੁੱਛਣ 'ਤੇ ਪਤਾ ਲੱਗਾ ਕਿ ਉਹ ਤਾਂ ਬਾਹਰ ਗਏ ਹੋਏ ਨੇ ਕਿਸੇ ਖਾਸ ਮਿਸ਼ਨ 'ਤੇ। ਚਰਨ ਸਿੰਘ ਨੇ ਫਿਰ ਮੇਰੇ ਵੱਲ ਵੇਖ ਕੇ ਮੂੰਹ ਢਿੱਲਾ ਜਿਹਾ ਛੱਡ ਲਿਆ। ਏਨੇ ਨੂੰ ਬਾਬਾ ਪਿੰਡ ਮਾਨੋਚਾਹਲ ਸੰਗਤ ਵਿਚ ਆ ਬਿਰਾਜੇ। ਕੇਸ ਸ਼ੁਰੂ ਹੋ ਗਏ। ਸਭ ਤੋਂ ਪਹਿਲਾਂ ਆਵਾਜ਼ 'ਚਰਨ ਸਿੰਘ ਬਨਾਮ ਸਾਧੂ ਸਿੰਘ' ਦੀ ਸੀ। ਦੋਨੇਂ ਹੱਥ ਜੋੜ ਕੇ ਖੜੇ ਹੋ ਗਏ।

ਬਈ ਸਾਧੂ ਸਿੰਘ! ਉਸ ਦਿਨ ਫੈਸਲਾ ਕੁਝ ਗਲਤ ਹੋ ਗਿਆ! ਅਸਾਂ ਆਪਣੇ ਤੌਰ 'ਤੇ ਇਸ ਦੀ ਮੌਕੇ 'ਤੇ ਪੜਤਾਲ ਕਰਾਈ ਹੈ। ਇਹ ਬੰਜਰ ਜ਼ਮੀਨ ਸੱਚ ਮੁਚ ਹੀ ਚਰਨ ਸਿੰਘ ਨੇ ਪੁੱਟ ਕੇ ਆਬਾਦ ਕੀਤੀ ਹੈ ਤੇ ਉਹੀ ਇਸ ਦਾ ਹੱਕਦਾਰ ਹੈ। ਤੇਰੇ ਕੋਲ ਤਾਂ ਹੋਰ ਵੀ ਕਈ ਮੁਰੱਬੇ ਹਨ ਪਰ ਇਸ ਵਿਚਾਰੇ ਗਰੀਬ ਕੋਲ ਇਹੀ ਹੈ। ਤੂੰ ਇਹ ਜ਼ਮੀਨ ਛੱਡ ਦੇ ਇਸ ਨੂੰ। ਜੇ ਤੇਰੀ ਅਜੇ ਵੀ ਹੋਰ ਜ਼ਮੀਨ ਦੀ ਭੁੱਖ ਹੈ ਤਾਂ ਜਾਹ! ਮੇਰੀ ਆਪਣੀ ਜ਼ਮੀਨ ਜਾ ਕੇ ਮੱਲ ਲੈ ਮੇਰੇ ਪਿੰਡ। ਬੋਲ!" ਮਾਨੋਚਾਹਲ ਦੀ ਗਰਜਵੀਂ ਆਵਾਜ਼ ਨੇ ਸੰਗਤ ਵਿਚ ਸੰਨਾਟਾ ਪੈਦਾ ਕਰ ਦਿੱਤਾ।

"ਠੀਕ ਹੈ ਬਾਬਾ ਜੀ! ਜੋ ਹੁਕਮ।"

"ਦੇਖ ਲਾ ਅਜੇ ਵੀ! ਜੇ ਪਿੰਡ ਜਾ ਕੇ ਫਿਰ ਇਸ ਨੂੰ ਤੰਗ ਕੀਤਾ ਤਾਂ ਸਾਡੇ ਸਿੰਘ ਆਉਣਗੇ ਇਹ ਫੈਸਲਾ ਲਾਗੂ ਕਰਨ ਲਈ।"

"ਮੈਨੂੰ ਮਨਜ਼ੂਰ ਹੈ ਬਾਬਾ ਜੀ, ਤੁਹਾਡਾ ਫੈਸਲਾ ਮੇਰੇ ਸਿਰ ਮੱਥੇ।"

ਚਰਨ ਸਿੰਘ ਗੱਲ ਵਿਚ ਪੱਲਾ ਪਾ ਬਾਬੇ ਦੇ ਚਰਨੀਂ ਢਹਿ ਪਿਆ। ਜਾਓ ਸਿੰਘੋ ਹੱਕ ਸੱਚ ਦੀ ਮਿਹਨਤ ਕਰੋ ਕਮਾਈ ਕਰੋ ਪਰ ਆਪਣਾ ਕਿਰਦਾਰ ਉਚਾ ਰੱਖੋ। ਮਾਨੋਚਾਹਲ ਨੇ ਉਸ ਦੇ ਸਿਰ 'ਤੇ ਹੱਥ ਰਖਿਆ।

"ਇਕ ਪਾਸੇ ਤੁਸੀਂ ਉਨ੍ਹਾਂ ਨਾਲ ਨੇੜਤਾ ਦਿਖਾਉਂਦੇ ਹੋ, ਦੂਜੇ ਪਾਸੇ ਖ਼ਿਲਾਫ਼ ਲਿਖਦੇ ਹੋ।" ਦੋਨਾਂ ਸਿੰਘਾਂ ਨੇ ਟੋਕਿਆ।

"ਮੈਂ ਉਨ੍ਹਾਂ ਦੇ ਖ਼ਿਲਾਫ਼ ਕਦੇ ਨਹੀਂ ਲਿਖਿਆ, ਉਨ੍ਹਾਂ ਦਾ ਨਾਮ ਲੈ ਕੇ ਜੋ ਲੋਕ ਗਲਤ ਕੰਮ ਕਰਦੇ ਹਨ, ਉਨ੍ਹਾਂ ਦੇ ਮਿਸ਼ਨ ਨੂੰ ਭੰਡਦੇ ਹਨ, ਮੈਂ ਉਨ੍ਹਾਂ ਦੀ ਡੌਂਡੀ ਪਿੱਟਦਾ ਹਾਂ। ਖਾੜਕੂਆਂ ਦੀ ਢਾਣੀ ਕਿਸੇ ਹੱਸਦੇ ਵੱਸਦੇ ਘਰ ਜਾ ਕੇ ਸ਼ਰਾਬ ਪੀਂਦੀ ਹੈ, ਮੁਰਗਾ ਖਾਂਦੀ ਹੈ ਫਿਰ ਔਰਤਾਂ ਨਾਲ ਖੇਹ ਖਰਾਬੀ ਕਰਦੀ ਹੈ... ਤੇ ਫਿਰ ਉਹੀ ਆਦਮੀ ਪੁਲਿਸ ਦੀ ਵਰਦੀ ਵਿਚ ਆ ਕੇ ਉਨ੍ਹਾਂ ਨੂੰ ਲੁੱਟਦੇ ਹਨ, ਬਲੈਕਮੇਲ ਕਰਦੇ ਹਨ, ਨਕਲੀ ਨਿਹੰਗ ਬਣ ਕੇ ਸਿਗਰਟ ਬੀੜੀ ਪੀਂਦੇ ਹਨ, ਬੱਚੇ ਚੁਕਦੇ ਹਨ, ਗੱਡੀਆਂ ਬੱਸਾਂ ਵਿਚ ਕਤਲ ਕਰਦੇ ਹਨ ਤੇ ਹਿੰਦੂ ਸਿੱਖਾਂ ਵਿਚ ਨਫ਼ਰਤ ਦੀ ਦੀਵਾਰ ਖੜੀ ਕਰਦੇ ਹਨ। ਜੇ ਕੋਈ ਆਮ ਬੰਦਾ ਗੋਲੀ ਦਾ ਸ਼ਿਕਾਰ ਬਣਦਾ ਹੈ ਤਾਂ ਉਹ ਵੀ ਪੰਜਾਬੀ, ਜੇ ਪੁਲਿਸ ਵਾਲੇ ਮਰਦੇ ਹਨ ਤਾਂ ਉਹ ਵੀ ਪੰਜਾਬੀ, ਜੇ ਅਤਿਵਾਦੀ ਡਿੱਗਦੇ ਹਨ ਤਾਂ ਉਹ ਵੀ ਪੰਜਾਬੀ। ਜੇ ਇਵੇਂ ਕਤਲ ਹੁੰਦੇ ਗਏ ਤਾਂ ਦੋ ਚਾਰ ਸਾਲ ਵਿਚ ਤੁਹਾਨੂੰ ਪੰਜਾਬ ਵਿਚ ਕੋਈ ਵੀ ਜਵਾਨ ਆਦਮੀ ਨਹੀ ਲੱਭਣਾ। ਮੈਂ ਇਹੀ ਲਿਖਦਾ ਹਾਂ ਤੇ ਮੈਂ ਉਨ੍ਹਾਂ ਨੂੰ ਵੀ ਇਸ ਗੱਲੋਂ ਕਾਇਲ ਕਰ ਲਵਾਂਗਾ। ਉਹ ਜ਼ਰੂਰ ਇਸ ਨਾਲ ਸੰਤੁਸ਼ਟ ਹੋ ਜਾਣਗੇ।"

"ਲਉ ਸਿੰਘ ਜੀ ਆਪਣਾ ਸਕੂਟਰ! ਤੇ ਸਾਨੂੰ ਛੁੱਟੀਆਂ ਬਖ਼ਸ਼ੋ।" ਖਾੜਕੂ ਮੁਖੀ ਨੇ ਜਾਨੀ ਨੂੰ ਚਾਬੀ ਫੜਾਉਂਦੇ ਉਸ ਨਾਲ ਹੱਥ ਮਿਲਾਇਆ। "ਸਾਡੀ ਤਾਂ ਬੱਕਰੇ ਦੀ ਜੂਨ ਹੈ। ਜੀਉਂਦੇ ਰਹੇ ਤਾਂ ਫਿਰ ਮਿਲਾਂਗੇ।"

ਇਹ ਦੋ ਘੰਟੇ ਕਲਜੁਗੀ ਸਦੀ ਵਾਂਗ ਉਸ ਟੱਬਰ 'ਤੇ ਗੁਜਰੇ। ਤੇ ਇਹ ਬਾਣੀ ਹੀ ਸੀ ਜਿਸ ਦੇ ਸਹਾਰੇ ਅੱਜ ਦੇ ਸਾਰੇ ਗ੍ਰਹਿ ਨਿਰਅਸਰ ਹੋ ਗਏ। ਜਾਨੀ ਦੀ ਮੌਤ ਦਾ ਸੁਨੇਹਾ ਲੈ ਕੇ ਆਏ ਜਮ ਛੋਟੇ ਨੂੰ ਵੀ ਪਸੰਦ ਕਰਕੇ ਠਾਕਾ ਲਾ ਗਏ ਤੇ ਦੋ ਲੱਖ ਦੀ ਮੰਗ ਵੀ ਧਰ ਗਏ। ਤੇ ਅਗਲੇ ਦਿਨ ਸਾਹੇ ਦਾ ਦਿਨ ਮਿਥ ਗਏ। ਜਾਨੀ ਜਿਸ ਧਰਮਰਾਜ ਦੀ ਕਚਹਿਰੀ ਵਿਚ ਕਿਸੇ ਹੋਰ ਦੀ ਸਿਫਾਰਿਸ਼ ਲੈ ਕੇ ਗਿਆ ਸੀ, ਹੁਣ ਉਹ ਆਪ ਜਾ ਕੇ ਉਸ ਕਟਹਿਰੇ ਵਿਚ ਖੜਾ ਹੋਵੇਗਾ। ਤੇ ਪਤਾ ਨਹੀਂ 'ਉਸ' ਦਾ ਮੂਡ... ਕਹਿ ਦੇਵੇ ਜਲਾਦਾਂ ਨੂੰ ਸੁੱਟ ਦਿਉ ਤਖਤਾ, ਤੇ ਕੱਲ ਸਵੇਰ ਦਾ ਚੇਤਾ ਆਉਂਦੇ ਹੀ ਖੜੇ ਖੜੇ ਉਹ ਇਕੇਰਾਂ ਫਿਰ ਕੰਬ ਗਿਆ। ਮਾਂ ਪਿਉ ਤੇ ਛੋਟੇ ਭਰਾ ਦੀ ਹਾਲਤ ਵੀ ਉਸ ਤੋਂ ਵੇਖੀ ਨਹੀਂ ਜਾਂਦੀ ਸੀ।

"ਚਲੋ ਸੰਵੋਂ, ਸਵੇਰੇ ਵੇਖੀ ਜਾਏਗੀ।" ਉਸ ਨੇ ਉਨ੍ਹਾਂ ਨੂੰ ਤਸੱਲੀ ਦੇਣ ਦੀ ਕੋਸ਼ਿਸ਼ ਕੀਤੀ।

ਬਾਬੇ ਦੀ ਕਚਹਿਰੀ ਪਹੁੰਚ ਕੇ ਉਹ ਹੋਰ ਵੀ ਘਬਰਾ ਗਿਆ। ਪਹਿਲਾਂ ਹੀ ਕੱਲ ਦਾ ਉਹ ਬੋਟੀ ਬੋਟੀ ਨੋਚਿਆ ਜਾ ਰਿਹਾ ਸੀ। ਅਦਾਲਤ ਖੁੱਲ੍ਹੀ ਛੱਤ 'ਤੇ ਨਾ ਹੋ ਕੇ ਕਿਸੇ ਗੁਪਤ ਜਗ੍ਹਾ ਸੀ। ਸੇਵਾਦਾਰ ਉਸ ਨੂੰ ਅੱਖਾਂ ਤੇ ਪੱਟੀ ਬੰਨ੍ਹ ਕੇ ਵਿੰਗੀਆਂ ਟੇਢੀਆਂ ਉਚੀਆਂ ਨੀਵੀਆਂ ਕਈ ਪੌੜੀਆਂ ਟੱਪ ਕੇ ਲੈ ਗਏ। ਅੰਦਰ ਜਾ ਕੇ ਜਦ ਉਸ ਦੀ ਪੱਟੀ ਖੁੱਲ੍ਹੀ ਤਾਂ ਇਕ ਮੱਧਮ ਜਿਹੀ ਰੋਸ਼ਨੀ ਵਿਚ ਉਹੋ ਜਿਹੇ ਪੰਜ ਸੱਤ ਹੋਰ ਕਰਮਾਂ ਮਾਰੇ ਬੱਕਰਿਆਂ ਵਾਂਗ ਆਪਣੀ ਉਡੀਕ ਕਰ ਰਹੇ ਸਨ, ਝਟਕੇ ਜਾਂ ਬਖਸ਼ੇ ਜਾਣ ਲਈ। ਉਨ੍ਹਾਂ ਵਿਚ ਦੋ ਉਹੀ ਸਨ, ਤਰਨਤਾਰਨ ਦੇ ਸੇਠ ਤੇ ਇਕ ਵਕੀਲ ਜਿਨ੍ਹਾਂ ਨੇ ਕਈ ਵੇਰਾਂ ਜਾਨੀ ਕੋਲ ਤਰਲਾ ਕੱਢਿਆ ਸੀ, "ਬਾਬੂ ਜੀ ਸਾਡੀ ਉਸ ਨਾਲ ਗੱਲ ਕਰਾ ਦਿਉ, ਸਾਨੂੰ ਨਿੱਤ ਚਿੱਠੀਆਂ ਆਉਂਦੀਆਂ ਨੇ, ਉਹ ਤੁਹਾਡੇ ਪਿੰਡ ਦਾ ਹੈ, ਸਾਡੀ ਮਦਦ ਕਰੋ।" ਤੇ ਅੱਜ ਆਪ ਉਹ ਇਨ੍ਹਾਂ ਮੁਲਜ਼ਮਾਂ ਵਿਚ ਸ਼ਰਮਸਾਰ ਹੋ ਰਿਹਾ ਸੀ। ਬਾਬੇ ਨੇ ਉਪਰ ਸਿਰ ਚੁੱਕਿਆ। ਉਹ ਕਿਸੇ ਕੇਸ ਨੂੰ ਸਮਝ ਰਿਹਾ ਸੀ ਬੜੀ ਗੰਭੀਰਤਾ ਨਾਲ, ਬੜੀ ਬਰੀਕੀ ਨਾਲ। ਉਨ੍ਹਾਂ ਦੀਆਂ ਅੱਖਾਂ ਚਾਰ ਹੋਈਆਂ।

"ਤੁਸੀਂ ਫੇਰ? ਦੱਸੋ! ਅੱਜ ਕਿਵੇਂ?" ਬਾਬੇ ਸੁਖੇ ਨੇ ਹੈਰਾਨੀ ਪ੍ਰਗਟਾਈ।

"ਅੱਜ ਮੈਂ ਤੁਹਾਡਾ ਮੁਲਜ਼ਮ ਹਾਂ। ਕੱਲ ਤੁਹਾਡੇ ਸਿੰਘ ਗਏ ਸੀ ਪ੍ਰਵਾਨਾ ਲੇ ਕੇ।"

ਉਸ ਨੇ ਨਕਲੀ ਜਿਹੀ ਮੁਸਕਰਾਹਟ ਬੁੱਲ੍ਹਾਂ ਤੇ ਲਿਆ ਕੇ ਸਿਰ ਨਿਵਾਇਆ ਤੇ ਸਾਰੀ ਕਹਾਣੀ ਦੱਸੀ। ਨਾਲ ਬੈਠੇ ਦਰਬਾਨ ਨੇ ਖਾਤਾ ਫੋਲਿਆ ਤੇ ਉਸ ਅੱਗੇ ਕਰ ਦਿੱਤਾ।

"ਇਹ ਸਿੰਘਾਂ ਦੇ ਖ਼ਿਲਾਫ਼ ਲਿਖ ਕੇ ਉਨ੍ਹਾਂ ਦਾ ਮਨੋਬਲ ਢਾਹ ਰਿਹੈ।"

"ਇਸ ਜੁਰਮ ਦੀ ਤੇ ਬੜੀ ਵੱਡੀ ਸਜ਼ਾ ਹੈ। ਤੁਹਾਨੂੰ ਪਤੈ ਇਥੇ ਕਿਸੇ ਦਾ ਲਿਹਾਜ਼ ਨਹੀ ਕੀਤਾ ਜਾਂਦਾ। ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ।"

"ਪਰ ਮੈਂ ਤਾਂ ਸੱਚ ਤੇ ਹੱਕ ਦੇ ਖ਼ਿਲਾਫ਼ ਕਦੇ ਨਹੀਂ ਲਿਖਿਆ। ਤੁਸੀਂ ਹੱਕ-ਸੱਚ 'ਤੇ ਪਹਿਰਾ ਦਿੰਦੇ ਹੋ, ਮੈਂ ਤਾਂ ਉਨ੍ਹਾਂ ਗਲਤ ਅਨਸਰਾਂ ਦੇ ਵਿਰੁਧ ਲਿਖਿਆ ਹੈ ਜੋ ਤੁਹਾਡੇ ਹੱਕ-ਸੱਚ ਤੇ ਇਨਸਾਫ ਦੇ ਘੋਲ ਨੂੰ ਗਲਤ ਰੰਗਤ ਦੇ ਕੇ ਸਮਾਜ ਵਿਚ ਘ੍ਰਿਣਾ ਦੇ ਬੀਜ ਬੀਜ ਰਹੇ ਨੇ। ਤੁਹਾਡਾ ਅਕਸ ਵਿਗਾੜ ਰਹੇ ਨੇ।"

ਉਸ ਨੇ ਅਖ਼ਬਾਰਾਂ ਦੀਆਂ ਕਾਤਰਾਂ ਉਸ ਅੱਗੇ ਢੇਰੀ ਕਰ ਦਿੱਤੀਆਂ।

"ਠੀਕ ਐ ਸੱਤ ਬਚਨ।"

ਮੋਬਾਈਲ ਫੋਨ ਦੀ ਲੋਰੀ ਵਰਗੀ ਟੂੰ ਟੂੰ ਨਾਲ ਘਬਰਾਏ ਹੋਏ ਪੀ. ਏ. ਨੇ ਫੋਨ ਸੁੱਖੇ ਨੂੰ ਫੜਾ ਦਿੱਤਾ।

"ਬਾਬਾ ਜੀ ਬਾਹਰ ਉਪਰਲੀ ਸਰਕਾਰ ਦੀ ਘੇਰਾਬੰਦੀ ਹੋਣ ਵਾਲੀ ਹੈ ਜਲਦੀ ਬਾਹਰ ਆ ਜਾਉ।"

ਬਾਬੇ ਨੇ ਚਾਰ ਚੁਫੇਰੇ ਨਜ਼ਰਾਂ ਘੁਮਾਈਆਂ, ਸੇਵਾਦਾਰਾਂ ਨੇ ਹਥਿਆਰ ਸਾਂਭੇ, ਕਾਗ਼ਜ਼ ਪੱਤਰ ਸਾਂਭੇ।

"ਜਾਉ ਅੱਜ ਦੇ ਸਾਰੇ ਕੇਸ ਬਰੀ।" ਸਾਰਿਆਂ ਦੇ ਰੱਸੇ ਢਿੱਲੇ ਛੱਡ ਦਿੱਤੇ ਗਏ। ਇਕ ਸੇਵਾਦਾਰ ਫਿਰ ਸਭ ਨੂੰ ਅੱਖਾਂ ਤੇ ਪੱਟੀ ਬੰਨ੍ਹ ਕੇ ਬਾਹਰ ਗੇਟ 'ਤੇ ਛੱਡ ਗਿਆ। ਸਾਰੇ ਬੱਕਰਿਆਂ ਨੇ ਇਕ ਦੂਜੇ ਨਾਲ ਅੱਖਾਂ ਮਿਲਾਈਆਂ, ਹੱਥ ਮਿਲਾਏ।

"ਬਹੁਤ ਬਹੁਤ ਧੰਨਵਾਦ। ਤੁਹਾਡੇ ਕਰਕੇ ਸਾਡੀ ਵੀ ਜਾਨ ਬਖਸ਼ੀ ਹੋਈ ਹੈ।" ਸਾਰੇ ਜਾਨੀ ਨੂੰ ਹੱਥ ਜੋੜ ਰਹੇ ਸਨ।

ਵੱਡੇ ਸਾਰੇ ਗੇਟ ਤੋਂ ਬਾਹਰ ਨਿਕਲਦੇ ਹੀ ਤੜ ਤੜ ਤੜ, ਸਟੇਨਗਨ ਦੇ ਬਰਸਟ ਨੇ ਉਨ੍ਹਾਂ ਦਾ ਸਵਾਗਤ ਕੀਤਾ। ਮਿੰਟ ਦੀ ਮਿੰਟ ਸਾਰਾ ਬਾਜ਼ਾਰ ਵਿਹਲਾ ਹੋ ਗਿਆ। ਦੁਕਾਨਦਾਰਾਂ ਨੇ ਆਪਣੇ ਸ਼ਟਰ ਥੱਲੇ ਸੁੱਟ ਲਏ। ਇਕ ਜੀਪ ਇਹ ਕਾਰਾ ਕਰ ਕੇ ਦੌੜ ਗਈ। ਦੋ ਚਾਰ ਮਿੰਟ ਬਾਦ ਪੁਲਿਸ ਵਾਲੇ ਹੌਂਸਲਾ ਕਰਕੇ ਅੱਗੇ ਆਏ। ਤਿੰਨ ਲਾਸ਼ਾਂ ਖ਼ੂਨ ਨਾਲ ਲੱਥਪੱਥ ਪਈਆਂ ਸਨ। ਇਕ ਬਾਬਾ ਸੁੱਖਾ ਤੇ ਦੂਜੇ ਦੋ ਉਨ੍ਹਾਂ ਦੇ ਕਰੀਬੀ ਸਾਥੀ ਤੇ ਬਾਡੀਗਾਰਡ। ਅੰਦਰ ਬਾਹਰ ਖਲਬਲੀ ਮੱਚ ਗਈ। ਵੇਖਦੇ-ਵੇਖਦੇ ਇਕ ਲੰਬੇ ਹੂਟਰ ਵਾਲੀ ਪੁਲਿਸ ਵੈਨ ਆਈ ਤੇ ਤਿੰਨੇ ਲਾਸ਼ਾਂ ਪਿਛੇ ਸੁੱਟ ਕੇ ਕਈ ਸਵਾਲ ਸੜਕ 'ਤੇ ਛੱਡ ਕੇ ਦੌੜ ਗਈ।

"ਇਹ ਕਾਰਾ ਤਾਂ ਇਨ੍ਹਾਂ ਦੀ ਅੰਦਰੂਨੀ ਲੜਾਈ ਕਰਕੇ ਹੋਇਆ ਹੈ।"

"ਇਹ ਤਾਂ ਉਹੀ ਪੁਲਿਸ ਜੀਪ ਸੀ ਜੋ ਪਹਿਲਾਂ ਵੀ ਕਈ ਵੇਰਾਂ ਸੁੱਖਾ ਆਸੇ-ਪਾਸੇ ਆਪ ਵੱਡੀ ਵਾਰਦਾਤ ਕਰਨ ਲਈ ਮੰਗਵਾਉਂਦਾ ਸੀ, ਤੇ ਅੱਜ ਉਨ੍ਹਾਂ ਹੀ ਪੁਲਿਸ ਵਾਲਿਆਂ ਨੇ ਉਸ ਨੂੰ ਭਾਚਾ ਦੇ ਕੇ ਬਚਾਉਣ ਦੇ ਬਹਾਨੇ ਬਾਹਰ ਬੁਲਾ ਕੇ ਚੜਾ ਦਿਤਾ ਗੱਡੀ।" ਬਾਹਰ ਢਾਣੀਆਂ ਵਿਚ ਜੁੜੀ ਭੀੜ ਵੰਨ ਸੁਵੰਨੀ ਕਾਨਾਫੂਸੀ ਕਰ ਰਹੀ ਸੀ।

ਨਵੇਂ ਪੁਲਿਸ ਮੁਖੀ ਦੇ ਇਸ ਐਲਾਨ ਕਿ ਜਿਹੜਾ ਪੁਲਿਸ ਅਫਸਰ ਅਜਿਹੇ ਨਾਮੀ ਖਾੜਕੂ ਨੂੰ ਜਿਉਂਦੇ ਜਾਂ ਮਰੇ ਫੜੇਗਾ ਉਸ ਨੂੰ ਤਰੱਕੀ ਮਿਲੇਗੀ ਤੇ ਉਸ ਦੇ ਸਿਰ 'ਤੇ ਰੱਖਿਆ ਇਨਾਮ ਵੀ ਨਕਦ ਦਿੱਤਾ ਜਾਵੇਗਾ, ਫੀਤੀਆਂ ਚਮਕਾਉਣ ਦੇ ਲੋਭੀ ਸੁੱਖੇ ਦੇ ਯਾਰ ਪੁਲਿਸੀਆਂ ਨੇ ਹੀ ਉਸ ਨਾਲ ਵਿਸ਼ਵਾਸਘਾਤ ਕੀਤਾ? ਕਈ ਸਵਾਲ ਜਵਾਬ ਸੜਕ 'ਤੇ ਬਿਖਰ ਗਏ।

# ਯੂਜੀਨੀ ਦਾ ਤਖਤ ਠੁਕਰਾਉਣ ਦਾ ਫੈਸਲਾ

***ਇਸ ਕਾਇਨਾਤ ਅੰਦਰ ਸਭ ਕੁਝ ਹੀ ਅਦਭੁਤ ਹੈ ਪ੍ਰੰਤੂ ਸਭ ਤੋਂ ਵੱਧ ਅਦਭੁਤ ਹੈ ਇਨਸਾਨ ਅਤੇ ਇਨਸਾਨ ਦੇ ਅੰਦਰ ਵੀ ਸਭ ਤੋਂ ਅਦਭੁਤ ਪਹਿਲੂ ਉਸ ਅੰਦਰ ਪੈਦਾ ਹੋਣ ਵਾਲਾ ਪਹਿਲੀ ਨਜ਼ਰੇ ਮੁਹੱਬਤ ਦਾ ਜਜ਼ਬਾ ਹੈ। ਪਹਿਲੀ ਨਜ਼ਰੇ ਮੁਹੱਬਤ ਦੇ ਜਜ਼ਬੇ ਦੇ ਜਲਵੇ ਕਿਸੇ ਦਾ ਵੇਖਣ ਨੂੰ ਮਨ ਕਰ ਆਵੇ ਤਾਂ ਉਹ ਲਾਤੀਨੀ ਅਮਰੀਕਾ ਦੀ ਸਪੇਨੀ ਭਾਸ਼ਾ ਦੇ ਨੋਬਲ ਇਨਾਮ ਵਿਜੇਤਾ ਨਾਵਲਕਾਰ ਮੈਬਰੀਅਲ ਮਾਰਸ਼ੀਆ ਮਾਰਖੇਜ ਦਾ 'ਲਵ ਇਨ ਟਾਈਮ ਆਫ ਕੈਲਰਾ' ਜਾਂ ਇਓਸ਼ਾ ਦਾ "ਦਾ ਬੈਡ ਗਰਲ" ਜਰੂਰ ਪੜ੍ਹੇ, ਕਈ ਜਨਮਾਂ ਦੇ ਥਕੇਵੇਂ ਉਤਰ ਜਾਣਗੇ। ਇਸੇ ਪ੍ਰਸੰਗ ਵਿਚ ਅਸੀਂ ਫਰਾਂਸੀਸੀ ਸ਼ਹਿਨਸ਼ਾਹ ਨੈਪੋਲੀਅਨ ਤੀਸਰੇ ਦੀ ਮਲਿਕਾ ਯੂਜੀਨੀ ਦੀ ਇਕਪਾਸੜ ਮੁਹੱਬਤ ਦੀ ਕਹਾਣੀ ਦਾ ਇਕ ਦਿਲਚਸਪ ਪਤਰਾ ਛਾਪ ਰਹੇ ਹਾਂ। ਇਹ ਪਤਰਾ ਅਸੀਂ ਇਸ ਸਵਾਲ ਨਾਲ ਛਾਪ ਰਹੇ ਹਾਂ ਕਿ ਕੀ ਅੱਜ ਵੀ ਕੋਈ ਅਲ੍ਹੜ ਕੁੜੀ ਪਹਿਲੀ ਨਜ਼ਰੇ ਪਈ ਆਪਣੀ ਮੁਹੱਬਤ ਦੀ ਪੂਰਤੀ ਖਾਤਰ ਅਜਿਹਾ ਜੋਖਮ ਸਹੇੜਦੀ ਹੈ?***

ਪੈਸਾ ਤੇ ਤਾਕਤ ਹਾਸਲ ਕਰਨ ਲਈ ਮਰਨ ਵਾਲਿਆਂ ਦੀ ਗਿਣਤੀ ਬੇਹਿਸਾਬ ਹੈ ਪਰ ਪਿਆਰ ਖਾਤਰ ਪੈਸਾ ਤੇ ਤਾਕਤ ਤਿਆਗਣ ਦਾ ਫੈਸਲਾ ਲੈ ਸਕਣ ਵਾਲੇ ਸਦੀਆਂ ਬਾਅਦ ਵੀ ਉਂਗਲਾਂ 'ਤੇ ਗਿਣਨ ਜੋਗੇ ਹੀ ਹੁੰਦੇ ਹਨ। ਇਨ੍ਹਾਂ ਚੰਦ ਕੁ ਸ਼ਖਸੀਅਤਾਂ ਵਿਚ ਫਰਾਂਸ ਦੀ ਮਲਕਾ ਯੂਜੀਨੀ ਵੀ ਸ਼ਾਮਲ ਹੈ। ਇਸ ਦੇ ਛੁਪੇ ਰਹਿਣ ਦਾ ਕਾਰਨ ਇਸ ਵਲੋਂ ਲਿਆ ਗਿਆ ਫੈਸਲਾ ਸਮੇਂ ਸਿਰ ਨਸ਼ਰ ਨਾ ਹੋ ਸਕਣਾ ਸੀ। ਜੇ ਨੈਪੋਲੀਅਨ ਤੀਜੇ ਨਾਲ ਵਿਆਹ ਤੋਂ ਪਹਿਲੀ ਰਾਤ ਕਿਤੇ ਸਪੇਨ ਦੇ ਨੌਜਵਾਨ ਨੇ ਯੂਜੀਨੀ ਦੀ ਤਜਵੀਜ਼ ਮੰਨ ਲਈ ਹੁੰਦੀ ਤਾਂ ਅੱਜ ਡਿਆਨਾ ਦੇ ਜ਼ਿਕਰ ਨਾਲ ਯੂਜੀਨੀ ਦੀ ਚਰਚਾ ਜ਼ਰੂਰ ਛਿੜਿਆ ਕਰਨੀ ਸੀ।

ਯੂਜੀਨੀ ਦਾ ਜਨਮ ਸੰਨ 1826 ਵਿਚ ਕਾਊਂਟ ਡੀ ਮੌਂਟੀਜੋ ਦੇ ਘਰ ਮਾਰੀਆ ਮਾਨਸਲਾ ਕਿਰਕਪੈਤਰਿਕ ਦੀ ਕੁੱਖੋਂ ਹੋਇਆ। ਕਿਰਕਪੈਤਰਿਕ ਮਾਲਾਗਾ ਵਿਚ ਅਮਰੀਕੀ ਕੌਂਸਲਰ ਦੀ ਬੇਟੀ ਸੀ। ਯੂਜੀਨੀ ਨੇ ਛੋਟੇ ਹੁੰਦਿਆਂ ਸਿੱਕੇ ਉਪਰ ਨੈਪੋਲੀਅਨ ਦੀ ਉਕਰੀ ਤਸਵੀਰ ਵੇਖੀ ਸੀ ਤੇ ਇੰਜ ਉਹ ਬਾਦਸ਼ਾਹਤ ਦੇ ਪ੍ਰਭਾਵ ਹੇਠ ਸੀ।

ਨੈਪੋਲੀਅਨ ਦਾ ਭਤੀਜਾ ਲੂਇਸ ਨੈਪੋਲੀਅਨ ਸੰਨ 1808 ਵਿਚ ਜੰਮਿਆ ਸੀ। ਫਰਾਂਸੀਸੀ ਲੋਕਾਂ 'ਤੇ ਨੈਪੋਲੀਅਨ ਦੀ ਹਕੂਮਤ ਦਾ ਏਨਾ ਜ਼ਿਆਦਾ ਪ੍ਰਭਾਵ ਸੀ ਕਿ ਇਸ ਪ੍ਰਭਾਵ ਕਾਰਨ ਹੀ ਲੂਇਸ ਸੰਨ 1848 ਦੇ ਇਨਕਲਾਬ ਤੋਂ ਚਾਰ ਸਾਲ ਬਾਅਦ ਰਾਸ਼ਟਰਪਤੀ ਚੁਣਿਆ ਗਿਆ। ਰਾਸ਼ਟਰਪਤੀ ਕਾਲ ਦੌਰਾਨ ਇਕ ਦਿਨ ਉਹ ਸ਼ਿਕਾਰ ਖੇਡਣ ਗਿਆ ਯੂਜੀਨੀ ਨੂੰ ਮਿਲਿਆ ਤੇ ਇਸ ਸਪੇਨਣ ਦੀ ਖ਼ੂਬਸੂਰਤੀ 'ਤੇ ਲੱਟੂ ਹੋ ਗਿਆ। ਕੱਕੇ ਭੂਰੇ ਵਾਲ ਤੇ ਨੀਲੀਆਂ ਅੱਖਾਂ। ਲੂਇਸ ਹੋਸ਼ ਗਵਾ ਬੈਠਾ। ਉਸ ਨੇ ਯੂਜੀਨੀ ਨੂੰ ਚੁੰਮਣ ਦੀ ਕੋਸ਼ਿਸ਼ ਕੀਤੀ। ਯੂਜੀਨੀ ਨੇ ਇਸ ਕਰਕੇ ਨਾਂਹ ਕਰ ਦਿੱਤੀ ਕਿ ਉਹ ਆਪਣੀ ਮਾਂ ਦੀ ਇਜਾਜ਼ਤ ਤੋਂ ਬਿਨਾਂ ਕਿਸੇ ਮਰਦ ਨੂੰ ਚੁੰਮਣ ਨਹੀਂ ਦੇਵੇਗੀ। ਇਸ ਗੌਰਵਮਈ ਇਨਕਾਰ ਦਾ ਲੂਇਸ 'ਤੇ ਹੋਰ ਚੰਗਾ ਅਸਰ ਪਿਆ। ਉਸ ਸਮੇਂ ਇਹ ਗੱਲ ਆਮ ਜਾਣੀ ਜਾਂਦੀ ਸੀ ਕਿ ਕੋਈ ਵੀ ਔਰਤ ਲੂਇਸ ਅੱਗੇ ਸਹਿਜੇ ਹੀ ਸਮਰਪਣ ਕਰ ਜਾਂਦੀ ਸੀ। ਅਜਿਹਾ ਕਦੇ ਵੀ ਨਹੀਂ ਹੋਇਆ ਸੀ ਕਿ ਲੂਇਸ ਨੂੰ ਅਜਿਹਾ ਇਨਕਾਰ ਸੁਣਨਾ ਪਿਆ ਹੋਵੇ।

ਇਸੇ ਦੌਰਾਨ ਯੂਜੀਨੀ ਦੇ ਦਿਲ ਵਿਚ ਇਕ ਹੋਰ ਹਲਚਲ ਸੀ। ਉਹ ਇਕ ਸਪੇਨੀ ਨੌਜਵਾਨ ਨੂੰ ਦਿਲੋਂ ਬੇਹਦ ਪਿਆਰ ਕਰਦੀ ਸੀ ਪਰ ਇਹ ਨੌਜਵਾਨ ਯੂਜੀਨੀ ਦੀ ਭੈਣ 'ਤੇ ਆਸ਼ਕ ਸੀ। ਦਿਲਚਸਪ ਗੱਲ ਇਹ ਸੀ ਕਿ ਯੂਜੀਨੀ ਦੀ ਭੈਣ ਨੇ ਇਸ ਨੌਜਵਾਨ ਨੂੰ ਕੋਈ ਹੁੰਗਾਰਾ ਨਹੀਂ ਭਰਿਆ ਸੀ। ਦੂਜੇ ਪਾਸੇ ਲੂਇਸ ਦੀ 20 ਦਸੰਬਰ 1851 ਤੋਂ ਪ੍ਰਜ਼ੀਸ਼ਨ ਹੋਰ ਮਜਬੂਤ ਹੋ ਗਈ। ਉਸ ਨੇ 1852 ਵਿਚ ਰਾਏਸ਼ੁਮਾਰੀ ਕਰਾਈ ਤੇ ਬਾਦਸ਼ਾਹ ਚੁਣਿਆ ਗਿਆ। ਉਸ ਨੂੰ ਨੈਪੋਲੀਅਨ ਤੀਜੇ ਵਜੋਂ ਜਾਣਿਆ ਜਾਣ ਲੱਗਿਆ।

ਬਾਦਸ਼ਾਹ ਨੈਪੋਲੀਅਨ ਤੀਜੇ ਦਾ ਧਿਆਨ ਹੁਣ ਵਿਆਹ ਕਰਾਉਣ ਵੱਲ ਸੀ। ਅਸਲ ਵਿਚ ਉਸ ਦੀ ਇੱਛਾ ਕਿਸੇ ਸ਼ਾਹੀ ਖਾਨਦਾਨ ਵਿਚ ਵਿਆਹ ਕਰਾਉਣ ਦੀ ਸੀ ਪਰ ਯੂਜੀਨੀ ਨਾਲ ਵਾਪਰੀ ਘਟਨਾ ਨੇ ਉਸ ਦੇ ਵਿਚਾਰ ਬਦਲ ਦਿੱਤੇ। ਬਾਦਸ਼ਾਹ ਨੇ ਯੂਜੀਨੀ ਨਾਲ ਵਿਆਹ ਦੀ ਤਜਵੀਜ਼ ਸਪੇਨ ਵਿਚ ਉਸ ਕੋਲ ਭੇਜੀ। ਯੂਜੀਨੀ ਦੀ ਮਾਂ ਖ਼ੁਸ਼ੀ ਨਾਲ ਫੁਲੀ ਨਾ ਸਮਾਈ। ਭਲਾ ਕੌਣ ਇਨਕਾਰ ਕਰ ਸਕਦਾ ਹੈ ਐਡੀ ਵੱਡੀ ਪੇਸ਼ਕਸ਼ ਤੋਂ। ਯੂਜੀਨੀ ਦੀ ਮਾਂ 22 ਜਨਵਰੀ 1853 ਨੂੰ ਨੈਪੋਲੀਅਨ ਤੀਜੇ ਕੋਲ ਆਈ ਤੇ ਇਸ ਵਿਆਹ ਲਈ ਆਪਣੇ ਵਲੋਂ ਸਹਿਮਤੀ ਦੇ ਦਿੱਤੀ। ਦੋਹਾਂ ਦੀ ਮੰਗਣੀ ਹੋ ਗਈ ਅਤੇ 29 ਜਨਵਰੀ 1853 ਵਿਆਹ ਦੀ ਤਾਰੀਖ ਨਿਸਚਿਤ ਹੋ ਗਈ। ਇਹ ਵਿਆਹ ਕੈਥਡਰਲ ਚਰਚ ਵਿਚ ਹੋਣਾ ਤੈਅ ਹੋਇਆ।

ਯੂਜੀਨੀ ਨੂੰ ਇਹ ਫੈਸਲਾ ਦਿਲੋਂ ਪਸੰਦ ਨਹੀਂ ਸੀ। ਉਸ ਨੇ ਸਪੇਨੀ ਨੌਜਵਾਨ ਦੀ ਤਲਾਸ਼ ਕੀਤੀ ਕਿਉਂਕਿ ਉਹ ਇਸ ਨੌਜਵਾਨ ਨੂੰ ਬਚਪਨ ਤੋਂ ਹੀ ਪਿਆਰ ਕਰਦੀ ਸੀ। ਉਸ ਨੂੰ ਪਤਾ ਲੱਗਿਆ ਕਿ ਇਹ ਨੌਜਵਾਨ ਪੈਰਿਸ ਵਿਚ ਇਕਾਂਤਮਈ ਜੀਵਨ ਬਿਤਾ ਰਿਹਾ ਹੈ। ਆਖਰ ਯੂਜੀਨੀ ਨੇ ਦਲੇਰੀ ਵਿਖਾਈ ਤੇ 28 ਜਨਵਰੀ ਦੀ ਰਾਤ ਨੂੰ ਕਾਲਾ ਪਹਿਰਾਵਾ ਪਹਿਨ ਕੇ ਅਤੇ ਟਮਟਮ ਵਿਚ ਸਵਾਰ ਹੋ ਕੇ ਉਸ ਨੌਜਵਾਨ ਦੇ ਘਰ ਪਹੁੰਚ ਗਈ।

ਯੂਜੀਨੀ ਨੇ ਨੌਜਵਾਨ ਦੇ ਘਰ ਦਾ ਦਰਵਾਜ਼ਾ ਖੜਕਾਇਆ। ਨੌਜਵਾਨ ਨੇ ਜਦੋਂ ਦਰਵਾਜ਼ਾ ਖੋਲ੍ਹਿਆ ਤਾਂ ਉਹ ਵੇਖ ਕੇ ਹੈਰਾਨ ਰਹਿ ਗਿਆ ਕਿ ਦਰਵਾਜ਼ੇ 'ਤੇ ਯੂਜੀਨੀ ਖੜ੍ਹੀ ਹੈ। ਯੂਜੀਨੀ ਇਕਦਮ ਕਮਰੇ 'ਚ ਦਾਖਲ ਹੋਈ ਤੇ ਉਸ ਦੱਸਿਆ, "ਕੱਲ੍ਹ ਨੂੰ ਮੈਂ ਫਰਾਂਸ ਦੀ ਮਹਾਰਾਣੀ ਬਣ ਜਾਣਾ ਹੈ ਪਰ ਮੈਂ ਅਜੇ ਵੀ ਤੇਰੇ ਨਾਲ ਪਿਆਰ ਕਰਦੀ ਹਾਂ ਤੇ ਇਸ ਵਾਸਤੇ ਕੁਝ ਵੀ ਕਰਨ ਨੂੰ ਤਿਆਰ ਹਾਂ। ਜੇ ਤੂੰ ਹਾਂ ਕਰੇ ਤਾਂ ਮੈਂ ਗੱਦੀ ਤੇ ਦੌਲਤ ਨੂੰ ਲੱਤ ਮਾਰ ਕੇ ਤੇਰੇ ਨਾਲ ਵਿਆਹ ਕਰਾਉਣ ਲਈ ਤਿਆਰ ਹਾਂ। ਤੇਰੇ ਵਰਗਾ ਮੈਨੂੰ ਕੋਈ ਨਜ਼ਰ ਨਹੀਂ ਆ ਰਿਹਾ। ਮੈਂ ਹਮੇਸ਼ਾ ਲਈ ਤੇਰੀ ਹਾਂ।"

ਨੌਜਵਾਨ ਨੇ ਉਦਾਸ ਸੁਰ 'ਚ ਜੁਆਬ ਦਿੱਤਾ, "ਮੈਂ ਤੇਰੀ ਭੈਣ ਨੂੰ ਪਿਆਰ ਕਰਦਾ ਹਾਂ। ਭਾਵੇਂ ਉਸ ਨੇ ਕਦੇ ਹੁੰਗਾਰਾ ਨਹੀਂ ਭਰਿਆ ਪਰ ਮੈਂ ਉਸ ਨੂੰ ਆਪਣਾ ਦਿਲ ਦੇ ਬੈਠਾ ਹਾਂ। ਮੈਂ ਹੋਰ ਕਿਸੇ ਨਾਲ ਪਿਆਰ ਜਾਂ ਵਿਆਹ ਬਾਰੇ ਸੋਚ ਨਹੀਂ ਸਕਦਾ।"

"ਤਾਂ ਫਿਰ ਕੱਲ੍ਹ ਨੂੰ ਮੇਰਾ ਨੈਪੋਲੀਅਨ ਤੀਜੇ ਨਾਲ ਵਿਆਹ ਹੋ ਜਾਵੇਗਾ ਤੇ ਮੈਂ ਫਰਾਂਸ ਦੀ ਮਹਾਰਾਣੀ ਕਹਾਵਾਂਗੀ।" ਮਾਹੌਲ ਪੂਰੀ ਤਰ੍ਹਾਂ ਉਦਾਸੀ 'ਚ ਬਦਲ ਗਿਆ ਸੀ। ਯੂਜੀਨੀ ਦੇ ਇਨ੍ਹਾਂ ਸ਼ਬਦਾਂ ਦਾ ਉਦਾਸ ਸੁਰ ਵਿਚ ਜੁਆਬ ਦਿੰਦਿਆਂ ਨੌਜਵਾਨ ਨੇ ਕਿਹਾ, "ਮੈਂ ਤੁਹਾਡਾ ਸਭ ਤੋਂ ਵਧ ਵਫਾਦਾਰ ਤੇ ਆਗਿਆਕਾਰ ਹੋਵਾਂਗਾ।" ਨੌਜਵਾਨ ਨੇ ਰਸਮੀ ਤੌਰ 'ਤੇ ਸਿਰ ਨਿਵਾ ਕੇ ਯੂਜੀਨੀ ਦਾ ਹੱਥ ਚੁੰਮਿਆ। ਇੰਜ ਇਤਿਹਾਸ ਦਾ ਇਕ ਸੁਨਹਿਰੀ ਪੰਨਾ ਉਕਰ ਹੁੰਦਾ ਆਖਰੀ ਪਲਾਂ 'ਤੇ ਆ ਕੇ ਰੁਕ ਗਿਆ।

ਸੰਨ 1870 ਦੀ ਫਰਾਂਸ-ਜਰਮਨ ਲੜਾਈ ਵਿਚ ਫਰਾਂਸ ਦੀ ਹਾਰ ਹੋਈ। ਨੈਪੋਲੀਅਨ ਤੀਜੇ ਨੇ ਆਤਮ ਸਪਰਪਣ ਕਰ ਦਿੱਤਾ। ਜਰਮਨਾਂ ਨੇ ਉਸ ਨੂੰ ਰਿਹਾ ਕਰ ਦਿੱਤਾ ਤੇ ਉਸ ਨੂੰ ਇੰਗਲੈਂਡ ਵਿਚ ਰਹਿਣ ਦੀ ਇਜਾਜ਼ਤ ਮਿਲ ਗਈ। ਉਸ ਦੀ ਗੈਰ ਹਾਜ਼ਰੀ ਵਿਚ ਯੂਜੀਨੀ ਨੇ 1859, 1865 ਤੇ 1870 ਵਿਚ ਰਾਜ ਭਾਗ ਸੰਭਾਲਿਆ। ਸੰਨ 1885 ਵਿਚ ਮਹਾਰਾਣੀ ਯੂਜੀਨੀ ਨੇ ਸਵੈਜੀਵਨੀ 'ਸਮ ਰੀਕੋਲੈਕਸ਼ਨਜ਼ ਫਰਾਮ ਮਾਈ ਲਾਈਫ' ਲਿਖੀ ਅਤੇ 1920 ਵਿਚ ਮੈਡਰਿਕ ਵਿਚ ਸੁਰਗਵਾਸ ਹੋ ਗਈ। ਜਿਸ ਸਮੇਂ ਯੂਜੀਨੀ ਨੇ ਅਜਿਹਾ ਦਲੇਰੀ ਭਰਿਆ ਕਦਮ ਚੁੱਕਿਆ ਸੀ ਉਹ ਅੱਜ ਕਿਤੇ ਵੱਧ ਮਹੱਤਵ ਰੱਖਦਾ ਸੀ।

***ਪੇਸ਼: ਸੁਰਿੰਦਰ ਗਰੇਆ***

# ਠਾਣੇਦਾਰੀ

ਹਰਪਾਲ ਸਿੰਘ ਪੰਨੂ*

ਠਾਣੇਦਾਰ ਅਤੇ ਠਾਣੇਦਾਰੀ ਦੋ ਵੱਖ ਵੱਖ ਚੀਜ਼ਾਂ ਹਨ। ਕਈ ਬੰਦੇ ਪੁਲਿਸ ਵਿਭਾਗ ਵਿਚ ਨਹੀਂ ਹੁੰਦੇ ਤਾਂ ਵੀ ਠਾਣੇਦਾਰੀ ਕਰਦੇ ਹਨ ਤੇ ਕਈ ਪੁਲਿਸ ਮਹਿਕਮੇ ਵਿਚ ਠਾਣੇਦਾਰ ਹੋਣ ਦੇ ਬਾਵਜੂਦ ਠਾਣੇਦਾਰੀ ਨਹੀਂ ਕਰਦੇ। ਇਹ ਸੁਭਾਅ ਤੇ ਨਿਰਭਰ ਕਰਦਾ ਹੈ। ਇਸ ਦੀਆਂ ਜੜ੍ਹਾਂ ਬੱਚੇ ਦੀ ਪਰਵਰਿਸ਼ ਵਿਚੋਂ ਲੱਭੀਆਂ ਜਾ ਸਕਦੀਆਂ ਹਨ। ਪ੍ਰਿੰ. ਤੇਜਾ ਸਿੰਘ ਆਪਣੇ ਲੇਖ ਘਰ ਦੇ ਪਿਆਰ ਵਿਚ ਲਿਖਦੇ ਹਨ, "ਜਦੋਂ ਮੈਨੂੰ ਕੋਈ ਖਿਝਿਆ, ਸੜਿਆ ਫੂਕਿਆ ਬੰਦਾ ਦਿਸਦਾ ਹੈ ਮੈਂ ਉਦੋਂ ਹੀ ਸਮਝ ਜਾਂਦਾ ਹਾਂ ਕਿ ਜਿਸ ਦਿਨ ਇਹ ਜੰਮਿਆ ਸੀ, ਮਾਪਿਆਂ ਨੇ ਇਸ ਦੀ ਟਹਿਲ ਸੇਵਾ ਠੀਕ ਨਹੀਂ ਕੀਤੀ। ਇਹ ਜਨਮ ਦਿਨ ਤੋਂ ਦੁਖੀ ਫਿਰਦਾ ਹੈ।"

ਮੈਨੂੰ ਇਕ ਪੁਰਾਣੀ ਆਦਤ ਹੈ। ਕਿਸੇ ਦਫਤਰ ਵਿਚ ਮੇਰੇ ਨਾਲ ਜੇ ਕੋਈ ਬਦਤਮੀਜ਼ੀ ਕਰ ਦਏ ਮੈਂ ਘਰ ਆ ਕੇ ਉਸ ਦੇ ਮਹਿਕਮੇ ਨੂੰ ਚਿੱਠੀ ਲਿਖਦਾ ਹਾਂ, ਜੋ ਹੋਇਆ ਬੀਤਿਆ, ਲਿਖ ਕੇ ਪੰਜ ਰੁਪਏ ਦਾ ਟਿਕਟ ਲਾ ਕੇ ਡਾਕ ਵਿਚ ਪਾ ਦਿੰਦਾ ਹਾਂ। ਰਜਿਸਟਰੀ ਨਹੀਂ ਕਰਾਉਂਦਾ। ਮੈਂ ਕਿਹੜਾ ਮੁਕੱਦਮਾ ਕਰਨਾ ਹੈ? ਤੁਸੀਂ ਸੋਚੋਗੇ ਇਸ ਨਾਲ ਕੀ ਫਰਕ ਪੈਂਦੈ। ਅਖੀਰ ਵਿਚ ਮੁਲਾਜ਼ਮ ਸ਼ਿਕਾਇਤ ਖੁਰਦ-ਬੁਰਦ ਵੀ ਕਰਵਾ ਦਏ ਤਾਂ ਵੀ, ਉਸ ਦਾ ਪੂਰਾ ਜ਼ੋਰ ਲੱਗ ਜਾਂਦਾ ਹੈ। ਜਿੰਨੀ ਕੁ ਮੇਰੇ ਨਾਲ ਬੀਤੀ ਉਸ ਨਾਲੋਂ ਵਧੀਕ ਬੇਚੈਨੀ ਭੁਗਤਦਾ ਹੈ। ਜੇ ਕੋਈ ਸਤਿਕਾਰ ਨਾਲ ਪੇਸ਼ ਆਵੇ, ਉਸ ਦੇ ਮਹਿਕਮੇ ਨੂੰ ਪ੍ਰਸ਼ੰਸਾ ਪੱਤਰ ਲਿਖਣਾ ਨਹੀਂ ਭੁਲਦਾ।

ਮੇਰੇ ਬੇਟੇ ਨੇ ਇੰਜੀਨੀਅਰਿੰਗ ਵਿਚ ਦਾਖਲਾ ਲੈਣ ਵਾਸਤੇ ਦਿੱਲੀ ਟੈਸਟ ਦੇਣਾ ਸੀ। ਅੱਠ ਵਜੇ ਸਵੇਰੇ ਸ਼ਹਿਰੋਂ ਇੰਟਰਸਿਟੀ 'ਤੇ ਸਵਾਰ ਹੋ ਬੈਠ ਗਏ। ਗੱਡੀ ਚੱਲ ਪਈ ਤਾਂ ਦੋ ਸਿਪਾਹੀ ਤੇ ਇਕ ਹੌਲਦਾਰ ਅੰਦਰ ਆਏ, ਮੈਨੂੰ ਕਿਹਾ-ਉਠੋ ਇਥੋਂ। ਮੈਂ ਕਾਰਨ ਪੁੱਛਿਆ। ਉਸ ਨੇ ਕਿਹਾ-ਇਹ ਸੀਟਾਂ ਪੁਲਿਸ ਲਈ ਰਿਜ਼ਰਵ ਹਨ। ਮੈਂ ਕਿਹਾ-ਇਸ ਡੱਬੇ ਵਿਚ ਕੋਈ ਸੀਟ ਰਿਜ਼ਰਵ ਨਹੀਂ। ਇਕ ਸਿਪਾਹੀ ਨੇ ਮੇਰੇ ਵੱਲ ਥ੍ਰੀ ਨਾਟ ਥ੍ਰੀ ਦਾ ਬੱਟ ਉਲਾਰਦਿਆਂ ਕਿਹਾ-ਉਠੇਂਗਾ ਕਿ ਉਠਾਵਾਂ? ਚਾਰਾ ਨਹੀਂ ਸੀ। ਉਠ ਗਏ। ਉਹ ਤਿੰਨੋਂ ਜਣੇ ਬੈਠ ਗਏ। ਜੇਬ ਉਪਰ ਲੱਗੀ ਨੇਮ ਪਲੇਟ ਮੈਨੂੰ ਦਿਖਾਉਂਦਿਆਂ ਕਿਹਾ-ਸ਼ਿਕਾਇਤ ਕਰੇਂਗਾ? ਲੈ ਆਹ ਨਾਂ ਪੜ੍ਹ ਲੈ।

ਮੈਂ ਕਿਹਾ-ਸ਼ਿਕਾਇਤ ਕਰਨ ਵਾਸਤੇ ਮੈਨੂੰ ਨਾਮ ਜਾਣਨ ਦੀ ਲੋੜ ਨਹੀਂ। ਜਿਸ ਡੱਬੇ ਵਿਚ ਤੁਸੀਂ ਬੈਠੇ ਹੋ, ਤੁਹਾਡੇ ਮਹਿਕਮੇ ਨੂੰ ਪਤਾ ਹੈ ਉਥੇ ਕੌਣ ਕੌਣ ਡਿਊਟੀ 'ਤੇ ਹੈ।

ਅੰਬਾਲੇ ਉਤਰ ਗਏ। ਉਨ੍ਹਾਂ ਦੀ ਡਿਊਟੀ ਇਥੇ ਤੱਕ ਸੀ। ਅੱਗੇ ਹਰਿਆਣਾ ਪੁਲਿਸ ਦੀ ਜ਼ਿੰਮੇਵਾਰੀ। ਤਿੰਨ ਚਾਰ ਸਵਾਰੀਆਂ ਨੇ ਮੈਨੂੰ ਵਾਜਾਂ ਮਾਰੀਆਂ-ਸਰਦਾਰ ਜੀ, ਕਾਕੇ ਸਣੇ ਇਥੇ ਆ ਜਾਉ, ਅਸੀਂ ਤੁਹਾਡੇ ਵਾਸਤੇ ਸੀਟਾਂ ਰੋਕ ਲਈਆਂ ਹਨ। ਸ਼ੁਕਰਾਨਾ ਕਰਕੇ ਬੈਠ ਗਏ। ਨਾਲ ਬੈਠਾ ਮੁਸਾਫਰ ਬੋਲਿਆ-ਤੁਹਾਡੇ ਨਾਲ ਜ਼ਿਆਦਤੀ ਹੋਈ ਹੈ। ਮੈਂ ਕਿਹਾ-ਚੁੱਪ ਕਿਉਂ ਬੈਠੇ ਰਹੇ ਫਿਰ? ਉਹ ਬੋਲਿਆ-ਉਨ੍ਹਾਂ ਵਿਰੁੱਧ ਲੜਨ ਦੀ ਹਿੰਮਤ ਨਹੀਂ ਹੈ, ਸੀਟ ਰੋਕਣ ਦੀ ਤਾਕਤ ਸੀ, ਸੋ ਤੁਹਾਨੂੰ ਵਾਜ ਮਾਰੀ। ਮੈਂ ਸ਼ੁਕਰਾਨਾ ਕੀਤਾ।

ਵਾਪਸ ਆ ਕੇ ਸ਼ਿਕਾਇਤ ਡਾਕ ਵਿਚ ਤੋਰ ਦਿਤੀ। ਟਿਕਟਾਂ ਦੀ ਫੋਟੋ ਕਾਪੀ ਨਾਲ ਨੱਥੀ। ਦਸ ਕੁ ਦਿਨ ਬਾਦ ਵਿਭਾਗ ਵਿਚ, ਜਿਪਸੀ ਵਿਚ ਇਕ ਇੰਸਪੈਕਟਰ ਆਇਆ। ਕਿਹਾ-ਤੁਸੀਂ ਸ਼ਿਕਾਇਤ ਕੀਤੀ ਹੈ? ਮੈਂ ਹਾਂ ਵਿਚ ਸਿਰ ਹਿਲਾਇਆ। ਫਿਰ ਬੋਲਿਆ-ਡੀ ਜੀ ਪੀ ਸਾਹਿਬ ਨੇ ਬੁਲਾਇਆ ਹੈ। ਮੈਂ ਕਿਹਾ-ਮੈਨੂੰ ਕਿਉਂ ਬੁਲਾਇਆ, ਦੋਸ਼ੀਆਂ ਨੂੰ ਬੁਲਾਣ? ਉਸਨੇ ਕਿਹਾ-ਦੋਸ਼ੀ ਤਲਬ ਕੀਤੇ ਸਨ। ਮੈਂ ਉਸ ਨਾਲ ਸ਼ਹਿਰ ਆ ਗਿਆ। ਨਾਮ ਤਖਤੀ 'ਤੇ ਲਿਖਿਆ ਸੀ-ਸ. ਜਰਨੈਲ ਸਿੰਘ ਚਹਿਲ, ਐਡੀਸ਼ਨਲ ਡੀ ਜੀ ਪੀ ਰੇਲਵੇਜ਼। ਅੰਦਰ ਗਿਆ। ਚਾਹ ਪਾਣੀ ਪਿਲਾਂਦਿਆਂ ਉਨ੍ਹਾਂ ਨੇ ਕਿਹਾ-ਮੈਂ ਤੁਹਾਡਾ ਪਾਠਕ ਹਾਂ। ਖੁਸ਼ੀ ਮਿਲੀ। ਕਹਿਣ ਲੱਗੇ-ਇਸ ਕਰਕੇ ਤੁਹਾਨੂੰ ਤਕਲੀਫ ਦਿਤੀ ਕਿ ਹੁਣ ਜਦੋਂ ਜਾਂਚ ਸ਼ੁਰੂ ਹੋਣ ਲੱਗੀ ਹੈ, ਤੁਸੀਂ ਆਪਣੇ ਮਨ ਨਾਲ ਫੈਸਲਾ ਕਰਕੇ ਦੱਸੋ।

ਪੁਲਿਸ ਵਾਲੇ ਪਹਿਲਾਂ ਤਾਂ ਉਸ ਬੰਦੇ ਨੂੰ ਡਰਾਇਆ ਦਬਕਾਇਆ ਕਰਦੇ ਹਨ ਜਿਹੜਾ ਸ਼ਿਕਾਇਤ ਕਰੇ। ਜੇ ਨਾ ਡਰੇ ਤਾਂ ਮਿੰਨਤ ਤਰਲੇ, ਸਿਆਸੀ ਸਿਫਾਰਿਸ਼ਾਂ ਆਦਿਕ ਵਰਤਦੇ ਹਨ। ਅਖੀਰ ਵਿਚ ਜੇ ਸਮਝੌਤਾ ਹੀ ਕਰਨਾ ਹੈ, ਫੇਰ ਆਪਾਂ ਕਾਹਨੂੰ ਪੜਤਾਲਾਂ ਵਿਚ ਫੋਰਸ ਦਾ ਵਕਤ ਜ਼ਾਇਆ ਕਰੀਏ? ਮੇਰੇ ਕੋਲ ਕੋਈ ਸ਼ਿਕਾਇਤ ਆਉਂਦੀ ਹੈ ਤਾਂ ਮੈਂ ਇਹ ਮੰਨ ਕੇ ਤੁਰਦਾ ਹਾ ਕਿ ਸੱਚੀ ਹੋਣੀ ਹੈ, ਝੂਠੀ ਸ਼ਿਕਾਇਤ ਕੌਣ ਪੁਲਿਸ ਵਿਰੁਧ ਕਰਦਾ ਹੈ? ਦੱਸੋ। ਮੈਂ ਕਿਹਾ-ਜੀ ਮੇਰੀ ਇੱਛਾ ਹੈ ਤੁਹਾਡਾ ਮਹਿਕਮਾ ਸਭਿਅਕ ਹੋਵੇ। ਮੈਂ ਪੁਲਿਸ ਤੋਂ ਡਰਿਆ ਨਹੀਂ ਕਦੀ। ਜਦੋਂ ਗਲਤ ਕੰਮ ਕਰਨ ਲੱਗਾ, ਫਿਰ ਡਰਨਾ ਵੀ ਆ ਜਾਏਗਾ।

ਉਨ੍ਹਾਂ ਨੇ ਸਟੈਨੋ ਨੂੰ ਬੁਲਾ ਕੇ ਪੜਤਾਲ ਆਰਡਰ ਲਿਖਾਏ ਤੇ ਜਿਸ ਡੀ.ਐਸ.ਪੀ. ਨੂੰ ਪੜਤਾਲੀਆ ਅਫਸਰ ਲਾਇਆ, ਉਹ ਮੇਰਾ ਦੋਸਤ ਸੀ। ਮੈਂ ਕਿਹਾ-ਚਾਹਲ ਸਾਹਿਬ, ਕਿਸੇ ਹੋਰ ਨੂੰ ਪੜਤਾਲ ਦਿਉ। ਇਹ ਡਿਪਟੀ ਤਾਂ ਮੇਰਾ ਦੋਸਤ ਹੈ। ਮੈਂ ਇਨਸਾਫ ਮੰਗਿਆ ਹੈ ਰਿਆਇਤ ਨਹੀਂ। ਤੁਰਤ ਇਕ ਹੋਰ ਡਿਪਟੀ ਸਾਹਿਬ ਦੀ ਡਿਊਟੀ ਲਾ ਦਿੱਤੀ। ਤਿੰਨੇ ਜਣੇ ਸਸਪੈਂਡ ਕਰਕੇ ਫਿਰੋਜ਼ਪੁਰ ਭੇਜ ਦਿਤੇ। ਇਸ ਹੌਲਦਾਰ ਦਾ ਪਿੰਡ ਅੰਬਾਲੇ ਲਾਗੇ ਹੀ ਸੀ। ਸਵੇਰੇ ਗੱਡੀ ਤੋਂ ਉਤਰ ਕੇ ਪਿੰਡ ਚਲਾ ਜਾਂਦਾ, ਸ਼ਾਮੀ ਗੱਡੀ ਵਾਪਸ ਆਉਂਦੀ ਤਾਂ ਡਿਊਟੀ ਦੇਣ ਬਠਿੰਡੇ ਤੱਕ ਜਾਂਦਾ। ਹੁਣ ਕਦੀ ਹਫਤੇ ਬਾਦ ਕਦੀ ਦੋ ਹਫਤਿਆਂ ਬਾਦ ਪੇਸ਼ੀ।

ਇਕ ਮੰਤਰੀ ਦੀ ਕੋਠੀਓਂ ਫੋਨ ਆਇਆ-ਪੰਨੂ ਸਾਹਿਬ, ਇਹ ਪੁਲਿਸ ਵਾਲੇ ਆਪਣੇ ਈ ਬੰਦੇ ਨੇ। ਛੱਡੋ ਖਹਿੜਾ ਇਨ੍ਹਾਂ ਵਿਚਾਰਿਆਂ ਦਾ। ਮੈਂ ਕਿਹਾ-ਜੀ ਮੈਨੂੰ ਤਾਂ ਲਗਦਾ ਸੀ ਮੈਂ ਤੁਹਾਡਾ ਬੰਦਾ ਹਾਂ, ਤੁਹਾਡੇ ਬੰਦੇ ਤਾਂ ਉਹ ਨਿਕਲੇ ਜਿਨ੍ਹਾਂ ਨੇ ਮੇਰੇ ਵੱਲ ਬੰਦੂਕ ਦਾ ਬੱਟ ਉਲਾਰਿਆ ਸੀ। ਜੇ ਤੁਸੀਂ ਮੇਰੇ ਮਿੱਤਰ ਹੋ ਤਾਂ ਇਨ੍ਹਾਂ ਨੂੰ ਕੋਠੀਓਂ ਬਾਹਰ ਕੱਢ ਦਿਓ।

ਛੇ ਕੁ ਮਹੀਨੇ ਹੋਰ ਲੰਘੇ। ਸਨਿਚਰਵਾਰ ਧੁੱਪੇ ਕੁਰਸੀਆਂ 'ਤੇ ਬੈਠੇ ਅਸੀਂ ਅਖਬਾਰ ਦੇਖ ਰਹੇ ਸਾਂ। ਡਿਪਟੀ ਸਾਹਿਬ ਇਨ੍ਹਾਂ ਤਿੰਨਾਂ ਸਮੇਤ ਵਿਹੜੇ ਵਿਚ ਕੁਰਸੀਆਂ 'ਤੇ ਆ ਕੇ ਬੈਠ ਗਏ। ਮੈਂ ਹੌਲਦਾਰ ਤੇ ਸਿਪਾਹੀਆਂ ਨੂੰ ਕਿਹਾ-ਇਨ੍ਹਾਂ ਕੁਰਸੀਆਂ 'ਤੇ ਤੁਸੀਂ ਕਿਸ ਦੀ ਆਗਿਆ ਨਾਲ ਬੈਠੇ ਹੋ? ਉਹ ਤੁਰਤ ਸਾਵਧਾਨ, ਖਲੋ ਗਏ। ਮੈਂ ਕਿਹਾ-ਇਹ ਮੈਂ ਪੈਸਿਆਂ ਨਾਲ ਖਰੀਦੀਆਂ ਹਨ। ਜਿਸ ਸੀਟ ਤੋਂ ਤੁਸੀਂ ਉਠਾਇਆ, ਉਹ ਸਰਕਾਰੀ ਸੀ ਤੇ ਮੈਂ ਪੈਸੇ ਦੇ ਕੇ ਬੈਠਿਆਂ ਸਾਂ। ਉਹ ਖਲੋਤੇ ਰਹੇ। ਡਿਪਟੀ ਸਾਹਿਬ ਨੂੰ ਕਿਹਾ-ਇਨ੍ਹਾਂ ਮੁਜਰਿਮਾਂ ਨੂੰ ਤੁਸੀਂ ਮੇਰੀ ਕੋਠੀ ਕਾਹਨੂੰ ਦਿਖਾਉਣੀ ਸੀ? ਡਿਪਟੀ ਸਾਹਿਬ ਬੋਲੇ-ਸਰ ਕਾਨੂੰਨਨ ਤੁਹਾਡੇ ਬਿਆਨ ਇਨ੍ਹਾਂ ਦੇ ਸਾਹਮਣੇ ਹੋਣੇ ਜ਼ਰੂਰੀ ਹਨ ਤੇ ਇਨ੍ਹਾਂ ਦੇ ਬਿਆਨ ਤੁਹਾਡੇ ਸਾਹਮਣੇ। ਤੁਹਾਨੂੰ ਠਾਣੇ ਬੁਲਾ ਕੇ ਬਿਆਨ ਲਵਾਂ, ਇਹ ਮੈਨੂੰ ਚੰਗੀ ਗੱਲ ਨਾ ਲੱਗੀ, ਸੋ ਇਥੇ ਆ ਗਏ।

ਕੰਬਦੇ ਹੱਥ ਜੋੜਦਿਆਂ ਹੌਲਦਾਰ ਨੇ ਕਿਹਾ-ਜੀ ਮੇਰੇ ਖਿਲਾਫ ਬਿਆਨ ਦੇ ਦਿੱਤੇ ਤਾਂ ਮੇਰੀ ਨੌਕਰੀ ਕੱਟ ਦੇਣਗੇ। ਮੈਂ ਡਿਪਟੀ ਸਾਹਿਬ ਨੂੰ ਕੱਟ, ਦੇ ਅਰਥ ਪੁੱਛੇ, ਉਨ੍ਹਾਂ ਦੱਸਿਆ ਕਿ ਇਨਕਰੀਮੈਂਟ ਕੱਟੇ ਜਾਣਗੇ, ਜੂਨੀਅਰ ਹੋ ਜਾਵੇਗਾ। ਬਿਆਨ ਹੋ ਗਏ। ਦੋਹਾਂ ਧਿਰਾਂ ਦੇ ਦਸਤਖਤ ਲੈ ਕੇ ਇਹ ਪਾਰਟੀ ਚਲੀ ਗਈ।

ਫਿਰ ਉਨ੍ਹਾਂ ਨਾਲ ਕੀ ਹੋਇਆ, ਪਤਾ ਨਹੀਂ, ਇਸ ਤੋਂ ਅੱਗੇ ਮੇਰੀ ਕੋਈ ਰੁਚੀ ਨਹੀਂ ਸੀ। ਮਹਿਕਮੇ ਨੇ ਜੋ ਕਰਨਾ ਹੈ ਕਰੇ। ਚੰਡੀਗੜ੍ਹ ਜਾਣ ਵਾਸਤੇ ਬੱਸ ਦੀ ਉਡੀਕ ਵਿਚ ਖਲੋਤਾ ਸਾਂ ਕਿ ਯੂਨੀਵਰਸਿਟੀ ਗੇਟ ਉਪਰ ਜਿਪਸੀ ਰੁਕੀ। ਮੇਰਾ ਦੋਸਤ ਡੀ.ਐਸ.ਪੀ. ਸੀ।

"ਆਉ ਜੇ ਚੰਡੀਗੜ੍ਹ ਚੱਲਣੈ ਪੰਨੂ ਸਾਹਿਬ, ਮੇਰੇ ਨਾਲ ਚਲੋ।" ਮੈਂ ਬੈਠ ਗਿਆ। ਸਰਸਰੀ ਗੱਲਾਂ ਦੌਰਾਨ ਪੁੱਛਿਆ, "ਮੈਂ ਇਕ ਸ਼ਿਕਾਇਤ ਕੀਤੀ ਸੀ ਤਿੰਨ ਕੁ ਸਾਲ ਪਹਿਲਾਂ। ਉਹਦਾ ਕੀ ਬਣਿਆ?" ਉਨ੍ਹਾਂ ਕਿਹਾ, "ਤੁਹਾਨੂੰ ਨੀ ਪਤਾ? ਪੁਲਿਸ ਮੁਲਾਜ਼ਮ ਦੇ ਪੰਜ ਇਨਕਰੀਮੈਂਟ ਕੱਟੇ ਗਏ, ਦੂਜੇ ਦੋ ਮੁਲਾਜ਼ਮ ਹੋਮਗਾਰਡ ਦੇ ਸਨ, ਕੱਚੇ, ਉਹ ਨੌਕਰੀਓਂ ਕੱਢ ਦਿੱਤੇ। ਇਕ ਗੱਲ ਹੋਰ ਸੁਣੋ। ਪੁਲਿਸ ਮੁਲਾਜ਼ਮ ਨੇ ਇਸੇ ਇੰਟਰਸਿਟੀ ਗੱਡੀ ਹੇਠ ਆ ਕੇ ਖੁਦਕਸ਼ੀ ਕਰ ਲਈ। ਮੈਂ ਹੈਰਾਨ ਹੋ ਕੇ ਪੁਛਿਆ-ਖੁਦਕਸ਼ੀ ਕਿਉਂ ਕਰ ਲਈ? ਉਨ੍ਹਾਂ ਦੱਸਿਆ-ਇਕੱਲੀ ਤੁਹਾਡੇ ਵਾਲੀ ਪੜਤਾਲ ਥੋੜ੍ਹੀ ਸੀ, ਉਸ ਵਿਰੁਧ ਪੰਜ ਛੇ ਪੜਤਾਲਾਂ ਚੱਲ ਰਹੀਆਂ ਸਨ। ਨਸ਼ੇੜੀ ਹੋ ਗਿਆ ਸੀ। ਬਾਹਰ ਭੇਜਣ ਦਾ ਝਾਂਸਾ ਦੇ ਕੇ ਕਿਸੇ ਤੋਂ ਪੈਸੇ ਫੜ ਕੇ ਛਕ ਗਿਆ, ਉਹ ਪੈਸੇ ਮੰਗ ਰਹੇ ਸਨ। ਆਖੀਰ ਇਹ ਹੋਇਆ।"

ਦੂਜੀ ਘਟਨਾ 1981 ਦੀ ਹੈ। ਮੈਂ ਖਾਲਸਾ ਕਾਲਜ ਪਟਿਆਲਾ ਪੜ੍ਹਾਉਂਦਾ ਸਾਂ। ਹਰ ਰੋਜ਼ ਸ਼ਾਮੀਂ ਪਿੰਡ ਆ ਜਾਂਦਾ। ਯੂਨੀਵਰਸਿਟੀ ਦੀ ਲਾਇਬਰੇਰੀ ਵਿਚੋਂ ਕਿਤਾਬਾਂ ਕਢਵਾ ਕੇ ਪਿੰਡ ਚਲਾ ਗਿਆ, ਅਗਲੀ ਸਵੇਰ ਪਟਿਆਲੇ। ਸੱਤ ਅੱਠ ਦਿਨਾਂ ਬਾਅਦ ਲਾਇਬਰੇਰੀਅਨ, ਯੂਨੀਵਰਸਿਟੀ ਤੋਂ ਮੇਰੇ ਕੋਲ ਕਾਲਜ ਆਇਆ, ਪੁਛਣ ਲੱਗਾ-ਤੁਹਾਡਾ ਬਟੂਆ ਕਿਥੇ ਹੈ? ਮੈਂ ਕਿਹਾ-ਮੇਰੇ ਬੈਗ ਵਿਚ। ਤੇ ਬੱਸ ਪਾਸ? ਉਹ ਵੀ ਬੈਗ ਵਿਚ। ਮੈਂ ਮੋਢੇ ਲਟਕਿਆ ਬੈਗ ਫਰੋਲਿਆ, ਉਸ ਵਿਚ ਦੋਵੇਂ ਨਹੀਂ ਸਨ। ਉਹ ਹੱਸ ਪਿਆ, ਕਿਹਾ, "ਆਹ ਫੜੋ ਦੋਵੇਂ ਚੀਜ਼ਾਂ। ਮੈਂ ਸੋਚਿਆ ਤੁਹਾਨੂੰ ਯਾਦ ਆ ਜਾਏਗਾ ਕਿ ਕਾਊਂਟਰ ਤੇ ਦੋ ਜ਼ਰੂਰੀ ਚੀਜ਼ਾਂ ਭੁਲ ਆਏ, ਤੁਸੀਂ ਆਏ ਹੀ ਨਹੀਂ।" ਮੈਨੂੰ ਪਤਾ ਹੀ ਨਹੀਂ ਸੀ ਕਿ ਮੇਰਾ ਕੁਝ ਗੁੰਮਿਆ ਹੈ। ਬਸ ਵਿਚ ਜੇ ਕਿਤੇ ਇੰਸਪੈਕਟਰ ਚੜ੍ਹ ਜਾਂਦਾ? ਨਾ ਮੇਰੇ ਕੋਲ ਪਾਸ, ਨਾ ਪੈਸੇ। ਬੁਰੀ ਹੁੰਦੀ। ਬਚ ਗਏ ਕਿਸਮਤ ਨਾਲ।

ਇਸ ਮੁਲਾਜ਼ਮ ਦਾ ਨਾਮ ਗੁਰਸ਼ਰਨ ਸਿੰਘ ਹੈ। ਮੈਂ ਇਸ ਵੱਲੋਂ ਕੀਤੀ ਨੇਕੀ ਬਾਰੇ ਵਾਈਸ-ਚਾਂਸਲਰ ਨੂੰ ਚਿੱਠੀ ਲਿਖ ਦਿੱਤੀ। ਚਿੱਠੀ ਲਿਖ ਕੇ ਭੁੱਲ ਗਿਆ, ਕੀ ਹੋਇਆ। ਪੰਜ ਛੇ ਮਹੀਨੇ ਬੀਤੇ। ਇਕ ਦਿਨ ਗੁਰਸ਼ਰਨ ਸਿੰਘ ਫਿਰ ਮੇਰੇ ਕੋਲ ਕਾਲਜ ਵਿਚ ਆ ਗਿਆ। ਮੈਨੂੰ ਇਕ ਕਾਗਜ਼ ਪੜ੍ਹਨ ਲਈ ਕਿਹਾ। ਵਾਈਸ-ਚਾਂਸਲਰ ਨੇ ਮੇਰੇ ਵੱਲੋਂ ਲਿਖਿਆ ਪੱਤਰ ਸਿੰਡੀਕੇਟ ਦੀ ਮੀਟਿੰਗ ਵਿਚ ਰੱਖਿਆ। ਫੈਸਲਾ ਹੋਇਆ ਕਿ ਇਸ ਨੇਕਬਖਤ ਆਦਮੀ ਨੂੰ ਇਕ ਹਜ਼ਾਰ ਰੁਪਿਆ, ਇਕ ਇਨਕਰੀਮੈਂਟ ਅਤੇ ਇਕ ਮਾਣ ਪੱਤਰ ਦਿੱਤਾ ਜਾਵੇ। ਗੁਰਸ਼ਰਨ ਸਿੰਘ ਹੁਣੇ ਰਿਟਾਇਰ ਹੋਏ ਹਨ। ਜਦੋਂ ਮਿਲਦੇ ਹਾਂ, ਇਸ ਬਾਰੇ ਗੱਲ ਨਹੀਂ ਕਰਦੇ ਪਰ ਤੀਹ ਸਾਲ ਪੁਰਾਣੀ ਘਟਨਾ ਸਾਡੇ ਦੋਵਾਂ ਦੇ ਚਿਹਰੇ ਖਿੜਾ ਦਿੰਦੀ ਹੈ।

ਕਨਫਿਊਸ਼ਿਅਸ ਨੇ ਕਿਹਾ ਸੀ-ਭਲੇ ਬੰਦੇ ਇਸ ਕਰਕੇ ਨੇਕੀ ਕਰਦੇ ਹਨ ਕਿਉਂਕਿ ਉਨ੍ਹਾਂ ਨੇ ਭਲਾਈ ਤੋਂ ਇਲਾਵਾ ਕੁਝ ਕਰਨਾ ਹੀ ਨਹੀਂ ਹੁੰਦਾ। ਬੁਰਿਆਂ ਬੰਦਿਆਂ ਨੂੰ ਵੀ ਨੇਕੀ ਕਰਨੀ ਚਾਹੀਦੀ ਹੈ ਕਿਉਂਕਿ ਇਹ ਫਾਇਦੇਮੰਦ ਬਹੁਤ ਹੈ।

***ਪ੍ਰੋਫੈਸਰ ਧਰਮ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।***

# ਸੌਖਾ ਨਹੀਂ ਨੀਲੇ ਖ਼ਾਨ ਦਾ ਵਿਛੋੜਾ ਭੁਲਾ ਸਕਣਾ



## ਕੀ ਮੈਂ ਝੂਠ ਬੋਲਿਐ...

ਸਵਰਨ ਸਿੰਘ ਟਹਿਣਾ*

***ਫੋਨ:91-98141-78883**

ਜਿਊਣ ਨਾਲੋਂ ਵੱਡਾ ਸੱਚ ਮਰਨਾ ਹੈ, ਫੇਰ ਜਾਣ ਵਾਲੇ ਦੇ ਦਰਦ 'ਚ ਅੱਥਰੂ ਕਿਉਂ ਆਉਂਦੇ ਨੇ? ਕਿਸੇ ਨੇੜਲੇ ਦੇ ਵਿਛੋੜਾ ਦਾ ਦਰਦ ਤਾਂ ਹੁੰਦਾ ਹੀ ਹੈ ਪਰ ਕਈ ਵਾਰ ਅਣਜਾਣ ਬੰਦੇ ਦੇ ਜਾਣ ਦਾ ਦੁੱਖ ਹੋਰ ਵੀ ਵੱਧ ਹੁੰਦੈ। ਦੁੱਖਾਂ ਦੀ ਇਹ ਬਾਤ ਇਸ ਕਰਕੇ ਪੈ ਰਹੀ ਏ ਕਿ ਪਿਛਲੇ ਦਿਨੀਂ ਨੀਲੇ ਖ਼ਾਨ ਨਾਂ ਦੇ ਉਸ ਗੀਤਕਾਰ ਦਾ ਵਿਛੋੜਾ ਪਿਐ, ਜਿਸ ਨੂੰ ਨਾ ਕਦੇ ਮਿਲੇ ਸਾਂ ਤੇ ਨਾ ਹੀ ਕਦੇ ਗੱਲ ਹੋਈ ਸੀ। ਹਾਂ, ਉਸ ਦੇ ਗੀਤਾਂ ਨੂੰ ਜ਼ਰੂਰ ਮਾਣੀਦਾ ਸੀ, ਜਦੋਂ ਆਖਰੀ ਅੰਤਰੇ 'ਚ 'ਨੀਲੇ ਖ਼ਾਨ' ਆਉਂਦਾ ਤਾਂ ਮਨ ਨੂੰ ਅਵੱਲੀ ਜਿਹੀ ਖੁਸ਼ੀ ਹੁੰਦੀ। ਇਸ ਖੁਸ਼ੀ ਦੇ ਦੋ ਕਾਰਨ ਸਨ, ਇੱਕ ਤਾਂ ਉਸ ਦਾ ਹਰ ਗੀਤ ਕਮਾਲ ਦਾ ਹੁੰਦਾ ਤੇ ਦੂਜਾ ਉਹ ਆਪਣੇ ਨਾਂ ਨੂੰ ਗੀਤ 'ਚ ਲਾਜਵਾਬ ਢੰਗ ਨਾਲ ਫਿੱਟ ਕਰਦਾ।

ਜਦੋਂ ਨੀਲੇ ਦਾ ਲਿਖਿਆ ਗੀਤ 'ਕਾਹਦੀ ਬੱਸ 'ਚੋਂ ਉਤਰ ਗਈ ਤੂੰ ਬਠਿੰਡਾ ਬੀਕਾਨੇਰ ਹੋ ਗਿਆ' ਰਿਕਾਰਡ ਹੋਇਆ ਤਾਂ ਸੁਰਜੀਤ ਭੁੱਲਰ ਨਾਲ ਉਸ ਬਾਰੇ ਵਾਹਵਾ ਗੱਲਾਂ ਹੋਈਆਂ। ਉਸ ਆਖਿਆ, 'ਉਹ ਹਰ ਗੀਤ ਚੰਗਾ ਲਿਖਦੈ... ਬਹੁਤੇ ਗੀਤਕਾਰਾਂ ਦੇ ਗੀਤਾਂ ਨੂੰ ਗਾਉਣ ਤੋਂ ਪਹਿਲਾਂ ਸੋਧਣਾ ਪੈਂਦੈ ਪਰ ਉਸ ਦੇ ਗੀਤ ਨੂੰ ਅੱਗੇ-ਪਿੱਛੇ ਨਹੀਂ ਕਰਨਾ ਪੈਂਦਾ।'

'ਬੱਸ 'ਚੋਂ ਉਤਰ ਗਈ ਤੂੰ' ਗੀਤ ਵਿਚ ਲੋਹੜੇ ਦਾ ਦਰਦ ਹੈ। ਇਸ ਗੀਤ ਨੂੰ ਭਾਵੇਂ ਬੱਸਾਂ ਵਿਚ ਹੁੰਦੇ ਇਸ਼ਕ-ਮੁਸ਼ਕ ਦੇ ਮਾੜੇ ਪੱਖ ਨਾਲ ਵੀ ਜੋੜ ਕੇ ਦੇਖਿਆ ਜਾ ਸਕਦੈ ਪਰ ਜਵਾਨੀ ਦੀਆਂ ਲਗਰਾਂ ਫੁੱਟਣ ਵੇਲ਼ੇ ਬੱਸ ਵਿਚ ਬੈਠੀ ਸੁਪਨਿਆਂ ਦੀ ਰਾਣੀ ਕਿਹੋ ਜਿਹੀ ਲੱਗਦੀ ਏ ਤੇ ਜਦੋਂ ਉਹ ਉਤਰ ਜਾਂਦੀ ਏ ਤਾਂ ਸਾਰੀਆਂ ਸੀਟਾਂ ਭਰੀਆਂ ਹੋਣ ਦੇ ਬਾਵਜੂਦ ਬੱਸ ਕਿਵੇਂ ਸੁੰਨੀ-ਸੁੰਨੀ ਲੱਗਣ ਲੱਗਦੀ ਏ, ਇਹ ਉਹੀ ਮਹਿਸੂਸ ਕਰ ਸਕਦੈ, ਜਿਸ ਨੇ ਇਹ ਵੇਲ਼ਾ ਹੰਢਾਇਆ ਹੋਵੇ। ਪਤਾ ਨਹੀਂ, ਨੀਲੇ ਨੇ ਇਹ ਵੇਲ਼ਾ ਹੰਢਾਇਆ ਸੀ ਜਾਂ ਨਹੀਂ ਪਰ ਉਹਨੇ ਹਜ਼ਾਰਾਂ ਦੇ ਹੰਢਾਏ ਪਲ਼ਾਂ ਨੂੰ ਗੀਤ 'ਚ ਜ਼ਰੂਰ ਪਰੁੰਨ ਦਿੱਤਾ ਸੀ।

ਮੌਤ ਕਿਸੇ ਦੀ ਮਿੱਤ ਨਹੀਂ, ਪਰ ਮੌਤ ਏਦਾਂ ਵੀ ਆ ਜਾਂਦੀ ਏ, ਇਹ ਬਹੁਤ ਘੱਟ ਵਾਰ ਸੁਣਿਆ ਸੀ। ਬੰਦਾ ਨਹਾ ਕੇ, ਤੇੜ ਤੌਲੀਆ ਬੰਨ੍ਹ ਕੂਲਰ ਕੋਲੋਂ ਲੰਘ ਰਿਹਾ ਹੋਵੇ। ਬਾਂਹ ਕੂਲਰ ਨਾਲ ਲੱਗ ਜਾਵੇ ਤੇ ਕਰੰਟ ਏਨੇ ਜ਼ੋਰ ਦਾ ਪਵੇ ਕਿ ਮੌਕੇ 'ਤੇ ਹੀ ਮੌਤ ਹੋ ਜਾਵੇ! ਬੰਦਾ ਬਿਮਾਰ ਸ਼ਮਾਰ ਰਿਹਾ



*ਨੀਲੇ ਖਾਨ*

ਹੋਵੇ, ਇਲਾਜ ਲਈ ਪੂਰੀ ਵਾਹ ਲੱਗੀ ਹੋਵੇ, ਪਰ ਫੇਰ ਵੀ ਮੌਤ ਹੋ ਜਾਵੇ ਤਾਂ ਭਾਣਾ ਮੰਨ ਲਈਦੈ।

ਨੀਲੇ ਦਾ ਭਰਾ ਦੱਸਦੈ ਕਿ ਉਹਦੇ ਦੋਸਤ-ਮਿੱਤਰ ਘਰ ਆਏ ਸਨ। ਕਹਿੰਦਾ, 'ਯਾਰ ਤੂੰ ਫ਼ਲਾਣਾ ਕੰਮ ਛੇਤੀ-ਛੇਤੀ ਕਰ ਦੇ, ਮੈਂ ਨਹਾ ਕੇ ਇਨ੍ਹਾਂ ਨਾਲ ਕੰਮ ਵੀ ਜਾਣੈ।' ਨਹਾ ਕੇ ਗੁਸਲਖ਼ਾਨੇ 'ਚੋਂ ਬਾਹਰ ਨਿਕਲਿਆ ਤਾਂ ਚੱਲਦੇ ਕੂਲਰ ਕੋਲੋਂ ਲੰਘਿਆ। ਸਰੀਰ ਗਿੱਲਾ ਸੀ ਤੇ ਪੈਰੋਂ ਨੰਗਾ। ਕਰੰਟ ਨਾਲ ਉਹਨੂੰ ਐਸਾ ਝਟਕਾ ਲੱਗਾ ਕਿ ਸੈਕਿੰਡਾਂ 'ਚ ਹੀ ਨੀਲੇ ਦਾ ਸਰੀਰ ਨੀਲਾ ਹੋ ਗਿਆ। ਸਧਰਾਂ ਦੀ ਸਾਥਣ ਦਾ ਸੁਹਾਗ ਲੁੱਟਿਆ ਗਿਆ, ਮਾਪਿਆਂ ਦਾ ਚੰਨ ਛੁਪਣਛੋਤ ਹੋ ਗਿਆ ਤੇ ਸੰਗੀਤ ਪ੍ਰੇਮੀਆਂ ਦਾ ਮਹਿਬੂਬ ਗੀਤਕਾਰ ਸਦਾ ਲਈ ਅੱਖਾਂ ਮੀਟ ਗਿਆ।

ਨੀਲੇ ਖ਼ਾਨ ਦਾ ਗੀਤਕਾਰੀ ਸਫ਼ਰ ਬਹੁਤਾ ਲੰਮਾ ਨਹੀਂ। ਉਸ ਦੇ ਦੋ ਕੁ ਦਰਜਨ ਗੀਤ ਹੀ ਰਿਕਾਰਡ ਹੋਏ ਸਨ। ਭਾਵੇਂ ਗਾਇਆ ਉਸ ਨੂੰ ਕਈਆਂ ਨੇ, ਪਰ ਅਸਲ ਪਛਾਣ ਸੁਰਜੀਤ ਭੁੱਲਰ ਕਰਕੇ ਮਿਲੀ। ਸੁਰਜੀਤ ਭੁੱਲਰ ਦੀਆਂ ਤਿੰਨ-ਚਾਰ ਕੈਸਿਟਾਂ ਦੇ ਟਾਈਟਲ ਵੀ ਉਸੇ ਦੇ ਗਾਣਿਆਂ 'ਤੇ ਆਧਾਰਤ ਰੱਖੇ ਗਏ। ਵੀਡੀਓ ਚੰਗੇ ਬੱਜਟ ਦੇ ਬਣੇ ਤੇ ਨੀਲੇ ਖ਼ਾਨ ਦੀ ਪਛਾਣ ਵੀ ਗੂੜ੍ਹੀ ਹੋ ਗਈ। ਜਿਨ੍ਹਾਂ ਹੋਰਾਂ ਨੇ ਗਾਇਆ, ਉਨ੍ਹਾਂ ਵਿਚੋਂ ਜ਼ਿਆਦਾਤਰ ਦੇ ਵੀਡੀਓ ਨਹੀਂ ਬਣੇ, ਜਿਸ ਕਰਕੇ ਉਨ੍ਹਾਂ ਦਾ ਕੋਈ ਨੋਟਿਸ ਨਹੀਂ ਲਿਆ ਗਿਆ।

ਨੀਲੇ ਦੇ ਜਾਣ ਤੋਂ ਬਾਅਦ ਹੁਣ ਉਸ ਦਾ ਭਰਾ ਦੱਸਦੈ ਕਿ ਸਿਰਫ਼ ਤੇ ਸਿਰਫ਼ ਸੁਰਜੀਤ ਨੇ ਹੀ ਉਨ੍ਹਾਂ ਦੀ ਆਰਥਿਕ ਮਦਦ ਕੀਤੀ। ਨੀਲੇ ਦੇ ਭੋਗ ਵਾਲ਼ੇ ਦਿਨ ਵੀ ਉਸੇ ਨੇ ਮਾਇਕ ਮਦਦ ਕੀਤੀ ਤੇ ਪਹਿਲਾਂ ਵੀ, ਪਰ ਹੋਰ ਕੋਈ ਨਾ ਬਹੁੜਿਆ।

ਨੀਲੇ ਖ਼ਾਨ 1982 'ਚ ਬਠਿੰਡਾ ਜ਼ਿਲ੍ਹੇ ਦੀ ਤਹਿਸੀਲ ਰਾਮਪੁਰਾ ਫੂਲ ਦੇ ਪਿੰਡ ਰਾਈਆ 'ਚ ਜੰਮਿਆ ਤੇ 29 ਸਾਲ ਦੀ ਉਮਰ ਵਿਚ ਆਪਣੇ ਕੰਮ-ਕਾਜ ਸਮਾਪਤ ਕਰ ਤੁਰ ਗਿਆ। ਪਿੱਛੇ ਮਾਪੇ, ਭੈਣ-ਭਰਾ, ਦੋ ਪੁੱਤਰ ਤੇ ਸਧਰਾਂ ਦੀ ਸਾਥਣ ਨੂੰ ਛੱਡ ਗਿਆ। ਭਾਵੇਂ ਉਹ ਉਜਰਤ ਲਈ ਬੀ.ਡੀ.ਪੀ.ਓ ਮਹਿਕਮੇ ਦੇ ਬਲਾਕ ਮੌੜ ਮੰਡੀ 'ਚ ਸੇਵਾਦਾਰ ਦੀ ਨੌਕਰੀ ਕਰਦਾ ਸੀ, ਪਰ ਇਸ ਸੇਵਾਦਾਰੀ ਦੇ ਨਾਲ-ਨਾਲ ਉਹ ਸ਼ਿੱਦਤ ਨਾਲ ਗੀਤਕਾਰੀ ਦੀ ਸੇਵਾ ਵੀ ਕਰੀ ਜਾ ਰਿਹਾ ਸੀ। ਘਰਦਿਆਂ ਉਸ ਦਾ ਨਾਂ ਜਮਾਲ ਦੀਨ ਰੱਖਿਆ ਸੀ ਪਰ ਹੌਲੀ-ਹੌਲੀ ਉਹ ਨੀਲੇ ਖ਼ਾਨ ਬਣ ਗਿਆ। ਉਸ ਦਾ ਭਰਾ ਦੱਸਦੈ ਕਿ ਪੰਜਵੀਂ-ਛੇਵੀਂ 'ਚ ਹੀ ਉਹ ਗੀਤ ਜੋੜਨ ਲੱਗ ਪਿਆ ਸੀ। ਮਾਸਟਰ ਨੇ ਕੰਨ ਫੜਾ ਦੇਣੇ ਤਾਂ ਉਹਦੇ 'ਤੇ ਪੁੱਠਾ-ਸਿੱਧਾ ਗੀਤ ਜੋੜ ਛੱਡਣਾ, ਭੈਣ ਜੀ ਨੇ ਕੁੱਟਣਾ ਤਾਂ ਉਹਦੇ ਬਾਰੇ ਕੁੱਝ ਲਿਖ ਛੱਡਣਾ। ਪੜ੍ਹਿਆ ਉਹ ਸਿਰਫ਼ ਮੈਟ੍ਰਿਕ ਤੱਕ ਹੀ। 2002 'ਚ ਉਸਨੂੰ ਨੌਕਰੀ ਮਿਲ ਗਈ। ਉਸ ਦਾ ਪਹਿਲਾ ਗੀਤ ਗੁਰਤੇਜ ਕਮਲ ਦੀ ਆਵਾਜ਼ 'ਚ ਰਿਕਾਰਡ ਹੋਇਆ, 'ਕਦੇ ਤਾਂ ਤੇਰੇ ਸੀ' ਤੇ ਦੂਜਾ ਗੀਤ ਬਲਕਾਰ ਸਿੱਧੂ ਨੇ ਗਾਇਆ, 'ਦੋ ਗੱਲਾਂ ਕਰੀਏ ਬਹਿ ਜਾ, ਸਾਡੀ ਸੁਣ ਆਪਣੀ ਕਹਿ ਜਾ।' ਬਲਕਾਰ ਵਾਲਾ ਗੀਤ ਵਾਹਵਾ ਹਿੱਟ ਹੋਇਆ, ਨੀਲੇ ਨੂੰ ਪ੍ਰਸਿੱਧੀ ਮਿਲ ਗਈ ਪਰ ਹੋਰ ਕੁੱਝ ਨਹੀਂ।

ਨੀਲੇ ਖ਼ਾਨ ਦੇ ਗੀਤ 'ਫੋਟੋ ਕੀਹਦੀ ਬਟੂਏ 'ਚ ਪਾਈ ਫਿਰਦਾ' (ਧਰਮਪ੍ਰੀਤ), 'ਐਡੀ ਛੇਤੀ ਮਾਪਿਆਂ ਤੋਂ ਜੀਅ ਲਹਿ ਗਿਆ' (ਮਿੰਟੂ ਧੂਰੀ), 'ਇੱਕ ਚਿੱਤ ਕਰਦਾ ਜਿਊਣ ਜੋਗਿਆ ਮੈਂ ਤੇਰੀ ਮੁੰਦਰੀ ਵਗਾਹ ਕੇ ਮਾਰਾਂ' ਤੇ 'ਜਦੋਂ ਸਾਨੂੰ ਤੇਰਿਆਂ ਸਹਾਰਿਆਂ ਦੀ ਲੋੜ ਸੀ' (ਹਰਦੇਵ ਮਾਹੀਨੰਗਲ), 'ਬੋਤਲ ਵਰਗੀ ਨੇ ਕਰ'ਤਾ ਪਿੰਡ ਸ਼ਰਾਬੀ (ਕਾਕਾ ਜ਼ੈਲਦਾਰ), 'ਮੱਲੋ ਮੱਲੀ ਲੱਗਜੇ ਨਜ਼ਰ ਸੋਹਣੀ ਚੀਜ਼ ਨੂੰ' (ਮਹਾਸ਼ਾ ਅਲੀ), 'ਛੱਡ ਕੇ ਨਾ ਜਾਈਂ ਮੇਰੀ ਜਾਨ ਬਣ ਕੇ' (ਲਖਵਿੰਦਰ ਲੱਕੀ), 'ਤੂੰ ਤਾਂ ਭੋਲੀ ਭਾਲੀ ਅੱਖਾਂ ਸਿਰੇ ਦੀਆਂ ਠੱਗ ਨੀਂ' (ਜੱਸੀ ਸਿੱਧੂ), 'ਕੀ ਲੱਡੂਆਂ ਦਾ ਤੋੜਾ' (ਦੀਪ ਢਿੱਲੋਂ) ਨੇ ਗਾਏ। ਸੁਰਜੀਤ ਭੁੱਲਰ ਦੀ ਕੈਸਿਟ 'ਗੱਭਰੂ' ਦਾ ਟਾਈਟਲ ਗੀਤ ਵੀ ਨੀਲੇ ਦਾ ਲਿਖਿਆ ਸੀ ਤੇ ਇਹ 'ਮੁੱਛ ਫੁੱਟ ਗੱਭਰੂ ਨਾ ਗੱਲ ਕਿਵੇਂ ਕਰਾਂ, ਵੇ ਮੈਂ ਸਖੀਆਂ ਤੋਂ ਪੁੱਛਦੀ ਫਿਰਾਂ' ਤੇ 'ਦਸ ਦਿਨ ਪੇਕੇ ਲਾ ਆਵਾਂ ਅੜਿਆ' ਖੂਬ ਮਕਬੂਲ ਹੋਏ। ਬਾਅਦ 'ਚ ਸੁਰਜੀਤ ਦੀ 'ਅੰਬਰਾਂ ਦਾ ਚੰਨ' ਰਿਲੀਜ਼ ਹੋਈ ਤਾਂ ਉਸ ਦਾ ਟਾਈਟਲ ਗੀਤ 'ਅੰਬਰਾਂ ਦਾ ਚੰਨ ਗੋਰੀਏ ਤੈਥੋਂ ਡਰਦਾ ਨਾ ਚੜ੍ਹਦਾ ਵਿਚਾਰਾ', 'ਕੁੜੀ ਗੱਭਰੂ ਪੱਟਣ ਦੀ ਮਾਰੀ ਗਲੀ ਦਾ ਬੂਹਾ ਬੰਦ ਨਾ ਕਰੇ' ਤੇ 'ਮੈਨੂੰ ਸਮਝ ਨਹੀਂ ਆਉਂਦੀ ਚੰਨ ਮੇਰਿਆ ਵੇ ਤੂੰ ਰੱਖ ਦਿੱਤਾ ਕੀ ਕਰਕੇ' ਹਰ ਜ਼ੁਬਾਨ 'ਤੇ ਚੜ੍ਹੇ। ਜਦੋਂ

***(ਬਾਕੀ ਅਗਲੇ ਸਫੇ 'ਤੇ)***

## ਚੱਲਦੇ ਚੱਲਦੇ

ਪੰਜਾਬ ਦੀ ਇੱਕ ਸਮਾਜ ਸੇਵੀ ਸੰਸਥਾ ਪਲੀਤ ਹੁੰਦੀ ਪੰਜਾਬੀ ਗਾਇਕੀ ਬਾਰੇ ਲੇਖ ਪੜ੍ਹ ਉਨ੍ਹਾਂ ਕਲਾਕਾਰਾਂ ਨੂੰ ਨੱਥ ਪਾਉਣ ਬਾਰੇ ਸੋਚ ਰਹੀ ਹੈ, ਜਿਨ੍ਹਾਂ ਗਾਇਕੀ ਨੂੰ ਗੰਡਾਸੀਆਂ ਤੇ ਗਲਾਸੀਆਂ ਤੱਕ ਸੀਮਤ ਕਰਨ ਦੇ ਨਾਲ-ਨਾਲ ਇੱਜ਼ਤਾਂ ਨੂੰ ਦਾਅ 'ਤੇ ਲਾਉਣਾ ਅਰੰਭ ਦਿੱਤੈ।

ਸੰਸਥਾ ਦੇ ਅਹੁਦੇਦਾਰਾਂ ਨੇ ਫੋਨ 'ਤੇ ਗੱਲ ਕੀਤੀ ਤੇ ਕਿਹਾ ਕਿ ਤੁਹਾਡੇ ਲੇਖਾਂ ਦੇ ਆਧਾਰ 'ਤੇ ਅਸੀਂ ਅਦਾਲਤ 'ਚ ਪਟੀਸ਼ਨ ਪਾਉਣ ਦੇ ਚਾਹਵਾਨ ਹਾਂ ਕਿਉਂਕਿ ਜਿਹੜੇ ਗੀਤਾਂ ਦੇ ਵੇਰਵੇ ਤੁਸੀਂ ਲਿਖ ਰਹੇ ਹੋ, ਇਹ ਸੱਚਮੁੱਚ ਨਿਵਾਣ ਦੀ ਸਿਖਰ ਹਨ। ਉਨ੍ਹਾਂ ਦਾ ਇਹ ਵੀ ਕਹਿਣਾ ਹੈ ਕਿ ਗੀਤਾਂ ਦੇ ਵੇਰਵੇ ਤੇ ਲੇਖਾਂ ਦੀ ਕਾਤਰਾਂ ਦੇ ਸਬੂਤਾਂ ਨਾਲ ਅਜਿਹੀ ਗਾਇਕੀ ਦਾ ਰੁਝਾਨ ਰੋਕਣ ਲਈ ਅਦਾਲਤ ਕੋਲ ਅਪੀਲ ਕੀਤੀ ਜਾਵੇਗੀ ਕਿ ਅਜਿਹੇ ਅਨਸਰਾਂ ਨਾਲ ਸਖ਼ਤੀ ਨਾਲ ਨਜਿੱਠਿਆ ਜਾਵੇ।

ਮਨ ਨੂੰ ਤਸੱਲੀ ਹੋਈ ਕਿ ਜਿਹੜੇ ਰਾਹ 'ਤੇ ਅਸੀਂ ਤੁਰੇ ਹਾਂ, ਸ਼ਾਇਦ ਹੋਰ ਲੋਕ ਵੀ ਉਸ ਦੇ ਪਾਂਧੀ ਬਣਨ ਦੇ ਚਾਹਵਾਨ ਨੇ। ਇਹ ਵੀ ਤਸੱਲੀ ਹੋਈ ਕਿ ਲੰਮੇ ਸਮੇਂ ਬਾਅਦ ਕਿਸੇ ਸੰਸਥਾ ਨੂੰ ਇਸ ਉਪਰਾਲੇ ਦਾ ਚੇਤਾ ਆਇਐ ਤੇ ਦੁੱਖ ਇਸ ਗੱਲ ਦਾ ਹੈ ਕਿ 'ਆਪਣਿਆਂ' ਨੂੰ 'ਆਪਣਿਆਂ' ਦੀਆਂ ਕਾਰ-ਕਾਰਦਗੀਆਂ ਬਾਰੇ ਇਹੋ ਜਿਹੇ ਯਤਨ ਕਰਨੇ ਪੈ ਰਹੇ ਨੇ।

# ਮਿੱਤਰ ਦੇਵਤੇ

## ਸ਼ਬਦ ਝਰੋਖਾ




ਬਲਜੀਤ ਬਾਸੀ
ਫੋਨ: 734-454-4958

ਕਮਿਊਨਿਜ਼ਮ ਦੇ ਆਰ ਪਾਰ ਵਾਲਾ ਪਿਛਲਾ ਲੇਖ ਅਸੀਂ ਰੋਮਨ ਦੇਵਤੇ ਮਿਥਰਸ ਦੀ ਚਰਚਾ ਨਾਲ ਖਤਮ ਕੀਤਾ ਸੀ। ਇਹ ਲੇਖ ਅਸੀਂ ਇਸ ਦੇਵਤੇ ਦਾ ਨਾਂ ਧਿਆ ਕੇ ਸ਼ੁਰੂ ਕਰਦੇ ਹਾਂ। ਅਸੀਂ ਜਾਣਦੇ ਹਾਂ ਕਿ ਭਾਰੋਪੀ (ਭਾਰਤੀ-ਯੂਰਪੀ) ਭਾਸ਼ਾਵਾਂ ਦਾ ਪਿਛੋਕੜ ਇਕ ਹੈ ਕਿਉਂਕਿ ਇਨ੍ਹਾਂ ਦੇ ਬੋਲਣਹਾਰੇ ਕਿਸੇ ਸਮੇਂ ਇਕੋ ਜਗ੍ਹਾ ਵਸਦੇ ਤਥਾ-ਕਥਿਤ ਆਰਿਆਈ ਲੋਕ ਸਨ ਜੋ ਬਾਅਦ ਵਿਚ ਕਈ ਟੋਲੀਆਂ ਬਣਾ ਕੇ ਯੂਰਪ ਅਤੇ ਏਸ਼ੀਆ ਵਿਚ ਫੈਲ ਗਏ। ਵੱਖ ਵੱਖ ਭੂ-ਖੇਤਰਾਂ ਵਿਚ ਇਨ੍ਹਾਂ ਨੇ ਵੱਖ ਵੱਖ ਬੋਲੀਆਂ ਨੂੰ ਜਨਮ ਦਿੱਤਾ। ਸਮੇਂ ਤੇ ਵਿਥ ਦੀ ਦੂਰੀ ਕਾਰਨ ਇਨ੍ਹਾਂ ਬੋਲੀਆਂ ਦੇ ਸ਼ਬਦਾਂ ਦੀ ਬਣਤਰ, ਧੁਨੀ, ਅਰਥ ਤੇ ਵਿਆਕਰਣ ਵਿਚ ਢੇਰ ਫਰਕ ਪੈ ਗਿਆ ਪਰ ਇਨ੍ਹਾਂ ਦੀ ਅੰਦਰੂਨੀ ਸਾਂਝ ਉਵੇਂ ਹੀ ਕਾਇਮ ਹੈ। ਭਾਸ਼ਾ-ਵਿਗਿਆਨੀਆਂ ਨੇ ਇਸ ਸਾਂਝ ਨੂੰ ਲੱਭਿਆ ਹੈ। ਹੁਣ ਤੱਕ ਅਸੀਂ ਇਸ ਸਾਂਝ ਦੇ ਆਧਾਰ 'ਤੇ ਹੀ ਅਨੇਕਾਂ ਪੰਜਾਬੀ ਸ਼ਬਦਾਂ ਦੀ ਹੋਰ ਬੋਲੀਆਂ ਨਾਲ, ਖਾਸ ਤੌਰ 'ਤੇ ਅੰਗਰੇਜ਼ੀ ਨਾਲ ਰਿਸ਼ਤੇ ਦੀ ਸ਼ਨਾਖਤ ਕੀਤੀ ਹੈ। ਭਾਸ਼ਾਵਾਂ ਦੀ ਤਰ੍ਹਾਂ ਹੀ ਪੂਰਵ-ਭਾਰੋਪੀ ਅਰਥਾਤ ਆਰੀਆ ਲੋਕਾਂ ਦੀ ਮੁਢਲੀ ਸੰਸਕ੍ਰਿਤੀ ਵੀ ਇਕ ਸੀ, ਉਨ੍ਹਾਂ ਦਾ ਮਿਥਿਹਾਸ ਸਾਂਝਾ ਸੀ। ਦੇਵੀ ਦੇਵਤਿਆਂ ਦੇ ਨਾਂਵਾਂ ਅਤੇ ਉਨ੍ਹਾਂ ਦੇ ਕਿਰਦਾਰ ਪਿਛੇ ਇਹ ਸਾਂਝ ਪ੍ਰਤੱਖ ਝਲਕਦੀ ਹੈ।

ਭਾਸ਼ਾ ਅਤੇ ਸੰਸਕ੍ਰਿਤੀ ਦੀ ਇਸ ਦੂਹਰੀ ਸਾਂਝ ਦੇ ਆਧਾਰ 'ਤੇ ਅੱਜ ਅਸੀਂ ਰੋਮਨ ਦੇਵਤੇ 'ਮਿਥਰਸ' ਦਾ ਵੈਦਿਕ ਦੇਵਤੇ 'ਮਿੱਤਰ' ਨਾਲ ਨਾਤਾ ਲੱਭਣ ਲੱਗੇ ਹਾਂ। ਇਸ ਦੇਵਤੇ ਦਾ ਨਾਂ ਉਨ੍ਹਾਂ ਕੁਝ ਇਕ ਵੈਦਿਕੀ ਸ਼ਬਦਾਂ ਵਿਚੋਂ ਹੈ ਜਿਹੜੇ ਈਸਾ ਤੋਂ 1500 ਸਾਲ ਪਹਿਲਾਂ ਦੇ ਅਨਾਤੋਲੀਆ (ਮੋਟੇ ਤੌਰ 'ਤੇ ਅਜੋਕਾ ਤੁਰਕੀ) ਵਿਚੋਂ ਲੱਭੀਆਂ ਮਿੱਟੀ ਦੀਆਂ ਟਿੱਕੀਆਂ 'ਤੇ ਉਕਰੇ ਹੋਏ ਹਨ। ਅਸਲ ਵਿਚ 'ਮਿੱਤਰ' ਆਰੀਆਂ ਦੀ ਹਿੰਦ-ਇਰਾਨੀ ਸ਼ਾਖਾ ਦਾ ਇਕ ਅਹਿਮ ਦੇਵਤਾ ਸੀ। ਜਦ ਇਹ ਸ਼ਾਖਾ ਅੱਗੋਂ ਹਿੰਦ-ਆਰੀਆਂ ਅਤੇ ਇਰਾਨੀ-ਆਰੀਆਂ ਵਿਚ ਦੁਫਾੜ ਹੋ ਗਈ ਤਾਂ ਇਸ ਦੇਵਤੇ ਦੀਆਂ ਵੀ ਦੋ ਅਲੱਗ-ਅਲੱਗ ਹਸਤੀਆਂ ਹੋ ਗਈਆਂ। ਭਾਰਤ ਵਿਚ ਇਹ 'ਮਿੱਤਰ' ਜਾਂ 'ਮਿੱਤਰਾ' ਦੇ ਰੂਪ ਵਿਚ ਜਾਣਿਆ ਜਾਣ ਲੱਗਾ। ਰਿਗ ਵੇਦ ਦੇ ਸੂਕਤਾਂ ਵਿਚ ਅਕਸਰ ਹੀ ਮਿੱਤਰ ਤੇ ਵਰੁਣ ਇਕੱਠਿਆਂ ਦਾ ਆਵਾਹਨ ਕੀਤਾ ਗਿਆ ਹੈ। ਸਿਰਫ ਇਕ ਸੂਕਤ ਵਿਚ ਹੀ ਮਿੱਤਰ ਇਕੱਲਾ ਆਇਆ ਹੈ। ਆਦਿਤਿਆ ਦੇ ਨਾਂ ਨਾਲ ਜਾਣੇ ਜਾਂਦੇ ਦਰਜਨ ਭਰ ਸੂਰਜੀ ਦੇਵਤਿਆਂ ਵਿਚ ਇਸ ਦਾ ਨਾਂ ਸ਼ੁਮਾਰ ਹੁੰਦਾ ਹੈ। ਵੈਦਿਕ 'ਮਿੱਤਰ' ਇਮਾਨਦਾਰੀ, ਦੋਸਤੀ, ਪ੍ਰਣ, ਸਮਝੌਤਿਆਂ ਆਦਿ ਦਾ ਸਰਪ੍ਰਸਤ ਸਮਝਿਆ ਜਾਂਦਾ ਹੈ। ਇਹ ਰਿਤ ਦਾ ਵੀ ਸੰਚਾਲਕ ਹੈ। ਅਜੋਕੇ ਤੁਰਕੀ ਦੇਸ਼ ਵਿਚ ਈਸਾ ਤੋਂ ਡੇਢ ਹਜ਼ਾਰ ਸਾਲ ਪਹਿਲਾਂ ਦੋ ਰਾਜਾਂ ਦਰਮਿਆਨ ਇਕ ਸੰਧੀ ਵਿਚ ਇਸ ਦੇਵਤੇ ਦਾ ਨਾਂ ਉਕਰਿਆ ਹੋਇਆ ਹੈ।

ਪਾਰਸੀ ਸੰਕਲਪ ਅਨੁਸਾਰ ਪੂਜਣਯੋਗ ਦਿਵ ਸ਼ਕਤੀ ਨੂੰ ਯਾਜ਼ਤਾ ਕਿਹਾ ਜਾਂਦਾ ਹੈ। (ਪੰਜਾਬੀ ਯੱਗ 'ਯਾਜ਼ਤਾ' ਦਾ ਸੁਜਾਤੀ ਹੈ)। ਇਰਾਨ ਵਿਚ ਜਾ ਕੇ ਇਹ ਯਾਜ਼ਤਾ 'ਮਿਥਰਾ' ਦੇ ਨਾਂ ਨਾਲ ਜਾਣਿਆ ਜਾਣ ਲੱਗਾ। ਪਾਰਸੀ ਧਰਮ ਵਿਚ ਇਹ ਸੱਚਾਈ ਦੀ ਰੱਖਿਆ ਕਰਨ ਵਾਲੇ ਅਹੁਰਾਂ ਦੀ ਤਿਕੜੀ ਵਿਚ ਸ਼ੁਮਾਰ ਹੁੰਦਾ ਹੈ। ਮਿਥਰਾ ਸੱਚ ਬੋਲਣ ਵਾਲਾ ਹੈ, ਇਸ ਦੇ ਹਜ਼ਾਰ ਕੰਨ ਤੇ ਦਸ ਹਜ਼ਾਰ ਅੱਖਾਂ ਹਨ। ਇਹ ਕਦੇ ਸੌਂਦਾ ਨਹੀਂ ਇਸ ਲਈ ਹਮੇਸ਼ਾ ਪੂਰੀ ਤਰ੍ਹਾਂ ਖਬਰਦਾਰ ਰਹਿੰਦਾ ਹੈ। ਅਸਲ ਵਿਚ ਇਹ ਸਾਰੇ ਗੁਣ ਸੂਰਜ ਵੱਲ ਹੀ ਸੰਕੇਤ ਕਰਦੇ ਹਨ। ਇਹ ਇਕਰਾਰਨਾਮਿਆਂ, ਸੰਧੀਆਂ, ਪ੍ਰਤਿਗਿਆਵਾਂ ਦੋਸਤੀ, ਪਿਆਰ ਤੇ ਹੋਰ ਹਰ ਪ੍ਰਕਾਰ ਦੇ ਦੁਵੱਲੇ ਸਬੰਧਾਂ ਦਾ ਹਾਜ਼ਰ-ਨਾਜ਼ਰ ਰਖਵਾਲਾ ਹੈ। ਹੋਰ ਤਾਂ ਹੋਰ ਇਹ ਇਕਰਾਰ ਤੋੜਨ ਵਾਲਿਆਂ ਅਤੇ ਸੱਚਾਈ ਤੇ ਨਾ ਚੱਲਣ ਵਾਲਿਆਂ ਨੂੰ ਸਵਰਗ ਵਿਚ ਜਾਣ ਤੋਂ ਰੋਕ ਦਿੰਦਾ ਹੈ। ਇਸ ਤਰ੍ਹਾਂ ਇਸ ਯਾਜ਼ਤਾ ਦੀ ਵੈਦਿਕ ਦੇਵਤੇ ਮਿੱਤਰ ਨਾਲ ਸਾਂਝ ਸਪੱਸ਼ਟ ਦਿਖਾਈ ਦਿੰਦੀ ਹੈ।



ਇਕ ਸਮੇਂ ਯੂਨਾਨੀਆਂ ਨੇ ਵੀ ਪਾਰਸੀਆਂ ਦੇ ਇਸ ਯਾਜ਼ਤੇ ਨੂੰ ਅਪਨਾ ਲਿਆ। ਉਨ੍ਹਾਂ ਇਸ ਦਾ ਆਪਣੇ ਸੂਰਜ ਦੇਵਤਾ ਹੈਲੀਓਸ ਨਾਲ ਰਲੇਵਾਂ ਕਰ ਦਿੱਤਾ ਦਿੱਤਾ। ਈਸਵੀ ਸੰਮਤ ਤੋਂ ਕੋਈ ਦੋ ਸਦੀਆਂ ਪਹਿਲਾਂ ਮਿਥਰਾ-ਹੈਲੀਓਸ ਸਮਾਸ ਸੁੰਗੜਦਾ ਸੁੰਗੜਦਾ ਕੇਵਲ 'ਮਿਥਰਾਸ' ਬਣ ਕੇ ਰਹਿ ਗਿਆ। ਸਮਾਂ ਪਾ ਕੇ ਮਿਥਰਾਸ ਦੀ ਪੂਜਾ ਰੋਮ ਵਿਚ ਵੀ ਸ਼ੁਰੂ ਹੋ ਗਈ ਤੇ ਨਾਲ ਹੀ ਸਾਰੇ ਰੋਮਨ ਸਾਮਰਾਜ ਵਿਚ ਫੈਲ ਗਈ। ਇਸ ਦੀ ਮਾਨਤਾ ਵਧੇਰੇ ਕਰਕੇ ਫੌਜ ਵਿਚ ਹੀ ਹੋਈ। ਜਿਵੇਂ ਕਿ ਪਹਿਲਾਂ ਦੱਸਿਆ ਜਾ ਚੁੱਕਾ ਹੈ, ਇਸ ਨਵੇਂ ਧਰਮ ਨੂੰ 'ਮਿਥਰਾਪ੍ਰਸਤੀ' ਜਾਂ 'ਮਿਥਰਾ ਦੇ ਰਹੱਸ' ਕਿਹਾ ਜਾਣ ਲੱਗਾ। ਖੁਦਾਈ ਵਿਚੋਂ ਬਹੁਤ ਸਾਰੀਆਂ ਮੂਰਤੀਆਂ ਮਿਲੀਆਂ ਹਨ ਜਿਨ੍ਹਾਂ ਵਿਚ ਮਿਥਰਸ ਨੂੰ ਚਟਾਨ 'ਚੋਂ ਪੈਦਾ ਹੁੰਦਾ ਦਿਖਾਇਆ ਗਿਆ ਹੈ। ਕਈਆਂ ਵਿਚ ਇਹ ਬਲਦ ਨੂੰ ਵੱਢ ਕੇ ਸੂਰਜ ਦੇਵਤਾ ਨਾਲ ਭੋਜ ਕਰਦਾ ਦਿਖਾਈ ਦਿੰਦਾ ਹੈ। ਪਰ ਇਰਾਨ ਦੇ ਮਿਥਰਾ ਵਿਚ ਬਲਦ ਵੱਢਣ ਵਾਲੀ ਗੱਲ ਨਹੀਂ ਸੀ, ਇਹ ਗਰੀਕ-ਰੋਮਨ ਕਾਢ ਸੀ।

ਵੈਦਿਕ 'ਮਿੱਤਰ' ਅਤੇ ਅਵੇਸਤਨ 'ਮਿਥਰਾ' ਦੋਵੇਂ ਸ਼ਬਦ ਇਕ ਸਾਂਝੇ ਨਾਂਵ 'ਮਿੱਤਰ' ਤੋਂ ਉਪਜੇ ਹਨ ਜਿਸ ਦਾ ਅਰਥ ਇਕਰਾਰ, ਪ੍ਰਣ, ਸੰਧੀ ਸਮਝੌਤਾ ਆਦਿ ਲਿਆ ਜਾਂਦਾ ਹੈ। ਅਵੇਸਤਾ ਵਿਚ 'ਮਿਥਰਾ' ਦਾ ਅਰਥ ਇਕਰਾਰਨਾਮਾ ਹੈ ਤੇ ਸੰਸਕ੍ਰਿਤ ਵਿਚ 'ਮਿੱਤਰ' ਦਾ ਦੋਸਤ। ਸੋ, ਦੋਨਾਂ ਸ਼ਬਦਾਂ ਵਿਚ ਇਕ ਤਰ੍ਹਾਂ ਦੀ 'ਪਰਸਪਰਤਾ', 'ਦੁਵੱਲੇ ਬੰਧਨ' ਜਾਂ 'ਸੰਧੀ' ਦੇ ਅਰਥ ਸਪਸ਼ਟ ਤੌਰ 'ਤੇ ਸਾਂਝੇ ਹਨ। ਇਹ ਸ਼ਬਦ ਕਮਿਊਨਿਜ਼ਮ ਵਾਲੇ ਲੇਖ ਵਿਚ ਜ਼ਿਕਰ ਕੀਤੇ 'ਮੇਈ' ਮੂਲ ਤੋਂ ਉਪਜਿਆ ਹੈ ਜਿਸ ਦਾ ਅਰਥ ਵਟਾਂਦਰਾ ਕਰਨਾ, ਵਟਾਉਣਾ ਆਦਿ ਹੈ। ਇਕ ਭਾਸ਼ਾ ਵਿਗਿਆਨੀ ਪੋਕੋਰਨੀ ਨੇ ਇਸ ਦੇ ਅਰਥ ਬੰਨ੍ਹਣਾ, ਜੋੜਨਾ ਸੁਝਾਏ ਹਨ। ਮੇਈ ਮੂਲ ਦੇ ਨਾਲ ਪਿਛੇਤਰ ਲੱਗਾ ਹੈ 'ਤਰ' ਜਿਸ ਦਾ ਅਰਥ ਕਰਨ ਵਾਲਾ ਹੁੰਦੇ ਹਨ। ਮਾਤਰ ਪਿਤਰ ਆਦਿ ਵਿਚ ਏਹੀ ਪਿਛੇਤਰ ਹੈ।

ਅਸੀਂ ਇਹ ਪਹਿਲਾਂ ਹੀ ਦੱਸ ਆਏ ਹਾਂ ਕਿ ਮਧ-ਯੁਗ ਦੀ ਫਾਰਸੀ ਵਿਚ ਮਿਥਰਾ ਸ਼ਬਦ ਪਹਿਲਾਂ 'ਮਿਹਿਰ' ਬਣਿਆ ਤੇ ਫਿਰ 'ਮਿਹਰ'। ਪੰਜਾਬੀ ਮਿਹਰ, ਮਿਹਰਬਾਨੀ ਆਦਿ ਸ਼ਬਦ ਮਿਥਰਾ ਦੇਵਤੇ ਦੀ ਹੀ ਦੇਣ ਹਨ। ਇਸ ਮੂਲ ਦਾ ਸੰਸਕ੍ਰਿਤ ਵਿਚ ਸਕਾ ਧਾਤੂ ਹੈ 'ਮਿਥ ਜਿਸ ਦਾ ਅਰਥ ਬਦਲਨਾ, ਵਾਰੀ ਲੈਣਾ, ਜੋੜਨਾ, ਸੰਯੁਕਤ ਕਰਨਾ, ਜੁੱਟ ਬਣਾਉਣਾ, ਦੋਸਤ ਜਾਂ ਦੁਸ਼ਮਣ ਵਜੋਂ ਮਿਲਣਾ, ਵਟਾਂਦਰਾ ਕਰਨਾ, ਖਹਿਬੜਨਾ ਆਦਿ ਹੈ। ਏਥੇ ਦੋ ਚੀਜ਼ਾਂ ਦੇ ਦੁਵੱਲੇ ਸੰਬੰਧ ਦਾ ਸੰਕਲਪ ਉਭਰਦਾ ਹੈ। ਇਕ ਹਿੰਦੀ ਕੋਸ਼ ਵਿਚ ਮੈਂ 'ਮਿਥ' ਸ਼ਬਦ ਦੇਖਿਆ ਹੈ ਜੋ ਸੰਸਕ੍ਰਿਤ 'ਮਿਥਸ' ਤੋਂ ਬਣਿਆ ਹੈ ਤੇ ਸੰਸਕ੍ਰਿਤ ਦੀ ਹੀ ਤਰ੍ਹਾਂ ਇਸ ਦਾ ਅਰਥ 'ਪਰਸਪਰ' ਲਿਖਿਆ ਹੈ। ਸਪਸ਼ਟ ਹੈ, ਇਹ ਸ਼ਬਦ ਅੰਗਰੇਜ਼ੀ ਦੇ mutual ਦਾ ਸੁਜਾਤੀ ਹੈ। ਪੰਜਾਬੀ ਵਿਚ ਇਹ ਸ਼ਬਦ ਇਨ੍ਹਾਂ ਅਰਥਾਂ ਵਿਚ ਨਹੀਂ ਵਰਤਿਆ ਜਾਂਦਾ ਹਾਲਾਂ ਕਿ ਮਹਾਨ ਕੋਸ਼ ਨੇ ਇਸ ਦੀ ਪ੍ਰਵਿਸ਼ਟੀ ਇਸੇ ਤਰ੍ਹਾਂ ਦਿੱਤੀ ਹੈ। ਪੰਜਾਬੀ ਵਿਚ ਖੇਡ ਦੀ ਵਾਰੀ ਵਾਲਾ ਮੀਤੀ ਜਾਂ ਮੀਟੀ ਸ਼ਬਦ ਮੈਨੂੰ ਇਸੇ ਮੂਲ ਤੋਂ ਵਿਕਸਿਤ ਹੋਇਆ ਲਗਦਾ ਹੈ। ਸਮਰੱਥ ਕੋਸ਼ਕਾਰ ਪਲੈਟਸ ਨੇ ਆਪਣੇ ਉਰਦੂ-ਹਿੰਦੀ ਅੰਗਰੇਜ਼ੀ ਕੋਸ਼ ਵਿਚ 'ਮੀਆਂ' ਸ਼ਬਦ ਦੀ ਉਤਪਤੀ ਮਿੱਤਰ ਤੋਂ ਦੱਸੀ ਹੈ ਪਰ ਮੇਰੇ ਖਿਆਲ ਵਿਚ ਇਹ ਵਿਵਾਦੀ ਮਾਮਲਾ ਹੈ। ਇਸ ਬਾਰੇ ਫਿਰ ਕਦੇ ਖੁਲ੍ਹ ਕੇ ਵਿਚਾਰ ਕਰਾਂਗੇ।

ਸੰਸਕ੍ਰਿਤ ਦੇ ਇਸ ਧਾਤੂ ਨਾਲ ਜਿਸ ਖਾਸ ਸ਼ਬਦ ਦੀ ਉਤਪਤੀ ਹੋਈ ਉਹ ਪੰਜਾਬੀ ਵਿਚ ਖੂਬ ਪ੍ਰਚਲਤ ਹੈ ਅਰਥਾਤ 'ਮਿੱਤਰ'। ਮਿੱਤਰ ਤੋਂ ਮਿੱਤਰਤਾ, ਮਿੱਤਰਚਾਰਾ, ਮਿੱਤਰਮਾਰ, ਮੀਤ ਆਦਿ ਸ਼ਬਦਾਂ ਬਣੇ ਹਨ। ਖਾਸ ਨਾਂਵਾਂ ਵਿਚ ਵੀ ਇਹ ਸ਼ਬਦ ਆਮ ਹੀ ਵਰਤ ਲਿਆ ਜਾਂਦਾ ਹੈ ਜਿਵੇਂ ਮਿੱਤਰੋ, ਮਿਤਰ ਸੈਨ, ਮੀਤੋ, ਮੀਤਾ, ਜਗਦੀਸ਼ ਮਿਤਰ, ਗੁਰਮੀਤ, ਸੁਮੀਤ। ਮਿੱਤਰਾ ਇਕ ਬੰਗਾਲੀ ਗੋਤ ਵੀ ਹੈ। ਵਿਸ਼ਵਾਮਿੱਤਰ ਇਕ ਪ੍ਰਸਿਧ ਰਿਸ਼ੀ ਹੋਇਆ ਹੈ। ਇਸ ਤਰ੍ਹਾਂ ਮਿੱਤਰ ਸ਼ਬਦ ਨਾਂ ਦੇ ਤਿੰਨੋਂ ਹਿੱਸਿਆਂ ਵਿਚ ਵਰਤ ਲਿਆ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਇਸ ਸ਼ਬਦ ਦੇ ਅਨੇਕਾਂ ਰੂਪ ਮਿਲਦੇ ਹਨ ਜਿਵੇਂ ਮਿਤ੍ਰ, ਮਿਤ੍ਰੰ, ਮਿਤ੍ਰੁ, ਮਿਤ੍ਰਸ, ਮਿਤ੍ਰਾਂ, ਮਿਤ੍ਰਾਈ, ਮਿਤ੍ਰੇਖ, ਮੀਤ, ਮੀਤਾਹੁ, ਮੀਤਾ, ਮੀਤਲਾ। ਗੁਰੂ ਸਾਹਿਬਾਂ ਨੇ ਇਹ ਸ਼ਬਦ ਪਰਮਾਤਮਾ ਲਈ ਵੀ ਅਤੇ ਦੋਸਤ ਲਈ ਵੀ ਖੁਲ੍ਹ ਕੇ ਵਰਤਿਆ ਹੈ। ਪੰਜਾਬੀ ਭਾਸ਼ਾ ਦੀ ਇਕ ਵਿਸ਼ੇਸ਼ਤਾ ਅਨੁਸਾਰ ਮਿੱਤਰ ਸ਼ਬਦ ਦਾ ਬਹੁਵਚਨ 'ਮਿੱਤਰਾਂ' ਇਕ ਵਿਅੰਗ ਜਿਹੇ ਵਿਚ ਆਸ਼ਕ ਦੇ ਅਰਥ ਵੀ ਦਿੰਦਾ ਹੈ ਜਿਵੇਂ:

ਨੀ ਮਿੱਤਰਾਂ ਨੇ ਨਹੀਓਂ ਚੱਬਣੇ,
ਤੇਰੇ ਖੁਸ਼ਕ ਮੱਕੀ ਦੇ ਦਾਣੇ।

ਪ੍ਰਾਚੀਨ ਗ੍ਰੰਥਾਂ ਵਿਚ ਵਰੁਣ ਦੇ ਨਾਲ ਮਿੱਤਰ ਨਾਂ ਦੇ ਦੇਵਤੇ ਦਾ ਜ਼ਿਕਰ ਵੀ ਆਉਂਦਾ ਹੈ। ਅਸਲ ਵਿਚ 'ਮਿੱਤਰ' ਸੂਰਜ ਅਤੇ 'ਵਰੁਣ' ਚੰਦਰਮਾ ਦਾ ਦੇਵਤਾ ਹੈ। ਦੋਵੇਂ ਪ੍ਰਕਾਸ਼ ਦੇ ਦੇਵਤੇ ਹਨ ਇਸ ਲਈ ਸੱਚਾਈ ਲਈ ਖੜੋਂਦੇ ਹਨ। ਸੰਸਕ੍ਰਿਤ ਵਿਚ ਮਿੱਤਰ 'ਮਿਥ' ਧਾਤੂ ਤੋਂ ਬਣਿਆ ਹੈ। ਸਬੰਧਾਂ ਵਿਚ ਬਝਣਾ ਹੈ। ਪੰਜਾਬੀ ਵਿਚ ਇਸ ਧਾਤੂ ਦਾ ਬਹੁਤਾ ਪਸਾਰ ਨਹੀਂ ਹੋਇਆ। ਇਸਤਰੀ ਪੁਰਸ਼ ਵਿਚਕਾਰ ਸੰਭੋਗ ਦੇ ਅਰਥਾਂ ਵਾਲਾ 'ਮੈਥੁਨ' ਸ਼ਬਦ ਇਸੇ ਭਾਵ ਤੋਂ ਉਪਜਿਆ ਹੈ। ਇਸੇ ਤਰ੍ਹਾਂ 'ਮਿਥੁਨ' ਇਕ ਰਾਸ਼ੀ ਨੂੰ ਵੀ ਕਹਿੰਦੇ ਹਨ ਜਿਸ ਦਾ ਚਿੰਨ੍ਹ ਗਦਾਧਾਰੀ ਪੁਰਸ਼ ਅਤੇ ਵੀਣਾਧਾਰੀ ਇਸਤਰੀ ਦਾ ਜੋੜਾ ਹੁੰਦਾ ਹੈ। ਜਿਵੇਂ ਅਸੀਂ ਅੰਗਰੇਜ਼ੀ ਵਿਚ ਮੇਈ ਧਾਤੂ ਤੋਂ ਟੇਢੇ ਜਿਹੇ ਅਰਥਾਂ ਵਾਲੇ ਸ਼ਬਦਾਂ ਦੀ ਉਤਪਤੀ ਦੇਖੀ ਹੈ ਮਿਸਾਲ ਵਜੋਂ miss (ਖੁੰਝਣਾ), ਇਸੇ ਤਰ੍ਹਾਂ ਦਾ ਦਿਲਚਸਪ ਵਿਕਾਸ ਸੰਸਕ੍ਰਿਤ/ਪੰਜਾਬੀ ਵਿਚ ਵੀ ਹੈ। ਝੂਠ, ਅਸਤਿ ਆਦਿ ਦੇ ਅਰਥਾਂ ਵਾਲਾ 'ਮਿਥਿਆ' ਸ਼ਬਦ ਇਸੇ ਦੀ ਪੈਦਾਵਾਰ ਹੈ। ਪੰਜਾਬੀ ਮਿਥਣਾ ਇਸੇ ਤੋਂ ਬਣਿਆ। ਇਹ ਵਿਕਾਸ miss ਦੀ ਤਰ੍ਹਾਂ ਹੀ 'ਵਿਚਲਿਤ ਹੋ ਜਾਣਾ, ਜੋੜ ਦੀ ਥਾਂ ਬੇਜੋੜ ਹੋ ਜਾਣਾ' ਵਾਂਗ ਹੋਇਆ ਹੈ। ਭਾਸ਼ਾਵਾਂ ਵਿਚ ਅਜਿਹਾ ਵਰਤਾਰਾ ਅਕਸਰ ਹੀ ਦੇਖਣ ਨੂੰ ਮਿਲਦਾ ਹੈ। ਪੰਜਾਬੀ ਸ਼ਬਦ 'ਟੱਕਰਨਾ' ਦੇ ਦੋ ਅਰਥ ਹਨ: 1. ਕਿਸੇ ਨੂੰ ਮਿਲ ਪੈਣਾ ਜਿਵੇਂ, ਉਹ ਮੈਨੂੰ ਰਾਹ ਵਿਚ ਟੱਕਰ ਪਿਆ, ਅਤੇ 2. ਦੋ ਚੀਜ਼ਾਂ ਦਾ ਭੇੜ ਹੋਣਾ ਜਿਵੇਂ ਬੱਸਾਂ ਦੀ ਟੱਕਰ ਹੋ ਗਈ। ਅੰਗਰੇਜ਼ੀ ਸ਼ਬਦ ਮੀਟ (meet) ਦੇ ਦੋ ਅਰਥ ਹਨ, 1.ਦੋ ਚੀਜ਼ਾਂ ਦਾ ਸੁਰਤਾਲ ਵਿਚ ਹੋਣਾ ਅਤੇ 2. ਟਕਰਾਅ ਵਿਚ ਹੋਣਾ। ਜਰਮਨ ਸ਼ਬਦ verkehr ਦਾ ਅਰਥ ਸੰਭੋਗ ਹੁੰਦਾ ਹੈ ਤੇ ਇਸੇ ਨਾਲ ਸਬੰਧਤ ਸ਼ਬਦ verkehrt ਦਾ ਅਰਥ 'ਗਲਤ' ਹੁੰਦਾ ਹੈ। ਅਵੇਸਤਨ ਮਿਥੋ ਦਾ ਅਰਥ 'ਝੂਠਾ, ਮਿਥਿਆ' ਹੁੰਦਾ ਹੈ ਜਦ ਕਿ ਇਹ ਮਿਥਰਸ ਦਾ ਸੁਜਾਤੀ ਹੈ।

## *ਨੀਲੇ ਖ਼ਾਨ ਦਾ ਵਿਛੋੜਾ*

*(ਪਿਛਲੇ ਸਫੇ ਤੋਂ ਜਾਰੀ)*

ਸੁਰਜੀਤ ਦੀ ਕੈਸਿਟ 'ਨਾਮ ਖੁਮਾਰੀ' ਆਈ ਤਾਂ ਉਸ ਵਿਚ ਨੀਲੇ ਦਾ ਲਿਖਿਆ, 'ਮੇਰੇ ਨੈਣ ਤਰਸਦੇ ਰਹਿੰਦੇ ਨੇ ਨਨਕਾਣਾ ਵੇਖਣ ਨੂੰ' ਵੀ ਲੋਕ ਮਨਾਂ 'ਤੇ ਅਮਿੱਟ ਪ੍ਰਭਾਵ ਛੱਡਣ 'ਚ ਕਾਮਯਾਬ ਹੋਇਆ।

ਹੁਣ ਸਾਡੇ ਦਰਮਿਆਨ ਨੀਲਾ ਨਹੀਂ, ਪਰ ਉਸ ਦੇ ਗੀਤ ਜ਼ਰੂਰ ਨੇ। ਗੀਤ ਏਨੇ ਥੋੜ੍ਹੇ ਨੇ ਕਿ ਬਹੁਤਾ ਲੰਮਾ ਸਮਾਂ ਚੇਤੇ ਨਹੀਂ ਰਹਿਣੇ। ਲੋਕਾਂ ਦਾ ਚੇਤਾ ਏਨਾ ਮੰਦਾ ਹੋ ਚੁੱਕੈ ਕਿ ਦੋ-ਚਾਰ ਮਹੀਨਿਆਂ ਬਾਅਦ ਸਭ ਕੁੱਝ ਭੁੱਲਣਾ ਸ਼ੁਰੂ ਹੋ ਜਾਂਦੈ। ਕੱਲ੍ਹ ਤੱਕ ਜਿਹੜੇ ਸਨਮੁੱਖ ਸਿੰਘ ਅਜ਼ਾਦ ਦੀ ਗੀਤਕਾਰੀ ਦੀਆਂ ਗੱਲਾਂ ਹੁੰਦੀਆਂ ਸਨ, ਉਸ ਨੂੰ ਸੈਂਕੜੇ ਗੀਤ ਰਚਣ ਦੇ ਬਾਵਜੂਦ ਲੋਕਾਂ ਭੁਲਾ ਛੱਡਿਐ। ਹੌਲੀ-ਹੌਲੀ ਨੀਲਾ ਵੀ ਉਸ ਖਾਤੇ ਵਿਚ ਪੈਣਾ ਸ਼ੁਰੂ ਹੋ ਜਾਵੇਗਾ। ਪਰ ਸਾਨੂੰ ਜਿਉਂਦਿਆਂ ਨੂੰ ਪਿਆਰ ਦੇਣ ਦੇ ਨਾਲ-ਨਾਲ ਮੋਇਆਂ ਨੂੰ ਸਤਿਕਾਰ ਵੀ ਦੇਣਾ ਚਾਹੀਦਾ ਹੈ। ਆਰਥਿਕ ਪੱਖ ਬਹੁਤਾ ਚੰਗਾ ਨਾ ਹੋਣ ਕਰਕੇ ਕਿ ਹੋ ਸਕਦੈ ਕਿ ਉਸ ਦੀ ਬਰਸੀ ਮੌਕੇ ਮੇਲਾ ਵੀ ਨਾ ਹੋਵੇ ਤੇ ਇਹ ਵੀ ਹੋ ਸਕਦੈ ਕਿ ਹੁਣ ਘਰ ਕੋਈ ਕਲਾਕਾਰ ਨਾ ਬਹੁੜੇ, ਪਰ ਗੀਤ-ਸੰਗੀਤ ਨੂੰ ਦਿਲੀ ਪਿਆਰ ਕਰਨ ਵਾਲਿਆਂ ਨੂੰ ਨੀਲੇ ਖਾਨ ਸਮੇਤ ਕਲਾ ਜਗਤ ਵਿਚ ਵਡਮੁੱਲਾ ਯੋਗਦਾਨ ਪਾਉਣ ਵਾਲੇ ਉਨ੍ਹਾਂ ਸਾਰੇ ਲੋਕਾਂ ਨੂੰ ਚੇਤੇ ਰੱਖਣਾ ਚਾਹੀਦਾ ਹੈ, ਜਿਨ੍ਹਾਂ ਤੰਗੀਆਂ-ਤੁਰਸ਼ੀਆਂ ਝੱਲਦਿਆਂ ਖੁਸ਼ੀ ਦੇ ਮਾਹੌਲ ਵਾਲੇ ਗੀਤ ਸਿਰਜੇ, ਜਿਨ੍ਹਾਂ ਦੀ ਗੀਤਕਾਰੀ ਤੇ ਗਾਇਕੀ ਵਿਚੋਂ ਕਦੇ ਗੁਰਬਤ ਦੇ ਝਲਕਾਰੇ ਨਹੀਂ ਪਏ।

ਨੀਲੇ ਖਾਨ ਦੀ ਗੀਤਕਾਰੀ ਨੂੰ ਸਲਾਮ ਹੈ।

## ਹਰ ਦਿਨ ਮੁਕੱਦਸ ਹੈ

*-ਦੀਪ ਨੂਰ ਸਿੰਘ, ਬਠਿੰਡਾ, ਫੋਨ:91-98780-32579*

'ਮੁਕੱਦਸ' ਲਫ਼ਜ਼ ਉਰਦੂ ਭਾਸ਼ਾ ਦਾ ਹੈ, ਜਿਸਦੇ ਅਰਥ ਹਨ ਸ਼ੁੱਭ, ਚੰਗਾ, ਪਾਕਿ ਜਾਂ ਪਵਿੱਤਰ। ਸਾਡੀ ਜ਼ਿੰਦਗੀ ਦਾ ਹਰ ਦਿਨ ਮੁਕੱਦਸ ਹੈ। ਕੁਝ ਵੀ ਅਸ਼ੁਭ, ਮਾੜਾ ਜਾਂ ਅਪਵਿੱਤਰ ਨਹੀਂ। ਰਾਤ ਦੇ ਤਿੰਨ ਜਾਂ ਚਾਰ ਪਹਿਰਾਂ ਦੀ ਨੀਂਦਰ ਤੋਂ ਬਾਅਦ ਹਰ ਨਵੀਂ ਸਵੇਰ ਮਨੁੱਖ ਲਈ ਨਵਾਂ ਚਾਨਣ, ਨਵਾਂ ਸੰਦੇਸ਼ ਤੇ ਬੁਝੇ ਹੋਏ ਮਨਾਂ ਲਈ ਉਮੀਦ ਦੀ ਇੱਕ ਨਵੀਂ ਕਿਰਨ ਲੈ ਕੇ ਆਉਂਦੀ ਹੈ। ਕਿਸਮਤ ਨੂੰ ਉਹੀ ਲੋਕ ਕੋਸਦੇ ਹਨ ਜਿਨ੍ਹਾਂ ਨੂੰ ਆਪਣੇ ਉਪਰ ਜਾਂ ਆਪਣੇ ਕੋਲ ਮੌਜੂਦ ਸਾਧਨਾਂ ਜਾਂ ਵਸੀਲਿਆਂ ਉਪਰ ਭਰੋਸਾ ਨਹੀਂ ਹੈ।

ਬਹੁਤ ਸਾਰੇ ਲੋਕਾਂ ਨੂੰ ਇਹ ਕਹਿੰਦੇ ਸੁਣਿਆ ਹੈ ਕਿ ਅੱਜ ਤਾਂ ਮੇਰਾ ਦਿਨ ਹੀ ਮਾੜਾ ਚੜ੍ਹਿਐ, ਕੋਈ ਵੀ ਕੰਮ ਠੀਕ ਤਰ੍ਹਾਂ ਨਹੀਂ ਹੋ ਰਿਹਾ। ਅਸਲ ਵਿਚ ਦਿਨ ਤਾਂ ਰੋਜ਼ ਹੀ ਚੰਗਾ ਚੜ੍ਹਦਾ ਹੈ, ਦਿਨ ਤਾਂ ਹਰ ਰੋਜ਼ ਮੁਕੱਦਸ ਸੰਭਾਵਨਾਵਾਂ ਸਾਡੇ ਹਰ ਉਸ ਕਦਮ ਤੋਂ ਥੋੜਾ ਹੋਰ ਅੱਗੇ ਵਧਣ ਦੀਆਂ ਲੈ ਕੇ ਆਉਂਦਾ ਹੈ ਜਿਥੇ ਅਸੀਂ ਪਹਿਲਾਂ ਖੜ੍ਹੇ ਹੁੰਦੇ ਹਾਂ। ਕਿਸੇ ਵੀ ਕੰਮ, ਕਿਸੇ ਸਰਗਰਮੀ, ਕਿਸੇ ਯੋਜਨਾ ਦੇ ਨਤੀਜੇ ਜਦੋਂ ਸਾਡੀ ਆਸ ਦੇ ਅਨੁਕੂਲ ਨਹੀਂ ਨਿਕਲਦੇ ਤਾਂ ਅਸੀਂ ਆਪਣੀ ਕਮੀ, ਆਪਣੀ ਲਾਪ੍ਰਵਾਹੀ ਜਾਂ ਜਾਣਕਾਰੀ ਦੀ ਘਾਟ ਨੂੰ ਸਵੀਕਾਰ ਕਰਨ ਦੀ ਬਜਾਏ ਸਾਰਾ ਦੋਸ਼ 'ਸਮੇਂ' ਉਪਰ ਮੜ੍ਹਦੇ ਹਾਂ ਕਿ ਅੱਜ ਤਾਂ ਦਿਨ ਹੀ ਬੜਾ ਮਾੜਾ ਚੜ੍ਹਿਐ।

ਆਮ ਆਦਮੀ ਦੀ ਇਸ ਨਿਰਾਸ਼ਾ ਭਰੀ ਸੋਚ ਕਿ 'ਅੱਜ ਦਿਨ ਮਾੜਾ ਹੈ' ਦੇ ਪਿੱਛੇ ਇੱਕ ਹੋਰ ਵੀ ਕਾਰਨ ਹੈ, ਉਹ ਇਹ ਕਿ ਸਵੇਰੇ ਉਠਦੇ ਸਾਰ ਕੋਈ ਵੀ ਟੀ.ਵੀ. ਚੈਨਲ ਲਗਾਓ, ਹਰ ਚੈਨਲ ਉਤੇ ਅਖੌਤੀ ਜੋਤਿਸ਼ ਵਿੱਦਿਆ ਦੇ ਮਾਹਰ ਢੋਂਗੀ, ਆਮ ਲੋਕਾਂ ਦਾ ਦਿਮਾਗ ਖਰਾਬ ਕਰਨ ਨੂੰ ਤਿਆਰ ਬਰ ਤਿਆਰ ਬੈਠੇ ਮਿਲਦੇ ਹਨ। ਕਹਿਣਗੇ "ਅੱਜ ਤੁਹਾਡਾ ਫਲਾਣਾ ਅੰਕ ਸ਼ੁੱਭ ਹੈ, ਅੱਜ ਫਲਾਣਾ ਰੰਗ ਸ਼ੁਭ ਹੈ, ਇਸ ਹਫਤੇ ਦਾ ਫਲਾਣਾ ਦਿਨ ਤੁਹਾਡੇ ਲਈ ਚੰਗਾ ਹੈ, ਪੰਜ ਮਿੰਟ ਵਿਚ ਤੁਹਾਡੀ ਹਰ ਸਮੱਸਿਆ ਦਾ ਘਰ ਬੈਠੇ ਹੱਲ, ਗ੍ਰਹਿ-ਕਲੇਸ਼, ਵਸ਼ੀਕਰਨ, ਨੌਕਰੀ, ਮਨ ਚਾਹਿਆ ਪਿਆਰ, ਦੁਸ਼ਮਣ ਦਾ ਬੁਰਾ, ਕੀਤਾ-ਕਰਾਇਆ ਆਦਿ ਆਦਿ।" ਇਨ੍ਹਾਂ ਅਖੌਤੀ ਜੋਤਿਸ਼ ਮਾਹਿਰਾਂ ਨੂੰ ਸੁਣਨ ਵਾਲੇ ਲੋਕ ਵੀ ਆਪਣੀ ਸੂਝ-ਬੂਝ, ਆਪਣੀ ਸਮਰੱਥਾ, ਆਪਣੀ ਕਾਬਲੀਅਤ 'ਤੇ ਭਰੋਸਾ ਕਰਨ ਦੀ ਬਜਾਏ ਅੱਖਾਂ ਬੰਦ ਕਰਕੇ ਇਨ੍ਹਾਂ ਢੋਂਗੀਆਂ ਦੇ ਪਿਛਲੱਗ ਬਣ ਜਾਂਦੇ ਹਨ। ਪੜ੍ਹੇ ਲਿਖੇ ਲੋਕ ਵੀ ਅੱਖਾਂ 'ਤੇ ਪੱਟੀ ਬੰਨ ਕੇ ਇਨ੍ਹਾਂ ਦੇ ਆਖੇ ਮੁਤਾਬਕ ਹੀ ਸਭ ਕਾਰਵਾਈਆਂ ਕਰਦੇ ਹਨ। ਥੋੜ੍ਹਾ ਧਿਆਨ ਨਾਲ ਸੋਚੋ, ਜੇ ਇਨ੍ਹਾਂ ਲੋਕਾਂ ਦੇ ਪੱਲੇ ਕੁਝ ਹੋਵੇ ਤਾਂ ਕਿਉਂ ਨਹੀਂ ਇਹ ਲੋਕ ਆਮ ਜਨਤਾ ਨੂੰ ਸਾਂਝੀਆਂ ਸਮੱਸਿਆਵਾਂ ਤੋਂ ਛੁਟਕਾਰਾ ਦਿਵਾਉਂਦੇ? ਕੀ ਸਾਡੀਆਂ ਰਾਸ਼ਟਰ-ਵਿਆਪੀ ਸਮੱਸਿਆਵਾਂ ਦਾ ਕੋਈ ਉਪਾਅ ਹੈ ਇਨ੍ਹਾਂ ਕੋਲ? ਨਸ਼ਿਆਂ ਵਿਚ ਗਰਕੇ ਨੌਜਵਾਨ, ਦਾਜ ਲਈ ਸੜਦੀਆਂ ਧੀਆਂ, ਕੁੱਖ ਵਿਚ ਕਤਲ ਹੁੰਦੀਆਂ ਮਾਸੂਮ ਬੱਚੀਆਂ ਦੇ ਬਚਾਅ ਲਈ ਕੋਈ ਉਪਾਅ ਕਿਉਂ ਨਹੀਂ ਕਰਦੇ? ਹੋਵੇ ਵੀ ਕਿਥੋਂ! ਸਭ ਰੋਟੀਆਂ ਕਾਰਣਿ ਪੂਰਹਿ ਤਾਲ। ਗੁਰਬਾਣੀ ਵਿਚ ਗੁਰੂ ਜੀ ਇਹ ਵੀ ਸਮਝਾਉਂਦੇ ਹਨ ਕਿ, "ਮਾਹ ਦਿਵਸ ਮੂਰਤ ਭਲੇ ਜਿਸ ਕਉ ਨਦਰ ਕਰੇ॥" ਸੋ ਕਾਇਨਾਤ ਦੀ ਹਰ ਘੜੀ, ਹਰ ਪਲ, ਹਰ ਦਿਨ ਮੁਕੱਦਸ (ਪਵਿੱਤਰ) ਹੈ।

ਇਸ ਸੋਹਣੇ ਵਸਦੇ ਸੰਸਾਰ ਤੇ ਕੁਝ ਵੀ ਮਾੜਾ ਜਾਂ ਅਸ਼ੁੱਭ ਨਹੀਂ ਬਸ਼ਰਤੇ ਕਿ ਮਨੁੱਖ ਆਪਣੀ ਸੋਚ ਉਸਾਰੂ ਰੱਖੇ। ਕਿਸੇ ਕਾਰਜ ਵਿਚ ਜੇਕਰ ਮਨਚਾਹੀ ਸਫਲਤਾ ਨਹੀਂ ਮਿਲੀ ਤਾਂ ਨਿਰਾਸ਼ ਹੋਣ ਦੀ ਬਜਾਏ ਜਿੰਨੀ ਕੁ ਸਫਲਤਾ ਹਾਸਲ ਹੋਈ ਹੈ ਉਸੇ ਦੀ ਖੁਸ਼ੀ ਆਪਣਿਆਂ ਨਾਲ ਸਾਂਝੀ ਕਰੋ ਅਤੇ ਜਿੱਥੇ ਕਿਤੇ ਕਮੀ ਰਹਿ ਗਈ ਹੈ ਉਸ ਦੇ ਕਾਰਨਾਂ ਦੀ ਧੀਰਜ ਨਾਲ ਪੜਚੋਲ ਕਰੋ। ਤੁਹਾਡੇ ਅੰਦਰ ਦਾ ਆਤਮ-ਵਿਸ਼ਵਾਸ ਬਹੁਤ ਵੱਡੀ ਸ਼ਕਤੀ ਹੈ, ਇਸ ਸ਼ਕਤੀ ਨੂੰ ਕਦੇ ਵੀ ਛੋਟਾ ਨਾ ਹੋਣ ਦਿਉ। ਹਰ ਨਵੀਂ ਸਵੇਰ ਇੱਕ ਨਵਾਂ ਸਬਕ ਲੈ ਕੇ ਆਉਂਦੀ ਹੈ। ਚੜ੍ਹਦੇ ਸੂਰਜ ਦੀ ਹਰ ਕਿਰਨ ਤੁਹਾਡੇ ਘਰ ਅਤੇ ਤੁਹਾਡੇ ਦਿਲ ਦਾ ਵਿਹੜਾ ਆਪਣੇ-ਆਪ ਰੌਸ਼ਨ ਕਰੇਗੀ ਤੁਸੀਂ ਸਿਰਫ ਆਪਣੇ ਘਰ ਅਤੇ ਦਿਲ ਦੇ ਦਰਵਾਜੇ ਖੁੱਲੇ ਰੱਖਿਉ।

ਹਰ ਦਿਨ ਚੰਗਾ, ਹਰ ਸਵੇਰ ਚੰਗੀ,
ਚੰਗਾ ਹੈ ਹਰ ਪਲ,
ਜੇਕਰ 'ਅੱਜ' ਨਾ ਸਾਂਭੀ ਬੰਦੇ,
ਕਦੇ ਨਾ ਆਉਣੀ ਕੱਲ।
ਨਾ ਢੇਰੀ ਢਾਹ, ਤੂੰ ਚੱਲੀ ਜਾ,
ਹਿੰਮਤ ਕਰਕੇ ਕਦਮ ਵਧਾ,
ਖ਼ੁਦਾ ਕਰੇਗਾ ਕੁਦਰਤ ਦੀ
ਹਰ ਘੜੀ ਮੁਕੱਦਸ ਤੇਰੇ ਵੱਲ।

## *ਸੰਪਾਦਕ ਦੀ ਡਾਕ*

### ਪੰਜਾਬ ਟਾਈਮਜ਼

ਸੰਪਾਦਕ ਜੀਓ, ਮੈਂ ਅੱਜ ਤੋਂ ਤਿੰਨ ਕੁ ਸਾਲ ਪਹਿਲਾਂ ਪੰਜਾਬ ਟਾਈਮਜ਼ ਪੜ੍ਹਨਾ ਸ਼ੁਰੂ ਕੀਤਾ। ਉਸ ਸਮੇਂ ਤੁਸੀਂ ਹਰ ਹਫਤੇ ਕੁਝ ਕਾਵਿ ਰਚਨਾਵਾਂ ਤੇ ਇੱਕ ਪੰਜਾਬੀ ਕਹਾਣੀ ਬਿਲਾ ਨਾਗਾ ਪਾਇਆਂ ਛਾਪਿਆ ਕਰਦੇ ਸੀ। ਪਰ ਅੱਜ ਕੱਲ ਤੁਸੀਂ ਸਾਹਿਤਕ ਰਚਨਾਵਾਂ ਦੀ ਨਿਰੰਤਰਤਾ ਬਰਕਰਾਰ ਨਹੀਂ ਰੱਖੀ। ਪੰਜਾਬੀ ਕਹਾਣੀ ਤਾਂ ਮਹੀਨੇ 'ਚ ਇੱਕ ਅੱਧ ਵਾਰ ਹੀ ਦਿਖਾਈ ਦਿੰਦੀ ਹੈ ਤੇ ਕਵਿਤਾ ਜਾਂ ਗਜ਼ਲ ਵੀ ਪਹਿਲਾਂ ਵਾਂਗ ਨਿਯਮਤ ਨਹੀਂ। ਹੋ ਸਕਦੈ, ਤੁਹਾਡੀਆਂ ਆਪਣੀਆਂ ਮਜ਼ਬੂਰੀਆਂ ਹੋਣ ਪਰ ਜੇ ਹੋ ਸਕੇ ਤਾਂ ਸਾਹਿਤਕ ਰਚਨਾਵਾਂ ਦਾ ਪਹਿਲਾਂ ਵਾਲਾ ਸਥਾਨ ਬਹਾਲ ਕਰਨਾ ਜੀ।

ਮੈਂ ਤੁਹਾਡੇ ਕੋਲੋਂ ਇੱਕ ਹੋਰ ਜਾਣਕਾਰੀ ਲੈਣੀ ਚਾਹੁੰਦਾ ਸੀ ਕਿ ਤਿੰਨ ਸਾਲ ਪਹਿਲਾਂ ਮੈਂ ਤੁਹਾਡੀ ਵੈਬਸਾਈਟ 'ਤੇ ਦੇਖਿਆ ਸੀ ਕਿ ਤਿੰਨ ਸਾਲਾਂ ਦੇ ਅਖਬਾਰ ਅਸੀਂ ਜਦੋਂ ਦਿਲ ਕਰਦਾ ਸੀ ਪੜ੍ਹ ਸਕਦੇ ਸੀ ਪਰ ਹੁਣ ਸਿਰਫ ਦੋ ਸਾਲਾਂ ਤੱਕ ਹੀ ਸੀਮਤ ਹੈ। ਜ਼ਰੂਰ ਤੁਹਾਡੀ ਕੋਈ ਮਜ਼ਬੂਰੀ ਰਹੀ ਹੋਵੇਗੀ ਪਰ ਮੈਂ ਜਾਨਣਾ ਚਾਹੁੰਦਾ ਹਾਂ ਕਿ ਹੁਣ ਤੱਕ ਦੇ ਪੰਜਾਬ ਟਾਈਮਜ਼ ਦੇ ਸਾਰੇ ਅੰਕ ਕੰਪਿਊਟਰ ਰਾਹੀਂ ਕਿਵੇਂ ਪ੍ਰਾਪਤ ਕੀਤੇ ਜਾ ਸਕਦੇ ਹਨ? ਕੀ ਅਜਿਹਾ ਸੰਭਵ ਹੈ ਕਿ ਮੈਂ ਘਰ ਬੈਠਿਆਂ ਸਾਰੇ ਪੁਰਾਣੇ ਅੰਕ ਪੜ੍ਹ ਸਕਦਾ ਹਾਂ? ਕਿਉਂਕਿ ਮੈਂ ਉਹ ਸਭ ਪੜ੍ਹਨਾ ਚਾਹੁੰਦਾ ਹਾਂ ਜੋ ਪੜ੍ਹਨ ਨੂੰ ਨਹੀਂ ਮਿਲਿਆ ਸੀ।

*-ਹਨੀ ਸ਼ੇਰਗਿੱਲ*

# ਬ੍ਰਾਜ਼ੀਲੀਅਨ ਪੰਜਾਬਣ ਜਿਜ਼ੈਲ ਮੌਂਤੇਰੀਓ

'ਆਲਵੇਜ਼ ਕਭੀ ਕਭੀ' ਫਿਲਮ ਦੀ ਭਾਵੇਂ ਬਹੁਤੀ ਪ੍ਰਸ਼ੰਸਾ ਨਹੀਂ ਹੋਈ ਪਰ ਇਸ ਫਿਲਮ ਦੀ ਨਾਇਕਾ ਜਿਜ਼ੈਲ ਮੌਂਤੇਰੀਓ ਦੀ ਤਾਰੀਫ ਸਭ ਨੇ ਕੀਤੀ ਹੈ। ਅਸਲ ਵਿਚ ਇਸ ਕੁੜੀ ਦੇ ਨੈਣ-ਨਕਸ਼, ਸੋਹਣੀ ਨੁਹਾਰ ਅਤੇ ਮਟਕੀਲੀ ਅਦਾ ਹੈ ਹੀ ਅਜਿਹੀ ਕਿ ਸਭ ਦਾ ਮਨ ਮੋਹ ਲੈਂਦੀ ਹੈ। ਉਹਦਾ ਹਿੰਦੀ ਫਿਲਮਾਂ ਵਿਚ ਦਾਖਲਾ ਵੀ ਉਹਦੇ ਇਨ੍ਹਾਂ ਨੈਣ-ਨਕਸ਼ਾਂ ਕਰਕੇ ਹੀ ਹੋਇਆ; ਨਹੀਂ ਤਾਂ ਉਹ ਮਾਡਲਿੰਗ ਕਰਦੀ ਦਿੱਲੀ-ਦੱਖਣ ਘੁੰਮ ਰਹੀ ਸੀ। ਮਾਡਲਿੰਗ ਲਈ ਉਹ ਇਟਲੀ, ਜਰਮਨੀ, ਫਰਾਂਸ, ਗਰੀਸ, ਸਿੰਗਾਪੁਰ, ਫਿਲਪੀਨਜ਼, ਹਾਂਗ ਕਾਂਗ, ਥਾਈਲੈਂਡ ਅਤੇ ਹੋਰ ਦੇਸ਼ਾਂ ਵਿਚ ਧੁੰਮਾਂ ਪਾ ਚੁੱਕੀ ਸੀ।

ਮੁੰਬਈ ਆਈ ਤਾਂ ਉਹ ਡਰੈਸ ਡਿਜ਼ਾਈਨਰ ਅਨਹਿਤਾ ਸ਼ਰੌਫ ਰਾਹੀਂ ਇਮਤਿਆਜ਼ ਅਲੀ ਨੂੰ ਮਿਲੀ ਜੋ ਉਨ੍ਹੀਂ ਦਿਨੀਂ ਉਹ 'ਲਵ ਆਜ ਕਲ' (2009) ਲਈ ਨਾਇਕਾ ਲੱਭ ਰਹੇ ਸਨ। ਅਨਹਿਤਾ ਸ਼ਰੌਫ, ਜਿਜ਼ੈਲ ਮੌਂਤੇਰੀਓ ਨੂੰ ਫਿਲਮ ਵਿਚ ਜੋ (ਪਾਤਰ ਦਾ ਨਾਂ) ਦੇ ਰੋਲ ਲਈ ਲੈ ਕੇ ਗਈ ਸੀ। ਫਿਲਮ ਵਿਚ ਇਹ ਕਾਕੇਸ਼ੀਅਨ ਪਾਤਰ ਨਾਇਕ ਸੈਫ਼ ਅਲੀ ਖਾਨ ਨੂੰ ਦੂਜੇ ਅੱਧ ਵਿਚ ਮਿਲਦੀ ਹੈ। ਇਮਤਿਆਜ਼ ਅਲੀ ਦੀ ਬੇਗਮ ਨੇ ਜਿਜ਼ੈਲ ਮੌਂਤੇਰੀਓ ਨੂੰ ਪੰਜਾਬਣ ਹਰਲੀਨ ਕੌਰ ਵਾਲਾ ਰੋਲ ਦੀ ਸਿਫਾਰਿਸ਼ ਕੀਤੀ। ਜਿਜ਼ੈਲ ਮੌਂਤੇਰੀਓ ਨੂੰ ਹਿੰਦੀ ਤਾਂ ਆਉਂਦੀ ਨਹੀਂ ਸੀ, ਸਿਰਫ ਦੋ ਲਫਜ਼ ਹੀ ਬੋਲ ਸਕਦੀ ਸੀ ਪਰ ਜਦੋਂ ਇਮਤਿਆਜ਼ ਨੇ ਉਸ ਵੱਲ ਧਿਆਨ ਧਰਿਆ ਤਾਂ ਝੱਟ ਰਾਜ਼ੀ ਹੋ ਗਿਆ। ਉਪਰੋਂ ਜਿਜ਼ੈਲ ਦਾ ਪਰਿਵਾਰਕ ਪਿਛੋਕੜ ਮੱਧਵਰਗੀ ਹੀ ਸੀ। ਸੋ, ਅਦਾਕਾਰੀ ਦੇ ਪੱਖ ਤੋਂ ਹਰਲੀਨ ਕੌਰ ਦੇ ਰੋਲ ਵਿਚ ਫਿੱਟ ਬੈਠਣ ਲਈ ਉਹਨੂੰ ਕੋਈ ਔਖ ਨਹੀਂ ਹੋਈ, ਸਗੋਂ ਇਮਤਿਆਜ਼ ਤਾਂ ਬਾਗ਼ੋ-ਬਾਗ਼ ਸੀ। ਬਤੌਰ ਅਦਾਕਾਰਾ ਉਸ ਦਾ ਕੋਈ ਜਵਾਬ ਨਹੀਂ ਸੀ। ਉਹ ਤਾਂ ਸੋਲਾਂ ਪੱਤਣਾਂ ਦੀ ਤਾਰੂ ਸੀ। ਜਿਜ਼ੈਲ 19 ਸਾਲ ਦੀ ਸੀ ਜਦੋਂ ਸੰਸਾਰ ਟੂਰ 'ਤੇ ਨਿੱਕਲ ਪਈ ਸੀ। ਛੋਟੀ ਉਮਰ ਵਿਚ ਹੀ ਉਹ ਇੰਨੀ ਸਿਆਣੀ ਹੋ ਗਈ ਕਿ ਇਕੱਲੀ ਹੀ ਹਰ ਥਾਂ ਜਾ ਮੋਰਚਾ ਮੱਲਦੀ। ਸ਼ਾਇਦ ਇਸੇ ਕਰਕੇ ਉਹਨੂੰ ਸ਼ਾਹਰੁਖ਼ ਖਾਨ ਨੇ ਆਪਣੀ ਘਰੇਲੂ ਫਿਲਮ 'ਆਲਵੇਜ਼ ਕਭੀ ਕਭੀ' ਲਈ ਚੁਣ ਲਿਆ।


ਹੁਸਨ ਦਾ ਜਾਦੂ

ਜਿਜ਼ੈਲ ਦੀ ਨਵੀਂ ਫਿਲਮ 'ਆਲਵੇਜ਼ ਕਭੀ ਕਭੀ' ਵਿਚ ਵੀ ਉਸ ਨੇ ਸੋਹਣੀ-ਸੁਨੱਖੀ ਕੁੜੀ ਐਸ਼ਵਰਿਆ ਦਾ ਰੋਲ ਨਿਭਾਇਆ ਹੈ ਜਿਸ ਦੀ ਮਾਂ ਉਸ ਨੂੰ ਮਾਡਲਿੰਗ ਵਾਲੇ ਪਾਸੇ ਤੋਰਨਾ ਚਾਹੁੰਦੀ ਹੈ। ਇਸ ਦੀ ਕੀਮਤ ਆਪਣੀ ਪੜ੍ਹਾਈ ਅਤੇ ਦੋਸਤ ਮੁੰਡੇ ਨੂੰ ਛੱਡਣਾ ਹੈ। ਇਥੋਂ ਹੀ ਬਗਾਵਤ ਦੇ ਬੀਜ ਪੁੰਗਰਦੇ ਹਨ। ਮਾਪੇ ਕਿਸ ਤਰ੍ਹਾਂ ਆਪਣੀਆਂ ਇੱਛਾਵਾਂ ਆਪਣੇ ਬੱਚਿਆਂ ਉਤੇ ਥੋਪਦੇ ਹਨ, ਇਸ ਫਿਲਮ ਦਾ ਕੇਂਦਰੀ ਵਿਸ਼ਾ ਹੈ। ਇਹ ਬਾਗੀ ਜੋੜੀ ਗੋਆ ਭੱਜ ਜਾਂਦੀ ਹੈ ਅਤੇ ਉਥੇ ਹਾਲਾਤ ਦੀ ਝੰਬੀ ਉਲਟ ਗੇੜ ਵਿਚ ਫਸ ਜਾਂਦੀ ਹੈ। ਮਾਪਿਆਂ ਦੇ ਦਬਾਅ ਨੂੰ ਫਿਲਮ ਵਿਚ ਜੀਅ-ਜਾਨ ਨਾਲ ਦਰਸਾਇਆ ਗਿਆ ਹੈ।


ਇਸ ਫਿਲਮ ਦੀ ਨਿਰਮਾਤਾ ਗੌਰੀ ਖਾਨ ਅਤੇ ਰੌਸ਼ਨ ਅੱਬਾਸ, ਜਿਜ਼ੈਲ ਦੇ ਰੋਲ ਤੋਂ ਬਹੁਤ ਖੁਸ਼ ਹੋਏ। ਰੌਸ਼ਨ ਅੱਬਾਸ ਤਾਂ ਹੁੱਬ ਕੇ ਦੱਸਦਾ ਹੈ ਕਿ ਜਿਜ਼ੈਲ ਇਸ ਤਰ੍ਹਾਂ ਦੀ ਕੁੜੀ ਹੈ ਕਿ ਤੁਹਾਨੂੰ ਪਿਆਰ ਕਰਨ ਲਾ ਦਿੰਦੀ ਹੈ। ਇਸ ਫਿਲਮ ਲਈ ਉਸ ਨੇ ਮਿਹਨਤ ਵੀ ਬਥੇਰੀ ਕੀਤੀ ਹੈ। ਉਹਨੇ ਹਿੰਦੀ ਸਿੱਖੀ, ਨੱਚਣਾ ਸਿੱਖਿਆ, ਸਭ ਤੋਂ ਵੱਡੀ ਗੱਲ-ਪਹਿਲਾਂ ਨਾਲੋਂ ਵੀ ਵੱਧ ਮਟਕਣਾ ਸਿੱਖਿਆ। ਭਾਰਤ ਆ ਕੇ ਉਹ ਧੰਨ ਧੰਨ ਹੋ ਗਈ। ਐਸ਼ਵਰਿਆ ਦੇ ਰੋਲ ਲਈ ਅਣਗਿਣਤ ਕੁੜੀਆਂ ਦਾ ਆਡੀਸ਼ਨ ਹੋਇਆ ਸੀ ਪਰ ਅੱਬਾਸ ਨੂੰ ਜਿਜ਼ੈਲ ਦੇ ਚਿਹਰੇ 'ਤੇ ਉਹ ਮਾਸੂਮੀਅਤ ਅਤੇ ਨਿਖਾਰ ਦਿਸਿਆ ਜੋ ਇਸ ਰੋਲ ਲਈ ਚਾਹੀਦਾ ਸੀ। ਉਸ ਨੇ ਜਿਜ਼ੈਲ ਦੀ ਹਿੰਦੀ ਮਾੜੀ ਹੋਣ ਦੇ ਬਾਵਜੂਦ ਉਸ ਨੂੰ ਇਸ ਰੋਲ ਲਈ ਚੁਣਿਆ।


ਸਾਦਗੀ ਦੀ ਸੁੱਚ

'ਆਲਵੇਜ਼ ਕਭੀ ਕਭੀ' ਰੌਸ਼ਨ ਅੱਬਾਸ ਵੱਲੋਂ ਹੀ ਖੇਡੇ ਗਏ ਨਾਟਰ 'ਗ੍ਰਾਫਟੀ' ਉਤੇ ਆਧਾਰਤ ਹੈ। ਇਸ ਵਿਚ ਉਨ੍ਹਾਂ ਚਾਰ ਮਾਸੂਮ ਜਿੰਦਾਂ ਦੀ ਕਥਾ ਹੈ ਜਿਹੜੀਆਂ ਮਾਪਿਆਂ ਦਾ ਦਬਾਅ ਲਾਂਭੇ ਰੱਖ ਕੇ ਆਪੋ-ਆਪਣੇ ਰਾਹ ਪੈ ਜਾਂਦੀਆਂ ਹਨ; ਫਿਰ ਮੁਸੀਬਤਾਂ ਝੱਲਦੀਆਂ, ਮਰਦੀਆਂ-ਖਪਦੀਆਂ ਅਤੇ ਅੰਤ ਦਰਸ਼ਕਾਂ ਨੂੰ 'ਤੰਗ' ਕਰਦੀਆਂ ਹਨ। ਇਸ ਫਿਲਮ ਰਾਹੀਂ ਮਾਪਿਆਂ ਤੋਂ ਬਹੁਤ ਵੱਡਾ ਸਵਾਲ ਪੁੱਛਿਆ ਗਿਆ ਹੈ ਕਿ ਉਨ੍ਹਾਂ ਆਪਣੇ ਬੱਚਿਆਂ ਨੂੰ ਸੂਲੀ ਉਤੇ ਟੰਗਣਾ ਹੈ ਜਾਂ ਇਨ੍ਹਾਂ ਹੁਸੀਨ ਕਲੀਆਂ ਨੂੰ ਮਹਿਕਾਂ ਵੰਡਣ ਵਾਲੇ ਫੁੱਲ ਬਣਨ ਦੇਣਾ ਹੈ। ਫਿਲਮ ਚੱਲੇ, ਨਾ ਚੱਲੇ; ਮਸਲਾ ਹੀ ਵੱਖਰਾ ਹੈ ਪਰ ਇਸ ਫਿਲਮ ਦਾ ਸੁਨੇਹਾ ਸੁੱਟ ਪਾਉਣ ਵਾਲਾ ਨਹੀਂ ਹੈ। ਜਿਜ਼ੈਲ ਮੌਂਤੇਰੀਓ ਦੇ ਨਾਲ-ਨਾਲ ਉਸ ਦੇ ਸਾਥੀ ਕਲਾਕਾਰਾਂ-ਜ਼ੋਆ ਮੋਰਾਨੀ, ਅਲੀ ਫ਼ਾਜ਼ਲ, ਸੱਤਿਆਜੀਤ ਦੂਬੇ, ਸਤੀਸ਼ ਸ਼ਾਹ ਅਤੇ ਲਿੱਲੀ ਦੂਬੇ ਨੇ ਇਹ ਸੁਨੇਹਾ ਬਾਖ਼ੂਬੀ ਦਿੱਤਾ ਹੈ।

# ਸੈਫ਼ ਤੇ ਦੀਪਿਕਾ ਤਿੰਨ ਫ਼ਿਲਮਾਂ 'ਚ ਇਕੱਠੇ

ਇਮਤਿਆਜ਼ ਅਲੀ ਦੀ ਹਿੱਟ ਫ਼ਿਲਮ 'ਲਵ ਆਜ ਕਲ' (2009) ਵਿਚ ਸੈਫ ਅਲੀ ਖਾਨ ਤੇ ਦੀਪਿਕਾ ਪਾਦੂਕੋਨ ਦੀ ਜੋੜੀ ਨੇ ਕਮਾਲ ਕੀਤਾ ਸੀ। ਹਾਲਾਂਕਿ ਉਨ੍ਹਾਂ ਨੂੰ ਪਿਛਲੇ ਦੋ ਸਾਲ ਤੋਂ ਆਨਸਕ੍ਰੀਨ ਰੋਮਾਂਸ ਕਰਦੇ ਨਹੀਂ ਦੇਖਿਆ ਗਿਆ। ਹੁਣ ਇਹ ਦੋਵੇਂ 'ਆਰਕਸ਼ਨ', 'ਕੌਕਟੇਲ' ਤੇ 'ਰੇਸ-2' ਵਿਚ ਇਕੱਠੇ ਕੰਮ ਕਰ ਰਹੇ ਹਨ। ਜਿਥੇ 'ਰੇਸ-2' ਦੀ ਸ਼ੂਟਿੰਗ ਦੀ ਪੂਰੀ ਤਿਆਰੀ ਕੀਤੀ ਜਾ ਚੁੱਕੀ ਹੈ ਉਥੇ 'ਕੌਕਟੇਲ' ਦੀ ਵੀ ਸ਼ੂਟਿੰਗ ਜਲਦੀ ਹੀ ਸ਼ੁਰੂ ਹੋਣ ਵਾਲੀ ਹੈ। ਸੈਫ ਅਨੁਸਾਰ ਦੀਪਿਕਾ ਦੇ ਨਾਲ ਉਨ੍ਹਾਂ ਦੀ ਪਹਿਲੀ ਫ਼ਿਲਮ 'ਲਵ ਆਜ ਕਲ' ਦੀ ਪਿੱਠਭੂਮੀ ਉਨ੍ਹਾਂ ਦੀ ਆਉਣ ਵਾਲੀ ਫ਼ਿਲਮ 'ਆਰਕਸ਼ਨ' ਤੋਂ ਬਿਲਕੁਲ ਵੱਖਰੀ ਸੀ। ਉਹ ਕਹਿੰਦੇ ਹਨ, "ਇਹ ਮੇਰੇ ਲਈ ਕਾਫੀ ਚੁਣੌਤੀਪੂਰਨ ਹੈ। 'ਆਰਕਸ਼ਣ' ਵਿਚ ਪ੍ਰਕਾਸ਼ ਦੇ ਨਿਰਦੇਸ਼ਨ ਤੇ ਜਿਸ ਪਿੱਠਭੂਮੀ 'ਤੇ ਫ਼ਿਲਮ ਹੈ, ਇਸ ਤੋਂ ਕਿਸੇ ਹੋਰ ਫ਼ਿਲਮ ਵਰਗੀ ਲੱਗਣ ਦੀ ਕੋਈ ਸੰਭਾਵਨਾ ਨਹੀਂ ਹੈ। ਛੋਟੇ ਕਸਬੇ ਦੇ ਭਾਰਤੀ ਦਾ ਰੋਲ ਕਰਨਾ ਚੰਗਾ ਲੱਗਾ। ਫ਼ਿਲਮ ਕਰਨ ਵਿਚ ਬਹੁਤ ਮਜ਼ਾ ਆਇਆ ਤੇ ਇਹ ਵਾਕਈ ਹੋਰ ਫ਼ਿਲਮਾਂ ਤੋਂ ਵੱਖਰਾ ਹੈ।"



ਬੇਸ਼ੱਕ ਸੈਫ ਤੇ ਦੀਪਿਕਾ ਤਿੰਨ ਫ਼ਿਲਮਾਂ ਵਿਚ ਇਕੱਠੇ ਕੰਮ ਕਰ ਰਹੇ ਹਨ ਪਰ ਉਨ੍ਹਾਂ ਨੂੰ ਆਪਣੀਆਂ ਤਿੰਨੇ ਫ਼ਿਲਮਾਂ 'ਤੇ ਵਾਧੂ ਮਿਹਨਤ ਕਰਨੀ ਹੋਵੇਗੀ ਤਾਂ ਕਿ ਦਰਸ਼ਕਾਂ ਨੂੰ ਦੁਹਰਾਅ ਮਹਿਸੂਸ ਨਾ ਹੋਵੇ। ਸੈਫ ਕਹਿੰਦੇ ਹਨ, "ਹੁਣ ਤਾਂ ਤੈਅ ਹੋ ਹੀ ਚੁੱਕਿਆ ਹੈ ਕਿ ਉਹ ਦੋਵੇਂ ਤਿੰਨੇ ਫ਼ਿਲਮਾਂ ਵਿਚ ਇਕੱਠੇ ਕੰਮ ਕਰ ਰਹੇ ਹਨ। ਇਹ ਕੋਈ ਯੋਜਨਾਬੱਧ ਨਹੀਂ ਸੀ ਪਰ ਅਸੀਂ ਕੋਸ਼ਿਸ਼ ਕੀਤੀ ਹੈ ਕਿ ਹਰ ਫ਼ਿਲਮ ਵਿਚ ਸਾਡੀ ਦਿੱਖ ਤੇ ਐਕਟਿੰਗ ਵੱਖਰੀ ਲੱਗੇ ਜੋ ਕਿ ਆਪਣੇ ਆਪ ਵਿਚ ਚੁਣੌਤੀਪੂਰਨ ਤੇ ਦਿਲਚਸਪ ਗੱਲ ਹੈ।"



# ਐਸ਼ਵਰਿਆ ਰਾਏ ਬੱਚਨ

## ਇਕ ਵਾਰ ਫਿਰ ਚਰਚਾ 'ਚ

ਹਾਲੀਵੁੱਡ ਦੀ ਮਸ਼ਹੂਰ ਅਦਾਕਾਰਾ ਮਾਰਲਿਨ ਮੁਨਰੋ ਦੀ ਜ਼ਿੰਦਗੀ 'ਤੇ ਆਧਾਰਤ ਮਧੁਰ ਭੰਡਾਰਕਰ ਦੀ ਨਵੀਂ ਫ਼ਿਲਮ 'ਹੀਰੋਇਨ' ਵਿਚ ਕੈਟਰੀਨਾ ਕੈਫ ਨਹੀਂ ਬਲਕਿ ਐਸ਼ਵਰਿਆ ਰਾਏ ਬੱਚਨ ਕੰਮ ਕਰ ਰਹੀ ਹੈ। ਇਸ ਫ਼ਿਲਮ 'ਚ ਐਸ਼ ਇਕ ਵਾਰ ਫਿਰ ਲਵ ਮੇਕਿੰਗ ਸੀਨ ਕਰਦੀ ਨਜ਼ਰ ਆਏਗੀ। ਉਂਜ ਲਵ ਮੇਕਿੰਗ ਸੀਨ ਜਾਂ ਫਿਰ ਲਿਪ ਲੌਕ ਕਿੱਸ ਸੀਨ ਦੇਣਾ ਐਸ਼ ਲਈ ਹੁਣ ਕੋਈ ਨਵੀਂ ਗੱਲ ਨਹੀਂ ਰਹਿ ਗਈ। ਧੂਮ-2 ਵਿਚ ਰਿਤਿਕ ਰੋਸ਼ਨ ਨਾਲ ਉਸ ਦੇ ਕਾਫੀ ਹੌਟ ਕਿਸ ਸੀਨ ਹਨ ਅਤੇ ਹੁਣ ਇਕ ਵਾਰ ਫਿਰ 'ਹੀਰੋਇਨ' ਵਿਚ ਉਹ ਉਹੀ ਕਿੱਸਾ ਦੁਹਰਾਉਣ ਵਾਲੀ ਹੈ।

ਅੱਜਕੱਲ੍ਹ ਐਸ਼ ਦੀਆਂ ਫ਼ਿਲਮਾਂ ਚੱਲ ਨਹੀਂ ਰਹੀਆਂ ਹਨ ਅਤੇ ਨਾਲ ਹੀ ਉਸ ਦੇ ਪਤੀ ਦਾ ਕੈਰੀਅਰ ਵੀ ਡਾਵਾਂਡੋਲ ਹੀ ਨਜ਼ਰ ਆ ਰਿਹਾ ਹੈ। ਇਸ ਸੂਰਤ ਵਿਚ ਖ਼ੁਦ ਨੂੰ ਫ਼ਿਲਮਾਂ ਦੀ ਮੁੱਖ ਧਾਰਾ 'ਚ ਟਿਕਾਈ ਰੱਖਣ ਲਈ ਉਸ ਨੂੰ ਅਜਿਹਾ ਤਾਂ ਕੁਝ ਕਰਨਾ ਹੀ ਪਏਗਾ ਜਿਸ ਨਾਲ ਉਹ ਚਰਚਾ ਤੇ ਫ਼ਿਲਮਾਂ 'ਚ ਬਣੀ ਰਹੇ। ਅਜਿਹੇ 'ਚ ਹੌਟ ਸੀਨ ਹੀ ਉਸ ਨੂੰ ਇਕੋ-ਇਕ ਸਹਾਰਾ ਨਜ਼ਰ ਆਇਆ ਤੇ ਉਸ ਨੇ ਇਸ ਨੂੰ ਗੁਆਉਣਾ ਕਿਸੇ ਵੀ ਹਾਲ ਠੀਕ ਨਹੀਂ ਸਮਝਿਆ। ਖ਼ਾਸ ਗੱਲ ਇਹ ਕਿ 'ਹੀਰੋਇਨ' ਸਾਈਨ ਕਰਨ ਤੋਂ ਪਹਿਲਾਂ ਉਸ ਨੇ ਇਹ ਵੀ ਨਹੀਂ ਸੋਚਿਆ ਕਿ ਬੋਲਡ ਸੀਨਜ਼ ਕਾਰਨ ਹੀ ਕਰੀਨਾ ਨੇ ਇਸ ਫ਼ਿਲਮ ਤੋਂ ਆਪਣਾ ਪਿੱਛਾ ਛੁਡਾ ਲਿਆ ਸੀ। ਉਂਜ ਕਿਹਾ ਇਹ ਜਾਂਦਾ ਹੈ ਕਿ ਐਸ਼ਵਰਿਆ ਨੂੰ ਇਸ ਫ਼ਿਲਮ ਦੀ ਕਹਾਣੀ ਇੰਨੀ ਪਸੰਦ ਆਈ ਕਿ ਉਸ ਨੇ ਇਸ ਰੋਲ ਲਈ ਤੁਰੰਤ ਹਾਂ ਕਰ ਦਿੱਤੀ। ਹੁਣ ਪਤਾ ਲੱਗਾ ਹੈ ਕਿ ਉਸ ਦੇ ਇਨ੍ਹਾਂ ਹੌਟ ਸੀਨਜ਼ ਕਾਰਨ ਉਸ ਦੇ ਸਹੁਰਾ ਸਾਹਿਬ ਅਮਿਤਾਭ ਬੱਚਨ ਨਾਰਾਜ਼ ਹੋ ਗਏ ਹਨ ਪਰ ਉਸ ਸਹੁਰੇ ਦੀ ਨਾਰਾਜ਼ਗੀ ਨੂੰ ਵੀ ਦਰਕਿਨਾਰ ਕਰ ਦਿੱਤਾ।




Vista
CCTV TECHNOLOGY
A leader of worldwide CCTV surveillance
Now buy Vista Products
Www.ezchase.com
(Division of vista cctv tech.)
Protect Your home and Business
Now 700 T.V. Line HD Camera available
PRO PACKAGE
$599
ADVANCE PACKAGE
$1199
14 years old experience in cctv tech.
We install anywhere in California
*H.264 Network DVR
*D1 Resolution
*Real Time Recording
*Dual Streaming Multiplex
*Remote Control
*CMS Central Station
*DDNS Supported
*HDD/DVD-RW/USB Backup
*PTZ Control
BEST PRICE GUARANTEE
View CCTV
on your iPhone!
3G
Mobile
Monitoring
Call Direct: Sukhpal@661-586-5080
Customer Service: 1-800-235-1391
Email: commvision@sbcglobal.net


ਇੰਡੀਆ ਕਾਲ ਕਰਨ ਲਈ ਸਭ ਤੋਂ
ਵਧੀਆ ਤੇ ਭਰੋਸੇਮੰਦ ਸਰਵਿਸ
www.011india.com
$25
2000
MINUTES*
* SOME RESTRICTIONS APPLY
✓ No Pin Needed
✓ No Connection Fee
✓ No Monthly Fee
USE FROM HOME OR CELL PHONE
GlobeTel Comm.
ਇਹ ਸਰਵਿਸ ਹਰ ਦੇਸ਼ ਲਈ ਵਰਤੋ।
ਪੰਜਾਬੀ, ਹਿੰਦੀ ਜਾਂ ਅੰਗਰੇਜ਼ੀ ਵਿਚ ਹੋਰ ਜਾਣਕਾਰੀ ਲਈ ਕਾਲ ਕਰੋ:
1.800.914.1013


WRONGFUL DEATH | AUTO | PEDESTRIAN | BICYCLE | DOG BITES | TRUCK ACCIDENTS
LAW OFFICES OF
MARK COHEN
ਪਿਛਲੇ 27 ਸਾਲ ਤੋਂ ਫਰੀਮਾਂਟ, ਨਿਊਆਰਕ,
ਯੂਨੀਅਨ ਸਿਟੀ ਅਤੇ ਬੇ-ਏਰੀਆ ਦੀ ਸੇਵਾ ਵਿਚ
"I take your accident personally"
Free initial consultation. No fee if no recovery.
ਮੁਢਲਾ ਸਲਾਹ ਮਸ਼ਵਰਾ ਬਿਲਕੁਲ ਮੁਫਤ, ਕੋਈ ਮੁਆਵਜ਼ਾ ਨਹੀਂ ਕੋਈ ਫੀਸ ਨਹੀਂ
Please visit our web site for more information
www. markcohenlaw.com or call us at 510.792.4008
ਕਾਨੂੰਨ ਪ੍ਰਤੀ ਸਮੁਚਿਤ ਪਹੁੰਚ ਵਾਲੀ ਪਰਸਨਲ ਇੰਜਰੀ ਲਾਅ ਪ੍ਰੈਕਟਿਸ। ਪਰਸਨਲ ਇੰਜਰੀ ਲਾਅ, ਫਾਰ ਪ੍ਰਾਫਿਟ, ਨਾਨ ਪ੍ਰਾਫਿਟ ਅਤੇ ਧਾਰਮਿਕ ਕਾਰਪੋਰੇਸ਼ਨਾਂ, ਅਤੇ ਭੂਮੀ ਦੀ ਵਰਤੋਂ 'ਤੇ ਜ਼ੋਨਿੰਗ ਲਾਅ ਵਿਚ 27 ਸਾਲ ਦਾ ਤਜ਼ਰਬਾ। "ਕਿਉਂਕਿ ਕਾਨੂੰਨ ਦੇ ਇਕ ਖੇਤਰ ਬਾਰੇ ਹੀ ਜਾਣਕਾਰੀ ਕਾਫੀ ਨਹੀਂ ਹੈ।"
STOP

# ਗਦਰ ਮੈਮੋਰੀਅਲ ਫਾਊਂਡੇਸ਼ਨ ਆਫ ਅਮਰੀਕਾ, ਸੈਕਰਾਮੈਂਟੋ

# ਗਦਰ ਮੈਮੋਰੀਅਲ ਕਾਨਫਰੰਸ ਅਤੇ ਸੱਭਿਆਚਾਰਕ ਮੇਲਾ

**2 ਜੁਲਾਈ 2011 ਦਿਨ ਸ਼ਨੀਵਾਰ ਨੂੰ ਸਵੇਰੇ 11 ਵਜੇ ਤੋਂ ਸ਼ਾਮ 7 ਵਜੇ ਤੱਕ**

ਸਥਾਨ : Performing Art Center, Sheldon High School, 8333 Kings bridge Dr. Sacramento CA 95829

Directions : From Hwy 99, Exit (289) Calvin Road, Left at Kings Bridge Rd, Performing Art Center on right

ਨਾਟਕ ਦਾ ਮੰਚਨ : **ਪਤਣਾਂ ਤੇ ਰੋਣ ਖੜੀਆਂ** – ਡਾਇਰੈਕਟਰ : ਸੁਰਿੰਦਰ ਧਨੋਆ

**Free : Entry, Parking, Food and Tea**

11 ਵਜੇ ਤੋਂ 12:30 ਤੱਕ – ਦੇਸ਼ ਭਗਤ ਵਿਰਾਸਤ ਦੀ ਪੇਸ਼ਕਾਰੀ, ਕਵਿਤਾ, ਸੂਫੀਕਲਾਮ, ਸ਼ਿਵ, ਸੰਤਰਾਮ ਉਦਾਸੀ ਅਤੇ ਪਾਸ਼ ਦੇ ਗੀਤ

ਕਲਾਕਾਰ :

ਗੀਤਕਾਰ ਕੁਮਾਰ ਖਟਕੜ, ਸੁਲਤਾਨ ਅਖਤਰ, ਪੰਮੀ ਮਾਨ, ਪ੍ਰਿੰਸੀਪਲ ਹਰਜਿੰਦਰ ਸਿੰਘ ਮੱਟੂ, ਰਾਜ ਬਰਾੜ, ਪ੍ਰੋ ਜਿਊਤੀ ਸਿੰਘ, ਹਰਜਿੰਦਰ ਸਿੰਘ ਕੰਗ, ਹਰਜਿੰਦਰ ਸਿੰਘ, ਨੀਲਮ, ਤਾਰਾ ਸਾਗਰ, ਤ੍ਰਿਪਤ ਸਿੰਘ ਭੱਟੀ ਅਤੇ ਕੁਲਦੀਪ ਸਿੰਘ ਢੀਂਡਸਾ, ਕੁਲਵਿੰਦਰ, ਜਗਜੀਤ ਨੌਸ਼ਹਿਰਵੀ, ਸੁਰਿੰਦਰ ਸੀਰਤ, ਰੇਸ਼ਮ ਸਿੰਘ ਅਤੇ ਦਲਬੀਰ ਨਿੱਝਰ

ਉਦਘਾਟਨ ਕਾਨਫਰੰਸ : ਡਾ: ਗੁਰਮੇਲ ਸਿੰਘ ਸਿੱਧੂ, ਫਰਿਜ਼ਨੋ ਸਟੇਟ ਯੂਨੀਵਰਸਿਟੀ, ਪਰਮੁੱਖ ਸਾਹਿਤਕਾਰ ਅਤੇ ਅਲੋਚਕ

ਮੁਖ ਮਹਿਮਾਨ ਅਤੇ ਪ੍ਰਧਾਨਗੀ ਭਾਸ਼ਣ : ਡਾ: ਜਸਵਿੰਦਰ ਸਿੰਘ ਮੁਖੀ ਪੰਜਾਬੀ ਵਿਭਾਗ ਪੰਜਾਬੀ ਯੂਨੀਵਰਸਿਟੀ ਪਟਿਆਲਾ, ਪ੍ਰਿੰਸੀਪਲ ਵੀਰ ਸਿੰਘ ਰੰਧਾਵਾ

ਪੇਪਰ ਪੇਸ਼ ਕਰਨਗੇ : ਡਾ: ਰਘਬੀਰ ਸਿੰਘ ਸਿਰਜਣਾ ਪੰਜਾਬੀ ਵਿਭਾਗ ਪੰਜਾਬੀ ਯੂਨੀਵਰਸਿਟੀ ਪਟਿਆਲਾ, ਉਜਾਗਰ ਸਿੰਘਠ ਡੀ.ਈ.ਓ.

ਬਹਿਸ ਸ਼ੁਰੂ ਕਰਨਗੇ : ਡਾ: ਧਨਵੰਤ ਕੌਰ ਮੁਖੀ ਵਿਓਂਤ ਵਿਕਾਸ ਵਿਭਾਗ, ਡਾ: ਮਨਮੋਹਨ ਦੀਪਕ ਸਿੰਘ ਡਾਇਰੈਕਟਰ ਵਰਲਡ ਪੰਜਾਬੀ ਸੈਂਟਰ ਪਟਿਆਲਾ
ਪ੍ਰੋ: ਡਾ: ਸਾਧੂ ਸਿੰਘ ਸਾਬਕਾ ਪੀ. ਏ. ਯੂ. ਲੁਧਿਆਣਾ, ਹਰਪਾਲ ਸਿੰਘ ਗਿੱਲ ਟ੍ਰਿਪਲ ਐਮ. ਏ., ਉਜਾਗਰ ਸਿੰਘ ਡੀ. ਈ. ਓ.

**ਕਾਨਫਰੰਸ ਦਾ ਵਿਸ਼ਾ : ਗਦਰ ਲਹਿਰ ਦੀ ਸਮਕਾਲੀ ਸਮੇਂ ਵਿੱਚ ਪ੍ਰਸੰਗਿਕਤਾ**

**ਆਪ ਜੀ ਨੂੰ ਪਰਿਵਾਰ ਸਮੇਤ ਇਸ ਪ੍ਰੋਗਰਾਮ ਵਿੱਚ ਸ਼ਾਮਿਲ ਹੋਣ ਲਈ ਹਾਰਦਿਕ ਸੱਦਾ ਦਿੱਤਾ ਜਾਂਦਾ ਹੈ**

ਭਾਰਤ ਦੀ ਆਜ਼ਾਦੀ ਦੇ ਸੰਗਰਾਮ ਸਬੰਧੀ ਬੁੱਕ ਦੇ ਸਪਾਂਸਰ : ਕੁਲਦੀਪ ਸਿੰਘ ਅਟਵਾਲ, ਸੁਰਜੀਤ ਸਿੰਘ ਅਟਵਾਲ, ਨਿੱਝਰ ਬ੍ਰਦਰਜ਼, ਗੁਰਇਕਬਾਲ ਸਿੰਘ ਕੰਗ, ਸਰਬਜੀਤ ਸਿੰਘ KTX, ਡਾ: ਉਪਿੰਦਰ ਸਿੰਘ, ਸੁੱਚਾ ਸਿੰਘ ਵਾਏਸੇਲੀਆ, ਬਲਵਿੰਦਰ ਸਿੰਘ ਲੈਥਰੋਪ, ਬਲਰਾਜ ਸਿੰਘ ਪੰਨੂੰ, ਨਿਰਮਲ ਸਿੰਘ ਵਿਰਕ, ਬਹਾਦਰ ਸਿੰਘ ਪ੍ਰਧਾਨ, ਦਲਜੀਤ ਸਿੰਘ ਔਰੇਗਨ, ਦਰਸ਼ਨ ਸਿੰਘ ਢੋਟ, ਮੁਖਤਿਆਰ ਸਿੰਘ ਮਰੋਕ, ਮੁਖਤਿਆਰ ਸਿੰਘ LA

ਮੁੱਖ ਸਪਾਂਸਰ : ਡਾ: ਦਲਜੀਤ ਸਿੰਘ, ਕੰਵਰ ਕਸ਼ਮੀਰ ਸਿੰਘ, ਹੈਰੀ ਗਿੱਲ, ਅਵਤਾਰ ਗਿੱਲ, ਬਲਕਾਰ ਸਿੰਘ, ਸੁਖਵਿੰਦਰ ਕੰਬੋਜ਼, ਹਰਜਿੰਦਰ ਸਿੰਘ ਮੱਟੂ, ਇੰਦਰਜੀਤ ਸਿੰਘ ਗਿੱਲ, ਅਵਤਾਰ ਸਿੰਘ ਡੋਡ, ਅਮਰੀਕ ਸਿੰਘ ਲੋਡਾਈ, ਸੁਖਦੇਵ ਸਿੰਘ ਗਿੱਲ, ਕੁਲਵਿੰਦਰ ਸਿੰਘ ਸੰਨੀ, ਤਰਲੋਚਨ ਸਿੰਘ ਨਾਗਰਾ, ਮਹਿੰਦਰ ਸਿੰਘ ਦੋਸਾਂਝ, ਬਲਿਹਾਰ ਸਿੰਘ ਦੋਸਾਂਝ, ਬੁਲੀਨਾ ਬ੍ਰਦਰਜ਼, ਪਰਮਜੀਤ ਭੁੱਟਾ, ਜਸਕਰਨ ਸਿੰਘ ਬੋਪਾਰਾਏ, ਗੁਰਬਖਸ਼ੀਸ਼ ਸਿੰਘ ਗਰੇਵਾਲ, ਕਰਨੈਲ ਸਿੰਘ, ਅਜੀਤ ਸਿੰਘ ਟਰਲਕ, ਤਰਲੋਚਨ ਸਿੰਘ, ਨਿਰਮਲ ਸਿੰਘ, ਜਸਵੀਰ ਸਿੰਘ, ਗੁਰਦੀਪ ਸਿੰਘ ਨਿੱਝਰ ਫਰਿਜ਼ਨੋ, ਕੁਲਵੰਤ ਸਿੰਘ ਜਸਪਾਲ ਸਿੰਘ, ਜਗਮੋਹਨ ਸਿੰਘ, ਜਸਵੀਰ ਸਿੰਘ, ਬਲਵੀਰ ਸਿੰਘ ਟੂਲੇਰੀ, ਸੰਤੋਖ ਸਿੰਘ ਜੱਜ, ਸੁਰਜੀਤ ਸਿੰਘ, ਹਰਜਿੰਦਰ ਸਿੰਘ, ਦਵਿੰਦਰ ਸਿੰਘ, ਸੁਖਜਿੰਦਰ ਸਿੰਘ ਲਿਵਰਮੋਰ, ਮੱਖਣ ਸਿੰਘ ਜੱਜ, ਦੀਦਾਰ ਸਿੰਘ, ਬਲਵੀਰ ਸਿੰਘ, ਅਜੀਤ ਸਿੰਘ, ਮਨਜੀਤ ਸਿੰਘ, ਮੋਹਣ ਸਿੰਘ, ਸਵਰਨ ਸਿੰਘ, ਅਮਰਜੀਤ ਸਿੰਘ, ਹਰਦੇਵ ਸਿੰਘ, ਮੁਖਤਿਆਰ ਸਿੰਘ ਟਰੇਸੀ, ਜਰਨੈਲ ਸਿੰਘ, ਹਰੀ ਸਿੰਘ, ਸੁੱਚਾ ਸਿੰਘ, ਗੁਰਮੀਤ ਸਿੰਘ ਮਨਟੀਕਾ, ਬਲਵਿੰਦਰ ਸਿੰਘ, ਕਸ਼ਮੀਰ ਸਿੰਘ, ਬਲਬੀਰ ਸਿੰਘ, ਅਜੀਤ ਸਿੰਘ, ਬਲਜਿੰਦਰ ਸਿੰਘ, ਗੁਰਚਰਨ ਸਿੰਘ ਮੋਤੀ, ਬਖਸ਼ੀਸ਼ ਸਿੰਘ, ਕੁਲਦੀਪ ਸਿੰਘ, ਬਲਜੀਤ ਸਿੰਘ ਮੁੱਤੀ, ਬਲਜਿੰਦਰ ਸਿੰਘ ਅਤੇ ਗੁਰਮੀਤ ਸਿੰਘ ਸ਼ਾਫਟਰ, ਹਰਵਿੰਦਰ ਸਿੰਘ Indio, ਟੇਕ ਸਿੰਘ ਸੁਖਵੀਰ ਸਿੰਘ ਔਰੇਗਨ, ਗੁਲਜ਼ਾਰ ਸਿੰਘ, ਸਰਪੰਚ ਰਤਨ ਸਿੰਘ, ਗੁਰਦੀਸ਼ ਸਿੰਘ ਮੋਮੀ, ਪ੍ਰੋਸ਼ਤਮ ਸਿੰਘ ਅਤੇ ਰਾਣਾ LA, ਦਿਲਬਾਗ ਸਿੰਘ ਸ਼ਿਆਟਲ, Charnjit Counties Bank

## ਰਿਸੈਪਸ਼ਨ ਕਮੇਟੀ

ਡਾ: ਦਲਜੀਤ ਸਿੰਘ, ਗੁਰਇਕਬਾਲ ਕੰਗ, ਇੰਦਰਜੀਤ ਗਿੱਲ, ਅਵਤਾਰ ਡੋਡ, ਸਰਬਜੀਤ KTX, ਤਰਲੋਚਨ ਨਾਗਰਾ, ਜੱਸੀ ਬੰਗਾ, ਜਨਕ ਰਾਜ, ਜਸਕਰਨ ਬੋਪਾਰਾਏ

## ਲੰਗਰ ਕਮੇਟੀ

ਜਥੇਦਾਰ ਬਲਬੀਰ ਸਿੰਘ, ਸਤਬੀਰ ਸਿੰਘ ਬਾਜਵਾ, ਹਰਪਾਲ ਸਿੰਘ ਮਾਨ, ਯਾਦਵਿੰਦਰ ਸਿੰਘ ਗਿੱਲ ਸਤਿੰਦਰ ਪਾਲ ਸਿੰਘ ਸਰਹੱਦੀ, ਰਮਨਦੀਪ ਸਿੰਘ ਸੰਧੂ ਗਾਲਟ

## ਪ੍ਰਬੰਧਕ ਕਮੇਟੀ

ਸਲਾਹਕਾਰ : ਡਾ: ਗੁਰਮੇਲ ਸਿੰਘ ਸਿੱਧੂ, ਡਾ: ਗੁਰਦੇਵ ਖੁਸ਼, ਡਾ: ਉਪਿੰਦਰ ਸਿੰਘ, ਸੁੱਚਾ ਸਿੰਘ ਵਾਏਸੇਲੀਆ, ਗੁਰਇਕਬਾਲ ਸਿੰਘ ਕੰਗ, ਕੁਲਦੀਪ ਸਿੰਘ ਯੂਬਾ ਸਿਟੀ, ਚਰਨ ਸਿੰਘ ਜੱਜ, ਸੁਰਜੀਤ ਸਿੰਘ ਅਟਵਾਲ (ਮੀਤ ਪ੍ਰਧਾਨ), ਕੁਲਦੀਪ ਸਿੰਘ ਅਟਵਾਲ (ਵਾਇਸ ਚੇਅਰਮੈਨ), ਜਨਕਰਾਜ ਸਿਪਰਾ (ਡਾਇਰੈਕਟਰ), ਬਲਕਾਰ ਸਿੰਘ (ਨਿਊ ਟੈਕ ਕਮੇਟੀ ਮੈਂਬਰ) ਜਗਜੀਤ ਸਿੰਘ ਕੰਦੋਲਾ (ਸਕੱਤਰ), ਜਰਨੈਲ ਸਿੰਘ ਮੰਡੇਰ (ਚੇਅਰਮੈਨ), ਕੰਵਰ ਕਸ਼ਮੀਰ ਸਿੰਘ (ਖਜ਼ਾਨਚੀ), ਸੁਖਵਿੰਦਰ ਸਿੰਘ (ਇੰਚਾਰਜ ਮੀਡੀਆ), ਜਥੇ: ਬਲਬੀਰ ਸਿੰਘ (ਕਮੇਟੀ ਮੈਂਬਰ)

**916-968-0901, 209-769-4784, 916-698-4245, 925-435-7329**

**Food from : INDIA SWEETS AND CATERING, FLAMING BANQUET HALL**

**7900 Florm Rd, Sacramento CA Tel : 916-392-9999**

Quik Signs 661-703-8795 *661-900-7357